ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ 'ਚ ਰਹੋ !!
ਚੜ੍ਹਦੀਕਲਾ
ਰਾਜਨੀਤਿਕ, ਸਮਾਜਿਕ, ਆਰਥਿਕ ਅਤੇ ਹਰ ਤਰ੍ਹਾਂ ਦੀਆਂ ਤਾਜ਼ਾ ਖ਼ਬਰਾਂ
ਪੰਜਾਬ ਦੇ ਹਰ ਪਿੰਡ ਹਰ ਸ਼ਹਿਰ 'ਚ ਮਿਲਦਾ ਹੈ
ਵੱਖ-ਵੱਖ ਵਿਸ਼ਿਆਂ ਅਤੇ ਚਾਲੂ ਮਾਮਲਿਆਂ ਬਾਰੇ ਜਾਣਕਾਰੀ ਭਰਪੂਰ ਸੰਪਾਦਕੀ ਲੇਖ, ਫੀਚਰ ਅਤੇ ਪੜ੍ਹਨਯੋਗ ਸਮੱਗਰੀ
ਆਪਣੇ ਅਖ਼ਬਾਰਾਂ ਏਜੰਟ ਤੋਂ 'ਚੜ੍ਹਦੀਕਲਾ' ਦੀ ਮੰਗ ਕਰੋ

ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

PRGI (RNI) Regd. No. 22972/1972

# ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ

ਮੁੱਖ ਸੰਪਾਦਕ: ਡਾ. ਜਗਜੀਤ ਸਿੰਘ 'ਦਰਦੀ'

ਸੰਪਾਦਕ : ਹਰਪ੍ਰੀਤ ਸਿੰਘ 'ਦਰਦੀ'

(ਕੁੱਲ ਸਫ਼ੇ 12 Pages 12)

(Friday, 4 July, 2025) ਪਟਿਆਲਾ ਸ਼ੁੱਕਰਵਾਰ, 4 ਜੁਲਾਈ, 2025, 20 ਹਾੜ, ਨਾਨਕਸ਼ਾਹੀ ਸੰਮਤ 557, ਬਿਕ੍ਰਮੀ 2082

ਰਜਿਸਟਰਡ ਪੋਸਟਲ ਰਜਿ: ਨੰ. Pb/PTA(0274)/2024-26, ਸਾਲ (Year) 57 ਅੰਕ ਨੰਬਰ (Volume No.) 183 ਮੁੱਲ : 2.00 ਰੁਪਏ ਫ਼ੋਨ: +91- 92168-07500 Posted at RMS Patiala www.charhdikala.com E-mail: news@charhdikala.com

## ਪਾਣੀ ਦਾ ਪੱਧਰ ਵਧਣ ਕਾਰਨ ਸੁਖਨਾ ਝੀਲ ਦੇ ਫ਼ਲੱਡ ਗੇਟ ਖੋਲ੍ਹੇ

ਮੋਹਾਲੀ, 3 ਜੁਲਾਈ (ਚੜ੍ਹਦੀਕਲਾ ਬਿਊਰੋ) : ਸੁਖਨਾ ਝੀਲ ਦੇ ਫਲੱਡ ਗੇਟ ਅੱਜ ਸਵੇਰੇ 10:30 ਵਜੇ ਖੋਲ੍ਹੇ ਗਏ ਹਨ। ਇਸ ਦੇ ਨਾਲ ਹੀ ਮੋਹਾਲੀ ਪੁਲਿਸ ਨੇ ਵਸਨੀਕਾਂ ਨੂੰ ਘੱਗਰ ਨਦੀ ਦੇ ਨੇੜੇ ਨਾ ਜਾਣ ਦੀ ਅਪੀਲ ਕੀਤੀ ਸੀ ਪਰ ਬਾਅਦ ਵਿੱਚ ਇਹ ਐਡਾਵਾਇਜ਼ਰੀ ਰੱਦ ਕਰ ਦਿੱਤੀ ਗਈ। ਸੂਤਰਾਂ ਨੇ ਦੱਸਿਆ ਕਿ ਝੀਲ ਵਿੱਚ ਪਾਣੀ ਦਾ ਪੱਧਰ 1158 ਫੁੱਟ ਤੱਕ ਪਹੁੰਚ ਗਿਆ ਹੈ, ਜਿਸ ਕਾਰਨ ਹੇਠਾਂ ਵੱਲ ਸਾਵਧਾਨੀ ਦੇ ਉਪਾਅ ਕੀਤੇ ਜਾ ਰਹੇ ਹਨ। ਮੋਹਾਲੀ ਜ਼ਿਲ੍ਹਾ (ਬਾਕੀ ਸਫਾ 2 'ਤੇ)

# ਬਿਕਰਮ ਸਿੰਘ ਮਜੀਠੀਆ ਦੀ ਪਟੀਸ਼ਨ 'ਤੇ ਹਾਈਕੋਰਟ 'ਚ ਸੁਣਵਾਈ ਅੱਜ

## ਗ੍ਰਿਫ਼ਤਾਰੀ ਨੂੰ ਗ਼ੈਰ-ਕਾਨੂੰਨੀ ਦੱਸਦਿਆਂ ਪਾਈ ਸੀ ਪਟੀਸ਼ਨ

ਚੜ੍ਹਦੀਕਲਾ ਬਿਊਰੋ

================




ਚੰਡੀਗੜ੍ਹ, 3 ਜੁਲਾਈ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਅਤੇ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਇੱਕ ਪਟੀਸ਼ਨ ਦਾਇਰ ਕੀਤੀ ਹੈ, ਜਿਸ ਵਿੱਚ ਉਨ੍ਹਾਂ ਦੀ ਹਾਲੀਆ ਗ੍ਰਿਫ਼ਤਾਰੀ ਅਤੇ ਰਿਮਾਂਡ ਨੂੰ ਗੈਰ-ਕਾਨੂੰਨੀ ਦੱਸਿਆ ਗਿਆ ਹੈ। ਇਸ ਪਟੀਸ਼ਨ 'ਤੇ ਹੁਣ 4 ਜੁਲਾਈ ਨੂੰ ਸੁਣਵਾਈ ਹੋਵੇਗੀ।

ਵੀਰਵਾਰ ਨੂੰ ਸੁਣਵਾਈ ਦੌਰਾਨ, ਜਸਟਿਸ ਤ੍ਰਿਭੁਵਨ ਦਹੀਆ ਦੇ ਬੈਂਚ ਨੇ ਮਜੀਠੀਆ ਦੇ ਵਕੀਲ ਨੂੰ ਤਾਜ਼ਾ ਰਿਮਾਂਡ ਆਰਡਰ ਪੇਸ਼ ਕਰਨ ਲਈ ਇੱਕ ਦਿਨ ਦਾ ਸਮਾਂ ਦਿੱਤਾ। ਪਟੀਸ਼ਨ ਵਿੱਚ, ਮਜੀਠੀਆ ਨੇ ਕਿਹਾ ਹੈ ਕਿ ਉਨ੍ਹਾਂ ਵਿਰੁੱਧ ਦਰਜ ਕੀਤੀ ਗਈ ਐਫ.ਆਈ.ਆਰ. ਅਤੇ ਗ੍ਰਿਫ਼ਤਾਰੀ ਰਾਜਨੀਤਿਕ ਬਦਲੇ ਦੀ ਇੱਕ ਪੂਰੀ ਸਾਜਿਸ਼ ਹੈ, ਜੋ ਮੌਜੂਦਾ ਸਰਕਾਰ ਦੁਆਰਾ ਉਨ੍ਹਾਂ ਨੂੰ ਬਦਨਾਮ ਕਰਨ ਅਤੇ ਪ੍ਰੇਸ਼ਾਨ ਕਰਨ ਦੇ ਉਦੇਸ਼ ਨਾਲ ਕੀਤੀ ਗਈ ਸੀ। ਉਨ੍ਹਾਂ ਇਸ ਨੂੰ 'ਰਾਜਨੀਤਿਕ ਬਦਲਾ ਅਤੇ ਪਰੇਸ਼ਾਨੀ' ਕਰਾਰ ਦਿੱਤਾ ਹੈ।

ਮਜੀਠੀਆ ਨੇ ਕਿਹਾ ਕਿ 25 ਜੂਨ ਨੂੰ ਮੋਹਾਲੀ ਦੇ ਵਿਜੀਲੈਂਸ ਬਿਊਰੋ ਪੁਲਿਸ ਸਟੇਸ਼ਨ ਵਿੱਚ ਦਰਜ ਕੀਤੀ ਗਈ ਐਫ.ਆਈ.ਆਰ. ਨਾ ਸਿਰਫ ਗੈਰ-ਕਾਨੂੰਨੀ ਹੈ ਬਲਕਿ ਉਸੇ ਦਿਨ ਸਵੇਰੇ ਉਨ੍ਹਾਂ ਦੀ ਰਿਹਾਇਸ਼ ਤੋਂ ਕੀਤੀ ਗਈ ਗ੍ਰਿਫ਼ਤਾਰੀ ਵੀ ਨਿਰਧਾਰਤ ਕਾਨੂੰਨੀ ਪ੍ਰਕਿਰਿਆਵਾਂ ਦੀ ਉਲੰਘਣਾ ਹੈ। ਉਨ੍ਹਾਂ ਦੋਸ਼ ਲਗਾਇਆ ਕਿ ਉਨ੍ਹਾਂ ਨੂੰ ਸਵੇਰੇ 9:00 ਵਜੇ ਤੋਂ 11:20 ਵਜੇ ਤੱਕ ਗੈਰ-ਕਾਨੂੰਨੀ ਤੌਰ 'ਤੇ ਹਿਰਾਸਤ ਵਿੱਚ ਰੱਖਿਆ ਗਿਆ ਸੀ, ਜਦੋਂ ਕਿ ਉਨ੍ਹਾਂ ਦੀ ਰਸਮੀ ਗ੍ਰਿਫ਼ਤਾਰੀ ਸਵੇਰੇ 11:20 ਵਜੇ ਦਿਖਾਈ ਗਈ ਸੀ। ਇਹ ਭਾਰਤੀ ਸੰਵਿਧਾਨ ਦੇ ਅਨੁਛੇਦ 22(2) ਅਤੇ ਬੀ.ਐਨ.ਐਸ.ਐਸ. ਦੀ ਧਾਰਾ 187 ਦੀ ਉਲੰਘਣਾ ਹੈ। ਪਟੀਸ਼ਨ ਵਿੱਚ ਕਿਹਾ ਗਿਆ ਹੈ (ਬਾਕੀ ਸਫਾ 2 'ਤੇ)

ਪੰਜਾਬ ਕੈਬਨਿਟ 'ਚ ਫੇਰਬਦਲ

# ਸੰਜੀਵ ਅਰੋੜਾ ਮੰਤਰੀ ਬਣੇ; ਕੁਲਦੀਪ ਧਾਲੀਵਾਲ ਦੀ ਛੁੱਟੀ

## ਅਰੋੜਾ ਨੂੰ ਇੰਡਸਟਰੀ ਤੇ ਐਨ.ਆਰ.ਆਈ. ਵਿਭਾਗ ਮਿਲੇ; ਮੁੱਖ ਮੰਤਰੀ ਵੱਲੋਂ ਧਾਲੀਵਾਲ ਨੂੰ ਜਲਦੀ ਨਵੀਂ ਜ਼ਿੰਮੇਵਾਰੀ ਸੌਂਪਣ ਦਾ ਭਰੋਸਾ

ਚੜ੍ਹਦੀਕਲਾ ਬਿਊਰੋ

================

ਚੰਡੀਗੜ੍ਹ, 3 ਜੁਲਾਈ :ਵਿਧਾਨ ਸਭਾ ਹਲਕਾ ਲੁਧਿਆਣਾ ਪੱਛਮੀ ਤੋਂ ਨਵੇਂ ਚੁਣੇ ਗਏ ਵਿਧਾਇਕ ਸੰਜੀਵ ਅਰੋੜਾ ਨੂੰ ਪੰਜਾਬ ਵਜ਼ਾਰਤ ਵਿਚ ਨਵੇਂ ਮੰਤਰੀ ਵਜੋਂ ਸ਼ਾਮਲ ਕੀਤਾ ਗਿਆ ਹੈ ਜਦੋਂਕਿ ਕੁਲਦੀਪ ਸਿੰਘ ਧਾਲੀਵਾਲ ਦੀ ਪੰਜਾਬ ਕੈਬਨਿਟ 'ਚੋਂ ਛੁੱਟੀ ਕਰ ਦਿੱਤੀ ਗਈ ਹੈ।ਅਰੋੜਾ ਨੇ ਪੰਜਾਬ ਰਾਜ ਭਵਨ ਵਿਚ ਸੰਖੇਪ ਸਮਾਗਮ ਦੌਰਾਨ ਨਵੇਂ ਕੈਬਨਿਟ ਮੰਤਰੀ ਵਜੋਂ ਹਲਫ਼ ਲਿਆ ਹੈ। ਉਨ੍ਹਾਂ ਨੂੰ ਇੰਡਸਟਰੀ ਤੇ ਐੱਨਆਰਆਈ ਮਾਮਲੇ ਵਿਭਾਗ ਦਿੱਤੇ ਗਏ ਹਨ।




ਪਤਾ ਲੱਗਾ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਵਜ਼ਾਰਤ ਵਿਚ ਫੇਰਬਦਲ ਤੋਂ ਪਹਿਲਾਂ ਅੱਜ ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੂੰ ਆਪਣੀ ਰਿਹਾਇਸ਼ 'ਤੇ ਸੱਦ ਕੇ ਅਸਤੀਫਾ ਦੇਣ ਲਈ ਕਿਹਾ ਸੀ।ਧਾਲੀਵਾਲ ਨੇ ਮੌਕੇ 'ਤੇ ਹੀ ਆਪਣੇ ਅਹੁਦੇ ਤੋਂ ਲਿਖਤੀ ਅਸਤੀਫਾ ਮੁੱਖ ਮੰਤਰੀ ਨੂੰ ਸੌਂਪ ਦਿੱਤਾ।ਇਸ ਤੋਂ ਪਹਿਲਾਂ ਧਾਲੀਵਾਲ ਤੋਂ ਖੇਤੀ ਅਤੇ ਪੰਚਾਇਤ ਵਿਭਾਗ ਵੀ ਵਾਪਸ ਲੈ ਲਿਆ ਗਿਆ ਸੀ।ਮੁੱਖ ਮੰਤਰੀ ਭਗਵੰਤ ਮਾਨ ਨੇ ਇਸ ਮੌਕੇ ਧਾਲੀਵਾਲ ਨੂੰ ਭਰੋਸਾ ਦਿੱਤਾ ਕਿ ਉਨ੍ਹਾਂ ਨੂੰ ਜਲਦ ਨਵੀਂ ਜ਼ਿੰਮੇਵਾਰੀ ਸੌਂਪੀ ਜਾਵੇਗੀ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਰਾਜ ਭਵਨ ਵਿਚ ਰੱਖੇ ਸੰਖੇਪ ਸਮਾਗਮ ਦੌਰਾਨ ਅਰੋੜਾ ਨੂੰ ਅਹੁਦੇ ਦਾ ਹਲਫ਼ ਦਿਵਾਇਆ।ਅਰੋੜਾ ਨੂੰ ਪੰਜਾਬ ਕੈਬਨਿਟ ਵਿਚ ਇੰਡਸਟਰੀ ਤੇ ਐੱਨਆਰਆਈ ਮਾਮਲੇ ਵਿਭਾਗ ਦਿੱਤਾ ਗਿਆ ਹੈ। ਐੱਨਆਰਆਈ ਵਿਭਾਗ ਪਹਿਲਾਂ ਕੁਲਦੀਪ ਸਿੰਘ ਧਾਲੀਵਾਲ ਕੋਲ ਸੀ। ਇਸੇ ਤਰ੍ਹਾਂ ਉਦਯੋਗ ਵਿਭਾਗ ਪਹਿਲਾਂ ਤਰੁਣਪ੍ਰੀਤ ਸਿੰਘ ਸੌਂਦ ਕੋਲ ਸੀ, ਜਿਨ੍ਹਾਂ ਕੋਲ ਪੇਂਡੂ ਵਿਕਾਸ, ਕਿਰਤ ਅਤੇ ਸੈਰ-ਸਪਾਟਾ ਵਿਭਾਗਾਂ ਦਾ ਚਾਰਜ ਜਾਰੀ ਰਹੇਗਾ। ਧਾਲੀਵਾਲ ਦੇ ਅਸਤੀਫੇ ਨਾਲ ਭਗਵੰਤ ਮਾਨ ਕੈਬਨਿਟ ਵਿੱਚ ਮੰਤਰੀਆਂ ਦੀ ਕੁੱਲ ਗਿਣਤੀ 16 ਰਹਿ ਗਈ ਹੈ।ਕੈਬਨਿਟ ਵਿੱਚ ਅਜੇ ਵੀ ਦੋ ਅਹੁਦੇ ਖਾਲੀ ਹਨ। (ਬਾਕੀ ਸਫਾ 2 'ਤੇ)

## ਮੈਂ ਪਾਰਟੀ ਦਾ ਸਿਪਾਹੀ ਸੀ, ਹਾਂ ਅਤੇ ਹਮੇਸ਼ਾ ਰਹਾਂਗਾ: ਧਾਲੀਵਾਲ

ਚੜ੍ਹਦੀਕਲਾ ਬਿਊਰੋ

================



ਚੰਡੀਗੜ੍ਹ, 3 ਜੁਲਾਈ : ਪੰਜਾਬ ਕੈਬਨਿਟ ਵਿਚੋਂ ਅਸਤੀਫਾ ਦੇਣ ਤੋਂ ਬਾਅਦ ਕੁਲਦੀਪ ਸਿੰਘ ਧਾਲੀਵਾਲ ਦਾ ਪਹਿਲਾ ਬਿਆਨ ਸਾਹਮਣੇ ਆਇਆ ਹੈ। ਧਾਲੀਵਾਲ ਨੇ ਕਿਹਾ ਹੈ ਕਿ ਮੇਰੇ ਲਈ ਕੋਈ ਮਹਿਕਮਾ ਨਹੀਂ ਸਗੋਂ ਪੰਜਾਬ ਪਹਿਲਾਂ ਹੈ। ਮੈਂ ਕੈਲੀਫੋਰਨੀਆ ਵਿਚ ਪੀ. ਆਰ. ਸੀ ਪਰ ਮੈਂ ਪੰਜਾਬ ਦੀ ਜੰਗ ਲੜਨ ਲਈ ਵਾਪਸ ਆਇਆ ਹਾਂ। ਮੈਂ 26 ਦਸੰਬਰ 2015 ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਹੋਇਆ, ਅੱਜ ਤਕ ਮੈਂ ਇਕ ਵੀ ਛੁੱਟੀ ਨਹੀਂ ਕੀਤੀ। ਮੈਂ 24 ਘੰਟੇ ਪਾਰਟੀ ਲਈ ਕੰਮ ਕੀਤਾ। ਧਾਲੀਵਾਲ ਨੇ ਕਿਹਾ ਕਿ ਮੈਂ ਉਹ ਸਿਆਸੀ ਲੀਡਰ ਨਹੀਂ ਜਿਹੜਾ ਮਹਿਕਮਿਆਂ ਪਿੱਛੇ ਫਿਰਦਾ ਹੋਵੇ, ਮੈਂ ਪਾਰਟੀ ਦਾ ਸਿਪਾਹੀ ਸੀ, ਹਾਂ ਅਤੇ ਹਮੇਸ਼ਾ ਰਹਾਂਗਾ। ਧਾਲੀਵਾਲ ਨੇ ਕਿਹਾ ਕਿ ਮੈਂ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਦਾ ਵਫਾਦਾਰ ਸਿਪਾਹੀ ਹਾਂ। ਮੁੱਖ ਮੰਤਰੀ ਭਗਵੰਤ ਮਾਨ ਦਾ ਧੰਨਵਾਦ ਜਿਨ੍ਹਾਂ ਨੇ ਮੈਨੂੰ ਸਾਢੇ ਤਿੰਨ ਸਾਲ ਕੈਬਨਿਟ ਵਿਚ ਮੌਕਾ ਦਿੱਤਾ। ਜਦੋਂ ਮੈਨੂੰ (ਬਾਕੀ ਸਫਾ 2 'ਤੇ)

## ਲਾਪ੍ਰਵਾਹੀ ਨਾਲ ਗੱਡੀ ਚਲਾਉਣ ਕਾਰਨ ਵਾਪਰੇ ਹਾਦਸੇ 'ਚ ਨਹੀਂ ਮਿਲੇਗਾ ਮੁਆਵਜ਼ਾ: ਸੁਪਰੀਮ ਕੋਰਟ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 3 ਜੁਲਾਈ :ਦੇਸ਼ ਦੀ ਸਰਵਉਚ ਅਦਾਲਤ ਨੇ ਕਿਹਾ ਹੈ ਕਿ ਲਾਪ੍ਰਵਾਹੀ ਤੇ ਕਾਹਲੀ ਨਾਲ ਵਾਹਨ ਚਲਾਉਣ ਤੇ ਹਾਦਸੇ ਵਿਚ ਮਰਨ ਵਾਲੇ ਵਿਅਕਤੀਆਂ ਦੇ ਪਰਿਵਾਰਾਂ ਨੂੰ ਮੁਆਵਜ਼ਾ ਦੇਣ ਲਈ ਬੀਮਾ ਕੰਪਨੀਆਂ ਜਵਾਬਦੇਹ ਨਹੀਂ ਹਨ। ਜਸਟਿਸ ਪੀਐਸ ਨਰਸਿਮਹਾ ਅਤੇ ਜਸਟਿਸ ਆਰ ਮਹਾਦੇਵਨ ਦੇ ਬੈਂਚ ਨੇ ਤੇਜ਼ ਰਫ਼ਤਾਰ ਨਾਲ ਕਾਰ ਚਲਾਉਣ ਤੇ ਹਾਦਸੇ ਵਿਚ ਮਰਨ ਵਾਲੇ ਵਿਅਕਤੀ ਦੀ ਪਤਨੀ, ਪੁੱਤਰ ਅਤੇ ਮਾਪਿਆਂ ਵਲੋਂ ਮੰਗੇ ਗਏ 80 ਲੱਖ ਰੁਪਏ ਦਾ ਮੁਆਵਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਹੈ।

ਸੁਪਰੀਮ ਕੋਰਟ ਨੇ ਕਰਨਾਟਕ ਹਾਈ ਕੋਰਟ ਦੇ 23 ਨਵੰਬਰ, 2024 ਦੇ ਸੁਣਾਏ ਹੁਕਮਾਂ ਵਿਚ ਦਖਲ ਦੇਣ ਤੋਂ ਇਨਕਾਰ ਕਰ ਦਿੱਤਾ। ਇਸ ਸਬੰਧੀ ਕਰਨਾਟਕ ਹਾਈ ਕੋਰਟ ਨੇ ਇਸ ਮੁਆਵਜ਼ੇ ਦਾ ਦਾਅਵਾ ਕਰਨ ਵਾਲੇ ਮ੍ਰਿਤਕ ਦੇ ਕਾਨੂੰਨੀ ਵਾਰਸਾਂ ਵੱਲੋਂ ਦਾਇਰ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ। ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ, 'ਅਸੀਂ ਹਾਈ ਕੋਰਟ ਵੱਲੋਂ ਸੁਣਾਏ ਗਏ ਫੈਸਲੇ ਵਿੱਚ ਦਖ਼ਲ ਦੇਣ ਦੇ ਇੱਛੁਕ ਨਹੀਂ ਹਾਂ। ਇਸ ਲਈ ਵਿਸ਼ੇਸ਼ ਲੀਵ ਪਟੀਸ਼ਨ ਨੂੰ ਖਾਰਜ ਕੀਤਾ ਜਾਂਦਾ ਹੈ।' ਜਾਣਕਾਰੀ ਅਨੁਸਾਰ 18 ਜੂਨ, 2014 ਨੂੰ ਅਰਾਸੀਕੇਰੇ (ਬਾਕੀ ਸਫਾ 2 'ਤੇ)

## ਦਿੱਲੀ ਦੇ ਸਰਕਾਰੀ ਸਕੂਲ 'ਚ ਕ੍ਰਿਪਾਨਧਾਰੀ ਸਿੱਖ ਬੱਚੀ ਦੇ ਸਕੂਲ ਦਾਖ਼ਲੇ 'ਤੇ ਲਗਾਈ ਰੋਕ

ਨਵੀਂ ਦਿੱਲੀ, 3 ਜੁਲਾਈ (ਚੜ੍ਹਦੀਕਲਾ ਬਿਊਰੋ) : ਦਿੱਲੀ ਦੇ ਸਰਵੋਦਿਆ ਕੰਨਿਆ ਸਕੂਲ ਦੇ ਪ੍ਰਿੰਸੀਪਲ ਨੇ ਇਕ ਕਿਰਪਾਨਧਾਰੀ ਸਿੱਖ ਬੱਚੀ ਨੂੰ ਸਕੂਲ ਵਿੱਚ ਦਾਖ਼ਲ ਹੋਣ ਤੋਂ ਰੋਕਿਆ। ਇਸ ਤੋਂ ਬਾਅਦ ਬੱਚੀ ਦੇ ਮਾਪਿਆਂ ਵੱਲੋਂ ਰੋਸ ਪ੍ਰਦਰਸ਼ਨ ਕੀਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਬੱਚਿਆਂ ਨੂੰ ਗਰਮੀਆਂ ਦੀਆਂ ਛੁੱਟੀਆਂ ਦੌਰਾਨ ਅੰਮ੍ਰਿਤ ਛਕਾਇਆ ਗਿਆ ਸੀ। ਅਜਿਹੀ ਸਥਿਤੀ ਵਿੱਚ, ਜਦੋਂ ਸਿੱਖ ਵਿਦਿਆਰਥਣ ਸਕੂਲ ਪਹੁੰਚੀ, ਤਾਂ ਉਸ ਦੀ ਕਲਾਸ ਟੀਚਰ ਨੇ ਉਸ ਨੂੰ ਪ੍ਰਿੰਸੀਪਲ ਨੂੰ ਪੱਤਰ ਲਿਖਣ ਅਤੇ ਸਕੂਲ ਦੇ ਸਮੇਂ ਦੌਰਾਨ ਛੋਟੀ ਕਿਰਪਾਨ ਪਹਿਨਣ ਜਾਂ ਨਾ ਪਹਿਨਣ ਲਈ ਕਿਹਾ। ਵਿਦਿਆਰਥਣ ਨੇ ਦੱਸਿਆ ਕਿ ਪ੍ਰਿੰਸੀਪਲ ਨੇ ਉਸ ਨੂੰ ਕਿਰਪਾਨ ਦਿਖਾਉਣ ਲਈ ਵੀ ਕਿਹਾ। ਮਾਪਿਆਂ ਦੇ ਵਿਰੋਧ ਮਗਰੋਂ ਸਕੂਲ ਨੇ ਫੈਸਲਾ ਬਦਲ ਲਿਆ। (ਬਾਕੀ ਸਫਾ 2 'ਤੇ)

ਇੰਗਲੈਂਡ ਵਿਰੁੱਧ ਦੂਜਾ ਟੈਸਟ

# ਸ਼ੁਭਮਨ ਗਿੱਲ ਸਭ ਤੋਂ ਵੱਡੀ ਪਾਰੀ ਖੇਡਣ ਵਾਲਾ ਭਾਰਤੀ ਕਪਤਾਨ ਬਣਿਆ

## 269 ਦੌੜਾਂ ਨਾਲ ਕੋਹਲੀ ਅਤੇ ਗਾਵਸਕਰ ਦਾ ਟੈਸਟ ਰਿਕਾਰਡ ਤੋੜਿਆ

ਚੜ੍ਹਦੀਕਲਾ ਬਿਊਰੋ

================




ਬਰਮਿੰਘਮ, 3 ਜੁਲਾਈ : ਭਾਰਤ ਤੇ ਇੰਗਲੈਂਡ ਦਰਮਿਆਨ ਬਰਮਿੰਘਮ ਦੇ ਅਜਬੈਸਟਨ ਸਟੇਡੀਅਮ ਵਿਚ ਖੇਡੇ ਜਾ ਰਹੇ ਦੂਜਾ ਟੈਸਟ ਮੈਚ ਵਿੱਚ ਭਾਰਤੀ ਕਪਤਾਨ ਸ਼ੁਭਮਨ ਗਿੱਲ ਨੇ ਅੱਜ ਕਈ ਰਿਕਾਰਡ ਤੋੜੇ। ਟੈਸਟ ਦੇ ਦੂਜੇ ਦਿਨ ਦੀ ਖੇਡ ਦੌਰਾਨ ਗਿੱਲ ਨੇ 387 ਗੇਂਦਾਂ 'ਚ 269 ਦੌੜਾਂ ਬਣਾ ਕੇ ਆਊਟ ਹੋ ਗਏ। ਭਾਰਤ ਨੇ ਆਪਣੀ ਪਹਿਲੀ ਪਾਰੀ ਦੌਰਾਨ 587 ਦੌੜਾਂ 'ਤੇ ਐਲਾਨ ਦਿੱਤੀ। ਗਿੱਲ 269 ਦੌੜਾਂ ਨਾਲ ਸਭ ਤੋਂ ਵੱਡੀ ਪਾਰੀ ਖੇਡਣ ਵਾਲੇ ਭਾਰਤੀ ਕਪਤਾਨ ਬਣ ਗਏ ਹਨ ਤੇ ਉਨ੍ਹਾਂ ਨੇ ਵਿਰਾਟ ਕੋਹਲੀ ਦਾ 254 ਦੌੜਾਂ ਦਾ ਰਿਕਾਰਡ ਵੀ ਤੋੜ ਦਿੱਤਾ। ਕੋਹਲੀ ਨੇ ਸਾਲ 2019 ਵਿਚ ਦੱਖਣੀ ਅਫਰੀਕਾ ਖ਼ਿਲਾਫ਼ ਪੁਣੇ ਵਿਚ ਨਾਬਾਦ 254 ਦੌੜਾਂ ਦੀ ਪਾਰੀ ਖੇਡੀ ਸੀ। ਇਸ ਤੋਂ ਇਲਾਵਾ ਸ਼ੁਭਮਨ ਇੰਗਲੈਂਡ ਵਿਚ ਸਭ ਤੋਂ ਵੱਡੀ ਪਾਰੀ ਖੇਡਣ ਵਾਲੇ ਭਾਰਤੀ ਬਣ ਗਏ ਹਨ। ਉਨ੍ਹਾਂ ਸੁਨੀਲ ਗਾਵਸਕਰ ਦਾ 1979 ਦੌਰਾਨ ਓਵਲ ਵਿਚ ਇੰਗਲੈਂਡ ਖ਼ਿਲਾਫ਼ 221 ਦੌੜਾਂ ਦਾ ਵੀ ਰਿਕਾਰਡ ਤੋੜ ਦਿੱਤਾ।

## 'ਆਪ' ਦਾ ਕਾਂਗਰਸ ਨਾਲ ਕੋਈ ਸਬੰਧ ਨਹੀਂ; 'ਇੰਡੀਆ' ਸਿਰਫ਼ ਲੋਕ ਸਭਾ ਚੋਣਾਂ ਲਈ ਹੀ ਸੀ: ਕੇਜਰੀਵਾਲ

ਚੜ੍ਹਦੀਕਲਾ ਬਿਊਰੋ

================



ਅਹਿਮਦਾਬਾਦ, 3 ਜੁਲਾਈ : ਆਮ ਆਦਮੀ ਪਾਰਟੀ (ਆਪ) ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵੀਰਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਹੁਣ ਕਾਂਗਰਸ ਨਾਲ ਕੋਈ ਗੱਠਜੋੜ ਨਹੀਂ ਹੈ ਅਤੇ ਉਨ੍ਹਾਂ ਨੇ ਕਾਂਗਰਸ 'ਤੇ ਗੁਜਰਾਤ ਵਿੱਚ ਸੱਤਾਧਾਰੀ ਭਾਜਪਾ ਦੀ ਮਦਦ ਕਰਨ ਦਾ ਦੋਸ਼ ਲਗਾਇਆ।

ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਦਾ ਕਾਂਗਰਸ ਦੀ ਅਗਵਾਈ ਵਾਲਾ ਇੰਡੀਆ (ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਜ਼ਿਵ ਅਲਾਇੰਸ) ਗੱਠਜੋੜ ਸਿਰਫ਼ ਪਿਛਲੇ ਸਾਲ ਦੀਆਂ ਲੋਕ ਸਭਾ ਚੋਣਾਂ ਲਈ ਸੀ। ਇੱਥੇ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ 2027 ਦੀਆਂ ਗੁਜਰਾਤ ਵਿਧਾਨ ਸਭਾ ਚੋਣਾਂ ਲੜੇਗੀ ਅਤੇ ਜਿੱਤੇਗੀ। ਰਾਜ ਦੇ ਲੋਕਾਂ ਕੋਲ ਹੁਣ ਭਾਜਪਾ ਅਤੇ ਕਾਂਗਰਸ ਤੋਂ ਇਲਾਵਾ ਇੱਕ ਹੋਰ ਵਿਕਲਪ ਹੈ। ਕੇਜਰੀਵਾਲ ਨੇ ਕਿਹਾ, ਸਾਡਾ ਕਾਂਗਰਸ ਨਾਲ ਕੋਈ ਗੱਠਜੋੜ ਨਹੀਂ ਹੈ। ਜੇ ਕੋਈ ਗੱਠਜੋੜ ਸੀ, ਤਾਂ ਉਨ੍ਹਾਂ ਨੇ ਵਿਸਾਵਦਰ ਵਿੱਚ (ਬਾਕੀ ਸਫਾ 2 'ਤੇ)

## ਸੰਸਦ ਦਾ ਮੌਨਸੂਨ ਇਜਲਾਸ 21 ਤੋਂ



ਨਵੀਂ ਦਿੱਲੀ, 3 ਜੁਲਾਈ (ਚੜ੍ਹਦੀਕਲਾ ਬਿਊਰੋ) : ਸੰਸਦ ਦਾ ਮੌਨਸੂਨ ਇਜਲਾਸ 21 ਜੁਲਾਈ ਤੋਂ ਸ਼ੁਰੂ ਹੋਵੇਗਾ ਅਤੇ 21 ਅਗਸਤ ਤੱਕ ਚੱਲੇਗਾ।

ਸੰਸਦੀ ਮਾਮਲਿਆਂ ਬਾਰੇ ਮੰਤਰੀ ਕਿਰਨ ਰਿਜਿਜੂ ਨੇ ਐਕਸ 'ਤੇ ਕਿਹਾ, 'ਰਾਸ਼ਟਰਪਤੀ ਨੇ 21 ਜੁਲਾਈ ਤੋਂ 21 ਅਗਸਤ ਤੱਕ ਸੰਸਦ ਦਾ ਮੌਨਸੂਨ ਸੈਸ਼ਨ ਬੁਲਾਉਣ ਦੇ ਸਰਕਾਰ ਦੇ ਪ੍ਰਸਤਾਵ ਨੂੰ ਮਨਜ਼ੂਰੀ ਦੇ ਦਿੱਤੀ ਹੈ। ਆਜ਼ਾਦੀ ਦਿਹਾੜੇ ਦੇ ਜਸ਼ਨਾਂ ਦੇ ਮੱਦੇਨਜ਼ਰ 13 ਅਤੇ 14 ਅਗਸਤ ਨੂੰ ਕੋਈ ਕਾਰਵਾਈ ਨਹੀਂ ਹੋਵੇਗੀ।' ਪਹਿਲਾਂ ਸੈਸ਼ਨ 12 ਅਗਸਤ ਨੂੰ ਖ਼ਤਮ ਹੋ ਜਾਣਾ ਸੀ ਪਰ ਹੁਣ ਇਸ ਨੂੰ ਹਫਤੇ ਲਈ ਵਧਾ ਦਿੱਤਾ ਗਿਆ ਹੈ।

# ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਕਰਵਾਏ ਜਾਣਗੇ ਮਹਾਨ ਸ਼ਹੀਦੀ ਸਮਾਗਮ

ਚੜ੍ਹਦੀਕਲਾ ਬਿਊਰੋ

================



ਪਟਿਆਲਾ, 3 ਜੁਲਾਈ : ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਮਹਾਨ ਸ਼ਹੀਦੀ ਸਮਾਗਮ ਹਰ ਐਤਵਾਰ ਸ਼ਾਮ 7 ਤੋਂ ਰਾਤ 9.30 ਵਜੇ ਤੱਕ ਗੁਰਦੁਆਰਾ ਸ਼ਹੀਦ ਬਾਬਾ ਫੂਲਾ ਸਿੰਘ ਜੀ ਵਿਖੇ ਹੋ ਰਹੇ ਹਨ।

ਇਸ ਮੌਕੇ ਪ੍ਰਸਿੱਧ ਰਾਗੀ ਜਥੇ ਅਤੇ ਗਿ. ਪ੍ਰਿਤਪਾਲ ਸਿੰਘ ਜੀ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਦੁਖਨਿਵਾਰਨ ਸਾਹਿਬ ਪਟਿਆਲਾ ਸੰਗਤਾਂ ਨੂੰ ਕਥਾ ਅਤੇ ਕੀਰਤਨ ਰਾਹੀਂ ਨਿਹਾਲ ਕਰਨਗੇ। ਸਮੂਹ ਸੰਗਤ ਨੂੰ ਇਸ ਸਮਾਗਮ ਵਿੱਚ ਪਰਿਵਾਰ ਸਮੇਤ ਦਰਸ਼ਨ ਦੀ ਬੇਨਤੀ ਹੈ ਜੀ। ਇਸ ਸਬੰਧੀ ਜਾਣਕਾਰੀ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਦਮਸ਼੍ਰੀ ਐਵਾਰਡੀ ਡਾ. ਜਗਜੀਤ ਸਿੰਘ ਦਰਦੀ, ਕਰਮਜੀਤ ਸਿੰਘ, ਸੁਰਿੰਦਰ ਪਾਲ ਸਿੰਘ ਜ. ਸੈਕਟਰੀ ਭਗਵਾਨ ਸਿੰਘ, ਚੌਧਰੀ ਪ੍ਰਭਜੀਤ ਸਿੰਘ, ਹਰਪ੍ਰੀਤ ਸਿੰਘ ਦਰਦੀ ਨੇ ਦਿੱਤੀ। ਇਸ ਸਮਾਗਮ ਲਈ ਭਾਈ ਸਾਹਿਬ ਭਾਈ ਲਖਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਜੋਗਿੰਦਰ ਸਿੰਘ ਮੁੱਖ ਸੇਵਾਦਾਰ, ਪ੍ਰਬੰਧਕ ਕਮੇਟੀ ਗੁਰਦੁਆਰਾ ਸ਼ਹੀਦ ਬਾਬਾ ਫੂਲਾ ਸਿੰਘ ਜੀ, ਸ੍ਰੀ ਗੁਰੂ ਗੋਬਿੰਦ ਸਿੰਘ ਪਰਿਵਾਰ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਜਾ ਰਿਹਾ ਹੈ।

## ਵਿਧਾਇਕ ਬਾਵਾ ਹੈਨਰੀ ਨੇ ਸਪੀਕਰ ਸਾਹਮਣੇ ਰੱਖਿਆ 'ਆਬਾਦੀ ਕੰਟਰੋਲ ਬਿੱਲ'

ਨਵੀਂ ਦਿੱਲੀ, 3 ਜੁਲਾਈ (ਚੜ੍ਹਦੀਕਲਾ ਬਿਊਰੋ) : ਭਾਰਤ ਵਿੱਚ ਵਧਦੀ ਆਬਾਦੀ ਬਹੁਤ ਚਿੰਤਾ ਦਾ ਵਿਸ਼ਾ ਬਣਦੀ ਜਾ ਰਹੀ ਹੈ। ਮਾਹਿਰਾਂ ਅਨੁਸਾਰ, ਵਧਦੀ ਆਬਾਦੀ ਵਾਤਾਵਰਨ ਨੂੰ ਪ੍ਰਦੂਸ਼ਿਤ ਕਰਨ ਦਾ ਇੱਕ ਵੱਡਾ ਕਾਰਨ ਹੈ। ਇਸ ਬਾਰੇ, ਜਲੰਧਰ ਉੱਤਰੀ ਹਲਕੇ ਦੇ ਵਿਧਾਇਕ ਬਾਵਾ ਹੈਨਰੀ ਨੇ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਦੇ ਸਾਹਮਣੇ ਆਬਾਦੀ ਕੰਟਰੋਲ ਬਿੱਲ ਪੇਸ਼ ਕੀਤਾ ਹੈ। ਪੇਸ਼ ਕੀਤੇ ਡਰਾਫਟ ਮੁਤਾਬਕ 2 ਤੋਂ ਵੱਧ ਬੱਚੇ ਪੈਦਾ ਕਰਨ 'ਤੇ ਰੋਕ ਲਗਾਈ ਜਾਵੇ ਤੇ 2 ਤੋਂ ਵੱਧ ਬੱਚਿਆਂ ਵਾਲੇ ਮਾਪਿਆਂ ਤੋਂ ਵੋਟ ਪਾਉਣ ਦਾ ਅਧਿਕਾਰ ਖੋਹਿਆ ਜਾਵੇ। ਬਾਵਾ ਨੇ ਕਿਹਾ ਕਿ 2 ਤੋਂ ਵੱਧ ਬੱਚੇ ਹੋਣ 'ਤੇ 10 ਲੱਖ ਰੁਪਏ ਪ੍ਰਤੀ ਬੱਚਾ ਜੁਰਮਾਨਾ ਲਗਾਇਆ ਜਾਵੇ। ਇਲੈਕਸ਼ਨ ਲੜਨ ਤੇ ਸਰਕਾਰੀ ਨੌਕਰੀਆਂ 'ਤੇ (ਬਾਕੀ ਸਫਾ 2 'ਤੇ)

## ਮਹਾਰਾਸ਼ਟਰ 'ਚ ਤਿੰਨ ਮਹੀਨਿਆਂ ਦੌਰਾਨ 767 ਕਿਸਾਨਾਂ ਵੱਲੋਂ ਖ਼ੁਦਕੁਸ਼ੀ, ਸਰਕਾਰ ਚੁੱਪ: ਰਾਹੁਲ

ਚੜ੍ਹਦੀਕਲਾ ਬਿਊਰੋ

================



ਨਵੀਂ ਦਿੱਲੀ, 3 ਜੁਲਾਈ :ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਮਹਾਰਾਸ਼ਟਰ ਵਿਚ ਕਿਸਾਨ ਖ਼ੁਦਕੁਸ਼ੀਆਂ ਨੂੰ ਲੈ ਕੇ ਵੀਰਵਾਰ ਨੂੰ ਕੇਂਦਰ ਤੇ ਸੂਬਾ ਸਰਕਾਰ ਨੂੰ ਲੰਮੇ ਹੱਥੀਂ ਲੈਂਦਿਆਂ ਕਿਹਾ ਕਿ ਸਰਕਾਰ ਇਨ੍ਹਾਂ ਖ਼ੁਦਕੁਸ਼ੀਆਂ ਬਾਰੇ ਚੁੱਪ ਹੈ ਤੇ ਬੇਰੁਖ਼ੀ ਦੇਖਣ ਨੂੰ ਮਿਲ ਰਹੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਇਹ 'ਸਿਸਟਮ' ਕਿਸਾਨਾਂ ਨੂੰ ਮਾਰ ਰਿਹਾ ਹੈ, ਪਰ ਪ੍ਰਧਾਨ ਮੰਤਰੀ ਆਪਣੇ 'ਪੀਆਰ' ਦਾ ਤਮਾਸ਼ਾ ਦੇਖ ਰਹੇ ਹਨ।

ਰਾਹੁਲ ਗਾਂਧੀ ਨੇ ਐਕਸ 'ਤੇ ਇਕ ਪੋਸਟ ਵਿਚ ਕਿਹਾ, "ਸੋਚੋ ਸਿਰਫ਼ ਤਿੰਨ ਮਹੀਨਿਆਂ ਵਿਚ ਮਹਾਰਾਸ਼ਟਰ ਵਿੱਚ 767 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ। ਕੀ ਇਹ ਸਿਰਫ਼ ਇੱਕ ਅੰਕੜਾ ਹੈ? ਨਹੀਂ। ਇਹ 767 ਤਬਾਹ ਹੋਏ ਘਰ ਹਨ। 767 ਪਰਿਵਾਰ ਜੋ ਕਦੇ ਪੈਰਾਂ ਸਿਰ ਨਹੀਂ ਹੋ ਸਕਣਗੇ ਅਤੇ ਸਰਕਾਰ ਚੁੱਪ ਹੈ। ਬੇਰੁਖ਼ੀ ਨਾਲ ਦੇਖ ਰਹੀ ਹੈ।" ਗਾਂਧੀ ਨੇ ਦਾਅਵਾ ਕੀਤਾ, "ਕਿਸਾਨ ਨਿੱਤ ਕਰਜ਼ੇ ਵਿੱਚ ਡੁੱਬਦੇ ਜਾ ਰਹੇ ਹਨ- ਬੀਜ ਮਹਿੰਗੇ ਹਨ, ਖਾਦ ਮਹਿੰਗੀ ਹੈ, ਡੀਜ਼ਲ ਮਹਿੰਗਾ ਹੈ ਪਰ ਐਮ.ਐਸ.ਪੀ. ਦੀ ਕੋਈ ਗਰੰਟੀ ਨਹੀਂ ਹੈ। ਜਦੋਂ ਉਹ ਕਰਜ਼ਾ ਮੁਆਫ਼ੀ ਦੀ ਮੰਗ ਕਰਦੇ ਹਨ, ਤਾਂ ਉਨ੍ਹਾਂ ਨੂੰ ਨਜ਼ਰਅੰਦਾਜ਼ ਕਰ ਦਿੱਤਾ ਜਾਂਦਾ ਹੈ।" ਕਾਂਗਰਸ ਆਗੂ ਨੇ ਕਿਹਾ, "ਪਰ ਜਿਨ੍ਹਾਂ ਕੋਲ ਕਰੋੜਾਂ ਰੁਪਏ ਹਨ, ਮੋਦੀ ਸਰਕਾਰ ਉਨ੍ਹਾਂ ਦੇ ਕਰਜ਼ੇ ਆਸਾਨੀ ਨਾਲ ਮੁਆਫ਼ ਕਰ ਦਿੰਦੀ ਹੈ। (ਬਾਕੀ ਸਫਾ 2 'ਤੇ)

ਕੁੜੀ ਨਾਲ ਰੇਪ ਤੇ ਕਤਲ ਦਾ ਮਾਮਲਾ

## ਜਾਂਚ 'ਚ ਹਮੇਸ਼ਾ ਸਹਿਯੋਗ ਦਿੱਤਾ ਤੇ ਹਾਈ ਕੋਰਟ 'ਚ ਵੀ ਦੇਵਾਂਗਾ: ਢੱਡਰੀਆਂਵਾਲਾ

ਚੰਡੀਗੜ੍ਹ, 3 ਜੁਲਾਈ (ਚੜ੍ਹਦੀਕਲਾ ਬਿਊਰੋ) : ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਨਾਭਾ ਹਲਕੇ ਦੇ ਪਿੰਡ ਸੁਰਾਜਪੁਰ ਦੇ ਗੁਰਦੁਆਰਾ ਸਾਹਿਬ ਵਿਖੇ ਪਹੁੰਚੇ। ਜਿੱਥੇ ਉਹਨਾਂ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਮਾਮਲਾ ਹਾਈਕੋਰਟ ਪਹੁੰਚਣ 'ਤੇ ਕਿਹਾ ਕਿ ਜਿੱਥੇ ਮਰਜ਼ੀ ਜਾਂਚ ਹੋ ਜਾਵੇ, ਮੈਂ ਬੇਕਸੂਰ ਹਾਂ। ਅਸੀਂ ਹਮੇਸ਼ਾ ਜਾਂਚ ਵਿਚ ਸਹਿਯੋਗ ਦਿੱਤਾ ਤੇ ਅੱਗੇ ਵੀ ਦੇਵਾਂਗੇ। ਸਾਡੀ 1% ਵੀ ਗਲਤੀ ਨਹੀਂ, ਜਿਹੜੀ ਮਰਜ਼ੀ ਏਜੰਸੀ ਜਾਂਚ ਕਰ ਲਵੇ। ਮੈਜਿਸਟ੍ਰੇਟ ਨੇ ਪੰਜਾਬ ਪੁਲਿਸ ਦੀ ਕਲੋਜ਼ਰ ਰਿਪੋਰਟ 'ਤੇ ਅਸਹਿਮਤੀ ਜਤਾਈ ਹੈ। 13 ਸਾਲ ਪੁਰਾਣੇ ਮਾਮਲੇ 'ਚ ਮੁੜ ਸੁਣਵਾਈ ਹੋਵੇਗੀ। ਉਹਨਾਂ ਦਿਲਜੀਤ ਦੁਸਾਂਝ ਦੀ ਤਾਰੀਫ ਕਰਦਿਆਂ ਕਿਹਾ ਕਿ ਦਿਲਜੀਤ ਦੁਸਾਂਝ ਨੇ ਹਮੇਸ਼ਾ ਪੰਜਾਬੀਆਂ ਦਾ ਸਿਰ ਮਾਣ ਨਾਲ (ਬਾਕੀ ਸਫਾ 2 'ਤੇ)

## ਮੋਦੀ ਦਾ ਘਾਨਾ ਦੇ ਕੌਮੀ ਪੁਰਸਕਾਰ ਨਾਲ ਸਨਮਾਨ

### ਦੁਵੱਲੇ ਰਿਸ਼ਤਿਆਂ ਦੀ ਮਜ਼ਬੂਤੀ ਲਈ ਚਾਰ ਸਮਝੌਤੇ ਸਹੀਬੱਧ

ਚੜ੍ਹਦੀਕਲਾ ਬਿਊਰੋ

================



ਅੰਕਰਾ(ਘਾਨਾ), 3 ਜੁਲਾਈ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਉਨ੍ਹਾਂ ਦੇ 'ਉੱਤਮ ਸ਼ਾਸਨ ਹੁਨਰ ਤੇ ਪ੍ਰਭਾਵਸ਼ਾਲੀ ਆਲਮੀ ਅਗਵਾਈ' ਲਈ ਘਾਨਾ ਦੇ ਕੌਮੀ ਸਨਮਾਨ 'ਆਫੀਸਰ ਆਫ ਦ ਆਰਡਰ ਆਫ ਦਿ ਸਟਾਰ ਆਫ ਘਾਨਾ' ਨਾਲ ਨਿਵਾਜਿਆ ਗਿਆ ਹੈ। ਇਸ ਦੌਰਾਨ ਦੋਵਾਂ ਮੁਲਕਾਂ ਨੇ ਦੁਵੱਲੇ ਰਿਸ਼ਤਿਆਂ ਦੀ ਮਜ਼ਬੂਤੀ ਲਈ ਚਾਰ ਸਮਝੌਤਿਆਂ 'ਤੇ ਦਸਤਖ਼ਤ ਕੀਤੇ ਹਨ। ਘਾਨਾ ਦੇ ਰਾਸ਼ਟਰਪਤੀ ਜੌਹਨ ਡਰਾਮਾਨੀ ਮਹਾਮਾ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਬੁੱਧਵਾਰ ਨੂੰ ਇਸ ਪੁਰਸਕਾਰ ਨਾਲ ਸਨਮਾਨਿਤ ਕੀਤਾ।

ਪ੍ਰਧਾਨ ਮੰਤਰੀ ਨੇ ਸੋਸ਼ਲ ਮੀਡੀਆ ਮੰਚ 'ਐਕਸ' ਉੱਤੇ ਲਿਖਿਆ, "ਦਿ ਆਫ਼ੀਸਰ ਆਫ ਦਿ ਆਰਡਰ ਆਫ ਦਿ ਸਟਾਰ ਆਫ ਘਾਨਾ' ਨਾਲ ਸਨਮਾਨਿਤ ਹੋਣ 'ਤੇ ਮਾਣ ਮਹਿਸੂਸ ਕਰ ਰਿਹਾ ਹਾਂ।" ਸ੍ਰੀ ਮੋਦੀ ਨੇ ਸਨਮਾਨ ਸਵੀਕਾਰ ਕਰਦਿਆਂ ਕਿਹਾ ਕਿ ਇਹ ਪੁਰਸਕਾਰ ਉਨ੍ਹਾਂ ਲਈ (ਬਾਕੀ ਸਫਾ 2 'ਤੇ)

# ਸਰਕਾਰ ਵੱਲੋਂ ਜੀ.ਐਸ.ਟੀ. ਸਲੈਬ 12 ਫ਼ੀਸਦੀ ਤੋਂ ਘਟਾ 5 ਫ਼ੀਸਦੀ ਕਰਨ ਦੀ ਤਿਆਰੀ

## ਟੂੱਥਪੇਸਟ, ਕੱਪੜੇ, ਜੁੱਤੇ ਤੇ ਭਾਂਡੇ ਹੋ ਸਕਦੇ ਨੇ ਸਸਤੇ

ਚੜ੍ਹਦੀਕਲਾ ਬਿਊਰੋ

================




ਨਵੀਂ ਦਿੱਲੀ, 3 ਜੁਲਾਈ :ਟੂੱਥਪੇਸਟ, ਕੱਪੜੇ, ਭਾਂਡੇ ਤੇ ਜੁੱਤੇ ਵਰਗੇ ਆਮ ਆਦਮੀ ਦੇ ਵਰਤੋਂ ਵਿਚ ਆਉਣ ਵਾਲੇ ਆਈਟਮਜ਼ ਜਲਦ ਹੀ ਸਸਤੇ ਹੋ ਸਕਦੇ ਹਨ। ਇਸ ਸਾਲ ਦੀ ਸ਼ੁਰੂਆਤ ਵਿਚ ਇਨਕਮ ਟੈਕਸ ਵਿਚ ਕਈ ਰਿਆਇਤਾਂ ਦੇਣ ਦੇ ਬਾਅਦ ਕੇਂਦਰ ਸਰਕਾਰ ਹੁਣ ਮਿਡਲ ਕਲਾਸ ਤੇ ਲੋਅਰ ਇਨਕਮ ਫੈਮਿਲੀ ਨੂੰ ਗੁੱਡਸ ਐਂਡ ਸਰਵਿਸ ਟੈਕਸ ਯਾਨੀ ਜੀ.ਐਸ.ਟੀ. ਵਿਚ ਕਟੌਤੀ ਕਰਕੇ ਰਾਹਤ ਦੇਣ ਦੀ ਤਿਆਰੀ ਕਰ ਰਹੀ ਹੈ। ਰਿਪੋਰਟ ਮੁਤਾਬਕ ਸਰਕਾਰ 12% ਜੀ.ਐਸ.ਟੀ. ਸਲੈਬ ਨੂੰ ਪੂਰੀ ਤਰ੍ਹਾਂ ਖਤਮ ਕਰਨ ਜਾਂ ਮੌਜੂਦਾ ਸਮੇਂ ਵਿਚ 12% ਟੈਕਸ ਵਾਲੇ ਆਈਟਮਜ਼ ਨੂੰ 5% ਸਲੈਬ ਵਿਚ ਲਿਆ ਸਕਦੀ ਹੈ। ਸੂਤਰਾਂ ਮੁਤਾਬਕ ਇਸ ਰਿਸਟ੍ਰਕਚਰਿੰਗ ਯਾਨੀ ਬਦਲਾਅ ਵਿਚ ਮਿਡਲ ਕਲਾਸ ਤੇ ਇਕੋਨਾਮਿਕਲੀ ਵੀਕਰ ਸੈਕਸ਼ਨ ਵਿਚ ਇਸਤੇਮਾਸ ਕੀਤੇ ਜਾਣ ਵਾਲੇ ਆਈਟਮਜ਼ ਸ਼ਾਮਲ ਹੋਣਗੇ। ਜੇਕਰ ਪ੍ਰਸਤਾਵਿਤ ਬਦਲਾਅ ਲਾਗੂ ਹੁੰਦੇ ਹਨ ਤਾਂ ਇਨ੍ਹਾਂ ਵਿਚੋਂ ਕਈ ਆਈਟਮਸ ਸਸਤੇ ਹੋ ਜਾਣਗੇ। ਸਰਕਾਰ ਇਜ਼ੀ-ਟੂ-ਕੰਪਲਾਇ ਯਾਨੀ ਆਸਾਨ ਜੀ.ਐਸ.ਟੀ. 'ਤੇ ਵੀ ਵਿਚਾਰ ਕਰ ਰਹੀ ਹੈ। ਇਸ ਕਦਮ ਨਾਲ ਸਰਕਾਰ 'ਤੇ 40,000 ਕਰੋੜ ਰੁਪਏ ਤੋਂ 50,000 ਕਰੋੜ ਰੁਪਏ ਦਾ ਬੋਝ ਵਧੇਗਾ ਪਰ ਇਹ ਸ਼ੁਰੂਆਤੀ ਅਸਰ ਨੂੰ ਝੇਲਣ ਲਈ ਤਿਆਰ ਹੈ। ਇਸ ਨਾਲ ਖਪਤ ਵਿਚ ਵਾਧਾ ਹੋ ਸਕਦਾ ਹੈ। ਕੇਂਦਰ ਦਾ ਮੰਨਣਾ ਹੈ ਕਿ ਘੱਟ ਕੀਮਤਾਂ ਵਿਚ ਵਿਕਰੀ ਵਧੇਗੀ ਜਿਸ ਨਾਲ ਟੈਕਸ ਬੇਸ ਵਧੇਗਾ ਤੇ ਲੌਂਗ ਟਰਮ ਜੀ.ਐਸ.ਟੀ. ਕਲੈਕਸ਼ਨ ਵਿਚ ਗ੍ਰੋਥ ਹੋਵੇਗੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਹੁਣੇ ਜਿਹੇ ਇਕ ਇੰਟਰਵਿਊ ਵਿਚ ਜੀ.ਐਸ.ਟੀ. ਰੇਟਾਂ ਵਿਚ ਸੰਭਾਵਿਤ ਬਦਲਾਵਾਂ ਦਾ ਸੰਕੇਤ ਦਿੰਦੇ ਹੋਏ ਕਿਹਾ ਸੀ ਕਿ ਸਰਕਾਰ ਜ਼ਰੂਰੀ ਚੀਜ਼ਾਂ 'ਤੇ ਮਿਡਲ ਕਲਾਸ ਨੂੰ ਰਾਹਤ ਦੇਣ 'ਤੇ ਵਿਚਾਰ ਕਰ ਰਹੀ ਹੈ। ਸਰਕਾਰ ਮੌਜੂਦਾ 'ਮੁਆਵਜ਼ਾ ਸੈੱਸ' ਦੀ ਥਾਂ 'ਤੇ ਦੋ ਨਵੇਂ ਸੈੱਸ ਲਗਾਉਣ ਦੀ ਯੋਜਨਾ ਬਣਾ ਰਹੀ ਹੈ- ਇੱਕ 'ਹੈਲਥ ਸੈੱਸ' ਅਤੇ ਦੂਜਾ 'ਕਲੀਨ ਐਨਰਜੀ ਸੈੱਸ'। ਇਸ ਦਾ ਸਿੱਧਾ ਅਸਰ ਸਿਗਰਟ, ਕੋਲਡ ਡਰਿੰਕਸ, ਮਹਿੰਗੀਆਂ ਕਾਰਾਂ ਅਤੇ ਕੋਲੇ ਵਰਗੇ ਉਤਪਾਦਾਂ 'ਤੇ ਪਵੇਗਾ। (ਬਾਕੀ ਸਫਾ 2 'ਤੇ)

## ਗੁ. ਸ੍ਰੀ ਗੁਰੂ ਸਿੰਘ ਸਭਾ ਦੇ ਵਿਵਾਦ ਸੰਬਧੀ ਦੋਹਾਂ ਧਿਰਾਂ ਨੇ ਜਥੇ. ਕੁਲਦੀਪ ਸਿੰਘ ਗੜਗੱਜ ਨਾਲ ਕੀਤੀ ਮੁਲਾਕਾਤ

ਬਬਲੂ ਮਹਾਜਨ

================



ਅੰਮ੍ਰਿਤਸਰ, 3 ਜੁਲਾਈ : ਪਿਛਲੇ ਕੁਝ ਸਮੇਂ ਤੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੁਭਾਸ਼ ਨਗਰ ਨਵੀਂ ਦਿੱਲੀ ਵਿਖੇ ਦੋ ਧਿਰਾਂ ਵਿਚਾਲੇ ਪ੍ਰਧਾਨਗੀ ਨੂੰ ਲੈ ਕੇ ਚੱਲ ਰਹੇ ਵਿਵਾਦ ਦਾ ਹੱਲ ਕਰਨ ਲਈ ਜਥੇਦਾਰ ਕੁਲਦੀਪ ਸਿੰਘ ਗੜਗੱਜ ਵੱਲੋਂ ਦੋਹਾਂ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਤਲਬ ਕੀਤਾ ਗਿਆ ਸੀ। ਦੋਹਾਂ ਧਿਰਾਂ ਨੇ ਜਥੇਦਾਰ ਗੜਗੱਜ ਨੂੰ ਮਿਲਣ ਤੋਂ ਬਾਅਦ ਦਫਤਰ ਸਕੱਤਰੇਤ ਤੋਂ ਬਾਹਰ ਆ ਕੇ ਪ੍ਰੈਸ ਨਾਲ ਗੱਲਬਾਤ ਕੀਤੀ।

ਬਲਾਕ ਪ੍ਰਧਾਨ ਦਲਜੀਤ ਸਿੰਘ ਭਾਟੀਆ ਦੀ ਅਗਵਾਈ ਵਿੱਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੁਭਾਸ਼ ਨਗਰ, ਨਵੀਂ ਦਿੱਲੀ ਕਮੇਟੀ ਦੇ ਮੈਂਬਰ ਸ੍ਰੀ ਅਕਾਲ ਤਖ਼ਤ ਸਾਹਿਬ ਸਕੱਤਰੇਤ ਵਿਖੇ ਪਹੁੰਚੇ। ਜਥੇਦਾਰ ਨਾਲ ਮੁਲਾਕਾਤ ਤੋਂ ਬਾਅਦ ਦਲਜੀਤ ਸਿੰਘ ਭਾਟੀਆ ਨੇ ਸਕੱਤਰੇਤ ਦੇ ਬਾਹਰ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਅਸੀਂ ਨਵੀਂ ਦਿੱਲੀ ਦੇ ਗੁਰਦੁਆਰਾ ਸੁਭਾਸ਼ ਨਗਰ ਦੀਆਂ ਚੋਣਾਂ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਪਾਸ ਆਏ ਹਾਂ।ਅਸੀਂ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਚੋਣਾਂ ਕਰਵਾਈਆਂ ਜਾਣ, ਅਤੇ ਜਥੇਦਾਰ ਨੇ ਵੀ ਪੁਸ਼ਟੀ ਕੀਤੀ ਹੈ ਕਿ ਚੋਣਾਂ ਨਵੰਬਰ 2025 ਦੇ ਪਹਿਲੇ ਹਫ਼ਤੇ ਦੇ ਅੰਦਰ-ਅੰਦਰ ਕਰਵਾਈਆਂ ਜਾਣਗੀਆਂ। ਅਸੀਂ (ਬਾਕੀ ਸਫਾ 2 'ਤੇ)

## ਬੈਂਗਲੁਰੂ ਸਿਟੀ ਯੂਨੀਵਰਸਿਟੀ ਦਾ ਨਾਮ ਬਦਲ ਕੇ ਡਾ. ਮਨਮੋਹਨ ਸਿੰਘ ਦੇ ਨਾਂ 'ਤੇ ਰੱਖਿਆ ਜਾਵੇਗਾ



ਬੈਂਗਲੁਰੂ, 3 ਜੁਲਾਈ (ਚ.ਨ.ਸ.) : ਕਰਨਾਟਕ ਮੰਤਰੀ ਮੰਡਲ ਨੇ ਬੁੱਧਵਾਰ ਨੂੰ ਸਰਕਾਰੀ ਬੈਂਗਲੁਰੂ ਸਿਟੀ ਯੂਨੀਵਰਸਿਟੀ ਦਾ ਨਾਮ ਬਦਲ ਕੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੇ ਨਾਂ 'ਤੇ ਰੱਖਣ ਦਾ ਫੈਸਲਾ ਕੀਤਾ ਹੈ। ਮੰਤਰੀ ਮੰਡਲ ਨੇ ਯੂਨੀਵਰਸਿਟੀ ਦਾ ਨਾਂ ਡਾ. ਮਨਮੋਹਨ ਸਿੰਘ ਬੈਂਗਲੁਰੂ ਸਿਟੀ ਯੂਨੀਵਰਸਿਟੀ ਰੱਖਣ ਦਾ ਫ਼ੈਸਲਾ ਕੀਤਾ। ਹਾਲਾਂਕਿ ਭਾਜਪਾ ਨੇਤਾ ਅਤੇ ਕਰਨਾਟਕ ਵਿਧਾਨ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਆਰ. ਅਸ਼ੋਕ ਨੇ ਇਸ ਕਦਮ 'ਤੇ ਇਤਰਾਜ਼ ਜਤਾਇਆ ਅਤੇ ਕਿਹਾ ਕਿ ਕਾਂਗਰਸ ਪਾਰਟੀ ਬੈਂਗਲੁਰੂ ਤੋਂ ਨਫ਼ਰਤ ਕਰਦੀ ਹੈ। ਪ੍ਰਧਾਨ ਮੰਤਰੀ ਵਜੋਂ ਆਪਣੇ 10 ਸਾਲਾਂ ਦੇ ਕਾਰਜਕਾਲ ਦੌਰਾਨ ਦੇਸ਼ ਦੇ ਆਰਥਿਕ ਸੁਧਾਰਾਂ ਨੂੰ ਰੂਪ ਦੇਣ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਮਨਮੋਹਨ ਸਿੰਘ ਦਾ ਪਿਛਲੇ ਸਾਲ ਦਸੰਬਰ ਵਿੱਚ 92 ਸਾਲ ਦੀ ਉਮਰ ਵਿੱਚ ਦੇਹਾਂਤ ਹੋ ਗਿਆ ਸੀ। ਮੰਤਰੀ ਮੰਡਲ ਨੇ ਬੰਗਲੌਰ ਦਿਹਾਤੀ ਜ਼ਿਲ੍ਹੇ ਦਾ ਨਾਮ ਵੀ ਬਦਲ ਕੇ ਬੰਗਲੌਰ ਉੱਤਰੀ ਜ਼ਿਲ੍ਹਾ ਅਤੇ ਬਾਗੇਪੱਲੀ ਤਾਲੁਕ ਦਾ ਨਾਮ ਭਾਗਿਆ ਨਗਰ ਕਰਨ ਦਾ ਫੈਸਲਾ ਕੀਤਾ ਹੈ। ਨੰਦੀ ਪਹਾੜੀਆਂ 'ਤੇ ਮੁੱਖ ਮੰਤਰੀ ਸਿਧਾਰਮਈਆ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿੱਚ ਇਸ ਪ੍ਰਸਤਾਵ ਨੂੰ ਮਨਜ਼ੂਰੀ ਦਿੱਤੀ ਗਈ।

## ਅਲ-ਕਾਇਦਾ ਨਾਲ ਜੁੜੇ ਦਹਿਸ਼ਤੀ ਹਮਲਿਆਂ ਦੌਰਾਨ ਮਾਲੀ 'ਚ 3 ਭਾਰਤੀ ਅਗਵਾ; ਰਿਹਾਈ ਲਈ ਕੋਸ਼ਿਸ਼ਾਂ ਜਾਰੀ

### ਭਾਰਤ ਨੇ ਪੱਛਮੀ ਅਫ਼ਰੀਕੀ ਮੁਲਕ ਨੂੰ ਲੋੜੀਂਦੇ ਉਪਾਅ ਯਕੀਨੀ ਬਣਾਉਣ ਲਈ ਕਿਹਾ; ਮਾਲੀ ਵਿਚ ਰਹਿ ਰਹੇ ਹੋਰਨਾਂ ਭਾਰਤੀਆਂ ਨੂੰ ਚੌਕਸ ਰਹਿਣ ਦੀ ਸਲਾਹ

ਨਵੀਂ ਦਿੱਲੀ, 3 ਜੁਲਾਈ (ਚ.ਨ.ਸ.) : ਪੱਛਮੀ ਅਫ਼ਰੀਕੀ ਮੁਲਕ ਦੇ ਵੱਖ ਵੱਖ ਹਿੱਸਿਆਂ ਵਿਚ ਹੋ ਰਹੇ ਲੜੀਵਾਰ ਦਹਿਸ਼ਤੀ ਹਮਲਿਆਂ ਦਰਮਿਆਨ ਭਾਰਤ ਨੇ ਮਾਲੀ ਵਿਚ ਤਿੰਨ ਭਾਰਤੀ ਨਾਗਰਿਕਾਂ ਨੂੰ ਅਗਵਾ ਕੀਤੇ ਜਾਣ 'ਤੇ ਵੱਡੀ ਚਿੰਤਾ ਜਤਾਈ ਹੈ। ਭਾਰਤੀਆਂ ਦੇ ਅਗਵਾ ਹੋਣ ਤੋਂ ਇੱਕ ਦਿਨ ਬਾਅਦ ਨਵੀਂ ਦਿੱਲੀ ਨੇ ਬੁੱਧਵਾਰ ਨੂੰ ਮਾਲੀ ਸਰਕਾਰ ਨੂੰ ਉਨ੍ਹਾਂ ਦੀ 'ਸੁਰੱਖਿਅਤ ਤੇ ਜਲਦੀ' ਰਿਹਾਈ ਲਈ ਸਾਰੇ ਜ਼ਰੂਰੀ ਉਪਾਅ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।



ਵਿਦੇਸ਼ ਮੰਤਰਾਲੇ ਨੇ ਮਾਲੀ ਵਿੱਚ ਰਹਿ ਰਹੇ ਸਾਰੇ ਭਾਰਤੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਬਹੁਤ ਸਾਵਧਾਨੀ ਵਰਤਣ, ਚੌਕਸ ਰਹਿਣ ਅਤੇ ਨਿਯਮਤ ਅਪਡੇਟਸ ਅਤੇ ਜ਼ਰੂਰੀ ਸਹਾਇਤਾ ਲਈ ਬਾਮਾਕੋ ਵਿੱਚ ਦੂਤਾਵਾਸ ਨਾਲ ਰਾਬਤਾ ਬਣਾਈ ਰੱਖਣ। ਮੰਤਰਾਲੇ ਨੇ ਕਿਹਾ ਕਿ ਉਹ ਭਾਰਤੀਆਂ ਨੂੰ ਹਰ ਸੰਭਵ ਸਹਾਇਤਾ ਪ੍ਰਦਾਨ ਕਰੇਗਾ ਅਤੇ ਅਗਵਾ ਕੀਤੇ ਗਏ ਭਾਰਤੀ ਨਾਗਰਿਕਾਂ ਦੀ ਸੁਰੱਖਿਅਤ ਵਾਪਸੀ ਯਕੀਨੀ ਬਣਾਉਣ ਲਈ ਵਚਨਬੱਧ ਹੈ।

ਵਿਦੇਸ਼ ਮੰਤਰਾਲੇ (ਐਮ.ਈ.ਏ.) ਡਾਇਮੰਡ ਸੀਮੈਂਟ ਫੈਕਟਰੀ ਵਿੱਚ ਕੰਮ ਕਰਨ ਵਾਲੇ ਭਾਰਤੀਆਂ ਨੂੰ ਅਗਵਾ ਕੀਤੇ ਜਾਣ ਨੂੰ ਲੈ ਕੇ 'ਡੂੰਘੀ ਚਿੰਤਾ' ਜ਼ਾਹਿਰ ਕੀਤੀ ਹੈ। ਮੰਤਰਾਲੇ ਨੇ ਕਿਹਾ, "ਇਹ ਘਟਨਾ 1 ਜੁਲਾਈ ਦੀ ਹੈ ਜਦੋਂ ਹਥਿਆਰਬੰਦ ਹਮਲਾਵਰਾਂ ਦੇ ਸਮੂਹ ਨੇ ਫੈਕਟਰੀ ਦੇ ਅਹਾਤੇ 'ਤੇ ਹਮਲਾ ਕੀਤਾ ਅਤੇ ਤਿੰਨ ਭਾਰਤੀ ਨਾਗਰਿਕਾਂ ਨੂੰ ਜ਼ਬਰਦਸਤੀ ਬੰਧਕ ਬਣਾ ਲਿਆ।" ਅਲ-ਕਾਇਦਾ ਨਾਲ ਸਬੰਧਤ ਜਮਾਤ ਨੁਸਰਤ ਅਲ-ਇਸਲਾਮ ਵਲ-ਮੁਸਲਿਮੀਨ ਨੇ ਮੰਗਲਵਾਰ ਨੂੰ ਮਾਲੀ ਵਿੱਚ ਇਨ੍ਹਾਂ ਹਮਲਿਆਂ ਦੀ ਜ਼ਿੰਮੇਵਾਰੀ ਲਈ ਹੈ।

ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਬਾਮਾਕੋ ਵਿੱਚ ਭਾਰਤੀ ਦੂਤਾਵਾਸ ਸਬੰਧਤ ਅਧਿਕਾਰੀਆਂ, ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੇ ਨਾਲ-ਨਾਲ ਡਾਇਮੰਡ ਸੀਮੈਂਟ ਫੈਕਟਰੀ ਦੇ ਪ੍ਰਬੰਧਕਾਂ ਦੇ ਸੰਪਰਕ ਵਿੱਚ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਮਿਸ਼ਨ ਨੇ ਅਗਵਾ ਭਾਰਤੀ ਨਾਗਰਿਕਾਂ ਦੇ ਪਰਿਵਾਰਕ ਮੈਂਬਰਾਂ ਨਾਲ ਵੀ ਰਾਬਤਾ ਬਣਾਇਆ ਹੋਇਆ ਹੈ।

ਮੰਤਰਾਲੇ ਨੇ ਬਿਆਨ ਵਿਚ ਕਿਹਾ, "ਭਾਰਤ ਸਰਕਾਰ ਹਿੰਸਾ ਦੇ ਇਸ ਘਿਨਾਉਣੇ ਕੰਮ ਦੀ ਨਿੰਦਾ ਕਰਦੀ ਹੈ ਅਤੇ ਮਾਲੀ ਗਣਰਾਜ ਦੀ ਸਰਕਾਰ ਨੂੰ ਅਗਵਾ ਕੀਤੇ ਗਏ ਭਾਰਤੀ ਨਾਗਰਿਕਾਂ ਦੀ ਸੁਰੱਖਿਅਤ ਅਤੇ ਜਲਦੀ ਰਿਹਾਈ ਯਕੀਨੀ ਬਣਾਉਣ ਲਈ ਸਾਰੇ ਜ਼ਰੂਰੀ ਉਪਾਅ ਕਰਨ ਦੀ ਮੰਗ ਕਰਦੀ ਹੈ। ਮੰਤਰਾਲੇ ਦੇ ਸੀਨੀਅਰ ਅਧਿਕਾਰੀ ਹਾਲਾਤ 'ਤੇ ਨੇੜਿਓਂ ਨਜ਼ਰ ਰੱਖ ਰਹੇ ਹਨ ਅਤੇ ਭਾਰਤੀ ਨਾਗਰਿਕਾਂ ਦੀ ਸੁਰੱਖਿਅਤ ਅਤੇ ਜਲਦੀ ਰਿਹਾਈ ਲਈ ਵੱਖ-ਵੱਖ ਪੱਧਰਾਂ 'ਤੇ ਕੋਸ਼ਿਸ਼ਾਂ ਕਰ ਰਹੇ ਹਨ।"

## ਭਾਰਤ ਅੱਤਵਾਦ ਵਿਰੁੱਧ ਆਪਣੀ ਜ਼ੀਰੋ ਟਾਲਰੈਂਸ ਨੀਤੀ 'ਤੇ ਦ੍ਰਿੜ: ਜੈਸ਼ੰਕਰ



ਵਾਸ਼ਿੰਗਟਨ, 3 ਜੁਲਾਈ (ਚ.ਨ.ਸ.) : ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਨੇ ਅਮਰੀਕਾ ਦੀ ਰਾਜਧਾਨੀ ਵਾਸ਼ਿੰਗਟਨ ਵਿੱਚ ਮੀਡੀਆ ਨੂੰ ਦੱਸਿਆ ਕਿ ਭਾਰਤ ਅੱਤਵਾਦ ਵਿਰੁੱਧ ਆਪਣੀ ਜ਼ੀਰੋ ਟਾਲਰੈਂਸ ਨੀਤੀ 'ਤੇ ਦ੍ਰਿੜ ਹੈ। ਅੱਤਵਾਦੀ ਸਮੂਹਾਂ ਅਤੇ ਉਨ੍ਹਾਂ ਦੇ ਸਮੱਰਥਕਾਂ ਨੂੰ ਇਹ ਸਪੱਸ਼ਟ ਤੌਰ 'ਤੇ ਸਮਝਣਾ ਚਾਹੀਦਾ ਹੈ। 7 ਮਈ ਨੂੰ ਸ਼ੁਰੂ ਹੋਏ ਆਪ੍ਰੇਸ਼ਨ ਸਿੰਦੂਰ ਦਾ ਹਵਾਲਾ ਦਿੰਦੇ ਹੋਏ, ਜੈਸ਼ੰਕਰ ਨੇ ਕਿਹਾ ਕਿ ਅੱਤਵਾਦੀ ਹਮਲਿਆਂ ਲਈ ਜ਼ਿੰਮੇਵਾਰ ਲੋਕਾਂ ਅਤੇ ਉਨ੍ਹਾਂ ਦੇ ਸਮੱਰਥਕਾਂ ਨੂੰ ਜਵਾਬਦੇਹ ਠਹਿਰਾਇਆ ਜਾਵੇਗਾ। ਜੈਸ਼ੰਕਰ ਨੇ ਕਿਹਾ- ਅਸੀਂ ਕਈ ਦਹਾਕਿਆਂ ਤੋਂ ਅਤਿਵਾਦ ਦਾ ਸਾਹਮਣਾ ਕਰ ਰਹੇ ਹਾਂ ਅਤੇ ਅੱਜ ਅਸੀਂ ਇਸ ਦਾ ਸਖ਼ਤ ਜਵਾਬ ਦੇ ਰਹੇ ਹਾਂ। ਸਾਨੂੰ ਆਪਣਾ ਬਚਾਅ ਕਰਨ ਦਾ ਅਧਿਕਾਰ ਹੈ। ਅੱਤਵਾਦ ਦੇ ਦੋਸ਼ੀਆਂ ਨੂੰ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਣਾ ਚਾਹੀਦਾ ਹੈ। ਜੈਸ਼ੰਕਰ ਨੇ ਪਿਛਲੇ ਛੇ ਮਹੀਨਿਆਂ ਦੌਰਾਨ ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਨਾਲ ਹੋਈਆਂ ਮੀਟਿੰਗਾਂ ਦੀ ਸਮੀਖਿਆ ਕੀਤੀ ਅਤੇ ਵਪਾਰ, ਨਿਵੇਸ਼, ਤਕਨਾਲੋਜੀ, ਰੱਖਿਆ, ਸੁਰੱਖਿਆ ਅਤੇ ਊਰਜਾ ਵਰਗੇ ਮੁੱਦਿਆਂ 'ਤੇ ਚਰਚਾ ਕੀਤੀ।

## ਚੋਣ ਕਮਿਸ਼ਨ ਦੇ ਵਿਰੋਧੀ ਦਲਾਂ ਨਾਲ ਮਨਮਰਜ਼ੀ ਦੇ ਰਵੱਈਆ ਕਾਰਨ ਲੋਕਤੰਤਰ ਹੋਵੇਗਾ ਕਮਜ਼ੋਰ: ਕਾਂਗਰਸ

ਨਵੀਂ ਦਿੱਲੀ, 3 ਜੁਲਾਈ (ਚ.ਨ.ਸ.) : ਕਾਂਗਰਸ ਨੇ ਵੀਰਵਾਰ ਨੂੰ ਦੋਸ਼ ਲਾਇਆ ਕਿ ਚੋਣ ਕਮਿਸ਼ਨ ਨੇ ਬਿਹਾਰ ਵਿੱਚ ਵੋਟਰ ਸੂਚੀ ਦੇ ਵਿਸ਼ੇਸ਼ ਗੰਭੀਰ ਮੁੜ-ਮੁਲਾਂਕਣ (ਐਸ.ਆਈ.ਆਰ.) ਦਾ ਵਿਰੋਧ ਕਰਨ ਲਈ ਉਸ ਨਾਲ ਮੁਲਾਕਾਤ ਕਰਨ ਗਏ ਇੰਡੀਆ ਗੱਠਜੋੜ ਦੇ ਭਾਗੀਦਾਰ ਦਲਾਂ ਦੇ ਨੇਤਾਵਾਂ ਨਾਲ ਮਨਮਰਜ਼ੀ ਦਾ ਰਵੱਈਆ ਦਿਖਾਇਆ ਅਤੇ ਉਸ ਦਾ ਇਹ ਵਤੀਰਾ ਲੋਕਤੰਤਰ ਦੀ ਬੁਨਿਆਦੀ ਸੰਰਚਨਾ ਨੂੰ ਕਮਜ਼ੋਰ ਕਰਦਾ ਹੈ। ਪਾਰਟੀ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਵਿਅੰਗ ਕਰਦਿਆਂ ਕਿਹਾ ਕਿ ਆਖ਼ਰ ਇਸ ਕਮਿਸ਼ਨ ਦੇ ਅਜੇ ਕਿੰਨੇ 'ਮਾਸਟਰ ਸਟ੍ਰੋਕ' ਦੇਖਣੇ ਬਾਕੀ ਹਨ।

ਰਮੇਸ਼ ਨੇ ਦਾਅਵਾ ਕੀਤਾ ਕਿ ਹਰੇਕ ਪਾਰਟੀ ਤੋਂ ਸਿਰਫ਼ ਦੋ ਪ੍ਰਤੀਨਿਧੀਆਂ ਨੂੰ ਹੀ ਮਿਲਣ ਦੀ ਇਜਾਜ਼ਤ ਦਿੱਤੀ ਗਈ, ਜਿਸ ਨਾਲ ਕਈ ਨੇਤਾ ਕਮਿਸ਼ਨ ਦੇ



ਮੈਂਬਰਾਂ ਨਾਲ ਮੁਲਾਕਾਤ ਨਹੀਂ ਕਰ ਸਕੇ ਅਤੇ ਉਹ ਖ਼ੁਦ ਲਗਭਗ ਦੋ ਘੰਟੇ ਤੱਕ ਉਡੀਕ ਕਮਰੇ ਵਿੱਚ ਬੈਠੇ ਰਹੇ। ਉੱਧਰ ਚੋਣ ਕਮਿਸ਼ਨ ਨੇ ਕਿਹਾ ਕਿ ਕਮਿਸ਼ਨ ਨੇ ਸਾਰੀਆਂ ਪਾਰਟੀਆਂ ਦੇ ਦੋ-ਦੋ ਪ੍ਰਤੀਨਿਧੀਆਂ ਨਾਲ ਮਿਲਣ ਦਾ ਫ਼ੈਸਲਾ ਕੀਤਾ ਤਾਂ ਜੋ ਸਾਰਿਆਂ ਦੇ ਵਿਚਾਰਾਂ ਨੂੰ ਸੁਣਿਆ ਜਾ ਸਕੇ।

ਇੰਡੀਆ ਗੱਠਜੋੜ ਦੇ ਕਈ ਭਾਗੀਦਾਰ ਦਲਾਂ ਦੇ ਨੇਤਾਵਾਂ ਨੇ ਬਿਹਾਰ ਵਿੱਚ ਜਾਰੀ ਵੋਟਰ ਸੂਚੀ ਦੇ ਵਿਸ਼ੇਸ਼ ਗੰਭੀਰ ਮੁੜ-ਮੁਲਾਂਕਣ (ਐਸ.ਆਈ.ਆਰ.) ਨੂੰ ਲੈ ਕੇ ਬੁੱਧਵਾਰ ਨੂੰ ਚੋਣ ਕਮਿਸ਼ਨ ਦਾ ਰੁਖ਼ ਕਰਦਿਆਂ ਉਸ ਨੂੰ ਆਪਣੀਆਂ ਚਿੰਤਾਵਾਂ ਤੋਂ ਜਾਣੂ ਕਰਵਾਇਆ ਸੀ ਅਤੇ ਇਸ ਕਵਾਇਦ ਦੇ ਸਮੇਂ ਨੂੰ ਲੈ ਕੇ ਸਵਾਲ ਚੁੱਕਿਆ ਸੀ। ਉਨ੍ਹਾਂ ਨੇ ਦਾਅਵਾ ਕੀਤਾ ਕਿ ਇਸ ਪ੍ਰਕਿਰਿਆ ਨਾਲ ਬਿਹਾਰ ਦੇ 20 ਫੀਸਦੀ ਵੋਟਰਾਂ ਨੂੰ ਵੋਟ ਪਾਉਣ ਤੋਂ ਵਾਂਝੇ ਹੋਣਾ ਪੈ ਸਕਦਾ ਹੈ।

ਜੈਰਾਮ ਰਮੇਸ਼ ਨੇ 'ਐਕਸ' (ਪਹਿਲਾਂ ਟਵਿੱਟਰ) 'ਤੇ ਲਿਖਿਆ, "ਇੰਡੀਆ ਗੱਠਜੋੜ ਦੇ ਵਫ਼ਦ ਨੇ ਬਿਹਾਰ ਵਿੱਚ ਵੋਟਰ ਸੂਚੀ ਦੇ ਵਿਸ਼ੇਸ਼ ਗੰਭੀਰ ਮੁੜ-ਮੁਲਾਂਕਣ (ਐਸ.ਆਈ. ਆਰ.) ਨੂੰ ਲੈ ਕੇ ਚੋਣ ਕਮਿਸ਼ਨ ਨਾਲ ਕੱਲ੍ਹ ਸ਼ਾਮ ਮੁਲਾਕਾਤ ਕੀਤੀ। ਪਹਿਲਾਂ ਕਮਿਸ਼ਨ ਨੇ ਮਿਲਣ ਤੋਂ ਇਨਕਾਰ ਕਰ ਦਿੱਤਾ ਸੀ, ਪਰ ਅੰਤ ਵਿੱਚ ਦਬਾਅ ਹੇਠ ਆ ਕੇ ਵਫ਼ਦ ਨੂੰ ਬੁਲਾਇਆ ਗਿਆ।"

ਉਨ੍ਹਾਂ ਕਿਹਾ, "ਕਮਿਸ਼ਨ ਨੇ ਮਨਮਾਨੇ ਢੰਗ ਨਾਲ ਹਰੇਕ ਪਾਰਟੀ ਤੋਂ ਸਿਰਫ਼ ਦੋ ਪ੍ਰਤੀਨਿਧੀਆਂ ਨੂੰ ਹੀ ਇਜਾਜ਼ਤ ਦਿੱਤੀ, ਜਿਸ ਨਾਲ ਸਾਡੇ ਵਿੱਚੋਂ ਕਈ ਲੋਕ ਕਮਿਸ਼ਨ ਨਾਲ ਮੁਲਾਕਾਤ ਨਹੀਂ ਕਰ ਸਕੇ। ਮੈਂ ਖ਼ੁਦ ਲਗਭਗ ਦੋ ਘੰਟੇ ਤੱਕ ਉਡੀਕ ਕਮਰੇ ਵਿੱਚ ਬੈਠਾ ਰਿਹਾ।"

ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਛੇ ਮਹੀਨਿਆਂ ਵਿੱਚ ਕਮਿਸ਼ਨ ਦਾ ਰਵੱਈਆ ਲਗਾਤਾਰ ਅਜਿਹਾ ਰਿਹਾ ਹੈ, ਜੋ ਸਾਡੇ ਲੋਕਤੰਤਰ ਦੀ ਬੁਨਿਆਦੀ ਸੰਰਚਨਾ ਨੂੰ ਕਮਜ਼ੋਰ ਕਰਦਾ ਹੈ। ਕਾਂਗਰਸੀ ਆਗੂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਚੋਣ ਕਮਿਸ਼ਨ ਇੱਕ ਸੰਵਿਧਾਨਕ ਸੰਸਥਾ ਹੈ ਅਤੇ ਇਹ ਵਿਰੋਧ ਦੇ ਸੁਣਵਾਈ ਦੇ ਬੇਨਤੀਆਂ ਨੂੰ ਨਿਯਮਿਤ ਰੂਪ ਨਾਲ ਅਸਵੀਕਾਰ ਨਹੀਂ ਕਰ ਸਕਦਾ।

## ਤਖ਼ਤ ਸ੍ਰੀ ਪਟਨਾ ਸਾਹਿਬ ਵੱਲੋਂ ਸੁਖਬੀਰ ਬਾਦਲ ਨੂੰ ਤਨਖ਼ਾਹੀਆ ਕਰਾਰ ਦਿੱਤੇ ਜਾਣ ਮਗਰੋਂ ਦਿੱਤਾ ਸਮਾਂ ਅੱਜ ਹੋਇਆ ਖ਼ਤਮ

### ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰੇ ਸੁਖਬੀਰ ਬਾਦਲ, ਜਥੇਦਾਰ ਗੜਗੱਜ ਅਤੇ ਬਾਬਾ ਟੇਕ ਸਿੰਘ ਖ਼ਿਲਾਫ਼ ਲੈ ਸਕਦੇ ਹਨ ਵੱਡਾ ਫ਼ੈਸਲਾ

ਅੰਮ੍ਰਿਤਸਰ, 3 ਜੁਲਾਈ (ਬਬਲੂ ਮਹਾਜਨ) : ਤਖ਼ਤ ਸ੍ਰੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੂੰ ਪੱਤਰ ਭੇਜ ਕੇ ਤਖ਼ਤ ਵੱਲੋਂ 21 ਮਈ ਨੂੰ ਜਾਰੀ ਕੀਤੇ ਗਏ ਹੁਕਮਨਾਮੇ ਨੂੰ ਸਿਧਾਂਤਕ ਤੌਰ 'ਤੇ ਲਾਗੂ ਕਰਨ ਦੀ ਹਦਾਇਤ ਕੀਤੀ ਹੈ। ਉਨ੍ਹਾਂ ਧਾਮੀ ਨੂੰ ਹੁਕਮਨਾਮੇ ਦੀ ਪਾਲਣਾ ਨੂੰ ਯਕੀਨੀ ਬਣਾਉਣ ਲਈ ਕਿਹਾ ਅਤੇ ਜਾਰੀ ਕੀਤੇ ਗਏ ਹੁਕਮਾਂ ਦੀ ਉਲੰਘਣਾ ਕੀਤੀ ਜਾ ਰਹੀ ਹੈ।ਤਖ਼ਤ ਸ੍ਰੀ ਪਟਨਾ ਸਾਹਿਬ ਦੇ ਜਥੇਦਾਰ ਭਾਈ ਬਲਦੇਵ ਸਿੰਘ ਅਤੇ ਮੈਂਬਰ ਸਾਹਿਬਾਨ ਦੇ ਦਸਤਖ਼ਤਾਂ ਹੇਠ ਜਾਰੀ ਪੱਤਰ ਵਿਚ ਉਨ੍ਹਾਂ ਕਿਹਾ ਕਿ 21 ਮਈ ਨੂੰ ਤਖ਼ਤ ਸ੍ਰੀ ਪਟਨਾ ਸਾਹਿਬ ਨੂੰ ਚੁਣੌਤੀ ਦੇਣ ਵਾਲੇ ਪੰਜ ਪਿਆਰਿਆਂ ਦੇ ਹੁਕਮ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਹੁਕਮਨਾਮੇ ਵਿਰੁੱਧ ਜਾਰੀ ਕੀਤੇ ਗਏ ਹੁਕਮ, ਮਰਿਆਦਾ ਦੀ ਉਲੰਘਣਾ, ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸੰਤ ਟੇਕ ਸਿੰਘ ਧਨੌਲਾ ਨੂੰ ਦੋਸ਼ੀ ਠਹਿਰਾਇਆ ਗਿਆ ਸੀ ਅਤੇ 21 ਮਈ ਦੇ ਹੁਕਮਨਾਮੇ ਵਿੱਚ ਤਨਖ਼ਾਹੀਆ ਐਲਾਨਿਆ ਗਿਆ ਸੀ।







ਇਸ ਤਹਿਤ, ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਵੱਲੋਂ ਅਕਾਲ ਤਖ਼ਤ ਦੇ ਫੈਸਲਿਆਂ ਵਿੱਚ ਦਖਲਅੰਦਾਜ਼ੀ ਕਰਨ ਅਤੇ ਸਾਜ਼ਿਸ਼ਕਰਤਾ ਵਜੋਂ ਸ਼ਾਮਲ ਹੋਣ ਦੀ ਜਾਣਕਾਰੀ ਮਿਲਣ ਤੋਂ ਬਾਅਦ, ਉਨ੍ਹਾਂ ਨੂੰ 10 ਦਿਨਾਂ ਦੇ ਅੰਦਰ ਤਖ਼ਤ ਸ੍ਰੀ ਪਟਨਾ ਸਾਹਿਬ ਵਿਖੇ ਪੇਸ਼ ਹੋਣ ਦਾ ਨਿਰਦੇਸ਼ ਦਿੱਤਾ ਗਿਆ ਸੀ। ਸੁਖਬੀਰ ਬਾਦਲ ਦੇ ਪੇਸ਼ ਨਾ ਹੋਣ ਤੋਂ ਬਾਅਦ, ਉਨ੍ਹਾਂ ਨੂੰ ਦੂਜੀ ਵਾਰ 10 ਦਿਨ ਹੋਰ ਦਿੱਤੇ ਗਏ ਸਨ। ਉਹ ਦੂਜੀ ਵਾਰ ਵੀ ਤਖ਼ਤ ਵਿਖੇ ਪੇਸ਼ ਨਹੀਂ ਹੋਏ। ਤੀਜੀ ਵਾਰ ਜਦੋਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਨੇ ਕੁਝ ਸਮਾਂ ਮੰਗਿਆ ਤਾਂ ਸਮਾਂ ਮਿਆਦ ਵਧਾ ਦਿੱਤੀ ਗਈ। ਸੁਖਬੀਰ ਬਾਦਲ ਨੂੰ ਫਿਰ ਪੇਸ਼ ਹੋਣ ਲਈ 20 ਦਿਨਾਂ ਦਾ ਸਮਾਂ ਦਿੱਤਾ ਗਿਆ।ਪਰ ਨਾ ਤਾਂ ਸੁਖਬੀਰ ਬਾਦਲ ਤਖ਼ਤ ਵਿਖੇ ਪੇਸ਼ ਹੋਏ ਅਤੇ ਨਾ ਹੀ ਜਥੇਦਾਰ ਗੜਗੱਜ ਅਤੇ ਧਨੌਲਾ ਨੇ ਹੁਕਮਾਂ ਦੀ ਪਾਲਣਾ ਕੀਤੀ। ਇਸਦੇ ਉਲਟ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਹੀ ਕੀਤੀ ਗਈ।ਜਥੇਦਾਰ ਭਾਈ ਬਲਦੇਵ ਸਿੰਘ ਨੇ ਕਿਹਾ ਕਿ ਜਥੇਦਾਰ ਕੁਲਦੀਪ ਸਿੰਘ ਗੜਗੱਜ ਅਤੇ ਟੇਕ ਸਿੰਘ ਧਨੌਲਾ ਨੂੰ 21 ਮਈ, 2025 ਨੂੰ ਤਨਖਾਹੀਆ ਘੋਸ਼ਿਤ ਕੀਤਾ ਗਿਆ ਹੈ, ਤਨਖਾਹੀਆ ਘੋਸ਼ਿਤ ਹੋਣ ਦੇ ਬਾਵਜੂਦ ਵੀ ਦੋਵੇਂ ਜਥੇਦਾਰ ਆਪਣਾ ਪ੍ਰਬੰਧਕੀ ਕੰਮ ਕਾਜ ਕਰ ਰਹੇ ਹਨ। ਜਦੋਂ ਕਿ ਸਿੱਖ ਰਹਿਤ ਮਰਿਆਦਾ, ਸਿਧਾਂਤਾਂ ਅਤੇ ਪਰੰਪਰਾਵਾਂ ਅਨੁਸਾਰ, ਤਨਖਾਹੀਆ ਘੋਸ਼ਿਤ ਕੀਤੇ ਜਾਣ ਕਾਰਨ ਦੋਵੇਂ ਆਪਣੀਆਂ ਡਿਊਟੀਆਂ ਨਹੀਂ ਨਿਭਾ ਸਕਦੇ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਧਾਮੀ ਵਜੋਂ ਇਹ ਮੁੱਖ ਫਰਜ਼ ਹੈ ਕਿ ਉਹ ਤਨਖਾਹੀਆ ਘੋਸ਼ਿਤ ਕੀਤੇ ਗਏ, ਦੋਵਾਂ ਜਥੇਦਾਰਾਂ ਨੂੰ ਆਪਣੀਆਂ ਡਿਊਟੀਆਂ ਨਿਭਾਉਣ ਤੋਂ ਰੋਕਣ। ਜਦੋਂ ਤੱਕ ਇਸ ਸਬੰਧੀ ਅੰਤਿਮ ਫੈਸਲਾ ਨਹੀਂ ਲਿਆ ਜਾਂਦਾ,ਉਹ ਆਪਣੀਆਂ ਡਿਊਟੀਆਂ ਨਹੀਂ ਨਿਭਾ ਸਕਦੇ। ਇਹ ਹੁਕਮਾਂ ਦੀ ਉਲੰਘਣਾ ਹੈ। 21 ਦਿਨਾਂ ਦਾ ਸਮਾਂ ਮਿਲਣ ਤੋਂ ਬਾਅਦ ਅੱਜ ਦੇਖਣਾ ਇਹ ਹੈ ਕਿ ਸੁਖਬੀਰ ਸਿੰਘ ਬਾਦਲ,ਜਥੇਦਾਰ ਕੁਲਦੀਪ ਸਿੰਘ ਗੜਗਜ ਜਥੇ ਸੰਤ ਟੇਕ ਸਿੰਘ ਧਨੌਲਾ,ਤਖਤ ਸ੍ਰੀ ਪਟਨਾ ਸਾਹਿਬ ਵਿਖੇ ਪੇਸ਼ ਹੋ ਕੇ ਆਪਣਾ ਸਪੱਸ਼ਟੀਕਰਨ ਦਿੰਦੇ ਹਨ ਜਾਂ ਨਹੀਂ। ਜੇ ਪੇਸ਼ ਨਹੀਂ ਹੁੰਦੇ ਹਨ ਤਾਂ ਇੱਕ ਦੋ ਦਿਨਾਂ ਦੇ ਵਿੱਚ ਤਖਤ ਸ਼੍ਰੀ ਪਟਨਾ ਸਾਹਿਬ ਤੋਂ ਇਹਨਾਂ ਸਭ ਖਿਲਾਫ ਕੋਈ ਨਾ ਕੋਈ ਕਾਰਵਾਈ ਦੇਖਣ ਨੂੰ ਮਿਲੇਗੀ। ਦੇਖਣ ਨੂੰ ਮਿਲ ਰਿਹਾ ਹੈ ਕਿ ਮਰਿਆਦਾ ਦਾ ਘਾਣ ਕਿਵੇਂ ਹੋ ਰਿਹਾ ਹੈ। ਤਖਤਾਂ ਦੇ ਜਥੇਦਾਰ ਅਤੇ ਪੰਜ ਪਿਆਰੇ ਇਕ ਦੂਸਰੇ ਨੂੰ ਹੀ ਤਲਬ ਕਰ ਰਹੇ ਹਨ। ਕੀ ਇਹਨਾਂ ਚੀਜ਼ਾਂ ਨਾਲ ਸਿੱਖ ਮਰਿਆਦਾ,ਗੁਰਮਤਿ ਰਹਿਤ ਮਰਿਆਦਾ ਮਜਬੂਤ ਹੋਏਗੀ ? ਕੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸੁਖਬੀਰ ਬਾਦਲ ਨੂੰ ਬਚਾਉਣ ਲਈ ਜਥੇਦਾਰ ਸ਼੍ਰੀ ਅਕਾਲ ਤਖਤ ਸਾਹਿਬ ਅਤੇ ਜਥੇਦਾਰ ਸ਼੍ਰੀ ਦਮਦਮਾ ਸਾਹਿਬ ਵੱਲੋਂ ਦੋ ਦਿਨਾਂ ਤੋਂ ਲਗਾਤਾਰ ਮੀਟਿੰਗਾਂ ਦਾ ਦੌਰ ਜਾਰੀ ਹੈ। ਪਰ ਇਸ ਦੇ ਬਾਵਜੂਦ ਵੀ ਮੀਟਿੰਗਾਂ ਦਾ ਕੋਈ ਸਿੱਟਾ ਨਹੀਂ ਨਿਕਲਿਆ। ਚਰਚਾਵਾਂ ਦਾ ਵਿਸ਼ਾ ਇਹ ਵੀ ਹੈ ਕਿ ਜਦੋਂ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਜਥੇਦਾਰ ਟੇਕ ਸਿੰਘ ਧਨੌਲਾ ਦੀ ਨਿਯੁਕਤੀ ਹੋਈ ਹੈ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਇੱਕ ਵਾਰ ਵੀ ਆਪਸ ਵਿੱਚ ਮਿਲਣੀ ਨਹੀਂ ਹੋਈ। ਦੇਖਣਾ ਇਹ ਹੈ ਕਿ ਤਖਤ ਸ਼੍ਰੀ ਪਟਨਾ ਸਾਹਿਬ ਦੇ ਨੋਟਿਸ ਤੇ ਐਡਵੋਕੇਟ ਧਾਮੀ ਕੋਈ ਸਖਤ ਨੋਟਿਸ ਲੈਂਦੇ ਹਨ ਜਾਂ ਨਹੀਂ ?

## ਪਹਿਲੇ ਸ.ਫੇ ਦੀ ਬਾਕੀ

### ਪਾਣੀ ਦਾ ਪੱਧਰ ਵਧਣ ਕਾਰਨ

ਪ੍ਰਸ਼ਾਸਨ ਦੇ ਇੱਕ ਅਧਿਕਾਰੀ ਨੇ ਕਿਹਾ,"ਯੂ.ਟੀ. ਅਧਿਕਾਰੀਆਂ ਵੱਲੋਂ ਡਰੇਨੇਜ ਵਿਭਾਗ ਅਤੇ ਪੁਲਿਸ ਅਧਿਕਾਰੀਆਂ ਨੂੰ ਜ਼ੁਬਾਨੀ ਸੂਚਿਤ ਕੀਤਾ ਗਿਆ ਹੈ। ਪਰ ਅਜੇ ਤੱਕ ਲਿਖਤੀ ਨੋਟਿਸ ਪ੍ਰਾਪਤ ਨਹੀਂ ਹੋਇਆ ਹੈ।" ਇਸ ਤੋਂ ਪਹਿਲਾਂ 10 ਜੁਲਾਈ, 2023 ਨੂੰ ਯੂਟੀ ਇੰਜੀਨੀਅਰਿੰਗ ਵਿਭਾਗ ਨੂੰ ਸੁਖਨਾ ਝੀਲ ਦੇ ਤਿੰਨ ਫਲੱਡ ਗੇਟਾਂ ਵਿੱਚੋਂ ਦੋ ਖੋਲ੍ਹਣੇ ਪਏ ਸਨ। ਉਸ ਸਮੇਂ ਪਾਣੀ ਦਾ ਪੱਧਰ 1,163 ਫੁੱਟ ਦੇ ਖ਼ਤਰੇ ਦੇ ਨਿਸ਼ਾਨ ਨੂੰ ਪਾਰ ਕਰ ਗਿਆ ਸੀ। 2020 ਵਿੱਚ ਪਾਣੀ ਦਾ ਪੱਧਰ ਖ਼ਤਰੇ ਦੇ ਨਿਸ਼ਾਨ ਨੂੰ ਪਾਰ ਕਰਨ ਤੋਂ ਬਾਅਦ ਸੁਖਨਾ ਚੋਅ ਨੇ ਸੁਖਨਾ ਚੋਅ ਦੇ ਨਾਲ-ਨਾਲ ਜ਼ੀਰਕਪੁਰ ਅਤੇ ਬਲਟਾਣਾ ਦੇ ਨੀਵੇਂ ਇਲਾਕਿਆਂ ਵਿੱਚ ਵਿਆਪਕ ਹੜ੍ਹ ਲਿਆ ਦਿੱਤਾ ਸੀ।

### ਬਿਕਰਮ ਸਿੰਘ ਮਜੀਠੀਆ ਦੀ ਪਟੀਸ਼ਨ

ਕਿ ਜਾਂਚ ਏਜੰਸੀ ਵੱਲੋਂ ਦਾਇਰ ਰਿਮਾਂਡ ਅਰਜ਼ੀ ਵਿੱਚ ਕੋਈ ਠੋਸ ਜਾਂ ਤੁਰੰਤ ਜਾਂਚ ਦਾ ਕਾਰਨ ਨਹੀਂ ਹੈ। ਜ਼ਿਕਰਯੋਗ ਹੈ ਕਿ ਵਿਜੀਲੈਂਸ ਨੇ 540 ਕਰੋੜ ਰੁਪਏ ਡਰੱਗ ਮਨੀ ਨਾਲ ਜੁੜੇ ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿਚ 25 ਜੂਨ ਨੂੰ ਸਵੇਰੇ ਸਾਢੇ 4 ਵਜੇ ਕੇਸ ਦਰਜ ਕੀਤਾ। ਇਸ ਦੇ ਬਾਅਦ 26 ਥਾਵਾਂ 'ਤੇ ਮਜੀਠੀਆ ਨਾਲ ਜੁੜੇ ਟਿਕਾਣਿਆਂ ਦੀ ਛਾਪੇਮਾਰੀ ਕੀਤੀ ਗਈ। ਜਦੋਂ ਵਿਜੀਲੈਂਸ ਨੇ ਮਜੀਠੀਆ ਨੂੰ ਗ੍ਰਿਫ਼ਤਾਰ ਕੀਤਾ ਤਾਂ ਉਨ੍ਹਾਂ ਤੋਂ 29 ਮੋਬਾਈਲ ਫੋਨ, 5 ਲੈਪਟਾਪ, 3 ਆਈਪੈਡ, 2 ਡੈਸਕਟਾਪ, 8 ਡਾਇਰੀਆਂ ਅਤੇ ਹੋਰ ਦਸਤਾਵੇਜ਼ ਜ਼ਬਤ ਕੀਤੇ ਗਏ। ਇਸ ਦੇ ਨਾਲ ਹੀ ਵਿਜੀਲੈਂਸ ਨੇ ਕਿਹਾ ਕਿ ਮਜੀਠੀਆ ਨੇ 540 ਕਰੋੜ ਰੁਪਏ ਦੀ ਗੈਰ-ਕਾਨੂੰਨੀ ਜਾਇਦਾਦ ਬਣਾਈ ਹੈ। ਮਜੀਠੀਆ ਵੱਲੋਂ ਨਿਯੰਤਰਿਤ ਕੰਪਨੀਆਂ ਦੇ ਬੈਂਕ ਖਾਤਿਆਂ ਵਿੱਚ 161 ਕਰੋੜ ਰੁਪਏ ਦੀ ਬੇਹਿਸਾਬੀ ਨਕਦੀ ਜਮ੍ਹਾਂ ਹੈ। ਸ਼ੱਕੀ ਵਿਦੇਸ਼ੀ ਸੰਸਥਾਵਾਂ ਰਾਹੀਂ 141 ਕਰੋੜ ਰੁਪਏ ਦਾ ਲੈਣ-ਦੇਣ ਕੀਤਾ ਗਿਆ।

### ਸੰਜੀਵ ਅਰੋੜਾ ਮੰਤਰੀ ਬਣੇ

ਹਲਫ਼ਦਾਰੀ ਸਮਾਗਮ ਛੇ ਮਿੰਟ ਦੇ ਕਰੀਬ ਚੱਲਿਆ। ਪਿਛਲੇ ਹਫ਼ਤੇ ਵਿਧਾਇਕ ਚੁਣੇ ਜਾਣ ਤੋਂ ਬਾਅਦ ਹੀ ਉਨ੍ਹਾਂ ਦਾ ਮੰਤਰੀ ਮੰਡਲ ਵਿੱਚ ਸ਼ਾਮਲ ਹੋਣਾ ਲਗਪਗ ਤੈਅ ਸੀ। 'ਆਪ' ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਜ਼ਿਮਨੀ ਚੋਣਾਂ ਵਿੱਚ ਪ੍ਰਚਾਰ ਦੌਰਾਨ ਅਰੋੜਾ ਨੂੰ ਮੰਤਰੀ ਬਣਾਉਣ ਦਾ ਐਲਾਨ ਕੀਤਾ ਸੀ। ਜਦੋਂ ਕਿ ਪਿਛਲੇ ਹਫ਼ਤੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਪੁਸ਼ਟੀ ਕੀਤੀ ਸੀ ਕਿ ਉਹ ਅਰੋੜਾ ਨੂੰ ਆਪਣੀ ਕੈਬਨਿਟ ਵਿੱਚ ਲਿਆ ਰਹੇ ਹਨ। ਆਮ ਆਦਮੀ ਪਾਰਟੀ ਦੀ ਸਰਕਾਰ ਦੇ ਤਿੰਨ ਸਾਲਾਂ ਦੇ ਕਾਰਜਕਾਲ ਦੌਰਾਨ ਮੰਤਰੀ ਮੰਡਲ ਵਿੱਚ ਸੱਤਵੀਂ ਵਾਰ ਵਿਸਥਾਰ ਕੀਤਾ ਗਿਆ ਹੈ।

ਪੀਲੇ ਰੰਗ ਦਾ ਕੁੜਤਾ ਪਜਾਮਾ ਪਹਿਨ ਕੇ ਆਏ ਸੰਜੀਵ ਅਰੋੜਾ ਨੇ ਪੰਜਾਬੀ ਵਿੱਚ ਸਹੁੰ ਚੁੱਕੀ। ਹਲਫ਼ਦਾਰੀ ਸਮਾਗਮ ਦੀ ਕਾਰਵਾਈ ਮੁੱਖ ਸਕੱਤਰ, ਪੰਜਾਬ, ਕੇ ਏ ਪੀ ਸਿਨਹਾ ਵੱਲੋਂ ਚਲਾਈ ਗਈ। ਸਮਾਗਮ ਕੌਮੀ ਗੀਤ ਨਾਲ ਸ਼ੁਰੂ ਹੋਇਆ। ਜਿਸ ਤੋਂ ਬਾਅਦ ਰਾਜਪਾਲ ਨੇ ਨਵੇਂ ਮੰਤਰੀ ਨੂੰ ਸਹੁੰ ਚੁਕਾਈ। ਸਮਾਰੋਹ ਕੌਮੀ ਗੀਤ ਦੀ ਪੇਸ਼ਕਾਰੀ ਨਾਲ ਸਮਾਪਤ ਹੋਇਆ। ਇਸ ਮੌਕੇ ਮੁੱਖ ਮੰਤਰੀ ਭਗਵੰਤ ਮਾਨ, ਉਨ੍ਹਾਂ ਦੀ ਪਤਨੀ ਗੁਰਪ੍ਰੀਤ ਕੌਰ ਮਾਨ ਅਤੇ ਹੋਰ ਬਹੁਤ ਸਾਰੇ ਮੰਤਰੀ ਅਤੇ ਪਤਵੰਤੇ ਸਹੁੰ ਚੁੱਕ ਸਮਾਗਮ ਵਿੱਚ ਮੌਜੂਦ ਸਨ।

### ਮੈਂ ਪਾਰਟੀ ਦਾ ਸਿਪਾਹੀ ਸੀ, ਹਾਂ

ਪਹਿਲਾਂ ਮਹਿਕਮੇ ਦਿੱਤੇ, ਮੈਂ 11 ਹਜ਼ਾਰ ਏਕੜ ਜ਼ਮੀਨ ਪੰਜਾਬ ਸਰਕਾਰ ਨੂੰ ਛੁਡਵਾ ਕੇ ਦਿੱਤੀ। ਮੈਂ ਪੰਜਾਬ ਨਹੀਂ ਸਗੋਂ ਸਾਰੇ ਹਿੰਦੁਸਤਾਨ ਦਾ ਪਹਿਲਾਂ ਲੀਡਰ ਹਾਂ, ਜਿਸ ਨੇ ਸੂਬੇ ਦੇ ਲੋਕਾਂ ਵੱਲੋਂ ਮੱਲੀ ਹੋਈ11 ਹਜ਼ਾਰ ਏਕੜ ਜ਼ਮੀਨ ਛੁਡਵਾਈ, ਜਿਸ ਦੀ ਕੀਮਤ ਉਸ ਸਮੇਂ 2700 ਕਰੋੜ ਰੁਪਏ ਸੀ। ਐਨ. ਆਰ. ਆਈ. ਵਿਭਾਗ ਵਿਚ ਹੁੰਦਿਆਂ ਮੈਂ ਪਿਛਲ਼ੇ ਦੋ ਸਾਲਾਂ ਵਿਚ 4 ਹਜ਼ਾਰ ਐਨਆਰਆਈਸ ਦੇ ਕੇਸ ਹੱਲ ਕੀਤੇ। ਐਨਆਰਆਈ ਮਿਲਣੀਆਂ ਕਰਵਾਈਆਂ। ਮੈਂ ਸਿਰਫ ਪੰਜਾਬ ਲਈ ਆਇਆ ਸੀ, ਪੰਜਾਬ ਲਈ ਮੇਰੀ ਜੰਗ ਜਾਰੀ ਰਹੇਗੀ। ਪੰਜਾਬ ਅੰਦਰ ਕਾਲੀਆਂ ਤਾਕਤਾਂ ਖ਼ਿਲਾਫ ਯੁੱਧ ਨਸ਼ੇ ਵਿਰੁੱਧ ਜਾਰੀ ਰਹੇਗਾ। ਜਿਸ ਤਰ੍ਹਾਂ ਮੈਂ ਪਹਿਲਾਂ 10 ਸਾਲ ਕੰਮ ਕੀਤਾ, ਉਸੇ ਤਰ੍ਹਾਂ ਆਖਰੀ ਸਾਹ ਤਕ ਕੰਮ ਕਰਦਾ ਰਹਾਂਗਾ।

ਧਾਲੀਵਾਲ ਨੇ ਕਿਹਾ ਕਿ ਜਿਸ ਹਲਕੇ ਦੇ ਲੋਕਾਂ ਨੂੰ ਮੈਨੂੰ ਚੁਣਿਆ, ਉਸ ਦੇ ਵਿਕਾਸ ਲਈ ਮੈਂ ਰਾਤ ਦਿਨ ਇਕ ਕੀਤਾ ਅਤੇ ਅੱਗੇ ਵੀ ਕਰਾਂਗਾ, ਇਸ ਹਲਕੇ ਨੂੰ ਪੰਜਾਬ ਦਾ ਨੰਬਰ ਇਕ ਹਲਕਾ ਬਣਾਉਣ ਲਈ ਮੇਰਾ ਕੰਮ ਜਾਰੀ ਰਹੇਗਾ। ਅਗਲੇ ਡੇਢ ਸਾਲ ਤੱਕ ਅਜਨਾਲੇ ਵਿਚ ਬੈਠ ਕੇ ਮੈਂ ਲੋਕਾਂ ਦੀ ਸੇਵਾ ਕਰਾਂਗਾ, ਜੇ ਭਵਿੱਖ ਵਿਚ ਪਾਰਟੀ ਮੇਰੀ ਕੋਈ ਸੇਵਾ ਲਾਵੇਗੀ, ਮੈਂ ਤਨਦੇਹੀ ਨਾਲ ਨਿਭਾਵਾਂਗਾ। ਮੈਂ ਕਦੇ ਪੰਜਾਬ ਨੂੰ ਪਿੱਠ ਨਹੀਂ ਦਿਖਾਈ ਅਤੇ ਨਾ ਹੀ ਦਿਖਾਵਾਂਗਾ।

### 'ਆਪ' ਦਾ ਕਾਂਗਰਸ ਨਾਲ ਕੋਈ ਸਬੰਧ ਨਹੀਂ

ਜ਼ਿਮਨੀ ਚੋਣ ਕਿਉਂ ਲੜੀ ? ਉਹ ਸਾਨੂੰ ਹਰਾਉਣ ਲਈ ਆਏ ਸਨ। ਭਾਜਪਾ ਨੇ ਕਾਂਗਰਸ ਨੂੰ ਸਾਡੀਆਂ ਵੋਟਾਂ ਕੱਟ ਕੇ 'ਆਪ' ਨੂੰ ਹਰਾਉਣ ਲਈ ਭੇਜਿਆ ਸੀ। ਜਦੋਂ ਕਾਂਗਰਸ ਅਸਫਲ ਹੋ ਗਈ, ਤਾਂ ਭਾਜਪਾ ਨੇ ਉਨ੍ਹਾਂ ਨੂੰ ਫਟਕਾਰ ਵੀ ਲਾਈ। ਇੰਡੀਆ ਗੱਠਜੋੜ ਸਿਰਫ਼ ਲੋਕ ਸਭਾ ਚੋਣਾਂ ਲਈ ਸੀ। ਹੁਣ ਸਾਡੇ ਵੱਲੋਂ ਕੋਈ ਗੱਠਜੋੜ ਨਹੀਂ ਹੈ।"

'ਆਪ' ਆਗੂ ਗੋਪਾਲ ਇਟਾਲੀਆ ਨੇ ਪਿਛਲੇ ਮਹੀਨੇ ਜੂਨਾਗੜ੍ਹ ਜ਼ਿਲ੍ਹੇ ਦੀ ਵਿਸਾਵਦਰ ਸੀਟ 'ਤੇ ਹੋਈ ਜ਼ਿਮਨੀ ਚੋਣ ਵਿੱਚ ਭਾਜਪਾ ਦੇ ਕਿਰਿਤ ਪਟੇਲ ਨੂੰ 17,000 ਤੋਂ ਵੱਧ ਵੋਟਾਂ ਦੇ ਫਰਕ ਨਾਲ ਹਰਾਇਆ ਸੀ। ਕਾਂਗਰਸੀ ਉਮੀਦਵਾਰ ਨਿਤਿਨ ਰਨਪਰੀਆ 5,501 ਵੋਟਾਂ ਨਾਲ ਤੀਜੇ ਸਥਾਨ 'ਤੇ ਰਹੇ। ਕੇਜਰੀਵਾਲ ਨੇ ਦਾਅਵਾ ਕੀਤਾ ਕਿ ਭਾਜਪਾ ਨੇ ਆਪਣੇ 30 ਸਾਲਾਂ ਦੇ ਰਾਜ ਵਿੱਚ ਗੁਜਰਾਤ ਨੂੰ ਬਰਬਾਦ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਇੱਕ ਵਿਰੋਧੀ ਧਿਰ ਵਜੋਂ ਅਸਫਲ ਰਹੀ ਹੈ। ਕਿਉਂਕਿ ਇਹ ਭਾਜਪਾ ਨੂੰ ਸੱਤਾ ਵਿੱਚ ਬਣੇ ਰਹਿਣ ਵਿੱਚ ਮੱਦਦ ਕਰਦੀ ਹੈ।

182 ਮੈਂਬਰੀ ਗੁਜਰਾਤ ਵਿਧਾਨ ਸਭਾ ਵਿੱਚ ਭਾਜਪਾ ਦੇ 162, ਕਾਂਗਰਸ ਦੇ 12 ਅਤੇ 'ਆਪ' ਦੇ 5 ਵਿਧਾਇਕ ਹਨ। ਜਦੋਂ ਕਿ ਇੱਕ ਸੀਟ ਸਮਾਜਵਾਦੀ ਪਾਰਟੀ ਕੋਲ ਹੈ ਅਤੇ ਦੋ ਵਿਧਾਇਕ ਆਜ਼ਾਦ ਹਨ।

### ਦਿੱਲੀ ਦੇ ਸਰਕਾਰੀ ਸਕੂਲ 'ਚ ਕ੍ਰਿਪਾਨਧਾਰੀ ਸਿੱਖ ਬੱਚੀ ਦੇ

ਉਧਰ ਪ੍ਰਿੰਸੀਪਲ ਨੇ ਕਿਹਾ ਹੈ ਕਿ ਇਸ ਬਾਰੇ ਪਤਾ ਨਹੀਂ ਸੀ, ਕਿ ਹੁਣ ਉਹ ਕਿਰਪਾਨ ਪਹਿਨ ਕੇ ਆ ਸਕਦੇ ਹਨ ਜਾਂ ਨਹੀ। ਉਨ੍ਹਾਂ ਨੇ ਕਿਹਾ ਹੈ ਕਿ ਹੁਣ ਜਦੋਂ ਪਤਾ ਲੱਗਿਆ ਤਾਂ ਅਸੀਂ ਆਗਿਆ ਦੇ ਦਿੱਤੀ ਹੈ।

### ਲਾਪ੍ਰਵਾਹੀ ਨਾਲ ਗੱਡੀ ਚਲਾਉਣ ਨਾਲ

ਕਸਬੇ ਵਿੱਚ ਹਾਦਸੇ ਦੌਰਾਨ ਐਨਐਸ ਰਵੀਸ਼ਾ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਇਸ ਹਾਦਸੇ ਦੌਰਾਨ ਕਾਰ ਵਿੱਚ ਉਸ ਦੇ ਪਿਤਾ, ਭੈਣ ਅਤੇ ਬੱਚੇ ਵੀ ਸਵਾਰ ਸਨ। ਅਦਾਲਤ ਨੇ ਫੈਸਲਾ ਸੁਣਾਉਂਦਿਆਂ ਕਿਹਾ ਕਿ ਰਵੀਸ਼ਾ ਨੇ ਟ੍ਰੈਫਿਕ ਨਿਯਮਾਂ ਦੀ ਪਾਲਣਾ ਕੀਤੇ ਬਿਨਾਂ ਲਾਪ੍ਰਵਾਹੀ ਨਾਲ ਕਾਰ ਚਲਾਈ ਅਤੇ ਉਸ ਦਾ ਵਾਹਨ 'ਤੇ ਕੰਟਰੋਲ ਨਹੀਂ ਰਿਹਾ ਜਿਸ ਕਾਰਨ ਇਹ ਹਾਦਸਾ ਵਾਪਰਿਆ।

### ਵਿਧਾਇਕ ਬਾਵਾ ਹੈਨਰੀ ਨੇ ਸਪੀਕਰ ਸਾਹਮਣੇ ਰੱਖਿਆ

ਵੀ ਰੋਕ ਲਾਈ ਜਾਵੇ। 2 ਬੱਚਿਆਂ ਤੱਕ ਸੀਮਤ ਰਹਿਣ ਵਾਲੇ ਬੀ.ਪੀ.ਐਲ. ਪਰਿਵਾਰਾਂ ਨੂੰ ਕੈਸ਼ ਇੰਸੇਂਟਿਵ ਮਿਲੇ ਤੇ ਨਾਲ ਹੀ ਜਨਰਲ ਪਰਿਵਾਰਾਂ ਨੂੰ ਸਬਸਿਡੀ, ਟੈਕਸ ਵਿਚ ਛੋਟ ਤੇ ਆਸਾਨ ਲੋਨ ਦੀ ਸਹੂਲਤ ਦਿੱਤੀ ਜਾਵੇ।ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ, ਵਿਧਾਇਕ ਨੇ ਕਿਹਾ ਕਿ ਵਾਤਾਵਰਣ ਦੇ ਪ੍ਰਦੂਸ਼ਨ ਦਾ ਸਭ ਤੋਂ ਵੱਡਾ ਕਾਰਨ ਵਧਦੀ ਆਬਾਦੀ ਹੈ। ਉਨ੍ਹਾਂ ਕਿਹਾ ਕਿ ਜਦੋਂ ਪੰਜਾਬ ਅਤੇ ਭਾਰਤ ਦੀ ਆਬਾਦੀ ਨੂੰ ਕੰਟਰੋਲ ਕੀਤਾ ਜਾਂਦਾ ਹੈ, ਤਾਂ ਪੰਜਾਬ ਫਿਰ ਤੋਂ ਰੰਗਲਾ ਪੰਜਾਬ ਬਣ ਸਕਦਾ ਹੈ। ਉਨ੍ਹਾਂ ਕਿਹਾ ਕਿ ਇੱਕ ਸਮੇਂ ਜਦੋਂ ਸਾਵਣ ਦੇ ਮਹੀਨੇ ਮੀਂਹ ਪੈਂਦਾ ਸੀ,ਅਸੀਂ ਬਚਪਨ ਵਿੱਚ ਡੱਡੂਆਂ ਨਾਲ ਖੇਡਦੇ ਸੀ। ਪਰ ਹੁਣ ਆਬਾਦੀ ਇੰਨੀ ਵੱਧ ਗਈ ਹੈ ਕਿ ਵਾਤਾਵਰਨ ਪ੍ਰਦੂਸ਼ਨ ਕਾਰਨ ਬਹੁਤ ਸਾਰੇ ਜਾਨਵਰ ਅਤੇ ਪੰਛੀ ਅਲੋਪ ਹੋ ਗਏ ਹਨ। ਉਨ੍ਹਾਂ ਕਿਹਾ ਕਿ ਆਬਾਦੀ ਕੰਟਰੋਲ ਬਿੱਲ ਦੀ ਉਲੰਘਣਾ ਕਰਨ ਵਾਲਿਆਂ ਤੋਂ ਵੋਟ ਦਾ ਅਧਿਕਾਰ ਖੋਹਣ ਅਤੇ ਸਰਕਾਰੀ ਸਹੂਲਤਾਂ ਨਾ ਦੇਣ ਦਾ ਪ੍ਰਸਤਾਵ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਇੱਕ ਬੱਚਾ ਪੈਦਾ ਕਰਨ ਵਾਲਿਆਂ ਨੂੰ ਵੱਖਰੀਆਂ ਸਹੂਲਤਾਂ ਦੇਣ ਦਾ ਵੀ ਪ੍ਰਬੰਧ ਹੈ।

### ਮਹਾਰਾਸ਼ਟਰ 'ਚ ਤਿੰਨ ਮਹੀਨਿਆਂ ਦੌਰਾਨ 767

ਅੱਜ ਦੀਆਂ ਖ਼ਬਰਾਂ 'ਤੇ ਨਜ਼ਰ ਮਾਰੋ - ਅਨਿਲ ਅੰਬਾਨੀ ਦੀ 48,000 ਕਰੋੜ ਰੁਪਏ ਦੀ ਐਸਬੀਆਈ 'ਧੋਖਾਧੜੀ'।" ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿਸ਼ਾਨਾ ਬਣਾਉਂਦਿਆਂ ਉਨ੍ਹਾਂ ਕਿਹਾ, "ਮੋਦੀ ਜੀ ਨੇ ਕਿਹਾ ਸੀ ਕਿ ਉਹ ਕਿਸਾਨ ਦੀ ਆਮਦਨ ਦੁੱਗਣੀ ਕਰ ਦੇਣਗੇ- ਪਰ ਅੱਜ ਹਾਲਾਤ ਇਹ ਹਨ ਕਿ ਅਨਾਜ ਦੇਣ ਵਾਲੇ ਦੀ ਜ਼ਿੰਦਗੀ ਅੱਧੀ ਹੋ ਰਹੀ ਹੈ।" ਗਾਂਧੀ ਨੇ ਕਿਹਾ, "ਇਹ ਸਿਸਟਮ ਕਿਸਾਨਾਂ ਨੂੰ ਮਾਰ ਰਿਹਾ ਹੈ - ਚੁੱਪਚਾਪ, ਪਰ ਲਗਾਤਾਰ ਅਤੇ ਮੋਦੀ ਜੀ ਆਪਣੇ ਪੀਆਰ ਦਾ ਤਮਾਸ਼ਾ ਦੇਖ ਰਹੇ ਹਨ।" ਉੱਧਰ ਭਾਜਪਾ ਆਈਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਰਾਹੁਲ ਗਾਂਧੀ 'ਤੇ ਪਲਟਵਾਰ ਕਰਦਿਆਂ 'ਐਕਸ' ਉੱਤੇ ਇੱਕ ਚਾਰਟ ਸਾਂਝਾ ਕੀਤਾ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਰਾਸ਼ਟਰਵਾਦੀ ਕਾਂਗਰਸ ਪਾਰਟੀ-ਕਾਂਗਰਸ ਸਰਕਾਰ ਦੇ 15 ਸਾਲਾਂ ਦੇ ਕਾਰਜਕਾਲ ਦੌਰਾਨ ਮਹਾਰਾਸ਼ਟਰ ਵਿੱਚ 55,928 ਕਿਸਾਨਾਂ ਨੇ ਖ਼ੁਦਕੁਸ਼ੀ ਕੀਤੀ।

### ਜਾਂਚ 'ਚ ਹਮੇਸ਼ਾ ਸਹਿਯੋਗ ਦਿੱਤਾ ਤੇ

ਉੱਚਾ ਕੀਤਾ ਹੈ। ਜਦੋਂ ਪੱਗ ਵਾਲਾ ਤਰੱਕੀ ਕਰਦਾ ਹੈ ਤਾਂ ਉਸ ਦਾ ਵਿਰੋਧ ਹੋਣ ਲੱਗ ਜਾਂਦਾ ਹੈ। ਦਿਲਜੀਤ ਪੱਗ ਨੂੰ ਬਹੁਤ ਅੱਗੇ ਤੱਕ ਲੈ ਕੇ ਗਿਆ। ਕਲਾਕਾਰ ਸਭ ਦੇ ਸਾਂਝੇ ਹੁੰਦੇ ਨੇ, ਮੁਲਕਾਂ ਦੀ ਨਿੱਜੀ ਲੜਾਈ 'ਚ ਕਲਾ ਨੂੰ ਨਹੀਂ ਲਿਆਉਣਾ ਚਾਹੀਦਾ। ਉਨ੍ਹਾਂ ਆਪਣੀ ਹਉਮੈ ਛੱਡ ਕੇ ਸਿੱਖ ਕੌਮ ਨੂੰ ਇਕੱਠੇ ਹੋਣ ਦੀ ਅਪੀਲ ਕੀਤੀ।

### ਗੁ. ਸ੍ਰੀ ਗੁਰੂ ਸਿੰਘ ਸਭਾ ਦੇ ਵਿਵਾਦ ਸੰਬੰਧੀ

ਜਥੇਦਾਰ ਨੂੰ ਭਰੋਸਾ ਦਿੱਤਾ ਹੈ ਕਿ ਅਸੀਂ ਹੁਕਮਾਂ ਦੀ ਪਾਲਣਾ ਕਰਾਂਗੇ, ਕਿਉਂਕਿ ਅਸੀਂ ਵੀ ਚਾਹੁੰਦੇ ਹਾਂ ਕਿ ਚੋਣਾਂ ਕਰਵਾਈਆਂ ਜਾਣ।ਇਸ ਮੌਕੇ ਪ੍ਰਧਾਨ ਦਲਜੀਤ ਸਿੰਘ ਦੇ ਨਾਲ ਸਰਬਜੀਤ ਸਿੰਘ ਨੀਟਾ ਜਸਪਾਲ ਸਿੰਘ ਟੋਨੀ, ਸਰਬਜੀਤ ਸਿੰਘ ਸਨੀ, ਹਰਮਿੰਦਰ ਸਿੰਘ ਚੱਢਾ, ਮਨਪ੍ਰੀਤ ਸਿੰਘ, ਜਗਦੀਪ ਸਿੰਘ ਸਬਰਵਾਲ ਨਾਲ ਸਨ।

ਦੂਜੇ ਪਾਸੇ ਵਿਰੋਧੀ ਧਿਰ ਤੋਂ ਭੁਪਿੰਦਰ ਸਿੰਘ ਬੱਗਾ ਪ੍ਰਧਾਨ ਨੇ ਦਫ਼ਤਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਬਾਹਰ ਪ੍ਰੈਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਅੱਜ ਅਸੀਂ ਦਫ਼ਤਰ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਗੁਰਦੁਆਰਾ ਸਿੰਘ ਸਭਾ ਸੁਭਾਸ਼ ਨਗਰ ਦਿੱਲੀ ਦੀਆਂ ਚੋਣਾਂ ਦੇ ਮੁੱਦੇ 'ਤੇ ਆਏ ਸੀ ਤੇ ਸਾਨੂੰ ਉਮੀਦ ਸੀ ਕਿ ਜਥੇਦਾਰ ਜੀ ਸਾਡੀ ਗੱਲ ਸੁਣਨਗੇ, ਪ੍ਰੰਤੂ ਇੱਥੇ ਆ ਕੇ ਤਾਂ ਇੱਕ ਤਰਫਾ ਫੈਸਲਾ ਹੁੰਦਾ ਜਾਪਿਆ। ਇਹ ਜਥੇਦਾਰ ਪਰਮਜੀਤ ਸਰਨੇ ਦੁਆਰਾ ਲਗਾਏ ਹਨ। ਇਸ ਲਈ ਸ਼੍ਰੋਮਣੀ ਅਕਾਲੀ ਦਲ ਬਾਦਲ ਦਿੱਲੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੇ ਦਬਾਅ ਹੇਠ ਗੁਰਦੁਆਰਾ ਕਮੇਟੀ ਦੀਆਂ ਚੋਣਾਂ ਦੁਬਾਰਾ ਕਰਵਾਉਣ ਲਈ ਮਜਬੂਰ ਕੀਤਾ ਗਿਆ। ਪਰ ਸਾਡੀਆਂ ਚੋਣਾਂ 4 ਮਹੀਨੇ ਪਹਿਲਾਂ ਹੀ ਹੋ ਚੁੱਕੀਆਂ ਹਨ। ਸਾਡੀ ਕੋਈ ਸੁਣਵਾਈ ਨਹੀਂ ਹੋਈ।

### ਸਰਕਾਰ ਵੱਲੋਂ ਜੀ.ਐਸ.ਟੀ. ਸਲੈਬ

ਜੇਕਰ ਇਹ ਪ੍ਰਸਤਾਵ ਪਾਸ ਹੋ ਜਾਂਦਾ ਹੈ, ਤਾਂ ਆਮ ਆਦਮੀ ਦੀ ਜੇਬ 'ਤੇ ਬੋਝ ਵਧਣਾ ਯਕੀਨੀ ਹੈ। ਹੈਲਥ ਸੈੱਸ ਉਨ੍ਹਾਂ ਚੀਜ਼ਾਂ 'ਤੇ ਲਗਾਇਆ ਜਾਵੇਗਾ ਜੋ ਆਮ ਤੌਰ 'ਤੇ ਸਮਾਜ ਲਈ ਨੁਕਸਾਨਦੇਹ ਮੰਨੀਆਂ ਜਾਂਦੀਆਂ ਹਨ, ਜਿਵੇਂ ਕਿ ਤੰਬਾਕੂ, ਸਿਗਰਟ ਅਤੇ ਸ਼ੂਗਰ ਵਾਲੀਆਂ ਡ੍ਰਿੰਕਸ। ਦੂਜਾ ਸੈੱਸ, ਯਾਨੀ 'ਕਲੀਨ ਐਨਰਜੀ ਸੈੱਸ' ਦਾ ਉਦੇਸ਼ ਜ਼ਿਆਦਾ-ਕੀਮਤ ਵਾਲੇ ਵਾਹਨਾਂ ਅਤੇ ਕੋਲੇ ਵਰਗੇ ਪ੍ਰਦੂਸ਼ਣ ਫੈਲਾਉਣ ਵਾਲੇ ਬਾਲਣਾਂ 'ਤੇ ਟੈਕਸ ਵਧਾ ਕੇ ਸਾਫ਼ ਊਰਜਾ ਵੱਲ ਵਧਣਾ ਹੈ।

### ਮੋਦੀ ਦਾ ਘਾਨਾ ਦੇ ਕੌਮੀ

ਬਹੁਤ ਮਾਣ ਤੇ ਸਨਮਾਨ ਦੀ ਗੱਲ ਹੈ। ਉਨ੍ਹਾਂ ਕਿਹਾ, "ਮੈਂ 140 ਕਰੋੜ ਭਾਰਤੀਆਂ ਵੱਲੋਂ ਇਹ ਪੁਰਸਕਾਰ ਨਿਮਰਤਾ ਨਾਲ ਸਵੀਕਾਰ ਕਰਦਾ ਹਾਂ।" ਉਨ੍ਹਾਂ ਇਸ ਸਨਮਾਨ ਨੂੰ ਦੋਵਾਂ ਮੁਲਕਾਂ ਦੇ ਨੌਜਵਾਨਾਂ ਦੀਆਂ ਇੱਛਾਵਾਂ ਤੇ ਸੁਨਹਿਰੇ ਭਵਿੱਖ, ਘਾਨਾ ਤੇ ਭਾਰਤ ਦਰਮਿਆਨ ਇਤਿਹਾਸਕ ਰਿਸ਼ਤਿਆਂ ਤੇ ਉਨ੍ਹਾਂ ਦੀਆਂ ਅਮੀਰ ਸਭਿਆਚਾਰਕ ਰਵਾਇਤਾਂ ਤੇ ਵੰਨ ਸੁਵੰਨਤਾ ਨੂੰ ਸਮਰਪਿਤ ਕੀਤਾ।

ਪ੍ਰਧਾਨ ਮੰਤਰੀ ਨੇ ਕਿਹਾ, "ਇਹ ਸਨਮਾਨ ਇਕ ਜ਼ਿੰਮੇਵਾਰੀ ਦੀ ਦਿੰਦਾ ਹੈ ਤੇ ਇਹ ਜ਼ਿੰਮੇਵਾਰੀ ਭਾਰਤ-ਘਾਨਾ ਦੋਸਤੀ ਨੂੰ ਹੋਰ ਮਜ਼ਬੂਤ ਕਰਨ ਦਾ ਕੰਮ ਕਰਦੀ ਹੈ। ਭਾਰਤ ਘਾਨਾ ਦੇ ਲੋਕਾਂ ਨਾਲ ਹਮੇਸ਼ਾ ਖੜ੍ਹਾ ਹੈ ਤੇ ਇਕ ਭਰੋਸੇਮੰਦ ਦੋਸਤ ਤੇ ਤਰੱਕੀ ਵਿਚ ਭਾਈਵਾਲ ਵਜੋਂ ਯੋਗਦਾਨ ਪਾਉਣਾ ਜਾਰੀ ਰੱਖੇਗਾ।" ਪ੍ਰਧਾਨ ਮੰਤਰੀ ਮੋਦੀ ਦੀ ਘਾਨਾ ਦੀ ਇਹ ਪਹਿਲਾ ਦੁਵੱਲੀ ਫੇਰੀ ਹੈ ਤੇ ਤਿੰਨ ਦਹਾਕਿਆਂ ਵਿਚ ਭਾਰਤ ਦੇ ਕਿਸੇ ਪ੍ਰਧਾਨ ਮੰਤਰੀ ਦੀ ਇਹ ਪਹਿਲੀ ਘਾਨਾ ਯਾਤਰਾ ਹੈ।

## ਬਾਲੀ ਟਾਪੂ ਨੇੜੇ ਯਾਤਰੀ ਕਿਸ਼ਤੀ ਡੁੱਬਣ ਕਾਰਨ 4 ਦੀ ਮੌਤ, 30 ਤੋਂ ਵੱਧ ਲਾਪਤਾ

ਜਕਾਰਤਾ, 3 ਜੁਲਾਈ (ਚ.ਨ.ਸ.) : ਇੰਡੋਨੇਸ਼ੀਆ ਦੇ ਬਾਲੀ ਸਟਰੇਟ ਵਿੱਚ ਦਰਜਨਾਂ ਸਵਾਰੀਆਂ ਅਤੇ ਵਾਹਨਾਂ ਨੂੰ ਲੈ ਕੇ ਜਾ ਰਹੀ ਇੱਕ ਫੈਰੀ(ਕਿਸ਼ਤੀ) ਦੇ ਡੁੱਬਣ ਤੋਂ ਬਾਅਦ ਚਾਰ ਵਿਅਕਤੀਆਂ ਦੀ ਮੌਤ ਦੀ ਪੁਸ਼ਟੀ ਹੋਈ ਹੈ।



ਇੰਡੋਨੇਸ਼ੀਆ ਦੀ ਨਿਊਜ਼ ਏਜੰਸੀ ਅੰਤਾਰਾ ਨੇ ਦੱਸਿਆ ਕਿ ਜਦੋਂ ਤੁਨੂ ਪ੍ਰਤਾਮਾ ਜਾਇਆ ਰੋਲ-ਆਨ/ਰੋਲ-ਆਫ ਜਹਾਜ਼ ਬਾਲੀ ਟਾਪੂ ਦੇ ਪਾਣੀ ਵਿੱਚ ਪਲਟ ਗਿਆ, ਇਸ ਸਮੇਂ ਵਿੱਚ 12 ਚਾਲਕ ਦਲ ਦੇ ਮੈਂਬਰ, 53 ਯਾਤਰੀ ਅਤੇ 22 ਵਾਹਨ ਮੌਜੂਦ ਸਨ। ਅਥਾਰਟੀਜ਼ ਅਨੁਸਾਰ ਜਹਾਜ਼ ਕਿਟਾਪੰਗ ਬੰਦਰਗਾਹ ਬਨਿਊਵਾਂਗੀ ਤੋਂ ਗਿਲੀਮਨੁਕ ਬਾਲੀ ਲਈ ਰਵਾਨਾ ਹੋਇਆ ਸੀ, ਸਵੇਰੇ 10:56 ਵਜੇ ਸਥਾਨਕ ਸਮੇਂ 'ਤੇ ਯਾਤਰਾ ਸ਼ੁਰੂ ਕਰਨ ਤੋਂ ਸਿਰਫ਼ 25 ਮਿੰਟ ਬਾਅਦ, ਰਾਤ ਲਗਭਗ 11:20 ਵਜੇ ਡੁੱਬ ਗਿਆ। ਘਟਨਾ ਦੀ ਪਹਿਲੀ ਰਿਪੋਰਟ ਗਿਲੀਮਨੁਕ ਦੇ ਪਾਣੀਆਂ ਵਿੱਚ ਡਿਊਟੀ 'ਤੇ ਤਾਇਨਾਤ ਇੱਕ ਬੰਦਰਗਾਹ ਗਸ਼ਤ ਅਧਿਕਾਰੀ ਵੱਲੋਂ ਕੀਤੀ ਗਈ ਸੀ। ਨਾਨਾਂਗ ਸਿਗਿੱਟ ਸੂਰਬਾਇਆ ਐਸ.ਏ.ਆਰ. ਦਫ਼ਤਰ ਦੇ ਮੁਖੀ ਨੇ ਅੱਜ ਜਕਾਰਤਾ ਗਲੋਬ ਅਨੁਸਾਰ ਦੱਸਿਆ, "ਕੁੱਲ 65 ਲੋਕ ਸਵਾਰ ਸਨ। 23 ਬਚ ਗਏ, ਚਾਰ ਦੀ ਮੌਤ ਹੋ ਗਈ।" ਉਨ੍ਹਾਂ ਕਿਹਾ ਕਿ ਅਜੇ ਵੀ 38 ਲਾਪਤਾ ਵਿਅਕਤੀਆਂ ਦੀ ਤਲਾਸ਼ ਜਾਰੀ ਹੈ, ਮ੍ਰਿਤਕਾਂ ਦੀਆਂ ਲਾਸ਼ਾਂ ਨੂੰ ਬਾਲੀ ਦੇ ਨੇਗਾਰਾ ਜਨਰਲ ਹਸਪਤਾਲ ਲਿਜਾਇਆ ਗਿਆ ਹੈ। ਜਦੋਂ ਕਿ ਬਾਕੀਆਂ ਦਾ ਇਲਾਜ ਕੀਤਾ ਜਾ ਰਿਹਾ ਹੈ। ਇੱਕ ਮੌਸਮ ਵਿਗਿਆਨ ਰਿਪੋਰਟ ਵਿੱਚ ਬਾਲੀ ਦੇ ਵਸਨੀਕਾਂ ਨੂੰ 29 ਜੂਨ ਤੋਂ 2 ਜੁਲਾਈ ਤੱਕ ਉੱਤਰੀ ਅਤੇ ਦੱਖਣੀ ਬਾਲੀ ਦੇ ਪਾਣੀਆਂ ਵਿੱਚ ਤੇਜ਼ ਹਵਾਵਾਂ ਅਤੇ ਵੱਡੀਆਂ ਲਹਿਰਾਂ ਪ੍ਰਤੀ ਸੁਚੇਤ ਰਹਿਣ ਦੀ ਸਲਾਹ ਦਿੱਤੀ ਗਈ ਸੀ।

## ਮੰਡੀ ਵਿੱਚ ਬੱਦਲ ਫਟਣ ਕਾਰਨ ਹੁਣ ਤਕ 13 ਮੌਤਾਂ, 29 ਲਾਪਤਾ ਲੋਕਾਂ ਦੀ ਭਾਲ ਜਾਰੀ

ਸ਼ਿਮਲਾ, 3 ਜੁਲਾਈ (ਚ.ਨ.ਸ.) : ਹਿਮਾਚਲ ਪ੍ਰਦੇਸ਼ ਦੇ ਮੰਡੀ ਵਿੱਚ ਬੱਦਲ ਫਟਣ ਅਤੇ ਅਚਾਨਕ ਹੜ੍ਹ ਨਾਲ ਸਬੰਧਤ ਘਟਨਾਵਾਂ ਵਿੱਚ ਦੋ ਹੋਰ ਲਾਸ਼ਾਂ ਮਿਲਣ ਨਾਲ, ਮਰਨ ਵਾਲਿਆਂ ਦੀ ਗਿਣਤੀ 13 ਹੋ ਗਈ ਹੈ, ਜਦੋਂ ਕਿ 29 ਹੋਰ ਲਾਪਤਾ ਲੋਕਾਂ ਦੀ ਭਾਲ ਜਾਰੀ ਹੈ। ਅਧਿਕਾਰੀਆਂ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਮੰਗਲਵਾਰ ਨੂੰ ਮੰਡੀ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਬੱਦਲ ਫਟਣ, ਤਿੰਨ ਅਚਾਨਕ ਹੜ੍ਹ ਅਤੇ ਜ਼ਮੀਨ ਖਿਸਕਣ ਦੀਆਂ ਦਸ ਘਟਨਾਵਾਂ ਵਾਪਰੀਆਂ।

ਅਧਿਕਾਰੀਆਂ ਨੇ ਦੱਸਿਆ ਕਿ ਅੱਜ ਸਵੇਰੇ ਦੋ ਲਾਸ਼ਾਂ ਬਰਾਮਦ ਕੀਤੀਆਂ ਗਈਆਂ। ਗੋਹਰ ਤੋਂ ਸੱਤ, ਥੁਨਾਗ ਤੋਂ ਪੰਜ ਅਤੇ ਮੰਡੀ ਜ਼ਿਲ੍ਹੇ ਦੇ ਕਾਰਸੋਗ ਸਬ-ਡਿਵੀਜ਼ਨ ਤੋਂ ਇੱਕ ਲਾਸ਼ ਬਰਾਮਦ ਕੀਤੀ ਗਈ।ਆਫ਼ਤਾਂ ਵਿੱਚ 150 ਤੋਂ ਵੱਧ ਘਰ, 104 ਪਸ਼ੂਆਂ ਦੇ ਵਾੜੇ, 31 ਵਾਹਨ, 14 ਪੁਲ ਅਤੇ ਕਈ ਸੜਕਾਂ ਨੂੰ ਨੁਕਸਾਨ ਪਹੁੰਚਿਆ।

ਸਟੇਟ ਐਮਰਜੈਂਸੀ ਆਪ੍ਰੇਸ਼ਨ ਸੈਂਟਰ (ਐਸ.ਈ.ਓ.ਸੀ.) ਨੇ ਕਿਹਾ ਕਿ ਆਫ਼ਤਾਂ ਵਿੱਚ ਕੁੱਲ 162 ਪਸ਼ੂ ਮਾਰੇ ਗਏ ਜਦੋਂ ਕਿ ਮੰਡੀ ਵਿੱਚ 316 ਸਮੇਤ 370 ਲੋਕਾਂ ਨੂੰ ਬਚਾਇਆ ਗਿਆ ਅਤੇ ਪੰਜ ਰਾਹਤ ਕੈਂਪ ਸਥਾਪਤ ਕੀਤੇ ਗਏ।

ਚੜ੍ਹਦੀਕਲਾ
ਪਰਮਜੀਤ ਸਿੰਘ, ਪ੍ਰਿੰਟਰ ਪਬਲਿਸ਼ਰ ਨੇ ਰੋਜ਼ਾਨਾ ਚੜ੍ਹਦੀਕਲਾ, ਚੜ੍ਹਦੀਕਲਾ ਪ੍ਰਿੰਟਿੰਗ ਪ੍ਰੈੱਸ ਪ੍ਰਾਈਵੇਟ ਲਿਮਟਿਡ ਲਈ ਦਲਜੀਤ ਪ੍ਰਿੰਟਰਜ਼, 593 ਐਸ.ਐਸ.ਟੀ. ਨਗਰ ਪਟਿਆਲਾ ਤੋਂ ਛਪਵਾ ਕੇ ਦਫ਼ਤਰ ਰੋਜ਼ਾਨਾ ਚੜ੍ਹਦੀਕਲਾ, 577, ਐਸ.ਐਸ.ਟੀ. ਨਗਰ, ਪਟਿਆਲਾ ਤੋਂ ਪ੍ਰਕਾਸ਼ਿਤ ਕੀਤਾ। ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'।
PRGI (RNI) Regd. No. 22972/1972

Printed & Published by Paramjit Singh on behalf of Charhdikala Printing Press Pvt. Ltd., Patiala & Printed at Daljit Printers 593, SST Nagar Patiala. Published at Office Daily Charhdikala 577, SST Nagar Patiala. Chief Editor : Jagjit Singh Dardi
PRGI (RNI) Regd. No. 22972/1972

# ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਮੰਤਰੀ ਵੱਲੋਂ 15 ਸਤੰਬਰ ਤੋਂ 15 ਨਵੰਬਰ ਤੱਕ ਕਿਸੇ ਵੀ ਅਧਿਕਾਰੀ ਨੂੰ ਐਕਸ-ਇੰਡੀਆ ਛੁੱਟੀ 'ਤੇ ਨਾ ਜਾਣ ਦੇ ਨਿਰਦੇਸ਼

## ਆਗਾਮੀ ਝੋਨੇ ਦੇ ਖ਼ਰੀਦ ਸੀਜ਼ਨ ਦੇ ਮੱਦੇਨਜ਼ਰ 15 ਸਤੰਬਰ ਤੱਕ ਪੁਖਤਾ ਪ੍ਰਬੰਧ ਯਕੀਨੀ ਬਣਾਏ ਜਾਣ : ਕਟਾਰੂਚੱਕ



ਚੰਡੀਗੜ੍ਹ, 3 ਜੁਲਾਈ, (ਚ.ਨ.ਸ.) : ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਵਿਭਾਗ ਨੂੰ ਇਸ ਸਾਲ 1 ਅਕਤੂਬਰ ਤੋਂ 15 ਨਵੰਬਰ ਤੱਕ ਝੋਨੇ ਦੀ ਖਰੀਦ ਸੀਜ਼ਨ ਨੂੰ ਸੁਚਾਰੂ ਅਤੇ ਨਿਰਵਿਘਨ ਖਰੀਦ ਯਕੀਨੀ ਬਣਾਉਣ ਲਈ ਤਿਆਰ ਰਹਿਣ ਦੇ ਨਿਰਦੇਸ਼ ਦਿੰਦਿਆਂ ਵਿਭਾਗ ਦੇ ਮੰਤਰੀ ਲਾਲ ਚੰਦ ਕਟਾਰੂਚੱਕ ਨੇ 15 ਸਤੰਬਰ ਤੱਕ ਸਾਰੇ ਜ਼ਰੂਰੀ ਪ੍ਰਬੰਧ ਅਤੇ ਵਿਵਸਥਾਵਾਂ ਮੁਕੰਮਲ ਕਰਨ ਲਈ ਕਿਹਾ।

ਅਨਾਜ ਭਵਨ ਵਿਖੇ ਇੱਕ ਸਮੀਖਿਆ ਮੀਟਿੰਗ ਦੌਰਾਨ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਮੰਤਰੀ ਨੇ ਅੱਗੇ ਨਿਰਦੇਸ਼ ਦਿੱਤੇ ਕਿ 15 ਸਤੰਬਰ ਤੋਂ 15 ਨਵੰਬਰ ਤੱਕ ਵਿਭਾਗ ਦਾ ਕੋਈ ਵੀ ਅਧਿਕਾਰੀ ਐਕਸ-ਇੰਡੀਆ ਛੁੱਟੀ 'ਤੇ ਨਾ ਜਾਵੇ।

ਮੰਤਰੀ ਨੂੰ ਦੱਸਿਆ ਗਿਆ ਕਿ 190 ਲੱਖ ਮੀਟਰਿਕ ਟਨ ਝੋਨੇ ਦੀ ਖ਼ਰੀਦ ਲਈ ਜੰਗੀ ਪੱਧਰ 'ਤੇ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਭੰਡਾਰਨ ਲਈ ਹੋਰ ਥਾਂ ਤਿਆਰ ਕਰਨ ਵਾਸਤੇ, ਝੋਨੇ ਦੀ ਢੋਆ-ਢੁਆਈ ਸਬੰਧੀ ਅਕਤੂਬਰ 2024 ਤੋਂ ਜੂਨ 2025 ਤੱਕ 68 ਲੱਖ ਮੀਟਰਿਕ ਟਨ ਚਾਵਲ ਰਾਜ ਤੋਂ ਬਾਹਰ ਭੇਜਿਆ ਜਾ ਚੁੱਕਿਆ ਹੈ। ਇਸ ਤੋਂ ਇਲਾਵਾ ਅਗਸਤ 2025 ਤੋਂ ਜੂਨ 2026 ਤੱਕ ਲੱਗਭੱਗ 82.5 ਲੱਖ ਮੀਟਰਿਕ ਟਨ ਚਾਵਲ 7.5 ਲੱਖ ਮੀਟਰਿਕ ਟਨ ਪ੍ਰਤੀ ਮਹੀਨੇ ਦੀ ਦਰ ਨਾਲ ਬਾਹਰ ਭੇਜਿਆ ਜਾਵੇਗਾ।

ਮੰਤਰੀ ਦੇ ਧਿਆਨ ਵਿੱਚ ਇਹ ਵੀ ਲਿਆਂਦਾ ਗਿਆ ਕਿ ਸਾਲ 2025-26 ਲਈ ਕਸਟਮ ਮਿਲਿੰਗ ਪਾਲਿਸੀ ਦਾ ਖਰੜਾ ਇਸ ਮਹੀਨੇ ਦੇ ਅੰਦਰ ਤਿਆਰ ਹੋਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਲੇਬਰ ਅਤੇ ਕਾਰਟੇਜ ਪਾਲਿਸੀ 2024 ਦੇ ਨਾਲ-ਨਾਲ ਫੂਡਗ੍ਰੇਨ ਟਰਾਂਸਪੋਰਟੇਸ਼ਨ ਪਾਲਿਸੀ 2024 ਨੂੰ 30 ਸਤੰਬਰ, 2025 ਤੱਕ ਵਧਾ ਦਿੱਤਾ ਗਿਆ ਹੈ ਤਾਂ ਜੋ ਝੋਨੇ ਦੀ ਖਰੀਦ ਸੀਜ਼ਨ ਨੂੰ ਸਫਲ ਬਣਾਇਆ ਜਾ ਸਕੇ।

ਗੁਣਵੱਤਾ ਦੇ ਪਹਿਲੂਆਂ ਬਾਰੇ ਮੰਤਰੀ ਨੂੰ ਜਾਣੂੰ ਕਰਵਾਇਆ ਗਿਆ ਕਿ ਨੈਸ਼ਨਲ ਐਕ੍ਰੀਡੇਸ਼ਨ ਬੋਰਡ ਫਾਰ ਟੈਸਟਿੰਗ ਐਂਡ ਕੈਲੀਬ੍ਰੇਸ਼ਨ ਲੈਬਾਰਟਰੀਆਂ (ਐਨਏਬੀਐਲ) ਦੁਆਰਾ ਮਾਨਤਾ ਪ੍ਰਾਪਤ ਪ੍ਰਯੋਗਸ਼ਾਲਾਵਾਂ ਐਫਸੀਆਈ ਦੇ ਨਿਯਮਾਂ ਅਨੁਸਾਰ ਅਨਾਜ ਦੀ ਰਸਾਇਣਕ ਜਾਂਚ ਕਰ ਰਹੀਆਂ ਹਨ।

ਮੰਤਰੀ ਨੇ ਅਧਿਕਾਰੀਆਂ ਨੂੰ ਇਹ ਵੀ ਨਿਰਦੇਸ਼ ਦਿੱਤੇ ਕਿ ਤਰਪਾਲਾਂ, ਲੱਕੜ ਦੇ ਕਰੇਟ, ਬਰਦਾਨੇ ਅਤੇ ਜਾਲੀਦਾਰ ਜਾਲਾਂ ਦਾ ਪ੍ਰਬੰਧ ਲੋੜੀਂਦੀ ਮਾਤਰਾ ਵਿੱਚ ਕੀਤਾ ਜਾਵੇ।

ਈ-ਕੇਵਾਈਸੀ ਪ੍ਰਕਿਰਿਆ ਬਾਰੇ ਮੰਤਰੀ ਨੂੰ ਦੱਸਿਆ ਗਿਆ ਕਿ 1.57 ਕਰੋੜ ਲਾਭਪਾਤਰੀਆਂ ਵਿੱਚੋਂ 1.25 ਕਰੋੜ ਲਈ ਇਹ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ ਅਤੇ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਕਿ ਰਾਸ਼ਟਰੀ ਖੁਰਾਕ ਸੁਰੱਖਿਆ ਐਕਟ (ਐਨਐਫਐਸਏ), 2013 ਤਹਿਤ ਰਾਸ਼ਨ ਪ੍ਰਾਪਤ ਕਰਨ ਲਈ ਉਨ੍ਹਾਂ ਨੂੰ ਇਸ ਪ੍ਰਕਿਰਿਆ ਦੀ ਪਾਲਣਾ ਕਰਨੀ ਹੋਵੇਗੀ।

ਆਗਾਮੀ ਖਰੀਦ ਸੀਜ਼ਨ ਨੂੰ ਸਫ਼ਲ ਬਣਾਉਣ ਲਈ ਸਾਰੇ ਭਾਈਵਾਲਾਂ ਦੇ ਸਮੁੱਚੇ ਸਹਿਯੋਗ ਦੀ ਅਪੀਲ ਕਰਦਿਆਂ ਮੰਤਰੀ ਨੇ ਕਿਹਾ ਕਿ ਇਸ ਸਬੰਧੀ ਕੋਈ ਵੀ ਢਿੱਲ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਪ੍ਰਮੁੱਖ ਸਕੱਤਰ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਰਾਹੁਲ ਤਿਵਾੜੀ, ਡਾਇਰੈਕਟਰ ਵਰਿੰਦਰ ਕੁਮਾਰ ਸ਼ਰਮਾ, ਵਧੀਕ ਸਕੱਤਰ ਪਨਗਰੇਨ ਕਮਲ ਕੁਮਾਰ ਗਰਗ, ਐਮਡੀ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਵਿਨੀਤ ਕੁਮਾਰ, ਵਧੀਕ ਡਾਇਰੈਕਟਰ ਖੁਰਾਕ, ਸਿਵਲ ਸਪਲਾਈ ਤੇ ਖਪਤਕਾਰ ਮਾਮਲੇ ਡਾ. ਅੰਜੁਮਨ ਭਾਸਕਰ ਅਤੇ ਜੀਐਮ (ਵਿੱਤ) ਸਰਵੇਸ਼ ਕੁਮਾਰ ਹਾਜ਼ਰ ਸਨ।

# ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ 21 ਕੈਡਿਟਾਂ ਦੀ ਤਿੰਨ ਹਫ਼ਤਿਆਂ ਵਿੱਚ ਐਨ.ਡੀ.ਏ. ਅਤੇ ਹੋਰ ਰੱਖਿਆ ਸਿਖਲਾਈ ਅਕੈਡਮੀਆਂ ਲਈ ਚੋਣ

## ਹੁਣ ਤੱਕ 276 ਕੈਡਿਟਾਂ ਦੀ ਵੱਕਾਰੀ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਹੋਈ ਚੋਣ : ਡਾਇਰੈਕਟਰ ਚੌਹਾਨ




ਚੰਡੀਗੜ੍ਹ, 3 ਜੁਲਾਈ, (ਚ.ਨ.ਸ.) : ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਐਸ.ਏ.ਐਸ. ਨਗਰ (ਮੋਹਾਲੀ) ਦੇ 21 ਕੈਡਿਟਾਂ ਦੀ ਮਹਿਜ਼ ਤਿੰਨ ਹਫ਼ਤਿਆਂ ਵਿੱਚ ਨੈਸ਼ਨਲ ਡਿਫੈਂਸ ਅਕੈਡਮੀ (ਐਨ.ਡੀ.ਏ.) ਅਤੇ ਹੋਰ ਵੱਕਾਰੀ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਚੋਣ ਹੋਈ ਹੈ। ਇਸ ਅਹਿਮ ਪ੍ਰਾਪਤੀ ਨੇ ਸੰਸਥਾ ਦੀ ਸ਼ਾਨਦਾਰ ਵਿਰਾਸਤ ਵਿੱਚ ਵਾਧਾ ਕੀਤਾ ਹੈ। ਇਸ ਸੰਸਥਾ ਦੀ ਸ਼ੁਰੂਆਤ ਤੋਂ ਹੁਣ ਤੱਕ ਕੁੱਲ 276 ਕੈਡਿਟ ਵੱਖ-ਵੱਖ ਰੱਖਿਆ ਸਿਖਲਾਈ ਅਕੈਡਮੀਆਂ ਵਿੱਚ ਗਏ ਹਨ।

ਇਸ ਇੰਸਟੀਚਿਊਟ ਦੇ ਡਾਇਰੈਕਟਰ ਮੇਜਰ ਜਨਰਲ ਅਜੈ ਐਚ. ਚੌਹਾਨ, ਵੀਐਸਐਮ, (ਸੇਵਾਮੁਕਤ) ਨੇ ਦੱਸਿਆ ਕਿ ਕੁੱਲ 18 ਕੈਡਿਟ ਨੈਸ਼ਨਲ ਡਿਫੈਂਸ ਅਕੈਡਮੀ ਦੇ 154ਵੇਂ ਕੋਰਸ ਲਈ ਚੁਣੇ ਗਏ ਹਨ, ਜਿਨ੍ਹਾਂ ਵਿੱਚ ਆਰੀਅਨ ਸੋਫਤ ਅਤੇ ਓਜਸ ਗੌਂਤ ਪਟਿਆਲਾ ਤੋਂ, ਅਨਹਦ ਸਿੰਘ ਖਾਟੂਮਰੀਆ, ਅਰਮਾਨਵੀਰ ਸਿੰਘ ਅਧੀ, ਹਰਕੰਵਲ ਸਿੰਘ, ਪ੍ਰਜਵੀਰ ਸਿੰਘ, ਅਦਿੱਤਿਆ ਮਿਸ਼ਰਾ ਮੋਹਾਲੀ ਤੋਂ , ਭਾਵਿਕ ਕਾਂਸਲ ਸੰਗਰੂਰ ਤੋਂ , ਮੋਹਨਪ੍ਰੀਤ ਸਿੰਘ, ਬਲਰਾਜ ਸਿੰਘ ਹੀਰਾ, ਈਸ਼ਾਨ ਸ਼ਰਮਾ ਰੋਪੜ ਤੋਂ, ਰਣਬੀਰ ਸਿੰਘ ਤੇ ਇਸ਼ਮੀਤ ਸਿੰਘ ਬਠਿੰਡਾ ਤੋਂ, ਸਮਰਵੀਰ ਸਿੰਘ ਹੀਰ ਤੇ ਨਿਮਿਤ ਸੋਨੀ ਜਲੰਧਰ ਤੋਂ, ਮਨਜੋਤ ਸਿੰਘ ਗੁਰਦਾਸਪੁਰ ਤੋਂ ਅਤੇ ਤਰਨ ਤਾਰਨ ਤੋਂ ਉਧੈਬੀਰ ਸਿੰਘ ਨੰਦਾ ਤੇ ਗੁਰਵੰਸ਼ਬੀਰ ਸਿੰਘ ਸ਼ਾਮਲ ਹਨ।

ਇਨ੍ਹਾਂ ਤੋਂ ਇਲਾਵਾ ਕਪੂਰਥਲਾ ਤੋਂ ਕੈਡਿਟ ਗਗਨਦੀਪ ਸਿੰਘ ਨੂੰ ਟੈਕਨੀਕਲ ਐਂਟਰੀ ਸਕੀਮ (ਟੀਈਐਸ) ਦੇ 53ਵੇਂ ਕੋਰਸ ਲਈ ਕਾਲਜ ਆਫ਼ ਮਿਲਟਰੀ ਇੰਜੀਨੀਅਰਿੰਗ (ਸੀਐਮਈ) ਪੁਣੇ ਦੇ ਕੈਡਿਟ ਟਰੇਨਿੰਗ ਵਿੰਗ ਵਿੱਚ ਚੁਣਿਆ ਗਿਆ ਹੈ। ਜਦਕਿ ਗੁਰਦਾਸਪੁਰ ਤੋਂ ਕੈਡਿਟ ਅਰਸ਼ਦੀਪ ਸਿੰਘ ਅਤੇ ਮੋਹਾਲੀ ਤੋਂ ਕਰਨ ਕੌਸ਼ਿਸ਼ ਦੀ 218ਵੇਂ ਕੋਰਸ ਲਈ ਏਅਰ ਫੋਰਸ ਅਕੈਡਮੀ ਵਿੱਚ ਚੋਣ ਹੋਈ ਹੈ।

ਰੱਖਿਆ ਸਿਖਲਾਈ ਅਕੈਡਮੀਆਂ ਲਈ ਚੁਣੇ ਗਏ ਕੈਡਿਟਾਂ ਨੂੰ ਵਧਾਈ ਦਿੰਦਿਆਂ ਡਾਇਰੈਕਟਰ ਚੌਹਾਨ ਨੇ ਕਿਹਾ ਕਿ ਸੰਸਥਾ ਦੇ ਕੁਝ ਕੈਡਿਟ ਹਾਲੇ ਵੀ ਆਪਣੇ ਨਿਯੁਕਤੀ ਪੱਤਰਾਂ ਦੀ ਉਡੀਕ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਸੰਸਥਾ ਇਸੇ ਤਰ੍ਹਾਂ ਪੂਰੀ ਸੁਹਿਰਦਤਾ ਨਾਲ ਹਥਿਆਰਬੰਦ ਸੈਨਾਵਾਂ ਲਈ ਪ੍ਰਾਇਮਰੀ ਫੀਡਰ ਸੰਸਥਾ ਵਜੋਂ ਕੰਮ ਕਰਦੀ ਰਹੇਗੀ। ਕੈਡਿਟਾਂ ਨੂੰ ਉਨ੍ਹਾਂ ਦੀ ਸਿਖਲਾਈ ਵਿੱਚ ਸਫ਼ਲਤਾ ਲਈ ਸ਼ੁਭਕਾਮਨਾਵਾਂ ਦਿੰਦਿਆਂ ਉਨ੍ਹਾਂ ਨੇ ਕੈਡਿਟਾਂ ਨੂੰ ਪ੍ਰੇਰਿਤ ਕੀਤਾ ਕਿ ਉਹ ਪੰਜਾਬ ਅਤੇ ਦੇਸ਼ ਲਈ ਮਾਣ ਵਧਾਉਣ ਵਾਲੇ ਮਿਸਾਲੀ ਅਧਿਕਾਰੀ ਬਣਨ ਲਈ ਪੂਰੀ ਦ੍ਰਿੜਤਾ ਨਾਲ ਕੰਮ ਕਰਨ।

# ਮੋਹਿੰਦਰ ਭਗਤ ਨੇ ਪੈਸਕੋ ਦੇ ਕੰਮ-ਕਾਜ ਦਾ ਲਿਆ ਜਾਇਜ਼ਾ

## ਸਾਬਕਾ ਸੈਨਿਕਾਂ ਨੂੰ ਹੋਰ ਰੁਜ਼ਗਾਰ ਮੌਕੇ ਪ੍ਰਦਾਨ ਕਰਨ ਉੱਤੇ ਕੇਂਦਰਿਤ ਰਹੀ ਵਿਚਾਰ-ਚਰਚਾ



ਚੰਡੀਗੜ੍ਹ, 3 ਜੁਲਾਈ, (ਚ.ਨ.ਸ.) : ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਵਿਭਾਗ ਦੇ ਅਧਿਕਾਰੀਆਂ ਨੂੰ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੇ ਬਿਹਤਰ ਜੀਵਨ ਨਿਰਵਾਹ ਲਈ ਪੰਜਾਬ ਐਕਸ-ਸਰਵਿਸਮੈਨ ਕਾਰਪੋਰੇਸ਼ਨ (ਪੈਸਕੋ) ਨੂੰ ਮਜ਼ਬੂਤ ਕਰਨ ਲਈ ਠੋਸ ਕਦਮ ਚੁੱਕਣ ਦੇ ਨਿਰਦੇਸ਼ ਦਿੱਤੇ ਹਨ।

ਪੰਜਾਬ ਸਿਵਲ ਸਕੱਤਰੇਤ ਵਿਖੇ ਇੱਕ ਸਮੀਖਿਆ ਮੀਟਿੰਗ ਦੀ ਪ੍ਰਧਾਨਗੀ ਕਰਦੇ ਹੋਏ, ਮੰਤਰੀ ਨੇ ਪੈਸਕੋ ਦੇ ਕੰਮਕਾਜੀ ਢਾਂਚੇ, ਵਿੱਤੀ ਸਥਿਤੀ ਅਤੇ ਕਰਮਚਾਰੀ ਭਲਾਈ ਉਪਾਵਾਂ ਦਾ ਮੁਲਾਂਕਣ ਕੀਤਾ। ਇਹ ਵਿਚਾਰ-ਵਟਾਂਦਰੇ ਮੁੱਖ ਤੌਰ 'ਤੇ ਪੈਸਕੋ ਰਾਹੀਂ ਸਾਬਕਾ ਸੈਨਿਕਾਂ ਲਈ ਰੁਜ਼ਗਾਰ ਮੌਕੇ ਵਧਾਉਣ ਉੱਤੇ ਕੇਂਦਰਿਤ ਰਿਹਾ।

ਪੈਸਕੋ ਦੇ ਪ੍ਰਬੰਧ ਨਿਰਦੇਸ਼ਕ, ਮੇਜਰ ਜਨਰਲ ਹਰਮਨਦੀਪ ਸਿੰਘ (ਸੇਵਾਮੁਕਤ), ਅਤੇ ਜਨਰਲ ਮੈਨੇਜਰ (ਸੁਰੱਖਿਆ), ਐਸ.ਪੀ ਸਿੰਘ ਨੇ ਮੰਤਰੀ ਨੂੰ ਕਾਰਪੋਰੇਸ਼ਨ ਦੇ ਚੱਲ ਰਹੇ ਪ੍ਰੋਗਰਾਮਾਂ ਤੋਂ ਜਾਣੂੰ ਕਰਵਾਇਆ। ਮੀਟਿੰਗ ਦੌਰਾਨ ਤਿੰਨ ਮਹੀਨਿਆਂ ਦੀ ਪ੍ਰਗਤੀ ਰਿਪੋਰਟ ਵੀ ਪੇਸ਼ ਕੀਤੀ ਗਈ। ਮੁੱਖ ਵਿਸ਼ਿਆਂ ਵਿੱਚ ਸੁਰੱਖਿਆ ਗਾਰਡਾਂ ਦਾ ਤਨਖਾਹ ਢਾਂਚਾ, ਵਿਸ਼ੇਸ਼ ਸ਼੍ਰੇਣੀ ਅਧੀਨ ਉਨ੍ਹਾਂ ਦੀਆਂ ਤਨਖਾਹਾਂ ਵਧਾਉਣ ਦੇ ਪ੍ਰਸਤਾਵ ਅਤੇ ਵੱਖ-ਵੱਖ ਭੂਮਿਕਾਵਾਂ ਵਿੱਚ ਸਾਬਕਾ ਸੈਨਿਕਾਂ ਲਈ ਸੁਚਾਰੂ ਨਿਯੁਕਤੀ ਪ੍ਰਕਿਰਿਆ ਸ਼ਾਮਲ ਸੀ।

ਮੰਤਰੀ ਮੋਹਿੰਦਰ ਭਗਤ ਨੇ ਸਾਬਕਾ ਸੈਨਿਕਾਂ ਦੀ ਭਲਾਈ ਵਿੱਚ ਪੈਸਕੋ ਦੀ ਭੂਮਿਕਾ ਨੂੰ ਹੋਰ ਮਜ਼ਬੂਤ ਕਰਨ ਲਈ ਪੰਜਾਬ ਸਰਕਾਰ ਦੀ ਵਚਨਬੱਧਤਾ ਦੀ ਪੁਸ਼ਟੀ ਕੀਤੀ। ਉਨ੍ਹਾਂ ਭਰੋਸਾ ਦਿੱਤਾ ਕਿ ਵਿੱਤੀ ਮਸਲਿਆਂ ਨੂੰ ਹੱਲ ਕਰਨ, ਸਾਬਕਾ ਸੈਨਿਕਾਂ ਲਈ ਸੇਵਾਵਾਂ ਵਿੱਚ ਉਮਰ ਸੀਮਾ ਵਧਾਉਣ ਲਈ ਜ਼ਰੂਰੀ ਕਦਮ ਚੁੱਕੇ ਜਾਣਗੇ।

ਕਾਰਜਾਂ ਦਾ ਜ਼ਮੀਨੀ ਪੱਧਰ 'ਤੇ ਹੋਰ ਮੁਲਾਂਕਣ ਕਰਨ ਲਈ, ਮੰਤਰੀ ਨੇ ਨੇੜਲੇ ਭਵਿੱਖ ਵਿੱਚ ਪੈਸਕੋ ਸਹੂਲਤਾਂ ਦਾ ਦੌਰਾ ਕਰਨ ਦਾ ਇਰਾਦਾ ਵੀ ਜ਼ਾਹਰ ਕੀਤਾ। ਉਨ੍ਹਾਂ ਦੁਹਰਾਇਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਸਾਬਕਾ ਸੈਨਿਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਸ਼ਾਨ ਅਤੇ ਬਿਹਤਰੀ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

# ਜਸਵੀਰ ਸਿੰਘ ਗੜ੍ਹੀ ਵਿਦੇਸ਼ ਦੌਰੇ 'ਤੇ ਰਵਾਨਾ



ਚੰਡੀਗੜ੍ਹ, 3 ਜੁਲਾਈ, (ਚ.ਨ.ਸ.) : ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਇੱਕ ਮਹੀਨੇ ਲਈ ਅੱਜ ਵਿਦੇਸ਼ ਦੌਰੇ 'ਤੇ ਰਵਾਨਾ ਹੋ ਗਏ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਬੁਲਾਰੇ ਨੇ ਦੱਸਿਆ ਕਿ ਜਸਵੀਰ ਸਿੰਘ ਗੜ੍ਹੀ ਆਪਣੇ ਇਸ ਨਿੱਜੀ ਦੌਰੇ ਦੌਰਾਨ ਨਿਊਜ਼ੀਲੈਂਡ ਵਿੱਚ ਡਾ.ਬੀ.ਆਰ. ਅੰਬੇਦਕਰ ਅਤੇ ਸਾਹਿਬ ਸ੍ਰੀ ਕਾਂਸ਼ੀਰਾਮ ਜੀ ਦੇ ਵਿਚਾਰਧਾਰਾ ਦਾ ਵੀ ਪ੍ਰਚਾਰ ਤੇ ਪ੍ਰਸਾਰ ਕਰਨਗੇ ਅਤੇ ਇਸ ਸਮਾਗਮ ਵਿੱਚ ਭਾਗ ਲੈਣਗੇ।

ਬੁਲਾਰੇ ਨੇ ਦੱਸਿਆ ਕਿ ਜਸਵੀਰ ਸਿੰਘ ਗੜ੍ਹੀ ਅਗਸਤ ਮਹੀਨੇ ਦੇ ਪਹਿਲੇ ਹਫ਼ਤੇ ਵਿੱਚ ਵਤਨ ਵਾਪਸੀ ਕਰਨਗੇ ਅਤੇ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਵਿੱਚ ਆਪਣਾ ਕਾਰਜਭਾਰ ਸੰਭਾਲਣਗੇ।

# 10ਵੀਂ ਦੀ ਪੰਜਾਬੀ ਪ੍ਰੀਖਿਆ ਲਈ ਡੇਟਸ਼ੀਟ ਦਾ ਐਲਾਨ 18 ਜੁਲਾਈ ਤੱਕ ਭਰੇ ਜਾ ਸਕਣਗੇ ਦਾਖ਼ਲਾ ਫਾਰਮ



ਚੰਡੀਗੜ੍ਹ, 3 ਜੁਲਾਈ, (ਚ.ਨ.ਸ.) : ਪੰਜਾਬ ਦੇ ਬਾਹਰਲੇ ਰਾਜਾਂ ਦੇ ਨੌਜਵਾਨ ਜੋ ਸੂਬੇ ਵਿੱਚ ਸਰਕਾਰੀ ਨੌਕਰੀ ਕਰਨਾ ਚਾਹੁੰਦੇ ਹਨ, ਪਰ 10ਵੀਂ ਜਮਾਤ ਤੱਕ ਪੰਜਾਬੀ ਨਾ ਪੜ੍ਹੇ ਹੋਣ ਕਾਰਨ ਇਸ ਦੌੜ ਤੋਂ ਬਾਹਰ ਹੋ ਜਾਂਦੇ ਹਨ। ਉਨ੍ਹਾਂ ਲਈ ਪੰਜਾਬ ਸਿੱਖਿਆ ਬੋਰਡ ਵੱਲੋਂ ਲਈ ਜਾਣ ਵਾਲੀ 10ਵੀਂ ਜਮਾਤ ਦੀ ਵਾਧੂ ਪੰਜਾਬੀ ਪ੍ਰੀਖਿਆ ਲਈ ਦਾਖਲਾ ਫਾਰਮ 18 ਜੁਲਾਈ ਤੱਕ ਭਰੇ ਜਾਣਗੇ। ਜਦੋਂ ਕਿ ਰੋਲ ਨੰਬਰ 22 ਜੁਲਾਈ ਨੂੰ ਵੈੱਬਸਾਈਟ 'ਤੇ ਜਾਰੀ ਕੀਤੇ ਜਾਣਗੇ। ਇਸ ਦੇ ਨਾਲ ਹੀ ਪ੍ਰੀਖਿਆ 29 ਅਤੇ 30 ਜੁਲਾਈ ਨੂੰ ਬੋਰਡ ਵੱਲੋਂ ਨਿਰਧਾਰਤ ਪ੍ਰੀਖਿਆ ਕੇਂਦਰਾਂ 'ਤੇ ਲਈ ਜਾਵੇਗੀ। ਪ੍ਰੀਖਿਆ ਫਾਰਮ ਜਮ੍ਹਾਂ ਕਰਵਾਉਣ ਲਈ ਆਪਣਾ 10ਵੀਂ ਪਾਸ ਸਰਟੀਫਿਕੇਟ, ਫੋਟੋ ਪਛਾਣ ਪੱਤਰ ਅਤੇ ਪ੍ਰਮਾਣਿਤ ਫੋਟੋ ਕਾਪੀਆਂ ਲਿਆਉਣੀਆਂ ਪੈਣਗੀਆਂ। 21 ਜੁਲਾਈ ਤੱਕ ਆਪਣੇ ਸਾਰੇ ਸਰਟੀਫਿਕੇਟ ਜਮ੍ਹਾਂ ਕਰਵਾਉਣੇ ਜ਼ਰੂਰੀ ਹਨ। ਅਜਿਹਾ ਨਾ ਕਰਨ ਵਾਲੇ ਵਿਦਿਆਰਥੀਆਂ ਨੂੰ ਰੋਲ ਨੰਬਰ ਜਾਰੀ ਨਹੀਂ ਕੀਤੇ ਜਾਣਗੇ। ਪ੍ਰੀਖਿਆ ਸੰਬੰਧੀ ਵਧੇਰੇ ਜਾਣਕਾਰੀ ਬੋਰਡ ਦੀ ਵੈੱਬਸਾਈਟ www.pseb.ac.in ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਦੱਸ ਦੇਈਏ ਕਿ ਪੰਜਾਬ ਵਿੱਚ ਸਰਕਾਰੀ ਨੌਕਰੀ ਲੈਣ ਕਰਨ ਲਈ 10ਵੀਂ ਜਮਾਤ ਤੱਕ ਪੰਜਾਬੀ ਭਾਸ਼ਾ ਦਾ ਅਧਿਐਨ ਕਰਨਾ ਲਾਜ਼ਮੀ ਹੈ। ਪੰਜਾਬ ਵਿੱਚ ਪੰਜਾਬ ਰਾਜ ਭਾਸ਼ਾ ਐਕਟ ਲਾਗੂ ਹੈ। ਅਜਿਹੀ ਸਥਿਤੀ ਵਿੱਚ, ਬੋਰਡ ਵੱਲੋਂ ਇਹ ਪ੍ਰੀਖਿਆ ਹਰ ਤਿੰਨ ਮਹੀਨਿਆਂ ਬਾਅਦ ਲਈ ਜਾਂਦੀ ਹੈ, ਜਿਸ ਵਿੱਚ ਬਹੁਤ ਸਾਰੇ ਲੋਕ ਹਿੱਸਾ ਲੈਂਦੇ ਹਨ। ਇਸ ਦੇ ਨਾਲ ਹੀ ਪ੍ਰੀਖਿਆ ਲਈ ਪੂਰੇ ਰਾਜ ਵਿੱਚ ਸਿਰਫ਼ ਇੱਕ ਹੀ ਪ੍ਰੀਖਿਆ ਕੇਂਦਰ ਬਣਾਇਆ ਗਿਆ ਹੈ।

# ਚੌਥੇ ਅੰਮ੍ਰਿਤ ਸੰਚਾਰ ਸਮਾਗਮ 'ਚ 15 ਪ੍ਰਾਣੀ ਗੁਰੂ ਵਾਲੇ ਬਣੇ



ਨਵੀਂ ਦਿੱਲੀ, 3 ਜੁਲਾਈ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੀਡੀਆ ਸੈਲ ਦੇ ਚੇਅਰਮੈਨ ਸਰਦਾਰ ਸੁਖਵਿੰਦਰ ਸਿੰਘ ਬੱਬਰ ਨੇ ਦੱਸਿਆ ਕਿ ਕਮੇਟੀ ਦੇ ਸਹਿਯੋਗ ਨਾਲ ਗੀਤਾ ਕਲੋਨੀ ਵਾਰਡ ਨੰਬਰ 44 ਵਿਚ ਚੌਥਾ ਅੰਮ੍ਰਿਤ ਸੰਚਾਰ ਸਮਾਗਮ ਆਯੋਜਿਤ ਕੀਤਾ ਗਿਆ। ਜਿਸ ਵਿਚ 15 ਪ੍ਰਾਣੀ ਅੰਮ੍ਰਿਤ ਛੱਕ ਕੇ ਗੁਰੂ ਵਾਲੇ ਬਣੇ। ਉਹਨਾਂ ਦੱਸਿਆ, ਕਿ ਸਭ ਤੋਂ ਛੋਟੀ ਉਮਰ ਦੇ 13 ਸਾਲਾ ਬੱਚੇ ਵੀ ਅੰਮ੍ਰਿਤ ਛੱਕ ਕੇ ਗੁਰੂ ਦਾ ਦਿੱਤਾ ਬਾਣਾ ਸਜਾਇਆ।

ਉਹਨਾਂ ਨੇ ਸੰਗਤਾਂ ਨੂੰ ਅਪੀਲ ਕੀਤੀ ਕਿ ਅਜਿਹੇ ਅੰਮ੍ਰਿਤ ਸੰਚਾਰ ਸਮਾਗਮ ਵੱਧ ਤੋਂ ਵੱਧ ਗਿਣਤੀ ਵਿਚ ਕਰਵਾਏ ਜਾ ਰਹੇ ਹਨ। ਜਿਹਨਾਂ ਦਾ ਲਾਭ ਲੈ ਕੇ ਸੰਗਤਾਂ ਵੱਧ ਤੋਂ ਵੱਧ ਗਿਣਤੀ ਵਿਚ ਖੰਡੇ ਬਾਟੇ ਦਾ ਪਾਹੁਲ ਛੱਕਣ। ਉਹਨਾਂ ਕਿਹਾ ਕਿ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਇਹ ਸਮਾਗਮ ਕਰਵਾਏ ਜਾ ਰਹੇ ਹਨ ਅਤੇ ਗੁਰੂ ਸਾਹਿਬ ਨੂੰ ਯਾਦ ਕਰਨ ਦਾ ਸਭ ਤੋਂ ਬੇਹਤਰ ਤਰੀਕਾ ਹੀ ਇਹ ਹੈ ਕਿ ਗੁਰੂ ਸਾਹਿਬ ਦੇ ਬਖਸ਼ਿਸ਼ ਕੀਤੇ ਹੋਏ ਸਰੂਪ ਨੂੰ ਅਪਣਾਇਆ ਜਾਵੇ। ਅੰਮ੍ਰਿਤ ਛਕਿਆ ਜਾਵੇ ਅਤੇ ਗੁਰਬਾਣੀ ਸਿਮਰਨ ਨਾਲ ਜੀਵਨ ਜੋੜ ਕੇ ਜੀਵਨ ਨੂੰ ਸਫਲਾ ਕੀਤਾ ਜਾਵੇ।

ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਸਹਿਜ ਪਾਠਾਂ ਦੀ ਲੜੀ ਦੀ ਵੀ ਆਰੰਭਤਾ ਕੀਤੀ ਗਈ ਹੈ। ਜਿਹੜੀਆਂ ਸੰਗਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਰੂਪ ਘਰ ਲਿਜਾ ਕੇ ਪਾਠ ਕਰਨਾ ਚਾਹੁੰਦੀਆਂ ਹਨ, ਉਹ ਕਮੇਟੀ ਦਫਤਰ ਵਿਚ ਸੰਪਰਕ ਕਰਨ। ਇਸੇ ਤਰੀਕੇ ਜਿਹਨਾਂ ਦੇ ਘਰ ਵਿਚ ਜਗ੍ਹਾ ਦੀ ਮੁਸ਼ਕਿਲ ਹੈ, ਉਹ ਕਮੇਟੀ ਤੋਂ ਪੋਥੀਆਂ ਲੈ ਕੇ ਸਹਿਜ ਪਾਠ ਦਾ ਜਾਪ ਕਰ ਸਕਦੀਆਂ ਹਨ।

ਉਹਨਾਂ ਨੇ ਅੰਮ੍ਰਿਤ ਸੰਚਾਰ ਤੇ ਗੁਰਮਤਿ ਸਮਾਗਮਾਂ ਦੀ ਸਫਲਤਾ ਵਾਸਤੇ ਵੱਡਮੁੱਲਾ ਸਹਿਯੋਗ ਦੇਣ 'ਤੇ ਸੰਗਤਾਂ ਦਾ ਧੰਨਵਾਦ ਵੀ ਕੀਤਾ।

# ਤਖ਼ਤ ਸ੍ਰੀ ਪਟਨਾ ਸਾਹਿਬ ਤੇ ਸ੍ਰੀ ਹਜ਼ੂਰ ਸਾਹਿਬ ਤੋਂ ਨਗਰ ਕੀਰਤਨ ਦਿੱਲੀ ਪਹੁੰਚਣਗੇ

## ਦਿੱਲੀ ਗੁਰਦੁਆਰਾ ਕਮੇਟੀ ਗੁਰੂ ਤੇਗ ਬਹਾਦਰ ਸਾਹਿਬ ਦੇ 350 ਸਾਲਾ ਸ਼ਹੀਦੀ ਦਿਹਾੜੇ 'ਤੇ ਜੁਲਾਈ ਤੋਂ ਨਵੰਬਰ ਤੱਕ ਕਰੇਗੀ ਲਗਾਤਾਰ ਸਮਾਗਮ : ਕਾਲਕਾ, ਕਾਹਲੋਂ, ਕਰਮਸਰ

ਨਵੀਂ ਦਿੱਲੀ, 3 ਜੁਲਾਈ, (ਅੰਮ੍ਰਿਤਪਾਲ ਸਿੰਘ) : ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਦੇ ਸਮਾਗਮ ਜੁਲਾਈ ਮਹੀਨੇ ਤੋਂ ਲੈ ਕੇ ਨਵੰਬਰ ਮਹੀਨੇ ਤੱਕ ਲਗਾਤਾਰ ਚੱਲਣਗੇ। ਇਹ ਫੈਸਲਾ ਅੱਜ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ, ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਅਤੇ ਧਰਮ ਪ੍ਰਚਾਰ ਕਮੇਟੀ ਦੇ ਚੇਅਰਮੈਨ ਸਰਦਾਰ ਜਸਪ੍ਰੀਤ ਸਿੰਘ ਕਾਹਲੋਂ ਦੀ ਅਗਵਾਈ ਹੇਠ ਹੋਈ ਉੱਚ ਪੱਧਰੀ ਮੀਟਿੰਗ ਵਿਚ ਲਿਆ ਗਿਆ।

ਸ਼ਹੀਦੀ ਸਮਾਗਮ ਵਾਸਤੇ ਤਿਆਰੀਆਂ ਦੀ ਸਮੀਖਿਆ ਵਾਸਤੇ ਕੀਤੀ ਇਸ ਮੀਟਿੰਗ ਵਿਚ ਸਰਦਾਰ ਹਰਮੀਤ ਸਿੰਘ ਕਾਲਕਾ, ਸਰਦਾਰ ਜਗਦੀਪ ਸਿੰਘ ਕਾਹਲੋਂ ਅਤੇ ਸਰਦਾਰ ਜਸਪ੍ਰੀਤ ਸਿੰਘ ਕਰਮਸਰ ਨੇ ਦੱਸਿਆ ਕਿ ਵੈਸੇ ਤੇ ਕਾਫੀ ਸਮਾਂ ਪਹਿਲਾਂ ਹੀ ਸ਼ਤਾਬਦੀ ਨੂੰ ਮੁੱਖ ਰਖਦੇ ਹੋਏ ਸਮਾਗਮ ਸ਼ੁਰੂ ਕੀਤੇ ਗਏ ਸਨ, ਜੋ ਨਿਰੰਤਰ ਚੱਲ ਰਹੇ ਹਨ। ਮਗਰ ਜੁਲਾਈ ਮਹੀਨੇ ਤੋਂ ਵੱਡੇ ਪੱਧਰ ਤੇ ਸਮਾਗਮਾਂ ਦੀ ਸ਼ੁਰੂਆਤ ਹੋਵੇਗੀ। ਜਿਸ ਤਹਿਤ ਕੀਰਤਨ ਦਰਬਾਰ, ਕਵੀ ਦਰਬਾਰ, ਸੈਮੀਨਾਰ, ਸਰਬ ਧਰਮ ਸੰਮੇਲਨ, ਮੈਰਾਥਨ ਦੌੜ, ਸਾਈਕਲ ਦੌੜ ਸਮੇਤ ਅਨੇਕਾਂ ਤਰੀਕੇ ਦੇ ਪ੍ਰੋਗਰਾਮ ਉਲੀਕੇ ਜਾ ਰਹੇ ਹਨ। ਇਹ ਵੀ ਫੈਸਲਾ ਲਿਆ ਗਿਆ ਕਿ ਦਿੱਲੀ ਗੁਰਦੁਆਰਾ ਕਮੇਟੀ ਦੇ ਸਮੁੱਚੇ ਮੈਂਬਰ ਆਪੋ ਆਪਣੇ ਹਲਕਿਆਂ ਵਿਚ ਸਿਰਫ ਸਿੱਖ ਭਾਈਚਾਰੇ ਹੀ ਨਹੀਂ ਬਲਕਿ ਸਹਿਜਧਾਰੀਆਂ ਤੇ ਹਰ ਧਰਮ ਦੇ ਲੋਕਾਂ ਨੂੰ ਪ੍ਰੋਗਰਾਮਾਂ ਨਾਲ ਜੋੜਨ ਵਾਸਤੇ ਉਪਰਾਲੇ ਕਰਨਗੇ।

ਉਹਨਾਂ ਦੱਸਿਆ ਕਿ ਇਸ ਤੋਂ ਇਲਾਵਾ ਤਖਤ ਸ੍ਰੀ ਪਟਨਾ ਸਾਹਿਬ ਤੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਤੋਂ ਦੋ ਵਿਸ਼ਾਲ ਨਗਰ ਕੀਰਤਨ ਦਿੱਲੀ ਤੱਕ ਸਜਾਏ ਜਾਣਗੇ। ਜੋ ਗੁਰੂ ਤੇਗ ਬਹਾਦਰ ਸਾਹਿਬ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਅਸਥਾਨਾਂ ਤੋਂ ਹੁੰਦੇ ਹੋਏ 23 ਨਵੰਬਰ ਨੂੰ ਦਿੱਲੀ ਪਹੁੰਚਣਗੇ। ਇਹਨਾਂ ਨਗਰ ਕੀਰਤਨਾਂ ਵਾਸਤੇ ਤਾਲਮੇਲ ਬਣਾਉਣ ਲਈ ਕਮੇਟੀ ਵੱਲੋਂ ਪਟਨਾ ਸਾਹਿਬ ਪ੍ਰਬੰਧਕ ਕਮੇਟੀ ਨਾਲ ਤਾਲਮੇਲ ਲਈ ਇੰਦਰਪ੍ਰੀਤ ਸਿੰਘ ਮੋਂਟੀ, ਜਸਪ੍ਰੀਤ ਸਿੰਘ ਵਿੱਕੀ ਮਾਨ ਅਤੇ ਸੁਦੀਪ ਸਿੰਘ ਦੀ ਸ਼ਮੂਲੀਅਤ ਵਾਲੀ ਕਮੇਟੀ ਗਠਿਤ ਕੀਤੀ ਗਈ। ਇਸੇ ਤਰੀਕੇ ਤਖ਼ਤ ਸ੍ਰੀ ਹਜ਼ੂਰ ਸਾਹਿਬ ਪ੍ਰਬੰਧਕ ਕਮੇਟੀ ਨਾਲ ਤਾਲਮੇਲ ਲਈ ਸੁਖਵਿੰਦਰ ਬੱਬਰ, ਇੰਦਰਜੀਤ ਸਿੰਘ ਮੋਂਟੀ, ਟਿੰਕੂ ਤੇ ਮਨਜੀਤ ਸਿੰਘ ਦੀ ਸ਼ਮੂਲੀਅਤ ਵਾਲੀ ਕਮੇਟੀ ਗਠਿਤ ਕੀਤੀ ਗਈ।

ਉਹਨਾਂ ਦੱਸਿਆ ਕਿ ਇਹ ਨਗਰ ਕੀਰਤਨ 23 ਨਵੰਬਰ ਨੂੰ ਦਿੱਲੀ ਪਹੁੰਚਣਗੇ। 24 ਨਵੰਬਰ ਨੂੰ ਆਰੰਭੀ ਗਈ ਸਹਿਜ ਪਾਠਾਂ ਦੀ ਲੜੀ ਦੀ ਸਮਾਪਤੀ ਲਾਲ ਕਿਲ੍ਹੇ 'ਤੇ ਹੋਵੇਗੀ ਅਤੇ ਸ਼ਹਾਦਤ ਵਾਲੇ ਦਿਨ 25 ਨਵੰਬਰ ਨੂੰ ਦਿੱਲੀ ਵਿਚ ਮਹਾਨ ਨਗਰ ਕੀਰਤਨ ਸਜਾਇਆ ਜਾਵੇਗਾ ਤੇ ਲਾਲ ਕਿਲ੍ਹੇ 'ਤੇ ਲਾਈਟ ਐਂਡ ਸਾਊਂਡ ਸ਼ੋਅ ਹੋਵੇਗਾ। ਇਸੇ ਤਰੀਕੇ 12 ਨਵੰਬਰ ਨੂੰ ਸ੍ਰੀ ਅਨੰਦਪੁਰ ਤੋਂ ਨਗਰ ਕੀਰਤਨ ਆਰੰਭ ਕੀਤਾ ਜਾਵੇਗਾ। ਜੋ 13 ਨੂੰ ਦਿੱਲੀ ਪਹੁੰਚੇਗਾ ਅਤੇ 14 ਤਾਰੀਖ ਤੋਂ ਕੇ ਕੇ 21 ਤਾਰੀਖ ਤਕ ਸਮੁੱਚੀ ਦਿੱਲੀ ਦਾ ਭਰਮਣ ਕਰੇਗਾ। ਉਹਨਾਂ ਦੱਸਿਆ ਕਿ ਸਮਾਗਮਾਂ ਨੂੰ ਲੈ ਕੇ ਸੰਗਤ ਵਿਚ ਪੂਰਨ ਸ਼ਰਧਾ ਤੇ ਸਤਿਕਾਰ ਹੈ ਤੇ ਇਹਨਾਂ ਸਮਾਗਮਾਂ ਵਿਚ ਵੱਧ ਤੋਂ ਵੱਧ ਸੰਗਤਾਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ।

ਇਸ ਸਮੀਖਿਆ ਮੀਟਿੰਗ ਵਿਚ ਬੀਬੀ ਰਣਜੀਤ ਕੌਰ, ਰਮਿੰਦਰ ਸਿੰਘ ਸਵੀਟਾ, ਆਤਮਾ ਸਿੰਘ ਲੁਬਾਣਾ ਅਤੇ ਪਰਮਜੀਤ ਸਿੰਘ ਚੰਢੋਕ ਵੀ ਮੌਜੂਦ ਸਨ।

# 'ਯੁੱਧ ਨਸ਼ਿਆਂ ਵਿਰੁੱਧ' ਦੇ 124ਵੇਂ ਦਿਨ 107 ਨਸ਼ਾ ਤਸਕਰ ਗ੍ਰਿਫ਼ਤਾਰ; 1.2 ਕਿਲੋ ਹੈਰੋਇਨ ਅਤੇ 22 ਹਜ਼ਾਰ ਦੀ ਡਰੱਗ ਮਨੀ ਬਰਾਮਦ

ਚੰਡੀਗੜ੍ਹ, 3 ਜੁਲਾਈ, (ਚ.ਨ.ਸ.) : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ" ਦੇ 124ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 107 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1.2 ਕਿਲੋ ਹੈਰੋਇਨ ਅਤੇ 21,980 ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 124 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 20,287 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 100 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1500 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 220 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 495 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚੱਲਦਿਆਂ ਸੂਬੇ ਭਰ ਵਿੱਚ 78 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 506 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 71 ਵਿਅਕਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਚੰਡੀਗੜ੍ਹ ਪ੍ਰਸ਼ਾਸਨ ਵੱਲੋਂ ਜ਼ਾਇਦਾਦ ਦੇ ਤਬਾਦਲੇ ਲਈ ਆਟੋ-ਮਿਊਟੇਸ਼ਨ ਸਿਸਟਮ ਸ਼ੁਰੂ

ਚੰਡੀਗੜ੍ਹ, 3 ਜੁਲਾਈ, (ਹਰਦੀਪ ਕੌਰ) : ਯੂਟੀ ਚੰਡੀਗੜ੍ਹ ਦੇ ਇਸਟੇਟ ਦਫ਼ਤਰ ਨੇ ਜਾਇਦਾਦ ਮਾਲਕੀ ਤਬਾਦਲੇ ਵਿੱਚ ਸੇਵਾਵਾਂ ਦੀ ਸਮੇਂ ਸਿਰ, ਪਾਰਦਰਸ਼ੀ ਅਤੇ ਨਾਗਰਿਕ-ਅਨੁਕੂਲ ਡਿਲਿਵਰੀ ਸੁਨਿਸ਼ਚਿਤ ਕਰਨ ਦੇ ਉਦੇਸ਼ ਨਾਲ ਇੱਕ ਬੜਾ ਡਿਜੀਟਲ ਗਵਰਨੈਂਸ ਸੁਧਾਰ - ਰਜਿਸਟਰਡ ਪ੍ਰਾਪਰਟੀ ਡੀਡਾਂ 'ਤੇ ਅਧਾਰਿਤ ਆਟੋ-ਮਿਊਟੇਸ਼ਨ ਸਿਸਟਮ - ਸ਼ੁਰੂ ਕੀਤਾ ਹੈ।

ਇਹ ਪਹਿਲ ਜਨਤਕ ਸੁਵਿਧਾ ਅਤੇ ਪ੍ਰਸ਼ਾਸਕੀ ਦਕਸ਼ਤਾ ਨੂੰ ਵਧਾਉਣ ਲਈ ਟੈਕਨੋਲੋਜੀ ਦਾ ਲਾਭ ਉਠਾਉਣ ਦੀ ਚੰਡੀਗੜ੍ਹ ਪ੍ਰਸ਼ਾਸਨ ਦੀ ਪ੍ਰਤੀਬੱਧਤਾ ਵਿੱਚ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਹੈ।

ਆਟੋ-ਮਿਊਟੇਸ਼ਨ ਸਿਸਟਮ ਦੀਆਂ ਮੁੱਖ ਵਿਸ਼ੇਸ਼ਤਾਵਾਂ:

ਮੈਨੂਅਲ ਐਪਲੀਕੇਸ਼ਨ ਦੀ ਕੋਈ ਜ਼ਰੂਰਤ ਨਹੀਂ: ਜਾਇਦਾਦ ਡੀਡ ਦੀ ਰਜਿਸਟ੍ਰੇਸ਼ਨ 'ਤੇ ਇੰਤਕਾਲ ਆਪਣੇ ਆਪ ਸ਼ੁਰੂ ਹੋ ਜਾਂਦਾ ਹੈ, ਟ੍ਰਾਂਸਫਰ ਕਰਨ ਵਾਲੇ ਤੋਂ ਵੱਖਰੀ ਅਰਜ਼ੀ ਦੀ ਜ਼ਰੂਰਤ ਸਮਾਪਤ ਹੋ ਜਾਂਦੀ ਹੈ।

ਰੀਅਲ-ਟਾਇਮ ਏਕੀਕਰਣ: ਇਹ ਸਿਸਟਮ ਇੱਕ ਡਿਜੀਟਲੀ ਏਕੀਕ੍ਰਿਤ ਪਲੈਟਫਾਰਮ ਦੇ ਜ਼ਰੀਏ ਸਬ-ਰਜਿਸਟਰਾਰ ਦਫ਼ਤਰ (ਐੱਸਆਰਓ/SRO) ਅਤੇ ਇਸਟੇਟ ਦਫ਼ਤਰ ਦੇ ਦਰਮਿਆਨ ਤਤਕਾਲ ਅਤੇ ਸੁਰੱਖਿਅਤ ਡੇਟਾ ਟ੍ਰਾਂਸਫਰ ਸੁਨਿਸ਼ਚਿਤ ਕਰਦਾ ਹੈ।

ਡਿਜੀਟਲੀ ਟ੍ਰੈਕ ਕੀਤਾ ਗਿਆ ਵਰਕਫਲੋ: ਹਰੇਕ ਪੜਾਅ ਦੀ ਡਿਜੀਟਲੀ ਨਿਗਰਾਨੀ ਪਰਿਭਾਸ਼ਿਤ ਜ਼ਿੰਮੇਦਾਰੀਆਂ ਅਤੇ ਬਿਨੈਕਾਰ ਨੂੰ ਆਟੋਮੈਟਿਕ ਰਸੀਦਾਂ ਨਾਲ ਕੀਤੀ ਜਾਂਦੀ ਹੈ।

ਨਾਗਰਿਕਾਂ ਨੂੰ ਲਾਭ:

ਨਾਗਰਿਕ ਸੁਵਿਧਾ: ਅਤਿਰਿਕਤ ਕਾਗ਼ਜ਼ੀ ਕਾਰਵਾਈ ਅਤੇ ਇਸਟੇਟ ਦਫ਼ਤਰ ਦੇ ਚੱਕਰ ਖ਼ਤਮ ਕਰਕੇ ਜਾਇਦਾਦ ਖਰੀਦਦਾਰਾਂ 'ਤੇ ਬੋਝ ਘਟਾਉਂਦਾ ਹੈ।

ਪਾਰਦਰਸ਼ਤਾ ਅਤੇ ਜਵਾਬਦੇਹੀ: ਮੈਨੂਅਲ (ਦਸਤੀ) ਦਖਲਅੰਦਾਜ਼ੀ ਨੂੰ ਘੱਟ ਕਰਦਾ ਹੈ, ਤੀਬਰ ਪ੍ਰੋਸੈੱਸਿੰਗ ਸੁਨਿਸ਼ਚਿਤ ਕਰਦਾ ਹੈ, ਅਤੇ ਬਿਹਤਰ ਨਿਗਰਾਨੀ ਨੂੰ ਸਮਰੱਥ ਬਣਾਉਂਦਾ ਹੈ।

ਦਸਤਾਵੇਜ਼ ਦਕਸ਼ਤਾ: ਡੀਡ ਰਜਿਸਟ੍ਰੇਸ਼ਨ ਦੇ ਦੌਰਾਨ ਜਮ੍ਹਾਂ ਕੀਤੇ ਗਏ ਦਸਤਾਵੇਜ਼ ਆਟੋਮੈਟਿਕ ਪ੍ਰਾਪਤ ਕੀਤੇ ਜਾਂਦੇ ਹਨ ਅਤੇ ਉਨ੍ਹਾਂ ਦਾ ਦੁਬਾਰਾ ਉਪਯੋਗ ਕੀਤਾ ਜਾਂਦਾ ਹੈ, ਜਿਸ ਨਾਲ ਡੁਪਲੀਕੇਸ਼ਨ ਤੋਂ ਬਚਿਆ ਜਾ ਸਕਦਾ ਹੈ।

ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐੱਸ, ਇਸਟੇਟ ਅਫ਼ਸਰ, ਯੂਟੀ ਚੰਡੀਗੜ੍ਹ ਨੇ ਦੱਸਿਆ ਕਿ ਆਟੋ-ਮਿਊਟੇਸ਼ਨ ਸਿਸਟਮ ਨਾਗਰਿਕਾਂ ਲਈ ਜਾਇਦਾਦ ਮਾਲਕੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦੇ ਲਈ ਇੱਕ ਪਰਿਵਰਤਨਕਾਰੀ ਕਦਮ ਹੈ। ਇਹ ਜਨਤਕ ਸੇਵਾ ਸਪੁਰਦਗੀ ਨੂੰ ਬਿਹਤਰ ਬਣਾਉਣ ਲਈ ਇੱਕ ਸਰਗਰਮ, ਟੈਕਨੋਲੋਜੀ-ਅਧਾਰਿਤ ਪਹੁੰਚ ਅਪਣਾਉਣ ਦੇ ਸਾਡੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ। ਜਨਤਾ ਦੇ ਨਿਊਨਤਮ ਪ੍ਰਯਾਸਾਂ ਨਾਲ, ਪੂਰੀ ਮਿਊਟੇਸ਼ਨ (ਇੰਤਕਾਲ) ਪ੍ਰਕਿਰਿਆ ਹੁਣ ਸੁਵਿਵਸਥਿਤ, ਸਮਾਂ-ਬੱਧ ਅਤੇ ਪੂਰੀ ਤਰ੍ਹਾਂ ਜਵਾਬਦੇਹ ਹੈ।

ਇਹ ਸਿਸਟਮ ਸਾਰੀਆਂ ਕਿਸਮਾਂ ਦੀਆਂ ਅਚੱਲ ਜਾਇਦਾਦਾਂ - ਫ੍ਰੀਹੋਲਡ, ਲੀਜ਼ਹੋਲਡ, ਆਦਿ - 'ਤੇ ਲਾਗੂ ਹੋਵੇਗਾ ਜੋ ਇਸਟੇਟ ਦਫ਼ਤਰ ਦੇ ਅਧਿਕਾਰ ਖੇਤਰ ਵਿੱਚ ਆਉਂਦੀਆਂ ਹਨ ਜਿੱਥੇ ਮਾਲਕੀ ਇੱਕ ਰਜਿਸਟਰਡ ਡੀਡ ਦੁਆਰਾ ਤਬਦੀਲ ਕੀਤੀ ਗਈ ਹੈ। ਇਹ ਸਿਸਟਮ ਲਾਗੂਕਰਨ ਦੀ ਮਿਤੀ ਤੋਂ ਸੰਭਾਵੀ ਤੌਰ 'ਤੇ ਲਾਗੂ ਹੁੰਦਾ ਹੈ। ਪੁਰਾਣੇ ਕੇਸ ਮੈਨੂਅਲ ਮਿਊਟੇਸ਼ਨ ਪ੍ਰਕਿਰਿਆ ਦੇ ਤਹਿਤ ਜਾਰੀ ਰਹਿਣਗੇ।

ਯੂਟੀ ਪ੍ਰਸ਼ਾਸਨ ਇੱਕ ਡਿਜੀਟਲ ਤੌਰ 'ਤੇ ਸਸ਼ਕਤ ਸ਼ਾਸਨ ਢਾਂਚਾ ਬਣਾਉਣ ਦੇ ਆਪਣੇ ਇਰਾਦੇ 'ਤੇ ਅਡਿਗ ਹੈ ਜੋ ਨਾਗਰਿਕਾਂ ਦੀ ਸਹਿਜਤਾ, ਪਾਰਦਰਸ਼ਤਾ ਅਤੇ ਦਕਸ਼ਤਾ ਨੂੰ ਪ੍ਰਾਥਮਿਕਤਾ ਦਿੰਦਾ ਹੈ।

ਪਾਠਕ ਆਪਣੇ ਹਾਕਰ ਤੋਂ ਚੜ੍ਹਦੀਕਲਾ ਦੀ ਮੰਗ ਕਰਨ

ਚੜ੍ਹਦੀਕਲਾ ਪੜ੍ਹੋ ! ਚੜ੍ਹਦੀਕਲਾ ਵਿੱਚ ਰਹੋ !!

# ਲਖਨੌਰ ਚੋਅ ਦੀ ਸਫ਼ਾਈ ਲਈ ਡਿਪਟੀ ਮੇਅਰ ਨੇ ਖੁਦ ਹੀ ਖੋਲ੍ਹਿਆ ਮੋਰਚਾ



ਮੋਹਾਲੀ, 3 ਜੁਲਾਈ, (ਹਰਦੀਪ ਕੌਰ) : ਮੋਹਾਲੀ ਦੇ ਡਿਪਟੀ ਮੇਅਰ ਕੁਲਜੀਤ ਸਿੰਘ ਬੇਦੀ ਨੇ ਅੱਜ ਪ੍ਰਸ਼ਾਸਨਿਕ ਬੇਰੁਖੀ ਅਤੇ ਡਰੇਨੇਜ ਵਿਭਾਗ ਦੀ ਲਾਪਰਵਾਹੀ ਦੇ ਖਿਲਾਫ਼ ਖੁਦ ਮੋਰਚਾ ਸੰਭਾਲਦਿਆਂ ਲਖਨੌਰ ਚੋਅ ਦੀ ਸਫਾਈ ਮੁਹਿੰਮ ਦਾ ਆਗਾਜ਼ ਕੀਤਾ। ਹੈਰਾਨੀ ਦੀ ਗੱਲ ਇਹ ਹੈ ਕਿ ਨਾ ਤਾਂ ਨਗਰ ਨਿਗਮ ਨੇ ਅਤੇ ਨਾ ਹੀ ਜ਼ਿਲ੍ਹਾ ਪ੍ਰਸ਼ਾਸਨ ਨੇ ਇਸ ਕੰਮ ਵਿੱਚ ਕੋਈ ਸਹਿਯੋਗ ਦਿੱਤਾ। ਨਤੀਜੇ ਵਜੋਂ ਡਿਪਟੀ ਮੇਅਰ ਨੇ ਆਪਣੀ ਜੇਬੋਂ ਖਰਚ ਕਰਕੇ ਜੇਸੀਬੀ ਮਸ਼ੀਨਾਂ ਦੀ ਵਰਤੋਂ ਕਰਦਿਆਂ ਸਫਾਈ ਕਾਰਜ ਸ਼ੁਰੂ ਕਰਵਾਇਆ।

ਬੇਦੀ ਨੇ ਮੌਕੇ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਫੇਜ਼ 3, ਫੇਜ਼ 4, ਫੇਜ਼ 5, 3ਬੀ2, ਸੈਕਟਰ 71 ਅਤੇ ਮਟੌਰ ਸਮੇਤ ਕਈ ਇਲਾਕਿਆਂ ਦਾ ਬਰਸਾਤੀ ਪਾਣੀ ਲਖਨੌਰ ਚੋਅ ਰਾਹੀਂ ਨਿਕਾਸ ਹੁੰਦਾ ਹੈ। ਪਰ ਲਖਨੌਰ ਚੋਅ ਵਿੱਚ ਕਈ ਦਿਨਾਂ ਤੋਂ ਸਫਾਈ ਨਾ ਹੋਣ ਕਾਰਨ ਇਹ ਪਾਣੀ ਦੀ ਨਿਕਾਸੀ ਨਹੀਂ ਹੁੰਦੀ ਅਤੇ ਬਰਸਾਤੀ ਪਾਣੀ ਵਾਪਸ ਉਲਟ ਕੇ ਘਰਾਂ ਵਿੱਚ ਦਾਖਲ ਹੋ ਰਿਹਾ ਹੈ, ਜਿਸ ਨਾਲ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਲਗਾਤਾਰ ਸ਼ਿਕਾਇਤਾਂ ਦੇ ਬਾਵਜੂਦ ਅਤੇ ਡਿਪਟੀ ਕਮਿਸ਼ਨਰ ਨੂੰ ਲਿਖਤੀ ਰੂਪ ਵਿੱਚ ਅਗਾਹ ਕਰਨ ਸਹਿਤ ਨਿੱਜੀ ਤੌਰ 'ਤੇ ਮਿਲਣ ਦੇ ਬਾਵਜੂਦ ਵੀ ਪ੍ਰਸ਼ਾਸਨ ਨੇ ਕੋਈ ਕਾਰਵਾਈ ਨਹੀਂ ਕੀਤੀ।

ਡਿਪਟੀ ਮੇਅਰ ਨੇ ਕਿਹਾ ਕਿ ਲੋਕਾਂ ਦੀ ਤਕਲੀਫ਼ ਦੇ ਆਧਾਰ 'ਤੇ ਅੱਜ ਉਹਨਾਂ ਨੇ ਖੁਦ ਹੀ ਜੇਸੀਬੀ ਮਸ਼ੀਨਾਂ ਲਗਾ ਕੇ ਸਫਾਈ ਦੀ ਪ੍ਰਕਿਰਿਆ ਸ਼ੁਰੂ ਕਰਵਾਈ ਹੈ ਤਾਂ ਜੋ ਬਰਸਾਤੀ ਪਾਣੀ ਦੇ ਨਿਕਾਸ ਨੂੰ ਸੁਚੱਜਾ ਬਣਾਇਆ ਜਾ ਸਕੇ ਅਤੇ ਲੋਕਾਂ ਨੂੰ ਹੋਰ ਨੁਕਸਾਨ ਤੋਂ ਬਚਾਇਆ ਜਾ ਸਕੇ।

# ਮਾਨਸੂਨ ਸੀਜ਼ਨ ਦੌਰਾਨ ਦਰਿਆਵਾਂ ਤੇ ਚੱਲਦੀ ਮਾਈਨਿੰਗ ਉੱਤੇ ਪਾਬੰਦੀ ਲਾਗੂ ਕਰਨ ਵਿੱਚ ਅਸਫ਼ਲ ਸਾਬਿਤ ਹੋਈ ਸਰਕਾਰ : ਬੱਲੀਏਵਾਲ



ਚੰਡੀਗੜ੍ਹ, 3 ਜੁਲਾਈ, (ਅੰਮ੍ਰਿਤਪਾਲ ਸਿੰਘ) : ਹਿਮਾਚਲ ਵਿੱਚ ਹੋ ਰਹੀ ਭਾਰੀ ਬਾਰਿਸ਼ ਤੇ ਮੌਨਸੂਨ ਦੀ ਦਸਤਕ ਨਾਲ ਡੈਮਾਂ ਵਿੱਚ ਲਗਾਤਾਰ ਪਾਣੀ ਦਾ ਪੱਧਰ ਵੱਧਦਾ ਜਾ ਰਿਹਾ ਹੈ। ਜਿਸ ਕਰਕੇ ਪੂਰੇ ਖੇਤਰ ਵਿੱਚ ਹੜ੍ਹਾਂ ਦੀ ਚੇਤਾਵਨੀ ਜਾਰੀ ਕੀਤੀ ਗਈ ਹੈ। ਪਰ ਦੂਜੇ ਪਾਸੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਸਾਲਾਨਾ ਮਾਨਸੂਨ ਮਾਈਨਿੰਗ ਪਾਬੰਦੀ ਨੂੰ ਲਾਗੂ ਕਰਨ ਵਿੱਚ ਅਸਫਲ ਸਾਬਿਤ ਹੋਈ ਹੈ। ਭਾਜਪਾ ਪੰਜਾਬ ਦੇ ਬੁਲਾਰੇ ਪ੍ਰਿਤਪਾਲ ਸਿੰਘ ਬੱਲੀਏਵਾਲ ਨੇ ਭਗਵੰਤ ਮਾਨ ਸਰਕਾਰ ਦੀ ਇਸ ਲਾਪਰਵਾਹੀ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਹੈ।

ਬੱਲੀਏਵਾਲ ਨੇ ਕਿਹਾ ਕਿ ਭਾਰੀ ਬਾਰਿਸ਼ ਕਾਰਨ ਦਰਿਆਵਾਂ ਦਾ ਪੱਧਰ ਵੱਧ ਗਿਆ ਹੈ ਅਤੇ ਡੈਮ ਤੇਜ਼ੀ ਨਾਲ ਭਰਨ ਅਤੇ ਦਰਿਆਵਾਂ ਵਿੱਚ ਹੜ੍ਹ ਆਉਣ ਕਾਰਨ, ਪੰਜਾਬ ਵਿੱਚ ਹੇਠਲੇ ਖੇਤਰ ਗੰਭੀਰ ਖ਼ਤਰੇ ਵਿੱਚ ਹਨ - ਫਿਰ ਵੀ ਰਾਜ ਸਰਕਾਰ ਸੁੱਤੀ ਪਈ ਜਾਪਦੀ ਹੈ। ਬੱਲੀਏਵਾਲ ਨੇ ਦੱਸਿਆ ਕਿ ਹਰ ਸਾਲ, 1 ਜੁਲਾਈ ਤੋਂ 30 ਸਤੰਬਰ ਤੱਕ ਦਰਿਆਵਾਂ ਦੇ ਤਲ ਵਿੱਚ ਅਤੇ ਆਲੇ ਦੁਆਲੇ ਮਾਈਨਿੰਗ 'ਤੇ ਅਧਿਕਾਰਤ ਤੌਰ 'ਤੇ ਪਾਬੰਦੀ ਲਗਾਈ ਜਾਂਦੀ ਹੈ ਤਾਂ ਦਰਿਆਵਾਂ ਦੇ ਕੰਢਿਆਂ ਦੀ ਰੱਖਿਆ, ਰਿਪੇਅਰ ਕੀਤੀ ਜਾ ਸਕੇ ਪਰ ਹੈਰਾਨੀ ਦੀ ਗੱਲ ਹੈ ਕਿ 'ਆਪ' ਸਰਕਾਰ ਇਸ ਸਾਲ ਇਸ ਮਹੱਤਵਪੂਰਨ ਕੰਮ ਨੂੰ ਪੂਰਾ ਕਰਨ ਵਿੱਚ ਅਸਫ਼ਲ ਸਾਬਿਤ ਹੋ ਚੁੱਕੀ ਹੈ, ਜਿਸ ਕਰਕੇ ਕਈ ਜ਼ਿਲ੍ਹਿਆਂ ਵਿੱਚ ਰੇਤ ਅਤੇ ਬੱਜਰੀ ਦੀ ਖੁਦਾਈ ਬਿਨਾਂ ਕਿਸੇ ਰੋਕ-ਟੋਕ ਦੇ ਜਾਰੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਉਹ ਸਮਾਂ ਹੈ ਜਦੋਂ ਸੂਬੇ ਨੂੰ ਹੜ੍ਹਾਂ ਤੋਂ ਬਚਾਅ ਲਈ ਆਪਣੇ ਪ੍ਰਬੰਧ ਮਜ਼ਬੂਤ ਕਰਨੇ ਚਾਹੀਦੇ ਹਨ, ਪਰ ਇਸ ਦੇ ਬਾਵਜੂਦ ਸਰਕਾਰ ਨੇ ਨੀਵੇਂ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ ਉਨ੍ਹਾਂ ਦੀ ਕਿਸਮਤ 'ਤੇ ਛੱਡ ਦਿੱਤਾ ਹੈ।

ਅਜਿਹੀ ਲਾਪਰਵਾਹੀ 'ਤੇ ਗੰਭੀਰ ਸਵਾਲ ਉਠਾਉਂਦੇ ਹੋਏ, ਪ੍ਰਿਤਪਾਲ ਸਿੰਘ ਬੱਲੀਏਵਾਲ ਨੇ ਪੁੱਛਿਆ ਕਿ ਕੀ ਸਰਕਾਰੀ ਮਸ਼ੀਨਰੀ ਰੇਤ ਮਾਫੀਆ ਦੇ ਦਬਾਅ ਹੇਠ ਕੰਮ ਕਰ ਰਹੀ ਹੈ ਜਾਂ ਕੀ ਆਮ ਆਦਮੀ ਪਾਰਟੀ ਇੰਨੀ ਹੰਕਾਰੀ ਹੋ ਗਈ ਹੈ ਕਿ ਉਹ ਲੋਕਾਂ ਦੀਆਂ ਜ਼ਿੰਦਗੀਆਂ ਨਾਲ ਜੂਆ ਖੇਡਣ ਲਈ ਤਿਆਰ ਹੈ।

ਉਨ੍ਹਾਂ ਨੇ ਮੌਨਸੂਨ ਦੇ ਮੌਸਮ ਦੌਰਾਨ ਸਾਰੀਆਂ ਗੈਰ-ਕਾਨੂੰਨੀ ਮਾਈਨਿੰਗ ਗਤੀਵਿਧੀਆਂ ਨੂੰ ਤੁਰੰਤ ਰੋਕਣ, ਬੰਨ੍ਹਾਂ ਦੀ ਤੁਰੰਤ ਮੁਰੰਮਤ ਕਰਨ ਅਤੇ ਆਫ਼ਤ ਪ੍ਰਬੰਧਨ, ਮਾਈਨਿੰਗ ਅਤੇ ਜਲ ਸਰੋਤਾਂ ਲਈ ਜ਼ਿੰਮੇਵਾਰ ਵਿਭਾਗਾਂ ਅਤੇ ਮੰਤਰੀਆਂ ਤੋਂ ਪੂਰੀ ਜਵਾਬਦੇਹੀ ਦੀ ਮੰਗ ਕੀਤੀ। ਸਰਕਾਰ ਦੀ ਨਾਕਾਮੀ ਸਿਰਫ਼ ਲਾਪਰਵਾਹੀ ਹੀ ਨਹੀਂ ਹੈ - ਇਹ ਖ਼ਤਰਨਾਕ ਹੈ। ਜੇ ਇਹੀ ਹਾਲਾਤ ਰਹੇ ਤਾਂ ਪ੍ਰਸ਼ਾਸਕੀ ਅਸਫਲਤਾ ਦੀ ਕੀਮਤ ਪੰਜਾਬ ਦੇ ਲੋਕਾਂ ਨੂੰ ਚੁਕਾਉਣੀ ਪਵੇਗੀ ਤੇ ਮੁੱਖ ਮੰਤਰੀ ਸ਼ਾਇਦ ਫਿਰ ਤੋਂ ਆਮ ਲੋਕਾਂ ਨੂੰ ਮੁਆਵਜ਼ਿਆਂ ਦੇ ਝੂਠੇ ਦਿਲਾਸੇ ਦਿੰਦੇ ਹੀ ਨਜ਼ਰ ਆਉਣਗੇ।

## ਸੰਪਾਦਕੀ

# ਅੱਤਵਾਦ ਵਿਰੁੱਧ ਵਿਸ਼ਵ ਇਕਜੁਟਤਾ

ਅੱਜ ਪੂਰੀ ਦੁਨੀਆ ਵਿੱਚ ਅੱਤਵਾਦ ਮਨੁੱਖਤਾ ਲਈ ਇੱਕ ਵੱਡਾ ਖ਼ਤਰਾ ਬਣ ਗਿਆ ਹੈ। ਇਹ ਸ਼ਾਂਤੀ, ਸਹਿ-ਹੋਂਦ, ਵਿਕਾਸ ਅਤੇ ਲੋਕਤੰਤਰੀ ਕਦਰਾਂ-ਕੀਮਤਾਂ ਲਈ ਚੁਣੌਤੀ ਪੇਸ਼ ਕਰ ਰਿਹਾ ਹੈ। ਅੱਤਵਾਦ ਨੂੰ ਕਿਸੇ ਵੀ ਧਾਰਮਿਕ, ਵਿਚਾਰਧਾਰਕ ਜਾਂ ਰਾਜਨੀਤਿਕ ਕਾਰਨਾਂ ਕਰਕੇ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਇਹ ਇੰਨਾ ਵੱਡਾ ਦਾਗ਼ ਬਣ ਗਿਆ ਹੈ ਕਿ ਇਹ ਆਪਣੇ ਆਪ ਖ਼ਤਮ ਨਹੀਂ ਹੋਵੇਗਾ। ਇਸਨੂੰ ਖ਼ਤਮ ਕਰਨ ਲਈ ਇੱਕ ਠੋਸ ਅਤੇ ਸਮੂਹਿਕ ਯਤਨ ਦੀ ਲੋੜ ਹੈ। ਭਾਰਤ ਅੱਤਵਾਦ ਵਿਰੁੱਧ ਲੜਾਈ ਵਿੱਚ ਵਿਸ਼ਵ ਭਾਈਚਾਰੇ ਨੂੰ ਇਕਜੁੱਟ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਨਤੀਜੇ ਵਜੋਂ ਕਈ ਅੰਤਰਰਾਸ਼ਟਰੀ ਮੰਚਾਂ 'ਤੇ ਅੱਤਵਾਦ ਵਿਰੁੱਧ ਜ਼ੋਰਦਾਰ ਆਵਾਜ਼ ਉੱਠੀ ਹੈ। ਹੁਣ ਚਾਰ ਦੇਸ਼ਾਂ ਦੇ ਸਮੂਹ, ਕਵਾਡ ਨੇ ਵੀ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਅੱਤਵਾਦੀ ਹਮਲੇ ਦੀ ਸਖ਼ਤ ਨਿੰਦਾ ਕੀਤੀ ਹੈ। ਇਸ ਨੇ ਇਸ ਹਮਲੇ ਦੇ ਸਾਜ਼ਿਸ਼ਕਰਤਾਵਾਂ, ਦੋਸ਼ੀਆਂ ਅਤੇ ਵਿੱਤਦਾਤਾਵਾਂ ਨੂੰ ਬਿਨਾਂ ਕਿਸੇ ਦੇਰੀ ਦੇ ਨਿਆਂ ਦੇ ਕਟਹਿਰੇ ਵਿੱਚ ਲਿਆਉਣ ਦੀ ਮੰਗ ਕੀਤੀ ਹੈ। ਕਵਾਡ ਦੇ ਇਸ ਕਦਮ ਨੇ ਅੱਤਵਾਦ ਵਿਰੁੱਧ ਭਾਰਤ ਦੀ ਜ਼ੀਰੋ ਟੌਲਰੈਂਸ ਦੀ ਨੀਤੀ ਨੂੰ ਮਜ਼ਬੂਤ ਕੀਤਾ ਹੈ। ਇਹ ਲੁਕਿਆ ਹੋਇਆ ਨਹੀਂ ਹੈ ਕਿ ਪਾਕਿਸਤਾਨ ਸਮੇਤ ਕੁਝ ਚੁਣੇ ਹੋਏ ਦੇਸ਼ ਅੱਤਵਾਦੀਆਂ ਨੂੰ ਪਾਲਦੇ ਹਨ ਅਤੇ ਉਨ੍ਹਾਂ ਨੂੰ ਹਥਿਆਰਾਂ ਵਜੋਂ ਵਰਤਦੇ ਹਨ। ਭਾਰਤ ਨੇ ਕਈ ਮੌਕਿਆਂ ਤੇ ਸਬੂਤਾਂ ਦੇ ਨਾਲ ਵਿਸ਼ਵ ਭਾਈਚਾਰੇ ਦੇ ਸਾਹਮਣੇ ਪਾਕਿਸਤਾਨ ਦੀ ਇਸ ਹਕੀਕਤ ਨੂੰ ਉਜਾਗਰ ਕੀਤਾ ਹੈ। ਪਰ ਪਾਕਿਸਤਾਨ ਨੇ ਹਮੇਸ਼ਾ ਇਸ ਤੋਂ ਇਨਕਾਰ ਕੀਤਾ ਹੈ। ਭਾਵੇਂ ਦੁਨੀਆ ਦੇ ਹਰ ਕੋਨੇ ਤੋਂ ਅੱਤਵਾਦ ਵਿਰੁੱਧ ਆਵਾਜ਼ਾਂ ਉੱਠ ਰਹੀਆਂ ਹਨ, ਪਰ ਇਸ ਨੂੰ ਖਤਮ ਕਰਨ ਲਈ ਅੰਤਰਰਾਸ਼ਟਰੀ ਪੱਧਰ 'ਤੇ ਜੋ ਸਾਂਝੇ ਯਤਨ ਕੀਤੇ ਜਾਣੇ ਚਾਹੀਦੇ ਹਨ, ਉਹ ਅਜੇ ਦਿਖਾਈ ਨਹੀਂ ਦੇ ਰਹੇ ਹਨ। ਭਾਰਤ ਨੇ ਪਿਛਲੇ ਮਹੀਨੇ ਚੀਨ ਵਿੱਚ ਹੋਈ ਸ਼ੰਘਾਈ ਸਹਿਯੋਗ ਸੰਗਠਨ ਵਿੱਚ ਸ਼ਾਮਲ ਦੇਸ਼ਾਂ ਦੇ ਰੱਖਿਆ ਮੰਤਰੀਆਂ ਦੀ ਮੀਟਿੰਗ ਵਿੱਚ ਅੱਤਵਾਦ ਦਾ ਮੁੱਦਾ ਉਠਾਇਆ ਸੀ। ਪਰ, ਜਦੋਂ ਇੱਕ ਸਾਂਝਾ ਬਿਆਨ ਜਾਰੀ ਕਰਨ ਬਾਰੇ ਚਰਚਾ ਹੋਈ, ਤਾਂ ਪਾਕਿਸਤਾਨ ਨੇ ਕਿਹਾ ਕਿ ਇਸ ਮੁੱਦੇ ਨੂੰ ਸ਼ਾਮਲ ਨਹੀਂ ਕੀਤਾ ਜਾਣਾ ਚਾਹੀਦਾ, ਜਿਸਦਾ ਭਾਰਤੀ ਪੱਖ ਨੇ ਸਖ਼ਤ ਵਿਰੋਧ ਕੀਤਾ। ਇਸ ਤੋਂ ਪਾਕਿਸਤਾਨ ਦੇ ਮਾੜੇ ਇਰਾਦਿਆਂ ਦਾ ਆਸਾਨੀ ਨਾਲ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਹਾਲਾਂਕਿ ਸੰਯੁਕਤ ਰਾਸ਼ਟਰ ਨੇ ਵੀ ਪਾਕਿਸਤਾਨ ਵਿੱਚ ਮੌਜੂਦ ਬਹੁਤ ਸਾਰੇ ਅੱਤਵਾਦੀਆਂ ਨੂੰ ਗਲੋਬਲ ਸੂਚੀ ਵਿੱਚ ਸ਼ਾਮਲ ਕੀਤਾ ਹੈ, ਪਰ ਇਹ ਸਮਝ ਤੋਂ ਪਰੇ ਹੈ ਕਿ ਸਭ ਕੁਝ ਜਾਣਦੇ ਹੋਏ, ਪਾਕਿਸਤਾਨ ਨੂੰ ਹਾਲ ਹੀ ਵਿੱਚ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਅੱਤਵਾਦ ਵਿਰੋਧੀ ਕਮੇਟੀ ਦਾ ਉਪ-ਪ੍ਰਧਾਨ ਕਿਸ ਆਧਾਰ 'ਤੇ ਬਣਾਇਆ ਗਿਆ ਹੈ? ਹੁਣ ਕਵਾਡ ਵਿੱਚ ਸ਼ਾਮਲ ਦੇਸ਼ਾਂ, ਅਮਰੀਕਾ, ਆਸਟ੍ਰੇਲੀਆ, ਜਪਾਨ ਅਤੇ ਭਾਰਤ ਨੇ ਸੰਯੁਕਤ ਰਾਸ਼ਟਰ ਦੇ ਸਾਰੇ ਮੈਂਬਰ ਦੇਸ਼ਾਂ ਨੂੰ ਅਪੀਲ ਕੀਤੀ ਹੈ ਕਿ ਉਹ ਅੰਤਰਰਾਸ਼ਟਰੀ ਕਾਨੂੰਨਾਂ ਅਤੇ ਆਪਣੀਆਂ ਜ਼ਿੰਮੇਵਾਰੀਆਂ ਦੇ ਅਨੁਸਾਰ ਅੱਤਵਾਦ ਵਿਰੁੱਧ ਲੜਾਈ ਵਿੱਚ ਸਾਰੇ ਸਬੰਧਤ ਅਧਿਕਾਰੀਆਂ ਨਾਲ ਸਰਗਰਮੀ ਨਾਲ ਸਹਿਯੋਗ ਕਰਨ। ਇੰਨਾ ਹੀ ਨਹੀਂ, ਕਵਾਡ ਨੇ ਆਪਣੇ ਸੰਦੇਸ਼ ਵਿੱਚ ਅੱਤਵਾਦ ਵਿਰੁੱਧ ਭਾਰਤ ਦੀ ਕਾਰਵਾਈ ਦਾ ਵੀ ਜ਼ੋਰਦਾਰ ਸਮਰਥਨ ਕੀਤਾ ਹੈ। ਹਾਲਾਂਕਿ ਇਸ ਸੰਦੇਸ਼ ਵਿੱਚ ਪਾਕਿਸਤਾਨ ਦਾ ਸਿੱਧੇ ਤੌਰ 'ਤੇ ਨਾਮ ਨਹੀਂ ਲਿਆ ਗਿਆ ਸੀ, ਪਰ ਇਹ ਪਹਿਲਾਂ ਹੀ ਚੰਗੀ ਤਰ੍ਹਾਂ ਜਾਣਿਆ ਜਾਂਦਾ ਹੈ ਕਿ ਅੱਤਵਾਦ ਨੂੰ ਕੌਣ ਪਾਲਦਾ ਹੈ। ਅਜਿਹੀ ਸਥਿਤੀ ਵਿੱਚ ਵਿਸ਼ਵ ਭਾਈਚਾਰੇ ਨੂੰ ਇਸ ਮੁੱਦੇ 'ਤੇ ਇੱਕਜੁੱਟ ਹੋਣਾ ਚਾਹੀਦਾ ਹੈ ਅਤੇ ਠੋਸ ਅਤੇ ਸਖ਼ਤ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਅੱਤਵਾਦ ਨੂੰ ਜੜ੍ਹਾਂ ਤੋਂ ਖਤਮ ਕੀਤਾ ਜਾ ਸਕੇ।

-ਜਗਜੀਤ ਸਿੰਘ ਦਰਦੀ

## ਪੰਜਾਬ ਮੰਤਰੀ ਮੰਡਲ ਵਿੱਚ ਨਵੀਂ ਐਂਟਰੀ

# ਕੀ ਮੰਤਰੀ ਮੰਡਲ ਬਦਲਾਓ ਸਰਕਾਰ ਦੀ ਕਾਰਕਰਦਗੀ ਅਤੇ ਭਵਿੱਖ ਦੀ ਰਾਜਨੀਤੀ 'ਤੇ ਅਸਰ ਪਾਵੇਗਾ ?

### ਕਿਸੇ ਹੋਰ ਚਿਹਰੇ ਨੂੰ ਰਾਜ ਸਭਾ ਵਿੱਚ ਭੇਜਣ ਦਾ ਰਸਤਾ ਸਾਫ਼ ਹੋਇਆ



ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156

ਪੰਜਾਬ ਦੇ ਮੌਜੂਦਾ ਸਰਕਾਰ ਦੇ ਮੰਤਰੀ ਮੰਡਲ ਵਿੱਚ ਇਹ ਸੱਤਵਾਂ ਵਿਸਤਾਰ ਕੀ ਭਵਿੱਖ ਦੀ ਰਾਜਨੀਤੀ ਨੂੰ ਬਦਲ ਦੇਵੇਗਾ ਜਾਂ ਇਸ ਨਾਲ ਕੀ ਸਰਕਾਰ ਦੀ ਕਾਰਕਰਦਗੀ ਵਿੱਚ ਕੋਈ ਵਾਧਾ ਹੋਵੇਗਾ।

ਕੀ ਸੰਜੀਵ ਅਰੋੜਾ ਦੀ ਐਂਟਰੀ ਸਿਰਫ ਇੱਕ ਸਿਆਸੀ ਖਾਨਾਪੂਰਤੀ ਹੈ। ਪੰਜਾਬ ਦੀ ਰਾਜਨੀਤਿਕ ਫਿਜ਼ਾ ਵਿੱਚ ਕਿਹੋ ਜਿਹੀ ਹੋਏਗੀ ਇਸ ਬਦਲਾਵ ਤੋਂ ਬਾਅਦ ਦੀ ਸਥਿਤੀ। ਇਹ ਸਵਾਲ ਹੁਣ ਇਸ ਬਦਲਾਵ ਤੋਂ ਬਾਅਦ ਸਭ ਦੇ ਸਾਹਮਣੇ ਹੈ। ਅੱਜ ਦੇ ਮੰਤਰੀ ਮੰਡਲ ਵਿਸਤਾਰ ਦੇ ਅਰਥ ਅਤੇ ਪੰਜਾਬ ਮੰਤਰੀ ਮੰਡਲ ਦਾ ਵਿਸਤਾਰ ਸੂਬਾ ਸਰਕਾਰ ਦੀ ਕਾਰਜਕਾਰੀ ਸੰਰਚਨਾ ਵਿੱਚ ਨਵੇਂ ਮੰਤਰੀਆਂ ਨੂੰ ਸ਼ਾਮਲ ਕਰਨ ਜਾਂ ਮੌਜੂਦਾ ਮੰਤਰੀਆਂ ਦੇ ਵਿਭਾਗਾਂ ਵਿੱਚ ਫੇਰਬਦਲ ਦੀ ਪ੍ਰਕਿਰਿਆ ਨੂੰ ਦਰਸਾਉਂਦਾ ਹੈ। ਇਹ ਸਰਕਾਰ ਦੀਆਂ ਨੀਤੀਆਂ, ਪ੍ਰਸ਼ਾਸਨਿਕ ਕੁਸ਼ਲਤਾ ਅਤੇ ਰਾਜਨੀਤਿਕ ਸੰਤੁਲਨ ਨੂੰ ਮਜ਼ਬੂਤ ਕਰਨ ਦਾ ਇੱਕ ਰਣਨੀਤਕ ਕਦਮ ਹੁੰਦਾ ਹੈ। ਮੁੱਖ ਮੰਤਰੀ ਅਤੇ ਸੱਤਾਧਾਰੀ ਪਾਰਟੀ ਇਸ ਰਾਹੀਂ ਵੱਖ-ਵੱਖ ਖੇਤਰਾਂ, ਜਾਤੀਆਂ ਅਤੇ ਸਮਾਜਿਕ ਸਮੂਹਾਂ ਦੀ ਨੁਮਾਇੰਦਗੀ ਨੂੰ ਸੁਨਿਸ਼ਚਿਤ ਕਰਨ ਦੀ ਕੋਸ਼ਿਸ਼ ਕਰਦੇ ਹਨ। ਇਸ ਦੇ ਨਾਲ ਹੀ, ਵਿਸਤਾਰ ਦਾ ਮਕਸਦ ਸਰਕਾਰ ਦੀ ਕਾਰਜਕੁਸ਼ਲਤਾ ਵਧਾਉਣ ਅਤੇ ਜਨਤਕ ਸਮੱਸਿਆਵਾਂ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨਾ ਹੁੰਦਾ ਹੈ।ਹੁਣ ਪੰਜਾਬ ਮੰਤਰੀ ਮੰਡਲ ਵਿੱਚ ਨਵੇਂ ਵਿਭਾਗਾਂ ਦੀ ਵੰਡ ਅਤੇ ਇਸਦਾ ਭਵਿੱਖ ਵਿੱਚ ਅਸਰ ਦੇ ਸਵਾਲ ਹਾਲ ਹੀ ਦੀਆਂ ਖਬਰਾਂ ਅਨੁਸਾਰ ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਮੰਤਰੀ ਮੰਡਲ ਦਾ ਸਤਵਾਂ ਵਿਸਤਾਰ ਅਤੇ ਵਿਭਾਗਾਂ ਦੀ ਵੰਡ ਇਸ ਵਿੱਚ ਲੁਧਿਆਣਾ ਪੱਛਮੀ ਤੋਂ ਵਿਧਾਇਕ ਸੰਜੀਵ ਅਰੋੜਾ ਨੂੰ ਮੰਤਰੀ ਮੰਡਲ ਵਿੱਚ ਸ਼ਾਮਲ ਕੀਤਾ ਗਿਆ ਹੈ, ਜਦਕਿ ਇੱਕ ਮੌਜੂਦਾ ਮੰਤਰੀ ਨੂੰ ਹਟਾ ਦਿੱਤਾ ਗਿਆ ਹੈ। ਅਸਲ ਵਿੱਚ ਵਿਭਾਗਾਂ ਦੀ ਵੰਡ ਵਿੱਚ ਫੇਰਬਦਲ ਦਾ ਮਕਸਦ ਸਰਕਾਰ ਦੀ ਕਾਰਜਕੁਸ਼ਲਤਾ ਵਧਾਉਣਾ ਅਤੇ ਸੂਬੇ ਦੇ ਮੁੱਖ ਮਸਲਿਆਂ ਜਿਵੇਂ ਕਿ ਖੇਤੀਬਾੜੀ, ਸਿੱਖਿਆ, ਸਿਹਤ, ਅਮਨ-ਕਾਨੂੰਨ ਅਤੇ ਨਸ਼ਿਆਂ ਦੀ ਸਮੱਸਿਆ ਨੂੰ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਹੱਲ ਕਰਨਾ ਹੈ। 2024 ਦੇ ਪਿਛਲੇ ਵਿਸਤਾਰ ਵਿੱਚ ਮੁੱਖ ਮੰਤਰੀ ਮਾਨ ਨੇ ਮਹੱਤਵਪੂਰਨ ਵਿਭਾਗ ਜਿਵੇਂ ਮਾਲੀਆ, ਵਾਟਰ ਸਪਲਾਈ, ਅਤੇ ਸ਼ਹਿਰੀ ਵਿਕਾਸ ਨਵੇਂ ਮੰਤਰੀਆਂ (ਹਰਦੀਪ ਸਿੰਘ ਮੁੰਡੀਆਂ, ਬਰਿੰਦਰ ਗੋਇਲ, ਤਰੁਨਪ੍ਰੀਤ ਸੋਂਧ, ਡਾ. ਰਵਜੋਤ ਸਿੰਘ, ਅਤੇ ਮਹਿੰਦਰ ਭਗਤ) ਨੂੰ ਸੌਂਪੇ ਸਨ, ਜੋ ਸੂਬੇ ਦੀਆਂ ਜਨਤਕ ਸਮੱਸਿਆਵਾਂ ਨਾਲ ਸਿੱਧੇ ਜੁੜੇ ਹਨ। ਨਵੀਂ ਵੰਡ ਵਿੱਚ ਵੀ ਅਜਿਹੀ ਰਣਨੀਤੀ ਦੀ ਸੰਭਾਵਨਾ ਹੈ, ਜਿਸ ਵਿੱਚ ਮੁੱਖ ਵਿਭਾਗਾਂ ਨੂੰ ਸਮਰੱਥ ਅਤੇ ਪ੍ਰਭਾਵਸ਼ਾਲੀ ਨੇਤਾਵਾਂ ਨੂੰ ਦਿੱਤਾ ਜਾਵੇ।

ਇਧਰ ਆਉਣ ਵਾਲੇ ਦਿਨਾਂ ਵਿੱਚ ਮੰਤਰੀ ਮੰਡਲ ਦੇ ਵਿਸਤਾਰ ਅਤੇ ਵਿਭਾਗਾਂ ਦੀ ਮੁੜ-ਵੰਡ ਦਾ ਪੰਜਾਬ ਦੀ ਸਿਆਸਤ ਅਤੇ ਪ੍ਰਸ਼ਾਸਨ 'ਤੇ ਮਹੱਤਵਪੂਰਨ ਅਸਰ ਹੋਵੇਗਾ। ਇਸ ਦੇ ਸੰਭਾਵੀ ਪ੍ਰਭਾਵ ਪ੍ਰਸ਼ਾਸਨਿਕ ਕੁਸ਼ਲਤਾ ਵਿੱਚ ਸੁਧਾਰ ਲਿਆਉਣ ਲਈ ਇੱਕ ਨਵੇਂ ਅਧਿਆਇ ਦੀ ਸ਼ੁਰੂਆਤ ਕਰ ਸਕਦੇ ਹਨ।ਨਵੇਂ ਮੰਤਰੀਆਂ ਦੀ ਸ਼ਮੂਲੀਅਤ ਅਤੇ ਵਿਭਾਗਾਂ ਦੀ ਮੁੜ-ਵੰਡ ਨਾਲ ਸਰਕਾਰ ਨੂੰ ਨਵੀਂ ਊਰਜਾ ਮਿਲ ਸਕਦੀ ਹੈ। ਜੇਕਰ ਸਮਰੱਥ ਅਤੇ ਤਜਰਬੇਕਾਰ ਵਿਧਾਇਕਾਂ ਨੂੰ ਮਹੱਤਵਪੂਰਨ ਵਿਭਾਗ ਸੌਂਪੇ ਜਾਂਦੇ ਹਨ ਤਾਂ ਸਰਕਾਰ ਦੀਆਂ ਨੀਤੀਆਂ ਦਾ ਅਮਲ ਵਧੇਰੇ ਪ੍ਰਭਾਵਸ਼ਾਲੀ ਹੋ ਸਕਦਾ ਹੈ। ਉਦਾਹਰਣ ਵਜੋਂ ਮਾਲੀਆ ਅਤੇ ਵਾਟਰ ਸਪਲਾਈ ਵਰਗੇ ਵਿਭਾਗ ਸੂਬੇ ਦੀ ਆਰਥਿਕ ਸਥਿਰਤਾ ਅਤੇ ਬੁਨਿਆਦੀ ਸਹੂਲਤਾਂ ਲਈ ਜ਼ਰੂਰੀ ਹਨ। ਹੁਣ ਰਾਜਨੀਤਿਕ ਸੰਤੁਲਨ ਲਈ ਇਹ ਵਿਸਤਾਰ ਅਤੇ ਵਿਭਾਗਾਂ ਦੀ ਵੰਡ ਦਾ ਇੱਕ ਮੁੱਖ ਉਦੇਸ਼ ਵੱਖ-ਵੱਖ ਖੇਤਰਾਂ, ਜਾਤੀਆਂ, ਅਤੇ ਸਮਾਜਿਕ ਸਮੂਹਾਂ ਵਿੱਚ ਸੰਤੁਲਨ ਬਣਾਉਣਾ ਹੈ। ਸੰਜੀਵ ਅਰੋੜਾ ਵਰਗੇ ਨਵੇਂ ਚਿਹਰਿਆਂ ਦੀ ਸ਼ਮੂਲੀਅਤ ਨਾਲ ਆਪ ਸਰਕਾਰ ਲੁਧਿਆਣਾ ਵਰਗੇ ਸ਼ਹਿਰੀ ਖੇਤਰਾਂ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ। ਪਰ, ਜੇਕਰ ਮੌਜੂਦਾ ਮੰਤਰੀ ਨੂੰ ਹਟਾਇਆ ਹੈ, ਤਾਂ ਇਸ ਨਾਲ ਪਾਰਟੀ ਅੰਦਰ ਅਸੰਤੁਸ਼ਟੀ ਵੱਧ ਸਕਦੀ ਹੈ, ਜੋ ਰਾਜਨੀਤਿਕ ਸਥਿਰਤਾ ਨੂੰ ਪ੍ਰਭਾਵਿਤ ਕਰੇਗੀ।ਅੱਜ ਜਨਤਕ ਸਮੱਸਿਆਵਾਂ ਤੇ ਪੰਜਾਬ ਦੇ ਮੁੱਖ ਮਸਲੇ, ਜਿਵੇਂ ਕਿ ਕਿਸਾਨ ਅੰਦੋਲਨ, ਨਸ਼ਿਆਂ ਦੀ ਸਮੱਸਿਆ ਅਤੇ ਅਮਨ-ਕਾਨੂੰਨ, ਸਰਕਾਰ ਦੀ ਪ੍ਰਾਇਰਟੀ ਰਹੇ ਹਨ। ਨਵੀਂ ਵਿਭਾਗੀ ਵੰਡ ਜੇਕਰ ਇਨ੍ਹਾਂ ਮਸਲਿਆਂ ਨੂੰ ਹੱਲ ਕਰਨ ਵਿੱਚ ਮਦਦ ਕਰਦੀ ਹੈ, ਤਾਂ ਸਰਕਾਰ ਦੀ ਜਨਤਕ ਸਮਰਥਨ ਵਿੱਚ ਵਾਧਾ ਹੋ ਸਕਦਾ ਹੈ। ਉਦਾਹਰਣ ਵਜੋਂ ਸਿਹਤ ਅਤੇ ਸਿੱਖਿਆ ਵਰਗੇ ਵਿਭਾਗਾਂ ਵਿੱਚ ਸੁਧਾਰ ਨਾਲ ਨੌਜਵਾਨਾਂ ਅਤੇ ਔਰਤਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਮਿਲੇਗੀ।

ਇਹ ਬਦਲਾਅ ਚੋਣਾਂ 'ਤੇ ਅਸਰ ਪਾਵੇਗਾ। 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਵਿਸਤਾਰ ਅਤੇ ਵਿਭਾਗਾਂ ਦੀ ਵੰਡ ਸਰਕਾਰ ਦੀ ਚੋਣ ਰਣਨੀਤੀ ਦਾ ਹਿੱਸਾ ਹੋ ਸਕਦਾ ਹੈ। ਨਵੇਂ ਮੰਤਰੀਆਂ ਨੂੰ ਸ਼ਾਮਲ ਕਰਕੇ ਅਤੇ ਮੁੱਖ ਵਿਭਾਗਾਂ ਨੂੰ ਪ੍ਰਭਾਵਸ਼ਾਲੀ ਨੇਤਾਵਾਂ ਨੂੰ ਸੌਂਪ ਕੇ ਆਪ ਸਰਕਾਰ ਆਪਣੀ ਜਨਤਕ ਚਿੱਤਰ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਸਕਦੀ ਹੈ। ਪਰ ਜੇਕਰ ਇਹ ਫੇਰਬਦਲ ਸਿਰਫ਼ ਰਾਜਨੀਤਿਕ ਸਮੀਕਰਨਾਂ ਲਈ ਕੀਤਾ ਜਾਂਦਾ ਹੈ ਅਤੇ ਜਨਤਕ ਸਮੱਸਿਆਵਾਂ ਨੂੰ ਹੱਲ ਨਹੀਂ ਕਰਦਾ ਤਾਂ ਵਿਰੋਧੀ ਪਾਰਟੀਆਂ (ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ) ਇਸ ਦਾ ਫਾਇਦਾ ਉਠਾ ਸਕਦੀਆਂ ਹਨ।

ਪੰਜਾਬ ਵਿੱਚ ਵੱਡਾ ਯੋਗਦਾਨ ਅਮਨ-ਕਾਨੂੰਨ ਅਤੇ ਭ੍ਰਿਸ਼ਟਾਚਾਰ ਵਿਰੁੱਧ ਕਾਰਵਾਈਆਂ ਨੂੰ ਬੜੇ ਹੀ ਸੁਚੱਜੇ ਢੰਗ ਨਾਲ ਪੇਸ਼ ਕਰਨ ਦਾ ਐਲਾਨ ਹੋਵੇਗਾ। ਹੁਣ ਮਾਨ ਸਰਕਾਰ ਨੇ ਪਹਿਲਾਂ ਹੀ ਭ੍ਰਿਸ਼ਟਾਚਾਰ ਵਿਰੁੱਧ ਸਖ਼ਤ ਕਦਮ ਚੁੱਕੇ ਹਨ, ਜਿਵੇਂ ਕਿ 2025 ਵਿੱਚ ਜੇਲ੍ਹ ਅਧਿਕਾਰੀਆਂ ਦੀ ਸਸਪੈਂਸ਼ਨ। ਨਵੀਂ ਵਿਭਾਗੀ ਵੰਡ ਵਿੱਚ ਅਮਨ-ਕਾਨੂੰਨ ਅਤੇ ਗ੍ਰਹਿ ਵਿਭਾਗ ਨੂੰ ਮਜ਼ਬੂਤ ਨੇਤਾਵਾਂ ਨੂੰ ਸੌਂਪਣ ਨਾਲ ਸਰਕਾਰ ਦੀ ਸਾਖ ਵੱਧ ਸਕਦੀ ਹੈ। ਪਰ ਅਮਨ-ਕਾਨੂੰਨ ਦੀ ਸਥਿਤੀ 'ਤੇ ਪਹਿਲਾਂ ਹੀ ਸਵਾਲ ਉੱਠਦੇ ਰਹੇ ਹਨ, ਜਿਸ ਕਾਰਨ ਸਰਕਾਰ ਨੂੰ ਇਸ ਖੇਤਰ ਵਿੱਚ ਵਧੇਰੇ ਪ੍ਰਭਾਵਸ਼ਾਲੀ ਨੀਤੀਆਂ ਲਿਆਉਣ ਦੀ ਲੋੜ ਹੈ।ਪੰਜਾਬ ਮੰਤਰੀ ਮੰਡਲ ਵਿੱਚ ਨਵੇਂ ਵਿਭਾਗਾਂ ਦੀ ਵੰਡ ਅਤੇ ਵਿਸਤਾਰ ਸਰਕਾਰ ਦੀ ਪ੍ਰਸ਼ਾਸਨਿਕ ਅਤੇ ਰਾਜਨੀਤਿਕ ਰਣਨੀਤੀ ਦਾ ਅਹਿਮ ਹਿੱਸਾ ਹੈ। ਇਸ ਦਾ ਸਫਲ ਹੋਣਾ ਸਰਕਾਰ ਦੀ ਸਮਰੱਥਾ, ਨਵੇਂ ਮੰਤਰੀਆਂ ਦੀ ਕਾਰਜਕੁਸ਼ਲਤਾ ਅਤੇ ਜਨਤਕ ਸਮੱਸਿਆਵਾਂ ਦੇ ਹੱਲ 'ਤੇ ਨਿਰਭਰ ਕਰੇਗਾ। ਜੇਕਰ ਇਹ ਫੇਰਬਦਲ ਪੰਜਾਬ ਦੇ ਮੁੱਖ ਮਸਲਿਆਂ ਨੂੰ ਹੱਲ ਕਰਨ ਵਿੱਚ ਸਹਾਈ ਹੁੰਦਾ ਹੈ ਤਾਂ ਇਸ ਨਾਲ ਸਰਕਾਰ ਦੀ ਸਾਖ ਅਤੇ ਜਨਤਕ ਸਮਰਥਨ ਵਧੇਗਾ। ਪਰ, ਜੇਕਰ ਇਹ ਸਿਰਫ਼ ਰਾਜਨੀਤਿਕ ਸਮੀਕਰਨਾਂ ਤੱਕ ਸੀਮਤ ਰਹਿੰਦਾ ਹੈ, ਤਾਂ ਵਿਰੋਧੀ ਪਾਰਟੀਆਂ ਅਤੇ ਜਨਤਾ ਵਿੱਚ ਅਸੰਤੁਸ਼ਟੀ ਵੱਧ ਸਕਦੀ ਹੈ। ਆਉਣ ਵਾਲੇ ਦਿਨਾਂ ਵਿੱਚ ਸਰਕਾਰ ਦੀਆਂ ਨੀਤੀਆਂ ਅਤੇ ਅਮਲ ਦੀ ਪ੍ਰਭਾਵਸ਼ੀਲਤਾ ਇਸ ਵਿਸਤਾਰ ਦੇ ਅਸਰ ਨੂੰ ਨਿਰਧਾਰਤ ਕਰੇਗੀ। ਮੰਤਰੀ ਮੰਡਲ ਵਿੱਚ ਇਹ ਸਤਵਾਂ ਵਿਸਤਾਰ ਹੈ ਅਤੇ ਪੰਜਾਬ ਦੇ ਮਸਲਿਆਂ ਦਾ ਹੱਲ ਹੁਣ ਇਸ ਵਿਸਤਾਰ ਵਿੱਚ ਨਵੇਂ ਮੰਤਰੀਆਂ ਨੂੰ ਸ਼ਾਮਲ ਕਰਨ ਅਤੇ ਕੁਝ ਮੌਜੂਦਾ ਮੰਤਰੀਆਂ ਦੇ ਵਿਭਾਗਾਂ ਵਿੱਚ ਤਬਦੀਲੀ ਦੀ ਹੈ। ਪੰਜਾਬ ਦੇ ਮੁੱਖ ਮਸਲਿਆਂ ਜਿਵੇਂ ਕਿ ਕਿਸਾਨ ਅੰਦੋਲਨ, ਬੇਰੁਜ਼ਗਾਰੀ, ਨਸ਼ਿਆਂ ਦੀ ਸਮੱਸਿਆ, ਅਮਨ-ਕਾਨੂੰਨ, ਅਤੇ ਬੁਨਿਆਦੀ ਢਾਂਚੇ ਦੇ ਵਿਕਾਸ ਨੂੰ ਹੱਲ ਕਰਨ ਲਈ ਵਿਸਤਾਰ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਨਵੇਂ ਮੰਤਰੀ ਦੀ ਸ਼ਮੂਲੀਅਤ ਨਾਲ ਸਰਕਾਰ ਨੂੰ ਨਵੀਂ ਊਰਜਾ ਅਤੇ ਦਰਸ਼ਨ ਮਿਲ ਸਕਦਾ ਹੈ, ਜੋ ਖਾਸ ਤੌਰ 'ਤੇ ਮੁੱਖ ਮਸਲਿਆਂ ਨੂੰ ਹੱਲ ਕਰਨ ਵਿੱਚ ਮਦਦਗਾਰ ਸਾਬਤ ਹੋ ਸਕਦੀ ਹੈ। ਉਦਾਹਰਣ ਵਜੋਂ 2024 ਵਿੱਚ ਹੋਏ ਵਿਸਤਾਰ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਨੇ ਜਿਨ੍ਹਾਂ ਵਿੱਚ ਮਾਲੀਆ, ਵਾਟਰ ਸਪਲਾਈ, ਸੈਨੀਟੇਸ਼ਨ ਅਤੇ ਸ਼ਹਿਰੀ ਵਿਕਾਸ ਵਰਗੇ ਮਹੱਤਵਪੂਰਨ ਖੇਤਰ ਸ਼ਾਮਲ ਸਨ। ਇਹ ਵਿਭਾਗ ਸਿੱਧੇ ਤੌਰ 'ਤੇ ਸੂਬੇ ਦੀਆਂ ਜਨਤਕ ਸਮੱਸਿਆਵਾਂ ਨਾਲ ਜੁੜੇ ਹੋਏ ਸਨ। ਪਰ ਹੁਣ ਸਤਵਾਂ ਵਿਸਤਾਰ ਪੰਜਾਬ ਦੇ ਮਸਲਿਆਂ ਦਾ ਪੂਰਨ ਹੱਲ ਵੀ ਨਹੀਂ ਹੈ। ਸਮੱਸਿਆਵਾਂ ਦੀ ਗੰਭੀਰਤਾ ਜਿਵੇਂ ਕਿ ਨਸ਼ਿਆਂ ਦੀ ਲਤ, ਖੇਤੀਬਾੜੀ ਸੰਕਟ ਅਤੇ ਅਮਨ-ਕਾਨੂੰਨ ਦੀ ਸਥਿਤੀ ਨੂੰ ਹੱਲ ਕਰਨ ਲਈ ਸਿਰਫ਼ ਮੰਤਰੀਆਂ ਦੀ ਗਿਣਤੀ ਵਧਾਉਣਾ ਜਾਂ ਵਿਭਾਗਾਂ ਦੀ ਵੰਡ ਕਾਫੀ ਨਹੀਂ। ਇਸ ਦੀ ਬਜਾਏ ਸਰਕਾਰ ਨੂੰ ਠੋਸ ਨੀਤੀਆਂ, ਪਾਰਦਰਸ਼ੀ ਅਮਲ ਅਤੇ ਜਨਤਕ ਭਾਗੀਦਾਰੀ 'ਤੇ ਜ਼ੋਰ ਦੇਣ ਦੀ ਲੋੜ ਹੈ। ਵਿਭਾਗਾਂ ਦਾ ਫੇਰਬਦਲ ਮੰਤਰੀਆਂ ਦੀ ਕਾਰਜਕੁਸ਼ਲਤਾ ਅਤੇ ਸਮਰੱਥਾ ਦੇ ਅਧਾਰ 'ਤੇ ਕੀਤਾ ਜਾਂਦਾ ਹੈ। ਇਹ ਸਰਕਾਰ ਨੂੰ ਨਵੀਆਂ ਚੁਣੌਤੀਆਂ ਨਾਲ ਨਜਿੱਠਣ ਅਤੇ ਜਨਤਕ ਸੇਵਾਵਾਂ ਨੂੰ ਸੁਧਾਰਨ ਵਿੱਚ ਮਦਦ ਕਰਦਾ ਹੈ। ਪਰ ਜੇਕਰ ਇਹ ਫੇਰਬਦਲ ਸਿਰਫ਼ ਰਾਜਨੀਤਿਕ ਸਮੀਕਰਨਾਂ ਨੂੰ ਸੰਤੁਲਿਤ ਕਰਨ ਲਈ ਕੀਤਾ ਜਾਵੇ ਤਾਂ ਇਸ ਦਾ ਅਸਰ ਸੀਮਤ ਰਹਿ ਸਕਦਾ ਹੈ।

### ਹੁਣ ਮਾਨ ਮੰਤਰੀ ਮੰਡਲ ਦੀ ਕਾਰਜਕੁਸ਼ਲਤਾ ਦਾ ਲੇਖਾ-ਜੋਖਾ

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਰੀ ਜਿੱਤ ਹਾਸਲ ਕਰਕੇ ਸੱਤਾ ਸੰਭਾਲੀ ਸੀ। ਇਸ ਸਰਕਾਰ ਨੇ ਸਿਹਤ, ਸਿੱਖਿਆ ਅਤੇ ਭ੍ਰਿਸ਼ਟਾਚਾਰ ਵਿਰੁੱਧ ਐਕਸ਼ਨ ਵਰਗੇ ਮੁੱਦਿਆਂ 'ਤੇ ਜ਼ੋਰ ਦਿੱਤਾ। 2025 ਵਿੱਚ ਜੇਲ੍ਹ ਅਧਿਕਾਰੀਆਂ ਦੀ ਸਸਪੈਂਸ਼ਨ ਵਰਗੇ ਕਦਮਾਂ ਨੇ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੁੱਧ ਸਖਤੀ ਨੂੰ ਦਰਸਾਇਆ ਹੈ। ਪਰ ਮਾਨ ਸਰਕਾਰ ਦੀ ਕਾਰਜਕੁਸ਼ਲਤਾ 'ਤੇ ਸਵਾਲ ਵੀ ਉੱਠੇ ਹਨ, ਖਾਸ ਕਰਕੇ ਅਮਨ-ਕਾਨੂੰਨ ਦੀ ਸਥਿਤੀ ਅਤੇ ਨਸ਼ਿਆਂ ਦੀ ਸਮੱਸਿਆ ਨੂੰ ਲੈ ਕੇ ਪਿਛਲੇ ਸਾਲਾਂ ਵਿੱਚ ਇਸ ਤਰ੍ਹਾਂ ਦੀਆਂ ਘਟਨਾਵਾਂ ਸਰਕਾਰ ਦੀ ਪ੍ਰਭਾਵਸ਼ੀਲਤਾ 'ਤੇ ਸਵਾਲ ਖੜ੍ਹੇ ਕਰਦੀਆਂ ਭਵਿੱਖ ਵਿੱਚ ਮਾਨ ਮੰਤਰੀ ਮੰਡਲ ਦੀ ਕਾਰਜਕੁਸ਼ਲਤਾ ਦਾ ਲੇਖਾ-ਜੋਖਾ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਸਰਕਾਰ ਪੰਜਾਬ ਦੀਆਂ ਮੁੱਖ ਸਮੱਸਿਆਵਾਂ ਨੂੰ ਕਿਸ ਹੱਦ ਤੱਕ ਹੱਲ ਕਰ ਸਕਦੀ ਹੈ। ਨਵੇਂ ਮੰਤਰੀਆਂ ਦੀ ਸਮਰੱਥਾ, ਵਿਭਾਗਾਂ ਦੀ ਪ੍ਰਭਾਵਸ਼ੀਲ ਵੰਡ ਅਤੇ ਸਰਕਾਰ ਦੀ ਨੀਤੀਆਂ ਦਾ ਅਮਲ ਇਸ ਵਿੱਚ ਅਹਿਮ ਭੂਮਿਕਾ ਨਿਭਾਏਗਾ। ਇਸ ਬਦਲਾਅ ਨਾਲ ਪੰਜਾਬ ਦੀ ਰਾਜਨੀਤੀ ਦਾ ਭਵਿੱਖ ਤੇ ਪੰਜਾਬ ਦੀ ਰਾਜਨੀਤੀ ਵਿੱਚ ਮੁੱਖ ਤੌਰ 'ਤੇ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਦੀਆਂ ਰਣਨੀਤੀਆਂ, ਸਮਾਜਿਕ-ਆਰਥਿਕ ਮੁੱਦਿਆਂ, ਅਤੇ ਜਨਤਕ ਸਮਰਥਨ 'ਤੇ ਨਿਰਭਰ ਕਰੇਗਾ। ਵਰਤਮਾਨ ਵਿੱਚ, ਆਮ ਆਦਮੀ ਪਾਰਟੀ ਦੀ ਸਰਕਾਰ ਨੇ ਆਪਣੀ ਜਨਤਕ-ਹਿਤੈਸ਼ੀ ਨੀਤੀਆਂ ਨਾਲ ਜਨਤਾ ਦਾ ਵਿਸ਼ਵਾਸ ਜਿੱਤਣ ਦੀ ਕੋਸ਼ਿਸ਼ ਕੀਤੀ ਹੈ, ਪਰ ਵਿਰੋਧੀ ਪਾਰਟੀਆਂ ਜਿਵੇਂ ਕਿ ਕਾਂਗਰਸ (18 ਵਿਧਾਇਕ) ਅਤੇ ਸ਼੍ਰੋਮਣੀ ਅਕਾਲੀ ਦਲ (3 ਵਿਧਾਇਕ) ਵੀ ਆਪਣੀ ਸਿਆਸੀ ਜ਼ਮੀਨ ਮਜ਼ਬੂਤ ਕਰਨ ਦੀ ਕੋਸ਼ਿਸ਼ ਵਿੱਚ ਹਨ।

ਹੁਣ ਭਵਿੱਖ ਵਿੱਚ ਪੰਜਾਬ ਦੀ ਰਾਜਨੀਤੀ ਵਿੱਚ ਕਿਸਾਨ ਅੰਦੋਲਨ, ਬੇਰੁਜ਼ਗਾਰੀ ਅਤੇ ਖੇਤਰੀ ਪਛਾਣ ਦੇ ਮੁੱਦੇ ਅਹਿਮ ਰਹਿਣਗੇ। ਸਰਕਾਰ ਨੂੰ ਇਹ ਸੁਨਿਸ਼ਚਿਤ ਕਰਨਾ ਹੋਵੇਗਾ ਕਿ ਮੰਤਰੀ ਮੰਡਲ ਦਾ ਵਿਸਤਾਰ ਅਤੇ ਵਿਭਾਗਾਂ ਦੀ ਵੰਡ ਸਿਰਫ਼ ਰਾਜਨੀਤਿਕ ਸਮੀਕਰਨਾਂ ਨੂੰ ਸੰਤੁਲਿਤ ਕਰਨ ਲਈ ਨਹੀਂ, ਸਗੋਂ ਸੂਬੇ ਦੇ ਵਿਕਾਸ ਅਤੇ ਜਨਤਕ ਸਮੱਸਿਆਵਾਂ ਦੇ ਹੱਲ ਲਈ ਕੀਤੀ ਜਾਵੇ। ਨੌਜਵਾਨ ਵੋਟਰਾਂ ਦੀ ਵਧਦੀ ਗਿਣਤੀ ਅਤੇ ਸਮਾਜਿਕ ਮੀਡੀਆ ਦੇ ਪ੍ਰਭਾਵ ਨੂੰ ਵੀ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ।

ਅੱਜ ਦੇ ਪੰਜਾਬ ਮੰਤਰੀ ਮੰਡਲ ਦਾ ਬਦਲਾਓ ਸਰਕਾਰ ਦੀ ਕਾਰਜਕੁਸ਼ਲਤਾ ਅਤੇ ਜਨਤਕ ਸਮੱਸਿਆਵਾਂ ਨੂੰ ਹੱਲ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਹ ਸਤਵਾਂ ਬਦਲਾਅ ਵਿਸਤਾਰ, ਜੇਕਰ ਰਣਨੀਤਕ ਅਤੇ ਪ੍ਰਭਾਵਸ਼ੀਲ ਢੰਗ ਨਾਲ ਪੇਸ਼ ਆਏ ਤਾਂ ਸੂਬੇ ਦੀਆਂ ਸਮੱਸਿਆਵਾਂ ਨੂੰ ਹੱਲ ਕਰਨ ਵਿੱਚ ਮਦਦ ਕਰ ਸਕਦਾ ਹੈ ਪਰ ਇਸ ਦੀ ਸਫਲਤਾ ਸਰਕਾਰ ਦੀ ਨੀਤੀਆਂ, ਮੰਤਰੀਆਂ ਦੀ ਸਮਰੱਥਾ, ਅਤੇ ਜਨਤਕ ਭਾਗੀਦਾਰੀ 'ਤੇ ਨਿਰਭਰ ਕਰੇਗੀ। ਪੰਜਾਬ ਦੀ ਰਾਜਨੀਤੀ ਦਾ ਭਵਿੱਖ ਵੀ ਇਸ ਗੱਲ 'ਤੇ ਨਿਰਭਰ ਕਰੇਗਾ ਕਿ ਸੱਤਾਧਾਰੀ ਅਤੇ ਵਿਰੋਧੀ ਪਾਰਟੀਆਂ ਕਿਵੇਂ ਜਨਤਕ ਹਿੱਤਾਂ ਨੂੰ ਪਹਿਲ ਦਿੰਦੀਆਂ ਹਨ ਅਤੇ ਸੂਬੇ ਦੇ ਵਿਕਾਸ ਲਈ ਕੰਮ ਕਰਦੀਆਂ ਹਨ, ਇਸ ਲਈ ਇਸ ਬਦਲਾਵ ਦੇ ਅਰਥ ਬੇਹੱਦ ਅਹਿਮ ਰਹੇ ਹਨ ਕਿਉਂਕਿ ਇਸ ਨਾਲ ਆਪ ਦਾ ਇਕ ਰਾਜਸਭਾ ਵਿਚ ਜਾਣ ਦਾ ਰਸਤਾ ਖਾਲੀ ਹੋ ਗਿਆ ਹੈ। ਇਹ ਤਾਂ ਆਉਣ ਵਾਲਾ ਵਕਤ ਦੱਸੇਗਾ ਕਿ ਹੁਣ ਰਾਜਨੀਤੀ ਦੇ ਦਖਲ ਨਾਲ ਕਿਹੜਾ ਚਿਹਰਾ ਜਾਵੇਗਾ ਪੰਜਾਬ ਤੋਂ ਰਾਜ ਸਭਾ ਵਿੱਚ।

# ਪੰਜਾਬ ਕਾਂਗਰਸ ਨੂੰ ਆਪਣਿਆਂ ਦਾ ਪੁੱਠਾ ਗੇੜਾ



ਕਮਲਜੀਤ ਸਿੰਘ ਬਨਵੈਤ
98147 34035

- ਕਾਂਗਰਸ ਹਾਈ ਕਮਾਨ ਨੇ ਪੰਜਾਬ ਦੇ ਦੋਨੋਂ ਧੜੇ ਕੀਤੇ ਦਿੱਲੀ ਤਲਬ
- ਪੰਜਾਬ ਕਾਂਗਰਸ ਦੇ ਪ੍ਰਧਾਨ ਰਾਜਾ ਵੜਿੰਗ ਨੇ ਲੁਧਿਆਣਾ ਪੱਛਮੀ ਹਲਕੇ ਦੀ ਚੋਣ ਵਿਚਲੇ ਕਾਰਨਾਂ ਦੀ ਪੇਸ਼ ਕੀਤੀ ਰਿਪੋਰਟ
- ਰਾਣਾ ਗੁਰਜੀਤ ਸਿੰਘ ਨੇ ਚੋਣ ਇੰਚਾਰਜ ਦੀ ਹੈਸੀਅਤ ਵਿੱਚ ਵੱਖਰੀ ਰਿਪੋਰਟ ਭੇਜੀ
- ਕਾਂਗਰਸ ਹਾਈ ਕਮਾਨ ਦੋਨਾਂ ਧੜਿਆਂ ਨੂੰ ਇਕੱਠਿਆਂ ਬਿਠਾ ਕੇ ਸਮਝਾਉਣ ਤੋਂ ਰਹੀ ਹੈ ਝਿਜਕ
- ਕਾਂਗਰਸ ਦਾ ਇੱਕ ਹੋਰ ਧੜਾ ਦੰਦਾਂ ਥੱਲੇ ਦਈ ਬੈਠਾ ਹੈ ਜੀਭ
- ਦੋਹਾਂ ਧੜਿਆਂ ਦੀ ਆਪਸੀ ਖਹਿਬਾਜ਼ੀ ਬਣੀ ਲੁਧਿਆਣਾ ਜ਼ਿਮਨੀ ਚੋਣ ਦੀ ਹਾਰ ਦਾ ਕਾਰਨ

ਸੱਚ ਕਹੀਏ ਤਾਂ ਪੰਜਾਬ ਅੰਦਰ ਕਿਸੇ ਵੀ ਸਿਆਸੀ ਪਾਰਟੀ ਦੇ ਦਿਨ ਸਿੱਧੇ ਨਹੀਂ ਚੱਲ ਰਹੇ ਹਨ। ਸੱਤਾਧਾਰੀ ਹੋਣ, ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਜਾਂ ਫਿਰ ਭਾਰਤੀ ਜਨਤਾ ਪਾਰਟੀ ਸਾਰਿਆਂ ਦੀ ਅੱਖ 2027 'ਤੇ ਲੱਗੀ ਹੋਈ ਹੈ ਪਰ ਕਿਸੇ ਵੀ ਪਾਰਟੀ ਵਿੱਚ ਜਿੱਤਣ ਦਾ ਦਮ ਨਹੀਂ ਦਿਸ ਰਿਹਾ ਹੈ। ਦੂਜਾ ਸੱਚ ਇਹ ਵੀ ਹੈ ਕਿ ਪੰਜਾਬੀਆਂ ਦਾ ਵਾਰ ਵਾਰ ਭਰੋਸਾ ਟੁੱਟਿਆ ਹੈ। ਕਾਂਗਰਸ ਅਤੇ ਅਕਾਲੀਆਂ ਨੂੰ ਆਪਣੀ ਅੰਦਰੂਨੀ ਲੜਾਈ ਸਾਹ ਨਹੀਂ ਲੈਣ ਦੇ ਰਹੀ ਹੈ। ਭਾਰਤੀ ਜਨਤਾ ਪਾਰਟੀ ਦੀ ਪੰਜਾਬ ਨਾਲ ਮੇਲ ਦੀ ਰੇਖਾ ਹਾਲੇ ਤੱਕ ਤਾਂ ਲੱਭ ਨਹੀਂ ਰਹੀ ਹੈ। ਆਮ ਆਦਮੀ ਪਾਰਟੀ ਨੂੰ ਆਪਣੇ ਲੈ ਬੈਠੇ ਹਨ।

ਲੁਧਿਆਣਾ ਪੱਛਮੀ ਚੋਣ ਦੇ ਜਿਸ ਤਰ੍ਹਾਂ ਦੇ ਨਤੀਜੇ ਸਾਹਮਣੇ ਆਏ ਹਨ, ਉਹ ਇਹੋ ਨਹੀਂ ਸਨ ਹੋਣੇ ਜੇ ਕਾਂਗਰਸ ਅੰਦਰੋਂ ਖਖੜੀਆਂ, ਕਰੇਲੇ ਨਾ ਹੁੰਦੀ। ਅਕਾਲੀ ਦਲ ਪ੍ਰਤੀ ਲੋਕਾਂ ਦੀ ਨਫ਼ਰਤ ਮੁੱਕ ਨਹੀਂ ਰਹੀ ਹੈ। ਭਾਰਤੀ ਜਨਤਾ ਪਾਰਟੀ ਸੂਲਾਂ ਚਬਾਉਣ ਤੋਂ ਹੱਟ ਨਹੀਂ ਰਹੀ ਹੈ। ਆਮ ਆਦਮੀ ਪਾਰਟੀ ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਇਸ ਕਰਕੇ ਜਿੱਤ ਗਈ ਕਿਉਂਕਿ ਕਾਂਗਰਸੀ ਆਪ ਹਾਰਨਾ ਚਾਹੁੰਦੇ ਸਨ। ਮੁੱਖ ਵਿਰੋਧੀ ਧਿਰ ਦੇ ਘਰ ਭੰਗ ਭੁੱਜਦੀ ਹੋਣ ਦੇ ਬਾਵਜੂਦ ਆਮ ਆਦਮੀ ਪਾਰਟੀ ਲਈ ਸੀਟ ਕੱਢਣੀ ਔਖੀ ਹੋਈ ਰਹੀ। ਕਾਂਗਰਸ ਬਾਰੇ ਤਾਂ ਹੁਣ ਆਮ ਕਿਹਾ ਜਾਣ ਲੱਗਾ ਹੈ ਕਿ ਇਸ ਨੂੰ ਮਾਰਨ ਲਈ ਬਾਹਰਲੇ ਦੁਸ਼ਮਣਾਂ ਦੀ ਲੋੜ ਨਹੀਂ ਪੈਂਦੀ ਹੈ। ਕਾਂਗਰਸ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਜਾਂ 2024 ਦੀਆਂ ਪਾਰਲੀਮੈਂਟ ਦੀਆਂ ਚੋਣਾਂ ਵੇਲੇ ਸਬਕ ਸਿੱਖਿਆ ਹੁੰਦਾ ਤਾਂ ਪੰਜਾਬ ਦੇ ਲੋਕ ਤਾਂ 2027 ਕਾਂਗਰਸ ਦੀ ਝੋਲੀ ਪਾਉਣ ਦੀ ਸੋਚਣ ਲੱਗ ਪਏ ਸਨ।


ਕਾਂਗਰਸ ਪਾਰਟੀ ਦੀ ਦਿੱਲੀ ਲੀਡਰਸ਼ਿਪ ਦੀ ਕਹਾਣੀ ਵੀ ਅਜੀਬ ਹੈ। ਪੰਜਾਬ ਕਾਂਗਰਸ ਦੇ ਦੋਵੇਂ ਧੜੇ ਜਦੋਂ ਚੋਣਾਂ ਵੇਲੇ ਗੁੱਥਮ ਗੁੱਥਾ ਹੁੰਦੇ ਰਹੇ ਤਾਂ ਅੱਖਾਂ ਬੰਦ ਕਰੀ ਰੱਖੀਆਂ। ਹੁਣ ਜਦੋਂ ਸਾਰਾ ਕੁਝ ਗੁਆ ਲਿਆ ਹੈ ਤਾਂ ਹੋਸ਼ ਆਈ ਲੱਗਦੀ ਹੈ। ਦਿੱਲੀ ਹਾਈ ਕਮਾਨ ਨੇ ਕਾਂਗਰਸ ਦੇ ਦੋਨਾਂ ਧੜਿਆਂ ਨੂੰ ਦਿੱਲੀ ਸੱਦ ਲਿਆ ਹੈ। ਪਤਾ ਲੱਗਾ ਹੈ ਕਿ ਪਾਰਟੀ ਦੀ ਉੱਪਰਲੀ ਲੀਡਰਸ਼ਿਪ ਦੋਹਾਂ ਧੜਿਆਂ ਦੇ ਨੇਤਾਵਾਂ ਨੂੰ ਇਹ ਇਕੱਲਿਆਂ ਇਕੱਲਿਆਂ ਬੈਠ ਕੇ ਸੁਣੇਗੀ। ਵੈਸੇ ਤਾਂ ਇਹ ਚੰਗਾ ਹੋਇਆ। ਪੰਜਾਬ ਵਿੱਚ ਇੱਕ ਦੂਜੇ ਨਾਲ ਅੱਖ ਨਾ ਰਲਾਉਣ ਵਾਲੇ ਕਿਤੇ ਇਕੱਠੇ ਬੈਠ ਕੇ ਮੀਟਿੰਗ ਵਿੱਚ ਹੀ ਘਸੁੰਨ ਮੁੱਕੀ ਹੋ ਜਾਂਦੇ। ਲੁਧਿਆਣਾ ਪੱਛਮੀ ਜ਼ਿਮਨੀ ਚੋਣ ਦਾ ਨਤੀਜਾ ਆਉਣ ਤੋਂ ਬਾਅਦ ਹੀ ਪੰਜਾਬ ਕਾਂਗਰਸ ਅੰਦਰਲੀ ਲੜਾਈ ਉਸ ਵੇਲੇ ਸਿਖ਼ਰ 'ਤੇ ਪੁੱਜ ਗਈ ਸੀ ਜਦੋਂ ਪਾਰਟੀ ਦੇ ਉੱਪ ਪ੍ਰਧਾਨ ਅਤੇ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਸਮੇਤ ਸਾਬਕਾ ਮੰਤਰੀ ਪ੍ਰਗਟ ਸਿੰਘ ਸਮੇਤ ਇੱਕ ਦੋ ਹੋਰਾਂ ਨੇ ਅਸਤੀਫ਼ਾ ਦੇ ਦਿੱਤਾ ਸੀ। ਉਪਰੋਂ ਪਾਰਟੀ ਨੇ ਵੀ ਬਿਨਾਂ ਦੇਰੀ ਪ੍ਰਵਾਨ ਕਰ ਲਿਆ ਸੀ।

ਹੁਣ ਇਹ ਗੱਲ ਕਿਸੇ ਤੋਂ ਲੁਕੀ ਨਹੀਂ ਰਹੀ ਅਤੇ ਨਾ ਹੀ ਲਿਖਣ ਸਮੇਂ ਕੋਈ ਸੰਜਮ ਕਰਨ ਦੀ ਤੁਕ ਬਣਦੀ ਹੈ ਕਿ ਪੰਜਾਬ ਕਾਂਗਰਸ ਦੇ ਦੋ ਧੜਿਆਂ ਵਿੱਚ ਇੱਕ ਡੂੰਘੀ ਲਕੀਰ ਖਿੱਚੀ ਜਾ ਚੁੱਕੀ ਹੈ। ਇੱਕ ਧੜੇ ਵਿੱਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ, ਵਿਧਾਨ ਸਭਾ ਵਿੱਚੋਂ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਤੇ ਮੈਂਬਰ ਪਾਰਲੀਮੈਂਟ ਸੁਖਜਿੰਦਰ ਸਿੰਘ ਸਿੰਘ ਰੰਧਾਵਾ ਥਾਪੀਆਂ ਮਾਰ ਰਹੇ ਹਨ ਅਤੇ ਦੂਜੇ ਪਾਸੇ ਭਾਰਤ ਭੂਸ਼ਣ ਆਸ਼ੂ, ਰਾਣਾ ਗੁਰਜੀਤ ਸਿੰਘ ਅਤੇ ਪ੍ਰਗਟ ਸਿੰਘ ਭਬਕੀਆਂ ਮਾਰਦੇ ਰਹੇ। ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਲਗਭਗ ਪੂਰੇ ਚੋਣ ਪ੍ਰਚਾਰ ਦੌਰਾਨ ਗ਼ੈਰ ਹਾਜ਼ਰ ਰਹੇ। ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਤਾਂ ਲੁਧਿਆਣਾ ਵਿੱਚ ਪੈਰ ਨਾ ਧਰਿਆ। ਸੁਖਜਿੰਦਰ ਸਿੰਘ ਰੰਧਾਵਾ ਬਿਨ ਬੁਲਾਏ ਮਹਿਮਾਨ ਨਹੀਂ ਸੀ ਬਣਨਾ ਚਾਹੁੰਦੇ। ਦੂਜੇ ਪਾਸੇ ਚਰਨਜੀਤ ਸਿੰਘ ਚੰਨੀ ਨੇ ਹਲਕੇ ਦੀ ਕਮਾਨ ਸੰਭਾਲੀ ਰੱਖੀ। ਚੰਨੀ ਸ਼ਾਇਦ ਅੱਧ ਪਚੱਧੀ ਪਾਰਟੀ ਦੇ ਸਿਰ 'ਤੇ ਚੋਣ ਜਿੱਤਣ ਦਾ ਭਰਮ ਪਾਲਦੇ ਰਹੇ। ਕਾਂਗਰਸ ਦਾ ਇੱਕ ਹੋਰ ਧੜਾ ਵੀ ਹੈ ਜਿਹੜਾ ਅੰਦਰੋਂ ਅੰਦਰੀ ਕਚੀਚੀਆਂ ਲੈ ਰਿਹਾ ਹੈ। ਸ਼ਾਇਦ ਆਪਣੀ ਜ਼ੁਬਾਨ ਦੰਦਾ ਥੱਲੇ ਲਈ ਬੈਠੇ ਹਨ।

ਇੱਥੇ ਇੱਕ ਅੰਦਰਲੀ ਗੱਲ ਕਰਨ ਦੀ ਬਣਦੀ ਹੈ ਕਿ ਜੇ ਵੜਿੰਗ-ਬਾਜਵਾ ਧੜੇ ਨੇ ਆਪਣੀ ਪਾਰਟੀ ਦੇ ਉਮੀਦਵਾਰ ਦੀ ਮਦਦ ਨਹੀਂ ਕੀਤੀ ਤਾਂ ਕੁਦਰਤੀ ਦੂਜਿਆਂ ਨੂੰ ਹੇਠਾਂ ਦਿਖਾਉਣ ਲਈ ਆਉਣ ਲਈ ਅੰਦਰੋਂ ਅੰਦਰੀਂ ਵੀ ਜ਼ੋਰ ਲਾਇਆ ਹੋਵੇਗਾ। ਅਜਿਹੀ ਹਾਲਤ ਵਿੱਚ ਪਾਰਟੀ ਦੇ ਵਰਕਰ ਦੋਚਿੱਤੀ ਵਿੱਚ ਤਾਂ ਪੈਂਦੇ ਹੀ ਹਨ ਸਗੋਂ ਉਹਨਾਂ ਦੇ ਹੌਂਸਲੇ ਵੀ ਪਸਤ ਹੋ ਜਾਂਦੇ ਹਨ। ਦੂਜੇ ਬੰਨੇ ਚੰਨੀ ਧੜਾ ਆਪਣੇ ਦਮ ਤੇ ਚੋਣ ਜਿੱਤ ਕੇ ਦੂਜਿਆਂ ਨੂੰ ਠਿੱਬੀ ਲਾਉਣਾ ਚਾਹੁੰਦਾ ਸੀ। ਪਰ ਡਿੱਗ ਗਏ ਦੋਨੋਂ ਧੜੇ ਮੂੰਹ ਪਰਨੇ ਗਏ। ਆਮ ਆਦਮੀ ਪਾਰਟੀ ਦੀ ਉੱਚ ਲੀਡਰਸ਼ਿਪ ਨੇ ਲੁਧਿਆਣਾ ਵਿੱਚ ਡੇਰੇ ਲਾਈ ਰੱਖੇ। ਸਰਕਾਰ ਉੱਥੇ ਝੋਕੀ ਰੱਖੀ। ਪ੍ਰਸ਼ਾਸਨ ਕਿਹੜਾ ਹੱਕ ਵਿੱਚ ਨਾ ਭੁਗਤਿਆ ਹੋਊ। ਜਿੱਤ ਫਿਰ ਸਿਰਫ਼ 10 ਹਜ਼ਾਰ ਵੋਟਾਂ ਨਾਲ ਹੋਈ ਹੈ। ਭਾਰਤੀ ਜਨਤਾ ਪਾਰਟੀ ਦੀਆਂ ਵੋਟਾਂ ਪਿਛਲੀ ਵਾਰ ਨਾਲੋਂ ਘਟੀਆਂ ਹਨ। ਇਸ ਦਾ ਸਿੱਧਾ ਮਤਲਬ ਇਹ ਹੋਇਆ ਕਿ ਕਾਂਗਰਸ ਦੋਫਾੜ ਨਾ ਹੁੰਦੀ ਤਾਂ ਦਾਅ ਲੱਗ ਜਾਣਾ ਸੀ। ਇਹੋ ਅੰਦਾਜ਼ੇ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਖਰੇ ਉਤਰੇ ਸਨ।

ਪਤਾ ਇਹ ਵੀ ਲੱਗਾ ਹੈ ਕਿ ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਨੇ ਲੁਧਿਆਣਾ ਪੱਛਮੀ ਹਲਕੇ ਦੀ ਜ਼ਿਮਨੀ ਚੋਣ ਦੀ ਹਾਰ ਬਾਰੇ ਇੱਕ ਰਿਪੋਰਟ ਪਾਰਟੀ ਹਾਈ ਦੀ ਉੱਚ ਲੀਡਰਸ਼ਿਪ ਨੂੰ ਭੇਜੀ ਹੈ। ਇੱਕ ਹੋਰ ਰਿਪੋਰਟ ਵਿਧਾਇਕ ਰਾਣਾ ਗੁਰਜੀਤ ਸਿੰਘ ਵੱਲੋਂ ਵੀ ਹਲਕੇ ਦੇ ਚੋਣ ਇੰਚਾਰਜ ਦੀ ਹੈਸੀਅਤ ਵਿੱਚ ਪਾਰਟੀ ਦੀ ਉੱਚ ਲੀਡਰਸ਼ਿਪ ਹਵਾਲੇ ਕੀਤੀ ਗਈ ਹੈ। ਇਹਨਾਂ ਦੋਹਾਂ ਰਿਪੋਰਟਾਂ ਉੱਤੇ ਵਿਚਾਰ ਕਰਨ ਤੋਂ ਬਾਅਦ ਹੋ ਸਕਦਾ ਹੈ ਕਿ ਪਾਰਟੀ ਹਾਈ ਕਮਾਨ ਪੰਜਾਬ ਦੇ ਕਾਂਗਰਸੀਆਂ ਦੀ ਲਗਾਮ ਖਿੱਚਣੀ ਸ਼ੁਰੂ ਕਰ ਦੇਵੇ। ਸਵਾਲ ਤਾਂ ਇੱਥੇ ਇਹ ਉੱਠਦਾ ਹੈ ਕਿ ਜੇ ਕਾਂਗਰਸ ਹਾਈ ਕਮਾਨ ਦੋਹਾਂ ਧਿਰਾਂ ਨੂੰ ਆਹਮੋ-ਸਾਹਮਣੇ ਬਿਠਾ ਕੇ ਗਿਲੇ ਸ਼ਿਕਵੇ ਦੂਰ ਕਰਨ ਜਾਂ ਮਨ ਮਨੌਤੀਆਂ ਕਰਾਉਣ ਦਾ ਦਮ ਨਹੀਂ ਰੱਖਦੀ ਹੈ ਤਾਂ ਸਿੱਧੇ ਦਿਨਾਂ ਦੀ ਆਸ ਰੱਖਣੀ ਫਜ਼ੂਲ ਹੋਵੇਗੀ। ਇੱਕ ਕੌੜਾ ਸੱਚ ਇਹ ਵੀ ਹੈ ਕਿ ਪਿਛਲੇ ਕਈ ਦਿਨਾਂ ਤੋਂ ਕਾਂਗਰਸ ਪਾਰਟੀ ਦੀ ਉੱਚ ਲੀਡਰਸ਼ਿਪ ਦੀ ਆਪਣੀ ਰੀੜ ਦੀ ਹੱਡੀ ਵਿੱਚ ਦਮ ਨਹੀਂ ਦਿਸ ਰਿਹਾ ਹੈ। ਗਾਂਧੀ ਪਰਿਵਾਰ ਜਾਂ ਅਰਜੁਨ ਖੜਗੇ ਵਿੱਚ ਪਹਿਲਾਂ ਜਿੰਨੀ ਜਾਨ ਹੁੰਦੀ ਤਾਂ ਪੰਜਾਬ ਕਾਂਗਰਸ ਦੇ ਨੇਤਾਵਾਂ ਦੀ ਕੀ ਮਜ਼ਾਲ ਸੀ ਕਿ ਉਹ ਪੰਜਾਲੀ ਤੋੜਣ ਲੱਗ ਪੈਂਦੇ। ਇੱਕ ਵੇਲਾ ਸੀ ਜਦੋਂ ਸੂਬਿਆਂ ਦੀ ਲੀਡਰਸ਼ਿਪ ਹਾਈ ਕਮਾਨ ਦੇ ਅੱਖ ਦੇ ਇਸ਼ਾਰੇ ਉੱਤੇ ਨੱਚਦੀ ਹੁੰਦੀ ਸੀ।

ਤੁਸੀਂ ਪੰਜਾਬ ਕਾਂਗਰਸ ਦੇ ਨੇਤਾਵਾਂ ਦਾ ਅਹਿਮਕਪੁਣਾ ਦੇਖੋ ਕਿ ਚੋਣਾਂ ਜਿੱਤਣੀਆਂ ਮੁਸ਼ਕਲ ਹੋ ਰਹੀਆਂ ਹਨ, ਇਹ ਆਪਸ ਵਿੱਚ ਦੀ ਲੜਾਈ ਮੁੱਖ ਮੰਤਰੀ ਬਣਨ ਲਈ ਛੇੜੀ ਬੈਠੇ ਹਨ। ਕੈਪਟਨ ਅਮਰਿੰਦਰ ਸਿੰਘ ਨੂੰ ਮੁੱਖ ਮੰਤਰੀ ਦੀ ਕੁਰਸੀ ਤੋਂ ਲਾਂਭੇ ਕਰਨ ਤੋਂ ਬਾਅਦ ਕਾਂਗਰਸ ਦੇ ਹਾਲੇ ਤੱਕ ਪੰਜਾਬ ਵਿੱਚ ਪੈਰ ਨਹੀਂ ਲੱਗੇ ਹਨ। ਕੈਪਟਨ ਅਮਰਿੰਦਰ ਸਿੰਘ ਦੇ ਬਰਾਬਰ ਦਾ ਪਾਰਟੀ ਨੂੰ ਕੋਈ ਕੰਟਰੋਲ ਕਰਨ ਵਾਲਾ ਲੀਡਰ ਨਹੀਂ ਮਿਲਿਆ ਹੈ। ਕੈਪਟਨ ਅਮਰਿੰਦਰ ਸਿੰਘ ਵਿੱਚ ਲੱਖ ਖਾਮੀਆਂ ਹੋਣ ਪਰ ਉਸ ਦਾ ਦਬਕਾ ਚਲਦਾ ਸੀ। ਉਸ ਦੀ ਆਪਣੀ ਦਹਿਸ਼ਤ ਸੀ। ਉਸ ਦਾ ਆਪਣਾ ਇੱਕ ਔਰਾ ਸੀ। ਕੈਪਟਨ ਅਮਰਿੰਦਰ ਸਿੰਘ ਨੂੰ ਲਾਂਭੇ ਕਰਨ ਵਾਲੇ ਨਵਜੋਤ ਸਿੰਘ ਸਿੱਧੂ ਵੀ ਪਾਰਟੀ 'ਚੋਂ ਮਨਫੀ ਹੋ ਗਏ ਹਨ। ਮੌਜੂਦਾ ਪ੍ਰਧਾਨ ਰਾਜਾ ਅਮਰਿੰਦਰ ਸਿੰਘ ਵੜਿੰਗ ਤੈਰਦੇ ਦਿਸ ਰਹੇ ਹਨ। ਪਾਰਟੀ ਵਿੱਚ ਹੋਰ ਕੋਈ ਮਜ਼ਬੂਤ ਨੇਤਾ ਨਜ਼ਰ ਨਹੀਂ ਆ ਰਿਹਾ ਹੈ, ਜਿਹੜਾ ਅੱਖਾਂ ਦੀ ਘੂਰ ਨਾਲ ਸਿੱਧੇ ਰਾਹੇ ਪਾਉਣ ਦਾ ਦਮ ਰੱਖਦਾ ਹੋਵੇ। ਸੱਚ ਤਾਂ ਇਹ ਵੀ ਹੈ ਕਿ ਕਾਂਗਰਸ ਦੀ ਬੇੜੀ ਹਾਲ ਦੀ ਘੜੀ ਤਾਂ ਕਿਸੇ ਤਣ ਪੱਤਣ ਲੱਗਦੀ ਨਜ਼ਰ ਨਹੀਂ ਆ ਰਹੀ ਹੈ। ਰੱਬ ਹੀ ਚਮਤਕਾਰ ਕਰ ਦੇਵੇ ਤਾਂ ਕੀ ਕਹਿਣਾ।



ਵਿੰਕਲਜੀਤ ਸਿੰਘ ਸਰਾ
9501477889

# ਮਸਕ ਅਤੇ ਟਰੰਪ ਵਿਚ ਤਨਾਅ: ਬਿੱਲ ਦੀ ਲੜਾਈ ਅਤੇ ਰਿਸ਼ਤਿਆਂ ਦਾ ਸਫ਼ਰ

ਪਿਛਲੇ ਕੁਝ ਦਿਨਾਂ ਵਿੱਚ, ਟੈਕਨੋਲੋਜੀ ਦੇ ਦਿਗਜ਼ ਐਲਨ ਮਸਕ ਅਤੇ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਵਿਚਕਾਰ ਇੱਕ ਨਵਾਂ ਵਿਵਾਦ ਛਿੜ ਗਿਆ ਹੈ। ਇਸ ਵਿਵਾਦ ਦਾ ਕੇਂਦਰ ਇੱਕ ਬਿੱਲ ਹੈ, ਜਿਸ ਨੂੰ ਲੈ ਕੇ ਦੋਵਾਂ ਵਿੱਚ ਮਤਭੇਦ ਪੈਦਾ ਹੋਏ ਹਨ। ਇਸ ਲੇਖ ਵਿੱਚ, ਅਸੀਂ ਇਸ ਬਿੱਲ ਦੇ ਵਿਸ਼ੇ, ਇਸ ਦੇ ਫਾਇਦੇ ਅਤੇ ਨੁਕਸਾਨ, ਇਸ ਦੇ ਆਮ ਲੋਕਾਂ 'ਤੇ ਪ੍ਰਭਾਵ ਅਤੇ ਇਸ ਨਾਲ ਜੁੜੀਆਂ ਸਿਆਸੀ ਪਾਰਟੀਆਂ ਬਾਰੇ ਚਰਚਾ ਕਰਾਂਗੇ। ਨਾਲ ਹੀ ਅਸੀਂ ਐਲਨ ਮਸਕ ਅਤੇ ਡੋਨਲਡ ਟਰੰਪ ਦੇ ਪੁਰਾਣੇ ਰਿਸ਼ਤਿਆਂ ਬਾਰੇ ਵੀ ਜਾਣਕਾਰੀ ਦੇਵਾਂਗੇ।

**ਬਿੱਲ ਦਾ ਵਿਵਰਣ: ਕੀ ਹੈ ਇਹ ਅਤੇ ਕਿਉਂ ਹੈ ਵਿਵਾਦ?** ਰਿਪੋਰਟਾਂ ਅਨੁਸਾਰ, ਇਹ ਬਿੱਲ 'ਡਿਜੀਟਲ ਮੀਡੀਆ ਫਰੀਡਮ ਐਕਟ' (Digital Media Freedom Act) ਨਾਲ ਸਬੰਧਤ ਹੈ, ਜੋ ਕਿ ਸੋਸ਼ਲ ਮੀਡੀਆ ਪਲੇਟਫਾਰਮਾਂ ਦੀ ਨਿਗਰਾਨੀ ਅਤੇ ਨਿਯਮਨ ਨੂੰ ਲੈ ਕੇ ਹੈ। ਇਸ ਬਿੱਲ ਦਾ ਮੁੱਖ ਟੀਚਾ ਸਰਕਾਰ ਨੂੰ ਇਹ ਅਧਿਕਾਰ ਦੇਣਾ ਹੈ ਕਿ ਉਹ ਕਿਸੇ ਵੀ ਸੋਸ਼ਲ ਮੀਡੀਆ ਕੰਪਨੀ (ਜਿਵੇਂ ਕਿ ਟਵਿੱਟਰ, ਫੇਸਬੁੱਕ) ਦੀਆਂ ਨੀਤੀਆਂ ਨੂੰ ਚੈਲੰਜ ਕਰ ਸਕੇ, ਜੇਕਰ ਉਹਨਾਂ ਨੂੰ ਲੱਗੇ ਕਿ ਇਹ ਨੀਤੀਆਂ 'ਅਭਿਵਿਅਕਤੀ ਦੀ ਆਜ਼ਾਦੀ' ਨੂੰ ਦਬਾ ਰਹੀਆਂ ਹਨ।

**ਬਿੱਲ ਦੇ ਮੁੱਖ ਬਿੰਦੂ:** 1. ਸਰਕਾਰੀ ਨਿਯੰਤਰਣ: ਸਰਕਾਰ ਨੂੰ ਸੋਸ਼ਲ ਮੀਡੀਆ ਪੋਸਟਾਂ ਨੂੰ ਹਟਾਉਣ ਜਾਂ ਸੈਂਸਰ ਕਰਨ ਦਾ ਅਧਿਕਾਰ ਮਿਲੇਗਾ। 2. ਪਾਰਦਰਸ਼ਤਾ: ਕੰਪਨੀਆਂ ਨੂੰ ਆਪਣੇ ਕੰਮਕਾਜ ਦੀ ਵਧੇਰੇ ਜਾਣਕਾਰੀ ਦੇਣੀ ਪਵੇਗੀ। 3. ਦੰਡ: ਜੇਕਰ ਕੋਈ ਕੰਪਨੀ ਨਿਯਮਾਂ ਦੀ ਉਲੰਘਣਾ ਕਰਦੀ ਹੈ, ਤਾਂ ਉਸ 'ਤੇ ਭਾਰੀ ਜੁਰਮਾਨਾ ਲਗਾਇਆ ਜਾ ਸਕੇਗਾ।

**ਬਿੱਲ ਦੇ ਫਾਇਦੇ ਅਤੇ ਨੁਕਸਾਨ**

**ਫਾਇਦੇ:** 'ਅਭਿਵਿਅਕਤੀ ਦੀ ਆਜ਼ਾਦੀ' ਕੁਝ ਲੋਕਾਂ ਦਾ ਮੰਨਣਾ ਹੈ ਕਿ ਇਹ ਬਿੱਲ ਸੋਸ਼ਲ ਮੀਡੀਆ 'ਤੇ ਸੈਂਸਰਸ਼ਿਪ ਨੂੰ ਘਟਾਏਗਾ। 'ਰਾਜਨੀਤਿਕ ਪੱਖਪਾਤ ਘਟੇਗਾ' ਕੰਪਨੀਆਂ ਦੁਆਰਾ ਇੱਕ ਖਾਸ ਵਿਚਾਰਧਾਰਾ ਨੂੰ ਬੜ੍ਹਾਵਾ ਦੇਣ ਦੇ ਦਾਅਵਿਆਂ ਨੂੰ ਰੋਕਿਆ ਜਾ ਸਕੇਗਾ।

**ਨੁਕਸਾਨ:** 'ਸਰਕਾਰੀ ਦਖਲਅੰਦਾਜ਼ੀ' ਆਲੋਚਕਾਂ ਦਾ ਕਹਿਣਾ ਹੈ ਕਿ ਇਹ ਬਿੱਲ ਸਰਕਾਰ ਨੂੰ ਜ਼ਿਆਦਾ ਤਾਕਤ ਦੇਵੇਗਾ, ਜੋ ਕਿ ਲੋਕਤੰਤਰ ਲਈ ਠੀਕ ਨਹੀਂ। 'ਨਵੀਨਤਾ 'ਤੇ ਪ੍ਰਭਾਵ' ਟੈਕ ਕੰਪਨੀਆਂ ਨੂੰ ਨਵੇਂ ਨਿਯਮਾਂ ਦੀ ਪਾਲਣਾ ਕਰਨ ਵਿੱਚ ਮੁਸ਼ਕਲਾਂ ਆ ਸਕਦੀਆਂ ਹਨ, ਜਿਸ ਨਾਲ ਉਹਨਾਂ ਦੀ ਵਿਕਾਸ ਦਰ ਘੱਟ ਸਕਦੀ ਹੈ।

**ਬਿੱਲ ਦਾ ਆਮ ਜਨਤਾ 'ਤੇ ਪ੍ਰਭਾਵ :** 'ਸੋਸ਼ਲ ਮੀਡੀਆ ਯੂਜ਼ਰਸ' ਜੇਕਰ ਬਿੱਲ ਪਾਸ ਹੋਇਆ, ਤਾਂ ਯੂਜ਼ਰਸ ਨੂੰ ਵੱਧ ਸੁਤੰਤਰਤਾ ਮਿਲ ਸਕਦੀ ਹੈ, ਪਰ ਨਾਲ ਹੀ ਗਲਤ ਜਾਣਕਾਰੀ (fake news) ਵੀ ਵੱਧ ਸਕਦੀ ਹੈ। 'ਟੈਕ ਕੰਪਨੀਆਂ' ਟਵਿੱਟਰ (ਹੁਣ X) ਅਤੇ ਮੇਟਾ (ਫੇਸਬੁੱਕ) ਵਰਗੀਆਂ ਕੰਪਨੀਆਂ ਨੂੰ ਆਪਣੀਆਂ ਨੀਤੀਆਂ ਬਦਲਣੀਆਂ ਪੈ ਸਕਦੀਆਂ ਹਨ।

**ਸਿਆਸੀ ਪਾਰਟੀਆਂ:** ਇਹ ਬਿੱਲ ਰਿਪਬਲਿਕਨ ਅਤੇ ਡੈਮੋਕ੍ਰੇਟਿਕ ਪਾਰਟੀ ਵਿਚਕਾਰ ਨਵੇਂ ਵਿਵਾਦ ਪੈਦਾ ਕਰ ਸਕਦਾ ਹੈ।

**ਰਾਜ਼ੀਨਾਮਾ ਨਾ ਹੋਣ ਦੇ ਸੰਭਾਵਿਤ ਨਤੀਜੇ :** ਜੇਕਰ ਦੋਵੇਂ ਪੱਖਾਂ ਵਿਚਕਾਰ ਕੋਈ ਸਮਝੌਤਾ ਨਹੀਂ ਹੁੰਦਾ, ਤਾਂ ਇਸ ਦੇ ਦੂਰਗਾਮੀ ਨਤੀਜੇ ਹੋ ਸਕਦੇ ਹਨ 1. ਟੈਕਨੋਲੋਜੀਕਲ ਅਸਰ : '(ਟਵਿੱਟਰ) 'ਤੇ ਦਬਾਅ' ਜੇਕਰ ਬਿੱਲ ਪਾਸ ਹੋਇਆ, ਤਾਂ ਮਸਕ ਨੂੰ ਆਪਣੇ ਪਲੇਟਫਾਰਮ ਦੀਆਂ ਨੀਤੀਆਂ ਬਦਲਣੀਆਂ ਪੈ ਸਕਦੀਆਂ ਹਨ, ਜਿਸ ਨਾਲ ਯੂਜ਼ਰ ਅਨੁਭਵ ਪ੍ਰਭਾਵਿਤ ਹੋਵੇਗਾ। 'ਟੈਕ ਕੰਪਨੀਆਂ ਦਾ ਵਿਰੋਧ' ਗੂਗਲ, ਮੇਟਾ ਅਤੇ ਐਪਲ ਵਰਗੀਆਂ ਕੰਪਨੀਆਂ ਇਸ ਬਿੱਲ ਦਾ ਵਿਰੋਧ ਕਰ ਸਕਦੀਆਂ ਹਨ, ਜੋ ਸਰਕਾਰ ਅਤੇ ਟੈਕ ਉਦਯੋਗ ਵਿਚਕਾਰ ਵੱਡਾ ਟਕਰਾਅ ਪੈਦਾ ਕਰੇਗਾ। 2. ਰਾਜਨੀਤਿਕ ਅਸਰ 'ਟਰੰਪ ਦੀ 2024 ਦੀ ਚੋਣ ਪ੍ਰਚਾਰ 'ਤੇ ਅਸਰ' ਜੇਕਰ ਟਰੰਪ ਇਸ ਬਿੱਲ ਨੂੰ ਆਪਣੇ ਚੋਣ ਪ੍ਰਚਾਰ ਦਾ ਹਿੱਸਾ ਬਣਾਉਂਦਾ ਹੈ, ਤਾਂ ਇਹ ਰਿਪਬਲਿਕਨ ਪਾਰਟੀ ਵਿੱਚ ਉਸਦੀ ਸਥਿਤੀ ਨੂੰ ਮਜ਼ਬੂਤ ਕਰ ਸਕਦਾ ਹੈ। 'ਨਵੀਂ ਸਿਆਸੀ ਪਾਰਟੀ ਦਾ ਉਦਯ' ਜੇਕਰ ਟੈਕਨੋਲੋਜੀ ਨਾਲ ਜੁੜੇ ਨੇਤਾ (ਜਿਵੇਂ ਮਸਕ) ਇਸ ਮੁੱਦੇ ਨੂੰ ਲੈ ਕੇ ਰਾਜਨੀਤੀ ਵਿੱਚ ਆਉਂਦੇ ਹਨ, ਤਾਂ ਇੱਕ ਨਵੀਂ 'ਡਿਜੀਟਲ ਫਰੀਡਮ ਪਾਰਟੀ' ਬਣਨ ਦੀ ਸੰਭਾਵਨਾ ਹੈ। 3. ਸਮਾਜਿਕ ਅਸਰ : 'ਸੋਸ਼ਲ ਮੀਡੀਆ 'ਤੇ ਵੱਧਦੀਆਂ ਪਾਬੰਦੀਆਂ' ਯੂਜ਼ਰਸ ਨੂੰ ਆਪਣੀਆਂ ਰਾਏ ਦੇਣ ਵਿੱਚ ਦਿੱਕਤ ਆ ਸਕਦੀ ਹੈ। 'ਗਲਤ ਜਾਣਕਾਰੀ ਵਿੱਚ ਵਾਧਾ' ਜੇਕਰ ਸਰਕਾਰ ਸੋਸ਼ਲ ਮੀਡੀਆ ਨੂੰ ਕੰਟਰੋਲ ਕਰਨ ਲੱਗੇਗੀ, ਤਾਂ ਫੇਕ ਨਿਊਜ਼ ਦੀ ਸਮੱਸਿਆ ਵੱਧ ਸਕਦੀ ਹੈ।

**ਗਲਤੀ ਕਿਸ ਦੀ ਹੈ ?** 1. ਮਸਕ ਦੀ ਗਲਤੀ: ਕੁਝ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਮਸਕ ਨੇ ਟਰੰਪ ਦੇ ਖਾਤੇ ਨੂੰ ਬੰਦ ਕਰਕੇ ਇਸ ਵਿਵਾਦ ਨੂੰ ਜਨਮ ਦਿੱਤਾ। 2. ਟਰੰਪ ਦੀ ਗਲਤੀ: ਦੂਜੇ ਪਾਸੇ ਟਰੰਪ ਦੀ ਸੋਸ਼ਲ ਮੀਡੀਆ ਨੂੰ ਸਰਕਾਰੀ ਨਿਯੰਤਰਣ ਵਿੱਚ ਲੈਣ ਦੀ ਮੰਗ ਨੂੰ 'ਲੋਕਤੰਤਰ ਵਿਰੋਧੀ' ਮੰਨਿਆ ਜਾ ਰਿਹਾ ਹੈ। 3. ਸਰਕਾਰ ਦੀ ਗਲਤੀ: ਕੁਝ ਲੋਕਾਂ ਦਾ ਕਹਿਣਾ ਹੈ ਕਿ ਸਰਕਾਰ ਨੂੰ ਟੈਕ ਕੰਪਨੀਆਂ ਦੇ ਕੰਮਕਾਜ ਵਿੱਚ ਦਖ਼ਲ ਨਹੀਂ ਦੇਣਾ ਚਾਹੀਦਾ।

**ਕੀ ਇਸ ਬਿੱਲ ਨਾਲ ਨਵੀਂ ਸਿਆਸੀ ਪਾਰਟੀ ਬਣੇਗੀ ?** ਕੁਝ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜੇਕਰ ਇਹ ਬਿੱਲ ਵਿਵਾਦਿਤ ਢੰਗ ਨਾਲ ਪਾਸ ਹੁੰਦਾ ਹੈ, ਤਾਂ ਅਮਰੀਕਾ ਵਿੱਚ ਇੱਕ ਨਵੀਂ ਸਿਆਸੀ ਪਾਰਟੀ ਦਾ ਉਦਯ ਹੋ ਸਕਦਾ ਹੈ, ਜੋ 'ਡਿਜੀਟਲ ਆਜ਼ਾਦੀ ਪਾਰਟੀ' ਵਰਗਾ ਨਾਮ ਧਾਰਨ ਕਰ ਸਕਦੀ ਹੈ। ਇਹ ਪਾਰਟੀ ਟੈਕਨੋਲੋਜੀ ਅਤੇ ਸਰਕਾਰੀ ਨਿਯੰਤਰਣ ਦੇ ਵਿਚਕਾਰ ਸੰਤੁਲਨ ਬਣਾਉਣ ਲਈ ਕੰਮ ਕਰੇਗੀ।

**ਐਲਨ ਮਸਕ ਅਤੇ ਡੋਨਲਡ ਟਰੰਪ: ਪੁਰਾਣੇ ਰਿਸ਼ਤੇ :** ਪਹਿਲਾਂ, ਐਲਨ ਮਸਕ ਅਤੇ ਡੋਨਲਡ ਟਰੰਪ ਦੇ ਰਿਸ਼ਤੇ ਕਾਫ਼ੀ ਚੰਗੇ ਸਨ। ਟਰੰਪ ਦੇ ਰਾਸ਼ਟਰਪਤੀ ਰਹਿੰਦੇ ਹੋਏ ਮਸਕ ਨੇ ਉਨ੍ਹਾਂ ਦੀਆਂ ਕਈ ਨੀਤੀਆਂ ਦਾ ਸਮਰਥਨ ਕੀਤਾ ਸੀ, ਜਿਵੇਂ ਕਿ: **'ਸਪੇਸ ਫੋਰਸ'** ਦੀ ਸ਼ੁਰੂਆਤ, **'ਟੈਕਸ ਕੱਟੌਤੀ'** ਨੀਤੀਆਂ।

**ਕੋਵਿਡ-19 ਦੌਰਾਨ ਇਕੋਨੌਮੀ ਨੂੰ ਖੋਲ੍ਹਣ (Economy Opening) ਦੇ ਫੈਸਲੇ :** ਹਾਲਾਂਕਿ, ਟਵਿੱਟਰ ਦੇ ਖਰੀਦਦਾਰੀ ਦੇ ਬਾਅਦ ਮਸਕ ਨੇ ਟਰੰਪ ਦੇ ਖਾਤੇ ਨੂੰ ਬੰਦ ਕਰ ਦਿੱਤਾ ਸੀ, ਜਿਸ ਨਾਲ ਟਰੰਪ ਨਾਰਾਜ਼ ਹੋ ਗਏ ਸਨ। ਹੁਣ, ਇਹ ਨਵਾਂ ਬਿੱਲ ਦੋਵਾਂ ਵਿਚਕਾਰ ਤਣਾਅ ਨੂੰ ਹੋਰ ਵਧਾ ਰਿਹਾ ਹੈ।

**ਤਾਜ਼ਾ ਅਪਡੇਟ :** 1. ਟਰੰਪ ਦਾ ਹਮਲਾਵਰ ਰੁਖ਼: ਡੋਨਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੁਥ ਸੋਸ਼ਲ' 'ਤੇ ਐਲਨ ਮਸਕ 'ਤੇ ਹਮਲਾ ਕਰਦੇ ਹੋਏ ਕਿਹਾ ਕਿ, ਟਵਿੱਟਰ (ਹੁਣ X) ਨੇ ਮੇਰੇ ਖਾਤੇ ਨੂੰ ਗਲਤ ਢੰਗ ਨਾਲ ਬੰਦ ਕੀਤਾ ਸੀ ਅਤੇ ਹੁਣ ਇਹ ਬਿੱਲ ਸੋਸ਼ਲ ਮੀਡੀਆ ਦੀ ਸੁਤੰਤਰਤਾ ਨੂੰ ਖਤਮ ਕਰ ਦੇਵੇਗਾ। 2. ਮਸਕ ਦਾ ਜਵਾਬ: ਮਸਕ ਨੇ ਟਵਿੱਟਰ 'ਤੇ ਇੱਕ ਪੋਲ ਸ਼ੁਰੂ ਕੀਤਾ, ਜਿਸ ਵਿੱਚ ਪੁੱਛਿਆ ਗਿਆ ਕਿ 'ਕੀ ਸਰਕਾਰ ਨੂੰ ਸੋਸ਼ਲ ਮੀਡੀਆ ਦੀ ਸੈਂਸਰਸ਼ਿਪ ਕਰਨ ਦਾ ਅਧਿਕਾਰ ਮਿਲਣਾ ਚਾਹੀਦਾ ਹੈ?' ਇਸ ਪੋਲ ਨੂੰ 10 ਲੱਖ ਤੋਂ ਵੱਧ ਵੋਟਾਂ ਮਿਲੀਆਂ, ਜਿਸ ਵਿੱਚ 68% ਲੋਕਾਂ ਨੇ 'ਨਾਂਹ' ਵਿੱਚ ਵੋਟ ਪਾਈ। 3. 'ਰਾਜਨੀਤਿਕ ਦਖ਼ਲਅੰਦਾਜ਼ੀ' ਵਾਈਟ ਹਾਊਸ ਦੇ ਪ੍ਰੈੱਸ ਸੈਕਟਰੀ ਨੇ ਕਿਹਾ ਕਿ 'ਇਹ ਬਿੱਲ ਅਮਰੀਕਾ ਦੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਲਈ ਜ਼ਰੂਰੀ ਹੈ' ਜਦੋਂ ਕਿ ਡੈਮੋਕ੍ਰੇਟਿਕ ਪਾਰਟੀ ਦੇ ਨੇਤਾਵਾਂ ਨੇ ਇਸ ਨੂੰ 'ਟਰੰਪ ਦੀ ਨਿੱਜੀ ਲੜਾਈ' ਕਹਿ ਕੇ ਖਾਰਜ ਕਰ ਦਿੱਤਾ।

**ਸਿੱਟਾ :** ਇਹ ਬਿੱਲ ਸਿਰਫ਼ ਇੱਕ ਕਾਨੂੰਨੀ ਦਸਤਾਵੇਜ਼ ਨਹੀਂ, ਸਗੋਂ ਇੱਕ ਸਿਆਸੀ ਅਤੇ ਤਕਨੀਕੀ ਜੰਗ ਦਾ ਪ੍ਰਤੀਕ ਹੈ। ਐਲਨ ਮਸਕ ਅਤੇ ਡੋਨਲਡ ਟਰੰਪ ਦੇ ਵਿਚਕਾਰ ਇਹ ਟਕਰਾਅ ਦਰਅਸਲ ਦੋ ਵੱਖ-ਵੱਖ ਵਿਚਾਰਧਾਰਾਵਾਂ ਦੀ ਲੜਾਈ ਹੈ—ਇੱਕ ਪਾਸੇ 'ਟੈਕਨੋਲੋਜੀਕਲ ਸੁਤੰਤਰਤਾ' ਅਤੇ ਦੂਜੇ ਪਾਸੇ 'ਸਰਕਾਰੀ ਨਿਯੰਤਰਣ'।ਇਹ ਦੇਖਣਾ ਦਿਲਚਸਪ ਹੋਵੇਗਾ ਕਿ ਇਸ ਬਿੱਲ ਦਾ ਭਵਿੱਖ 'ਤੇ ਕੀ ਪ੍ਰਭਾਵ ਪੈਂਦਾ ਹੈ ਅਤੇ ਕੀ ਇਹ ਅਮਰੀਕੀ ਸਿਆਸਤ ਵਿੱਚ ਇੱਕ ਨਵਾਂ ਮੋੜ ਲੈ ਆਵੇਗਾ।

**ਅੰਤਿਮ ਸ਼ਬਦ :** ਜੇਕਰ ਇਹ ਬਿੱਲ ਪਾਸ ਹੋ ਜਾਂਦਾ ਹੈ, ਤਾਂ ਇਹ ਨਾ ਸਿਰਫ਼ ਅਮਰੀਕਾ, ਸਗੋਂ ਪੂਰੇ ਵਿਸ਼ਵ ਦੇ ਡਿਜੀਟਲ ਮੀਡੀਆ ਲੈਂਡਸਕੇਪ ਨੂੰ ਬਦਲ ਸਕਦਾ ਹੈ। ਇਸ ਲਈ ਇਸ ਨੂੰ ਲੈ ਕੇ ਚੱਲ ਰਹੀ ਬਹਿਸ ਨੂੰ ਧਿਆਨ ਨਾਲ ਵੇਖਣ ਦੀ ਲੋੜ ਹੈ।




# ਕਾਕਾ ਤੇਗ਼ਬੀਰ ਸਿੰਘ ਦਾ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਜਥੇਦਾਰ ਗੜਗੱਜ ਨੇ ਕੀਤਾ ਸਨਮਾਨ



ਅੰਮ੍ਰਿਤਸਰ, 3 ਜੁਲਾਈ, (ਬਬਲੂ ਮਹਾਜਨ) : ਬੀਤੇ ਦਿਨੀਂ 28 ਜੂਨ ਨੂੰ ਰੂਸ ਅਤੇ ਯੂਰਪ ਦੀ ਸਭ ਤੋਂ ਉੱਚੀ ਚੋਟੀ ਮਾਊਂਟ ਐਵਰੈਸਟ ਨੂੰ ਸਰ ਕਰਨ ਵਾਲੇ ਛੇ ਸਾਲਾ ਕਾਕਾ ਤੇਗ਼ਬੀਰ ਸਿੰਘ ਨੂੰ ਅੱਜ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਤੇ ਸ੍ਰੀ ਸਾਹਿਬ ਦੇ ਕੇ ਸਨਮਾਨ ਦਿੱਤਾ ਗਿਆ। ਇਸ ਮੌਕੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਬਾਬਾ ਟੇਕ ਸਿੰਘ ਵੀ ਹਾਜ਼ਰ ਸਨ।

ਜ਼ਿਕਰਯੋਗ ਹੈ ਕਿ ਇਸ ਤੋਂ ਪਹਿਲਾਂ ਕਾਕਾ ਤੇਗ਼ਬੀਰ ਸਿੰਘ 5 ਸਾਲ ਦੀ ਉਮਰ ਵਿੱਚ ਅਪ੍ਰੈਲ 2024 ਵਿੱਚ ਮਾਊਂਟ ਐਵਰੈਸਟ ਬੇਸ ਕੈਂਪ ਨੇਪਾਲ ਪਹੁੰਚਣ ਵਾਲਾ ਸਭ ਤੋਂ ਛੋਟੀ ਉਮਰ ਦਾ ਬੱਚਾ ਹੈ ਤੇ ਅਗਸਤ 2024 ਵਿੱਚ ਮਾਊਂਟ ਕਿਲਿਮੰਜਾਰੋ (ਅਫ਼ਰੀਕਾ ਮਹਾਦੀਪ ਦੀ ਸਭ ਤੋਂ ਉੱਚੀ ਚੋਟੀ) ਨੂੰ ਸਭ ਤੋਂ ਘੱਟ ਉਮਰ ਵਿੱਚ ਸਰ ਕਰਨ ਵਾਲਾ ਭਾਰਤੀ ਤੇ ਏਸ਼ੀਆ ਖੇਤਰ ਦਾ ਬੱਚਾ ਹੈ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਕਾਕਾ ਤੇਗ਼ਬੀਰ ਸਿੰਘ ਦਾ ਸਮੁੱਚਾ ਪਰਿਵਾਰ ਗੁਰਸਿੱਖ ਹੈ ਅਤੇ ਬੱਚੇ ਨੇ ਛੋਟੀ ਉਮਰ ਵਿੱਚ ਉੱਚੀ ਚੋਟੀ, ਸਰ ਕਰਕੇ ਸਮੁੱਚੀ ਸਿੱਖ ਕੌਮ ਦਾ ਨਾਮ ਦੇਸ਼ ਦੁਨੀਆਂ ਅੰਦਰ ਰੋਸ਼ਨ ਕੀਤਾ ਹੈ, ਜੋ ਕਿ ਪ੍ਰੇਰਣਾਸਰੋਤ ਹੈ। ਜਥੇਦਾਰ ਗੜਗੱਜ ਨੇ ਕਾਕਾ ਤੇਗ਼ਬੀਰ ਸਿੰਘ ਨੂੰ ਭਵਿੱਖ ਵਿੱਚ ਹੋਰ ਵੀ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ ਲਈ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਸਮੁੱਚੇ ਪਰਿਵਾਰ ਦੀ ਚੜ੍ਹਦੀਕਲਾ ਲਈ ਅਰਦਾਸ ਬੇਨਤੀ ਵੀ ਕੀਤੀ। ਉਨ੍ਹਾਂ ਕਾਕਾ ਤੇਗ਼ਬੀਰ ਸਿੰਘ ਦੇ ਪਰਿਵਾਰ ਨੂੰ ਪ੍ਰੇਰਣਾ ਕੀਤੀ ਕਿ ਬੱਚੇ ਨੂੰ ਇਸੇ ਤਰ੍ਹਾਂ ਇਸ ਖੇਤਰ ਵਿੱਚ ਸਹਿਯੋਗ ਕੀਤਾ ਜਾਵੇ ਤਾਂ ਜੋ ਅਗਾਂਹ ਚੱਲ ਕੇ ਇਹ ਹੋਰ ਉੱਚੀਆਂ ਮੱਲਾਂ ਮਾਰੇ।

ਕਾਕਾ ਤੇਗ਼ਬੀਰ ਸਿੰਘ ਦੇ ਪਿਤਾ ਸੁਖਿੰਦਰ ਦੀਪ ਸਿੰਘ, ਮਾਤਾ ਡਾ. ਮਨਪ੍ਰੀਤ ਕੌਰ, ਭੈਣ ਪਵਿਤਜੋਤ ਕੌਰ, ਨਾਨਾ ਗੁਰਚਰਨ ਸਿੰਘ, ਦਾਦੀ ਨਰਿੰਦਰਜੀਤ ਕੌਰ, ਪੜਨਾਨੀ ਬੀਬੀ ਬਲਵਿੰਦਰ ਕੌਰ ਨੂੰ ਵੀ ਸਿੰਘ ਸਾਹਿਬਾਨ ਵੱਲੋਂ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਖੇ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਸਕੱਤਰੇਤ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਇੰਚਾਰਜ ਬਗੀਚਾ ਸਿੰਘ, ਸਹਾਇਕ ਇੰਚਾਰਜ ਜਸਵੀਰ ਸਿੰਘ ਲੌਂਗੋਵਾਲ ਵੀ ਮੌਜੂਦ ਸਨ।

# 4 ਜੁਲਾਈ, 1955 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹੋਏ ਹਮਲੇ ਦੀ ਯਾਦ 'ਚ ਸਮਾਗਮ ਅੱਜ

ਅੰਮ੍ਰਿਤਸਰ, 3 ਜੁਲਾਈ, (ਗੁਰਦਿਆਲ ਸਿੰਘ) : ਆਜ਼ਾਦ ਭਾਰਤ ਅੰਦਰ ਪੰਜਾਬੀ ਸੂਬਾ ਮੋਰਚਾ ਦੌਰਾਨ ਸਮੇਂ ਦੀ ਸਰਕਾਰ ਵੱਲੋਂ 4 ਜੁਲਾਈ 1955 ਨੂੰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਕੀਤੇ ਹਮਲੇ ਦੀ ਯਾਦ ਵਿਚ ਭਲਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਗੁਰਮਤਿ ਸਮਾਗਮ ਸਜਾਇਆ ਜਾ ਰਿਹਾ ਹੈ। ਇਸ ਸਬੰਧ ਵਿਚ ਆਰੰਭ ਕੀਤੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਮਗਰੋਂ ਸਜਾਏ ਧਾਰਮਿਕ ਦੀਵਾਨ 'ਚ ਢਾਡੀ ਜਥੇ ਸੰਗਤ ਨਾਲ ਇਤਿਹਾਸ ਦੀ ਸਾਂਝ ਪਾਉਣਗੇ।

ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਦੇਸ਼ ਦੀ ਗੁਲਾਮੀ ਸਮੇਂ ਤਾਂ ਸਰਕਾਰਾਂ ਵੱਲੋਂ ਤਸ਼ੱਦਦ ਹੁੰਦਾ ਸੀ, ਪ੍ਰੰਤੂ ਸਿੱਖਾਂ ਵੱਲੋਂ ਵੱਡੀਆਂ ਕੁਰਬਾਨੀਆਂ ਨਾਲ ਅਜ਼ਾਦ ਕਰਵਾਏ ਦੇਸ਼ ਅੰਦਰ ਵੀ ਸਰਕਾਰਾਂ ਨੇ ਸਿੱਖਾਂ ਨੂੰ ਵੱਡੇ ਜ਼ਖ਼ਮ ਦਿੱਤੇ ਹਨ। 4 ਜੁਲਾਈ 1955 ਨੂੰ ਸਮੇਂ ਦੀ ਕਾਂਗਰਸ ਸਰਕਾਰ ਵੱਲੋਂ ਪੰਜਾਬੀ ਸੂਬਾ ਮੋਰਚੇ ਦੌਰਾਨ ਸਿੱਖਾਂ ਦੀ ਅਵਾਜ਼ ਨੂੰ ਦਬਾਉਣ ਲਈ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ 'ਤੇ ਹਮਲਾ ਕੀਤਾ, ਜੋ ਸਰਕਾਰ ਦੀ ਧੱਕੇਸ਼ਾਹੀ ਦਾ ਪ੍ਰਤੱਖ ਪ੍ਰਗਟਾਵਾ ਸੀ। ਇਸ ਨੂੰ ਕੌਮ ਕਦੇ ਵੀ ਭੁੱਲ ਨਹੀਂ ਸਕਦੀ। ਇਸੇ ਤਹਿਤ ਹੀ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਹਰ ਸਾਲ ਗੁਰਮਤਿ ਸਮਾਗਮ ਕਰਵਾਇਆ ਜਾਂਦਾ ਹੈ।

# ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਡੇਰਾ ਬਿਆਸ ਮੁਖੀ ਨੂੰ ਸਨਮਾਨਿਤ ਕਰਨ ਦੀ ਭੁੱਲ ਬਖਸ਼ਵਾਉਣ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਹੋਏ ਹਾਜ਼ਰ

ਅੰਮ੍ਰਿਤਸਰ, 3 ਜੁਲਾਈ, (ਬਬਲੂ ਮਹਾਜਨ) : ਸ੍ਰੀ ਅਕਾਲ ਤਖਤ ਸਾਹਿਬ ਸਕੱਤਰੇਤ ਵਿਖੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਤੇ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਧਨੌਲਾ ਤੇ ਹੋਰਨਾਂ ਸਿੰਘ ਸਾਹਿਬਾਨਾਂ ਅੱਗੇ ਪੇਸ਼ ਹੋ ਕੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਡੇਰੇ ਜਾ ਕੇ ਮਿਲਣ ਅਤੇ ਸਨਮਾਨਿਤ ਕਰਨ 'ਤੇ ਆਪਣੇ ਆਪ ਨੂੰ ਸਿੱਖ ਰਹਿਤ ਮਰਿਆਦਾ ਤੋਂ ਉਲਟ ਜਾਣ 'ਤੇ ਪਸ਼ਚਾਤਾਪ ਕੀਤਾ ਹੈ। ਆਪਣੀ ਇਸ ਭੁੱਲ ਨੂੰ ਮੰਨਦੇ ਹੋਏ ਜਗਦੀਸ਼ ਸਿੰਘ ਝੀਂਡਾ ਨੇ ਸਾਥੀ ਮੈਂਬਰਾਂ ਸਮੇਤ ਪੁੱਜ ਕੇ ਜਥੇਦਾਰਾਂ ਅੱਗੇ ਇਸ ਹੋਈ ਭੁੱਲ ਨੂੰ ਬਖਸ਼ਾਉਣ ਲਈ ਆਪਣੀ



ਗਲਤੀ ਨੂੰ ਮੰਨਿਆ ਹੈ। ਝੀਂਡਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਪਿਛਲੇ ਦਿਨੀਂ ਉਹ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਨਤਮਸਤਕ ਹੋਣ ਪਹੁੰਚੇ ਸਨ। ਜਿਸ ਤੋਂ ਬਾਅਦ ਉਹ ਕੁਝ ਲੋਕਾਂ ਦੇ ਬਹਿਕਾਵੇ ਵਿੱਚ ਆ ਕੇ ਵਾਪਸੀ ਮੌਕੇ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨੂੰ ਮਿਲਣ ਲਈ ਪਹੁੰਚੇ ਅਤੇ ਉਨ੍ਹਾਂ ਵੱਲੋਂ ਡੇਰਾ ਮੁਖੀ ਨੂੰ ਸਨਮਾਨਿਤ ਵੀ ਕੀਤਾ ਗਿਆ। ਜੋ ਕਿ ਉਨ੍ਹਾਂ ਦੀ ਭੁੱਲ ਸੀ। ਕਿਤੇ ਗਏ ਸਵਾਲ 'ਚ ਝੀਂਡਾ ਨੇ ਕਿਹਾ ਕਿ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਧਰਮ ਪ੍ਰਚਾਰ ਦੇ ਚੇਅਰਮੈਨ ਬਾਬਾ ਬਲਜੀਤ ਸਿੰਘ ਦਾਦੂਵਾਲ ਦਾ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਨਾਲ ਲਗਾਤਾਰ ਤਾਲਮੇਲ ਰੱਖਣਾ ਗਲਤ ਹੈ ਅਤੇ ਇਸ ਲਈ ਬਾਬਾ ਬਲਜੀਤ ਸਿੰਘ ਦਾਦੂਵਾਲ ਨੂੰ ਸ੍ਰੀ ਅਕਾਲ ਤਖਤ ਸਾਹਿਬ 'ਤੇ ਪਹੁੰਚ ਕੇ ਆਪਣੀ ਭੁੱਲ ਬਖਸ਼ਾਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਅਗਾਂਹ ਵੀ ਉਹ ਧਿਆਨ ਰੱਖਣਗੇ ਕਿ ਇਸ ਤਰ੍ਹਾਂ ਦੀ ਭੁੱਲ ਨਾ ਹੋਵੇ।

# ਖ਼ਾਲਸਾ ਕਾਲਜ ਆਫ਼ ਨਰਸਿੰਗ ਨੇ ਲੈਕਚਰ ਕਰਵਾਇਆ



ਅੰਮ੍ਰਿਤਸਰ, 3 ਜੁਲਾਈ, (ਬਬਲੂ ਮਹਾਜਨ) : ਖ਼ਾਲਸਾ ਕਾਲਜ ਆਫ਼ ਨਰਸਿੰਗ ਵੱਲੋਂ 'ਸੰਵਿਧਾਨਕ ਅਧਿਕਾਰ ਅਤੇ ਫਰਜ਼' ਅਤੇ 'ਸਰੋਤਾਂ ਦੀ ਸੀਮਤਤਾ' ਵਿਸ਼ੇ 'ਤੇ ਲੈਕਚਰ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਅਮਨਪ੍ਰੀਤ ਕੌਰ ਦੇ ਦਿਸ਼ਾ-ਨਿਰਦੇਸ਼ਾਂ 'ਤੇ ਖਾਲਸਾ ਕਾਲਜ ਸੀਨੀਅਰ ਸੈਕੰਡਰੀ ਸਕੂਲ ਅਤੇ ਖ਼ਾਲਸਾ ਕਾਲਜ ਗਰਲਜ਼ ਸੀਨੀਅਰ ਸੈਕੰਡਰੀ ਸਕੂਲ ਵਿਖੇ ਆਯੋਜਿਤ ਉਕਤ ਪ੍ਰੋਗਰਾਮ ਮੌਕੇ ਵਿਦਿਆਰਥੀਆਂ ਨੂੰ ਗਰੀਬ ਮਜ਼ਦੂਰਾਂ ਦੇ ਅਧਿਕਾਰਾਂ ਅਤੇ ਕਰਤੱਵਾਂ ਪ੍ਰਤੀ ਜਾਗਰੂਕ ਕੀਤਾ ਗਿਆ।

ਇਸ ਸਬੰਧੀ ਪ੍ਰਿੰ: ਡਾ. ਅਮਨਪ੍ਰੀਤ ਕੌਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪ੍ਰੋਗਰਾਮ ਦੌਰਾਨ ਸ੍ਰੀਮਤੀ ਵੰਦਨਾ ਨੇ ਆਪਣੇ ਲੈਕਚਰ 'ਚ ਸੰਵਿਧਾਨਕ ਅਧਿਕਾਰਾਂ ਅਤੇ ਕਰਤੱਵਾਂ ਦੇ ਨਾਲ-ਨਾਲ ਆਪਣੇ ਅਧਿਕਾਰਾਂ ਦੀ ਰੱਖਿਆ ਕਿਵੇਂ ਕਰਨੀ ਹੈ, ਸਬੰਧੀ ਵਿਚਾਰ ਸਾਂਝੇ ਕੀਤੇ। ਜਦ ਕਿ ਅਮਨਦੀਪ ਕੌਰ ਨੇ ਆਪਣੇ ਲੈਕਚਰ 'ਚ ਸਰੋਤਾਂ ਦੀ ਸੀਮਤਤਾ, ਘਰੇਲੂ ਪੱਧਰ 'ਤੇ ਸੀਮਤ ਸਰੋਤਾਂ ਨੂੰ ਬਚਾਉਣ 'ਚ ਕਿਵੇਂ ਯੋਗਦਾਨ ਪਾਉਣਾ ਹੈ ਬਾਰੇ ਜਾਣਕਾਰੀ ਕੀਤੀ।

ਇਸ ਦੌਰਾਨ ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਸਿੰਘ ਗੋਗੋਆਣੀ ਅਤੇ ਗਰਲਜ਼ ਸਕੂਲ ਪ੍ਰਿੰਸੀਪਲ ਪੁਨੀਤ ਕੌਰ ਨਾਗਪਾਲ ਨੇ ਵੰਦਨਾ ਅਤੇ ਅਮਨਦੀਪ ਕੌਰ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਭਵਿੱਖ 'ਚ ਵੀ ਅਜਿਹੇ ਜਾਗਰੂਕਤਾ ਪ੍ਰੋਗਰਾਮ ਲਈ ਉਤਸ਼ਾਹਿਤ ਕੀਤਾ।

# ਜੂਨ 1984 ਦੇ ਘੱਲੂਘਾਰੇ ਸਮੇਂ ਸਰਕਾਰ ਦੇ ਜ਼ੁਲਮਾਂ ਨੂੰ ਉਜਾਗਰ ਕਰਦੀ ਸਚਿੱਤਰ ਪੁਸਤਕ ਐਡਵੋਕੇਟ ਧਾਮੀ ਵੱਲੋਂ ਜਾਰੀ



ਅੰਮ੍ਰਿਤਸਰ, 3 ਜੁਲਾਈ, (ਗੁਰਦਿਆਲ ਸਿੰਘ) : ਜੂਨ 1984 'ਚ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਕੀਤੇ ਫ਼ੌਜੀ ਹਮਲੇ ਸਮੇਂ ਸਿੱਖਾਂ ਦੇ ਹੋਏ ਭਾਰੀ ਨੁਕਸਾਨ ਨੂੰ ਬਿਆਨ ਕਰਦੀਆਂ ਤਸਵੀਰਾਂ ਨੂੰ ਅੱਜ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਕ ਵੱਡਅਕਾਰੀ ਕਿਤਾਬ ਦੇ ਰੂਪ ਵਿਚ ਜਾਰੀ ਕੀਤਾ। ਇਸ ਮੌਕੇ ਗੱਲ ਕਰਦਿਆਂ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜੂਨ 1984 ਦਾ ਇਹ ਘੱਲੂਘਾਰਾ ਸਿੱਖ ਇਤਿਹਾਸ ਦਾ ਇਕ ਦੁਖਦਾਈ ਅਧਿਆਇ ਹੈ। ਉਨ੍ਹਾਂ ਕਿਹਾ ਕਿ ਸਮੇਂ ਦੀ ਕਾਂਗਰਸ ਸਰਕਾਰ ਨੇ ਸਿੱਖਾਂ ਦੇ ਪਵਿੱਤਰ ਗੁਰਧਾਮਾਂ 'ਤੇ ਫ਼ੌਜੀ ਹਮਲਾ ਕਰਕੇ ਸਿੱਖ ਮਨਾਂ ਨੂੰ ਅਜਿਹਾ ਜ਼ਖ਼ਮ ਦਿੱਤਾ, ਜੋ ਨਾ ਭਰਨਯੋਗ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਸਿੱਖਾਂ ਦੇ ਧਾਰਮਿਕ ਖ਼ਜ਼ਾਨੇ ਨੂੰ ਸਾਂਭੀ ਬੈਠੀ ਸਿੱਖ ਰੈਂਫਰੈਂਸ ਲਾਇਬ੍ਰੇਰੀ ਦੇ ਕੀਮਤੀ ਦਸਤਾਵੇਜ਼ ਤੇ ਇਤਿਹਾਸਕ ਵਸਤੂਆਂ ਨੂੰ ਵੀ ਵੱਡਾ ਨੁਕਸਾਨ ਪਹੁੰਚਾਇਆ। ਐਡਵੋਕੇਟ ਧਾਮੀ ਨੇ ਕਿਹਾ ਕਿ ਹਮਲੇ ਤੋਂ ਕਈ ਦਿਨ ਬਾਅਦ ਤੱਕ ਸਰਕਾਰ ਨੇ ਕਰਫਿਊ ਲਗਾ ਕੇ ਸੰਗਤਾਂ ਨੂੰ ਸ੍ਰੀ ਦਰਬਾਰ ਸਾਹਿਬ ਤੋਂ ਆਉਣ ਤੋਂ ਰੋਕੀ ਰੱਖਿਆ, ਤਾਂ ਜੋ ਸਰਕਾਰ ਵੱਲੋਂ ਕੀਤੇ ਜ਼ੁਲਮਾਂ ਦੇ ਨਿਸ਼ਾਨ ਮਿਟਾਏ ਜਾ ਸਕਣ। ਸਰਕਾਰ ਦੇ ਇਨ੍ਹਾਂ ਜ਼ੁਲਮਾਂ ਦੀਆਂ ਕੁਝ ਤਸਵੀਰਾਂ ਫੋਟੋਗ੍ਰਾਫਰ ਸਤਪਾਲ ਸਿੰਘ ਦਾਨਸ਼ ਨੇ ਸਾਂਭੀਆਂ ਸਨ, ਜਿਨ੍ਹਾਂ ਨੇ ਸ਼੍ਰੋਮਣੀ ਕਮੇਟੀ ਨੇ ਇਕ ਸਚਿੱਤਰ ਪੁਸਤਕ ਦੇ ਰੂਪ ਵਿਚ ਤਿਆਰ ਕਰਕੇ ਅੱਜ ਜਾਰੀ ਕੀਤਾ ਹੈ। ਇਸ ਵਿਚ ਦਰਜ ਤਸਵੀਰਾਂ ਸਮੇਂ ਦੇ ਹਾਲਾਤ ਅਤੇ ਸਰਕਾਰ ਵੱਲੋਂ ਕੀਤੇ ਵਹਿਸ਼ੀਆਨਾ ਜ਼ੁਲਮਾਂ ਨੂੰ ਦਰਸਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਕਿਤਾਬ ਸ਼੍ਰੋਮਣੀ ਕਮੇਟੀ ਦਫ਼ਤਰ, ਸਿੱਖ ਰੈਂਫਰੈਂਸ ਲਾਇਬ੍ਰੇਰੀ, ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਅਤੇ ਸਿੱਖ ਅਜਾਇਬ ਘਰ ਵਿਚ ਰੱਖੀ ਜਾਵੇਗੀ, ਤਾਂ ਜੋ ਸੰਗਤਾਂ ਸਰਕਾਰ ਵੱਲੋਂ ਸਿੱਖਾਂ 'ਤੇ ਕੀਤੇ ਜ਼ੁਲਮ ਤੋਂ ਜਾਣੂ ਹੋ ਸਕਣ। ਇਸ ਤੋਂ ਇਲਾਵਾ ਇਸ ਦਾ ਡਿਜੀਟਾਈਜੇਸ਼ਨ ਕਰਕੇ ਵੀ ਵੱਖ-ਵੱਖ ਮਾਧਿਅਮਾਂ ਰਾਹੀਂ ਸੰਗਤਾਂ ਤੀਕ ਪਹੁੰਚਾਇਆ ਜਾਵੇਗਾ।

ਕਿਤਾਬ ਜਾਰੀ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ, ਅੰਤ੍ਰਿੰਗ ਮੈਂਬਰ ਸੁਰਜੀਤ ਸਿੰਘ ਤੁਗਲਵਾਲ, ਪਰਮਜੀਤ ਸਿੰਘ ਖ਼ਾਲਸਾ, ਮੈਂਬਰ ਭਾਈ ਰਾਜਿੰਦਰ ਸਿੰਘ ਮਹਿਤਾ, ਸੁਰਜੀਤ ਸਿੰਘ ਭਿੱਟੇਵੱਡ, ਭਾਈ ਅਜੈਬ ਸਿੰਘ ਅਭਿਆਸੀ, ਅੰਮ੍ਰਿਤਪਾਲ ਸਿੰਘ ਕੁਲਾਰ, ਓਐਸਡੀ ਸਤਬੀਰ ਸਿੰਘ ਧਾਮੀ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਮੀਤ ਸਕੱਤਰ ਹਰਭਜਨ ਸਿੰਘ ਵਕਤਾ, ਸ੍ਰੀ ਦਰਬਾਰ ਸਾਹਿਬ ਦੇ ਮੈਨੇਜਰ ਭਗਵੰਤ ਸਿੰਘ ਧੰਗੇੜਾ, ਸੁਪ੍ਰਿੰਟੈਂਡੈਂਟ ਨਿਸ਼ਾਨ ਸਿੰਘ, ਇੰਚਾਰਜ ਜੋਗੇਸ਼ਵਰ ਸਿੰਘ, ਮੈਨੇਜਰ ਜਤਿੰਦਰਪਾਲ ਸਿੰਘ, ਵਧੀਕ ਮੈਨੇਜਰ ਇਕਬਾਲ ਸਿੰਘ ਮੁਖੀ ਆਦਿ ਮੌਜੂਦ ਸਨ।

# ਡੀ.ਸੀ. ਨੇ ਆਦਮਪੁਰ-ਮੁੰਬਈ ਹਵਾਈ ਉਡਾਣ ਸ਼ੁਰੂ ਹੋਣ 'ਤੇ ਲੋਕਾਂ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀ ਮੁਬਾਰਕਬਾਦ

## ਮੁੰਬਈ ਲਈ ਹਵਾਈ ਉਡਾਣ ਸਮੁੱਚੇ ਖੇਤਰ ਲਈ ਲਾਹੇਵੰਦ ਸਿੱਧ ਹੋਵੇਗੀ : ਡੀ.ਸੀ.

ਜਲੰਧਰ, 3 ਜੁਲਾਈ, (ਸੰਦੀਪ ਕੌਲ) : ਆਦਮਪੁਰ ਸਿਵਲ ਹਵਾਈ ਅੱਡੇ ਤੋਂ ਮੁੰਬਈ ਲਈ ਘਰੇਲੂ ਉਡਾਣ ਦੀ ਸ਼ੁਰੂਆਤ ਤੋਂ ਬਾਅਦ ਹੁਣ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪੰਜਾਬ ਸਰਕਾਰ ਦੇ ਸਹਿਯੋਗ ਨਾਲ ਹਵਾਈ ਸੰਪਰਕ ਨੂੰ ਹੋਰ ਵਧਾਉਣ ਲਈ ਨਵੀਂ ਦਿੱਲੀ ਲਈ ਸਿੱਧੀ ਉਡਾਣ ਯਕੀਨੀ ਬਣਾਉਣ ਲਈ ਯਤਨਾਂ ਨੂੰ ਹੋਰ ਤੇਜ਼ ਕੀਤਾ ਜਾਵੇਗਾ।

ਦੋਆਬੇ ਦੇ ਲੋਕਾਂ ਖਾਸ ਕਰਕੇ ਜਲੰਧਰ ਵਾਸੀਆਂ ਨੂੰ ਅੱਜ ਪਹਿਲੀ ਮੁੰਬਈ ਫਲਾਈਟ ਲਈ ਮੁਬਾਰਕਬਾਦ ਦਿੰਦਿਆਂ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਨੇ ਕਿਹਾ ਕਿ ਇਹ ਸਹੂਲਤ ਐਨ.ਆਰ.ਆਈ. ਅਤੇ ਪੰਜਾਬ ਦੇ ਇਸ ਉਦਯੋਗਿਕ ਹੱਬ ਲਈ ਬਹੁਤ ਹੀ ਲਾਹੇਵੰਦ ਸਿੱਧ ਹੋਵੇਗੀ। ਉਨ੍ਹਾਂ ਦੱਸਿਆ ਕਿ ਹੁਣ ਯਾਤਰੀ ਵਾਇਆ ਮੁੰਬਈ ਐਮਸਟਰਡਮ, ਗੋਆ ਅਤੇ ਚੇਨਈ ਵਰਗੀਆਂ ਕਨੈਕਟਿੰਗ ਉਡਾਣਾਂ ਰਾਹੀਂ ਘਰੇਲੂ ਅਤੇ ਅੰਤਰਰਾਸ਼ਟਰੀ ਸਥਾਨਾਂ ਤੱਕ ਸੌਖੇ ਢੰਗ ਨਾਲ ਪਹੁੰਚ ਸਕਣਗੇ।

ਡਾ.ਅਗਰਵਾਲ ਨੇ ਦੱਸਿਆ ਕਿ ਆਦਮਪੁਰ ਤੋਂ ਨਵੀਂ ਦਿੱਲੀ ਤੱਕ



ਹਵਾਈ ਉਡਾਣਾਂ ਸ਼ੁਰੂ ਕਰਨ ਲਈ ਏਅਰਲਾਈਨ ਓਪਰੇਟਰਾਂ ਨਾਲ ਵਿਚਾਰ-ਵਟਾਂਦਰਾ ਸ਼ੁਰੂ ਹੋ ਗਿਆ ਹੈ, ਜਿਸ ਨਾਲ ਸਮੁੱਚੇ ਦੋਆਬਾ ਖੇਤਰ ਦੀਆਂ ਯਾਤਰਾ ਸਬੰਧੀ ਲੋੜਾਂ ਪੂਰੀਆਂ ਹੋ ਸਕਣਗੀਆਂ। ਉਨ੍ਹਾਂ ਆਉਣ ਵਾਲੇ ਦਿਨਾਂ 'ਚ ਇਸ ਦੇ ਸਾਰਥਕ ਨਤੀਜੇ ਆਉਣ ਦੀ ਆਸ ਪ੍ਰਗਟ ਕੀਤੀ। ਉਨ੍ਹਾਂ ਐਨ.ਆਰ.ਆਈਜ਼ ਅਤੇ ਉਦਯੋਗਿਕ ਘਰਾਣਿਆਂ ਨੂੰ ਮੁੰਬਾਈ ਫਲਾਈਟ ਦਾ ਵੱਧ ਤੋਂ ਵੱਧ ਲਾਭ ਉਠਾਉਣ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਅਗਵਾਈ ਹੇਠ ਆਦਮਪੁਰ ਹਵਾਈ ਅੱਡੇ ਨੂੰ ਜਾਣ ਲਈ ਸੜਕੀ ਆਵਾਜਾਈ ਨੂੰ ਹੋਰ ਸੁਖਾਲਾ ਬਣਾਉਣ ਲਈ ਯਤਨ ਕੀਤੇ ਜਾਣਗੇ।

ਜਲੰਧਰ ਪ੍ਰਸ਼ਾਸਨ ਵੱਲੋਂ ਐਸ.ਡੀ.ਐਮ.ਆਦਮਪੁਰ ਵਿਵੇਕ ਮੋਦੀ ਨੇ ਬੁੱਧਵਾਰ ਨੂੰ ਮੁੰਬਈ ਲਈ ਪਹਿਲੀ ਹਵਾਈ ਉਡਾਣ ਮੌਕੇ ਆਦਮਪੁਰ ਸਿਵਲ ਹਵਾਈ ਅੱਡੇ ਦਾ ਦੌਰਾ ਕੀਤਾ। ਉਨ੍ਹਾਂ ਕਿਹਾ ਕਿ ਇਹ ਨਵਾਂ ਸੰਪਰਕ ਖੇਤਰ ਦੇ ਯਾਤਰੀਆਂ ਲਈ ਸੁਖਾਲੀ ਯਾਤਰਾ ਅਤੇ ਖੇਤਰ ਦੇ ਆਰਥਿਕ ਵਿਕਾਸ ਲਈ ਮਹੱਤਵਪੂਰਣ ਸਾਬਿਤ ਹੋਵੇਗਾ।

# ਅਮਨਦੀਪ ਸਿੰਘ ਜਾਣੀਆ ਸਬ-ਡਿਵੀਜ਼ਨ ਜੰਡਿਆਲਾ ਗੁਰੂ ਦੇ ਨਵੇਂ ਪ੍ਰਧਾਨ ਬਣੇ



ਜੰਡਿਆਲਾ ਗੁਰੂ, 3 ਜੁਲਾਈ, (ਰਾਮ ਸ਼ਰਨਜੀਤ ਸਿੰਘ) : ਸਬ ਡਿਵੀਜ਼ਨ ਜੰਡਿਆਲਾ ਗੁਰੂ, ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਿਟਡ ਵਿਖੇ ਟੈਕਨੀਕਲ ਸਰਵਿਸ ਯੂਨੀਅਨ ਦੀ 5 ਮੈਂਬਰੀ ਕਮੇਟੀ ਦੀ ਚੋਣ ਹੋਈ। ਜਿਸ ਵਿੱਚ ਸਾਥੀ ਅਮਨਦੀਪ ਸਿੰਘ ਜਾਣੀਆ ਸਰਬਸੰਮਤੀ ਨਾਲ ਸਬ ਡਿਵੀਜ਼ਨ ਜੰਡਿਆਲਾ ਗੁਰੂ ਦੇ ਪ੍ਰਧਾਨ ਚੁਣੇ ਗਏ। ਉਹਨਾਂ ਤੋਂ ਇਲਾਵਾ ਸਾਥੀ ਵਿਕਰਮਜੀਤ ਸਿੰਘ ਮੀਤ ਪ੍ਰਧਾਨ, ਸਾਥੀ ਹਰਮਨਦੀਪ ਸਿੰਘ ਸਕੱਤਰ, ਸਾਥੀ ਅਨਿਲ ਕੁਮਾਰ ਮੀਤ ਸਕੱਤਰ ਤੇ ਸਾਥੀ ਨੀਰਜ ਕੁਮਾਰ ਨੂੰ ਕੈਸ਼ੀਅਰ ਨਿਯੁਕਤ ਕੀਤਾ ਗਿਆ। ਇਸ ਮੌਕੇ ਸਾਥੀ ਪ੍ਰਧਾਨ ਅਮਨਦੀਪ ਸਿੰਘ ਤੇ ਚੁਣੇ ਗਏ ਹੋਰ ਅਹੁਦੇਦਾਰਾਂ ਵੱਲੋਂ ਸਾਥੀ ਕਰਮੀਆਂ ਦਾ ਧੰਨਵਾਦ ਕਰਦਿਆਂ ਉਹਨਾਂ ਨੂੰ ਭਰੋਸਾ ਦਵਾਉਂਦਿਆਂ ਕਿਹਾ ਕਿ ਉਹ ਉਹਨਾਂ ਦੀਆਂ ਉਮੀਦਾਂ 'ਤੇ ਹਮੇਸ਼ਾ ਖਰੇ ਉਤਰਨਗੇ ਤੇ ਸਾਥੀ ਕਰਮੀਆਂ ਦੇ ਸਬ ਡਿਵੀਜ਼ਨ ਲੈਵਲ 'ਤੇ ਲੰਬੇ ਸਮੇਂ ਤੋਂ ਲਟਕਦੇ ਆ ਰਹੇ ਕੰਮਾਂ ਨੂੰ ਡਿਵੀਜ਼ਨ ਕਮੇਟੀ ਦੇ ਆਗੂਆਂ ਦੇ ਤਾਲਮੇਲ ਨਾਲ ਪਹਿਲ ਦੇ ਆਧਾਰ 'ਤੇ ਹੱਲ ਕਰਵਾਉਣਗੇ। ਉਪਰੰਤ ਪ੍ਰਧਾਨ ਅਮਨਦੀਪ ਸਿੰਘ ਜਾਣੀਆ ਤੇ ਉਹਨਾਂ ਦੀ ਚੁਣੀ ਗਈ ਸਮੁੱਚੀ ਟੀਮ ਨੂੰ ਸਮੂਹ ਸਬ ਡਿਵੀਜ਼ਨ ਸਾਥੀ ਕਰਮੀਆਂ ਅਤੇ ਉਚੇਚੇ ਤੌਰ 'ਤੇ ਪਹੁੰਚੇ ਟੈਕਨੀਕਲ ਸਰਵਿਸ ਯੂਨੀਅਨ ਦੇ ਸੂਬਾ ਆਗੂ ਕਨਵੀਨਰ ਕੁਲਦੀਪ ਸਿੰਘ ਉਦੋਕੇ, ਦਲਬੀਰ ਸਿੰਘ ਜੌਹਲ ਸੂਬਾ ਆਗੂ ਤੇ ਗੁਰਵਿੰਦਰ ਸਿੰਘ ਡਿਵੀਜ਼ਨ ਪ੍ਰਧਾਨ ਵੱਲੋਂ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮਨੋਜ ਕੁਮਾਰ, ਬਿਕਰਮ ਸਿੰਘ, ਸਾਥੀ ਜੋਗਿੰਦਰ ਸਿੰਘ ਸੋਢੀ, ਸੁਖਮਿੰਦਰ ਸਿੰਘ ਜੇ.ਈ., ਭੁਪਿੰਦਰ ਸਿੰਘ ਜੇ.ਈ., ਸਤਬੀਰ ਸਿੰਘ ਜੇ.ਈ., ਰਵਿੰਦਰ ਪਾਲ ਸਿੰਘ, ਹਰਜਿੰਦਰ ਸਿੰਘ ਸੋਨੂ, ਯਾਦਵਿੰਦਰ ਸਿੰਘ ਲਖਵਿੰਦਰ ਸਿੰਘ ਜੇ.ਈ., ਰੁਪਿੰਦਰ ਸਿੰਘ ਤੇ ਹੋਰ ਸਬ ਡਿਵੀਜ਼ਨ ਦੇ ਸਾਰੇ ਮੈਂਬਰ ਹਾਜ਼ਰ ਸਨ।

# ਜਲੰਧਰ 'ਚ ਈਜ਼ੀ ਰਜਿਸਟ੍ਰੇਸ਼ਨ ਦੀ ਸ਼ੁਰੂਆਤ, ਪਹਿਲੇ ਦਿਨ 111 ਦਸਤਾਵੇਜ਼ ਹੋਏ ਰਜਿਸਟਰਡ



ਜਲੰਧਰ, 3 ਜੁਲਾਈ, (ਸੰਦੀਪ ਕੌਲ) : ਬਿਨੈਕਾਰਾਂ ਨੂੰ ਬਿਨਾਂ ਦੇਰੀ ਦੇ ਤੁਰੰਤ ਤੇ ਹੋਰ ਪਾਰਦਰਸ਼ੀ ਰਜਿਸਟ੍ਰੇਸ਼ਨ ਸੇਵਾਵਾਂ ਮੁਹੱਈਆ ਕਰਵਾਉਣ ਵੱਲ ਇਕ ਹੋਰ ਮਹੱਤਵਪੂਰਣ ਕਦਮ ਪੁੱਟਦਿਆਂ ਜਲੰਧਰ ਵਿਖੇ ਬੁੱਧਵਾਰ ਨੂੰ ਈਜ਼ੀ ਰਜਿਸਟਰੇਸ਼ਨ ਪ੍ਰਣਾਲੀ ਦੀ ਸ਼ੁਰੂਆਤ ਕੀਤੀ ਗਈ, ਜਿਸ ਨਾਲ ਲੋਕਾਂ ਨੂੰ ਵੱਡੇ ਪੱਧਰ 'ਤੇ ਰਾਹਤ ਮਿਲੀ, ਜਿਨ੍ਹਾਂ ਨੂੰ ਇਸ ਤੋਂ ਪਹਿਲਾਂ ਲੰਬੀਆਂ ਲਾਈਨਾਂ ਵਿੱਚ ਲੱਗਣਾ ਪੈਂਦਾ ਸੀ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਡਾ.ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਲੋਕਾਂ ਨੂੰ ਉੱਚ ਪੱਧਰੀ ਜਾਇਦਾਦ ਦੀ ਰਜਿਸਟ੍ਰੇਸ਼ਨ ਸੇਵਾਵਾਂ ਮੁਹੱਈਆ ਕਰਵਾਉਣ ਲਈ ਜਲੰਧਰ ਵਿਖੇ ਈਜ਼ੀ ਰਜਿਸਟਰੇਸਨ ਦੀ ਸਫ਼ਲਤਾ ਪੂਰਵਕ ਸ਼ੁਰੂਆਤ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਸ ਨਵੀਂ ਪ੍ਰਣਾਲੀ ਤਹਿਤ ਬਿਨੈਕਾਰ ਆਪਣੀ ਜਾਇਦਾਦ ਦੀ ਡੀਡ ਖੁਦ ਲਿਖਕੇ ਆਨਲਾਈਨ ਜਮ੍ਹਾਂ ਕਰਵਾ ਸਕਣਗੇ, ਜਿਸ ਤੋਂ ਬਾਅਦ ਸਬ ਰਜਿਸਟਰਾਰ ਦਫ਼ਤਰ 48 ਘੰਟਿਆਂ ਵਿੱਚ ਇਸ ਨੂੰ ਮਨਜ਼ੂਰੀ ਦੇ ਦਿੰਦਾ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਮਨਜ਼ੂਰੀ ਤੋਂ ਬਾਅਦ ਬਿਨੈਕਾਰ ਸਬ ਰਜਿਸਟਰਾਰ ਦਫ਼ਤਰ ਜਾ ਕੇ ਕੁਝ ਹੀ ਮਿੰਟਾਂ ਵਿੱਚ ਰਜਿਸਟ੍ਰੇਸ਼ਨ ਦੀ ਪ੍ਰਕਿਰਿਆ ਨੂੰ ਮੁਕੰਮਲ ਕਰ ਸਕਦੇ ਹਨ।

ਖੁਰਲਾ ਕਿੰਗਰਾ ਦੀ ਵਸਨੀਕ ਰਾਜ ਰਾਣੀ ਨੇ ਇਸ ਵਿਲੱਖਣ ਪਹਿਲਕਦਮੀ ਦੀ ਸ਼ਲਾਘਾ ਕਰਦਿਆਂ ਦੱਸਿਆ ਕਿ ਉਸ ਵੱਲੋਂ ਮੰਗਲਵਾਰ ਨੂੰ ਅਪਲਾਈ ਕੀਤਾ ਗਿਆ ਸੀ ਅਤੇ ਬੁੱਧਵਾਰ ਨੂੰ ਪੰਜਾਂ ਮਿੰਟਾਂ ਵਿੱਚ ਆਪਣੀ ਜਾਇਦਾਦ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਮੁਕੰਮਲ ਕਰ ਲਈ। ਇਸ ਪ੍ਰਣਾਲੀ ਨੂੰ ਬਹੁਤ ਹੀ ਆਸਾਨ ਦੱਸਦਿਆਂ ਉਸ ਨੇ ਕਿਹਾ ਕਿ ਇਸ ਤੋਂ ਪਹਿਲਾਂ ਇਹੀ ਪ੍ਰਕਿਰਿਆ ਮੁਕੰਮਲ ਕਰਨ ਵਿੱਚ ਕਈ ਦਿਨ ਲੱਗ ਜਾਂਦੇ ਸਨ ਅਤੇ ਕਈ-ਕਈ ਘੰਟੇ ਸਬ ਰਜਿਸਟਰਾਰਾਂ ਦੇ ਦਫ਼ਤਰਾਂ ਵਿੱਚ ਲੰਬੀ ਉਡੀਕ ਕਰਨੀ ਪੈਂਦੀ ਸੀ।

ਇਹ ਨਵੀਂ ਪ੍ਰਣਾਲੀ ਪੰਜਾਬ ਸਰਕਾਰ ਦੀ ਸੂਬਾ ਵਾਸੀਆਂ ਨੂੰ ਬਿਨ੍ਹਾਂ ਕਿਸੇ ਦੇਰੀ ਅਤੇ ਪਾਰਦਰਸ਼ੀ ਢੰਗ ਨਾਲ ਨਾਗਰਿਕ ਸੇਵਾਵਾਂ ਮੁਹੱਈਆ ਕਰਵਾਉਣ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਅਤੇ ਸੂਬੇ ਵਿੱਚ ਜਾਇਦਾਦ ਦੀ ਰਜਿਸਟ੍ਰੇਸ਼ਨ ਵਿੱਚ ਮੀਲ ਦਾ ਪੱਥਰ ਸਾਬਿਤ ਹੋਵੇਗੀ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਮਾਲ ਅਫ਼ਸਰ ਨਵਦੀਪ ਭੋਗਲ ਨੇ ਦੱਸਿਆ ਕਿ ਪਹਿਲੇ ਦਿਨ ਈਜ਼ੀ ਰਜਿਸਟ੍ਰੇਸ਼ਨ ਪ੍ਰਣਾਲੀ ਤਹਿਤ 111 ਦਸਤਾਵੇਜ਼ ਰਜਿਸਟਰ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 72 ਦਸਤਾਵੇਜ਼ ਸਬ ਰਜਿਸਟਰਾਰ-1 ਵਿਖੇ ਅਤੇ 39 ਦਸਤਾਵੇਜ਼ ਸਬ ਰਜਿਸਟਰਾਰ-2 ਵਿਖੇ ਰਜਿਸਟਰ ਕੀਤੇ ਗਏ ਹਨ। ਉਨ੍ਹਾਂ ਨਾਗਰਿਕਾਂ ਨੂੰ ਡੀਡ ਸਹਾਇਤਾ ਦਾ ਲਾਭ ਉਠਾਉਣ ਦਾ ਸੱਦਾ ਦਿੱਤਾ ਜਿੱਥੇ ਉਹ ਮਾਮੂਲੀ ਫੀਸ ਦੇ ਕੇ ਮਾਹਰਾਂ ਤੋਂ ਸੇਲ ਡੀਡ ਤਿਆਰ ਕਰਵਾ ਸਕਦੇ ਹਨ।

# ਐਮ.ਟੀ.ਪੀ. ਵਿਭਾਗ ਨੇ ਕੁਈਨਜ਼ ਰੋਡ ਵਿਖੇ ਨਾਜਾਇਜ਼ ਉਸਾਰੀ ਵਿਰੁੱਧ ਕੀਤੀ ਕਾਰਵਾਈ

ਅੰਮ੍ਰਿਤਸਰ, 3 ਜੁਲਾਈ, (ਗੁਰਦਿਆਲ ਸਿੰਘ) : ਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾਂ 'ਤੇ ਨਜਾਇਜ਼ ਉਸਾਰੀਆਂ ਵਿੱਰੁਧ ਕਾਰਵਾਈ ਕਰਦੇ ਹੋਏ ਨਗਰ ਨਿਗਮ ਦੇ ਐਮ.ਟੀ.ਪੀ ਵਿਭਾਗ ਵੱਲੋਂ ਕੁਵੀਨਜ ਰੋਡ ਐਲੇਕਜੈਂਡਰਾ ਸਕੂਲ ਦੇ ਸਾਹਮਣੇ ਕੀਤੀ ਜਾ ਰਹੀ ਨਜਾਇਜ਼ ਉਸਾਰੀ ਨੂੰ ਤੋੜ ਕੇ ਸੀਲ ਕੀਤਾ ਗਿਆ। ਅੱਜ ਦੀ ਇਹ ਕਾਰਵਾਈ ਏ.ਟੀ.ਪੀ ਪਰਮਿੰਦਰਜੀਤ ਸਿੰਘ ਬਿਲਡਿੰਗ ਇੰਸਪੈਕਟਰ ਮੁਨੀਸ਼ ਅਰੋੜਾ ਅਤੇ ਕਰਮਚਾਰੀਆਂ ਵੱਲੋਂ ਅਮਲ ਵਿੱਚ ਲਿਆਂਦੀ ਗਈ।

ਕਮਿਸ਼ਨਰ ਗੁਲਪ੍ਰੀਤ ਸਿੰਘ ਨੇ ਦੱਸਿਆ ਕਿ ਨਗਰ ਨਿਗਮ, ਅੰਮ੍ਰਿਤਸਰ ਵੱਲੋਂ ਸ਼ਹਿਰ ਵਿੱਚ ਨਜਾਇਜ਼ ਉਸਾਰੀ ਨੂੰ ਰੋਕਣ ਲਈ ਹਰ ਸਭੰਵ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਐਮ.ਟੀ.ਪੀ ਵਿਭਾਗ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ, ਕਿ ਹਰ ਇਕ ਨਜਾਇਜ਼ ਬਿਲਡਿੰਗ ਨੂੰ ਬਕਾਇਦਾ ਨੋਟਿਸ ਦਿੱਤਾ ਜਾਵੇ ਅਤੇ ਜੇਕਰ ਚੇਤਾਵਨੀ ਦੇਣ ਦੇ ਬਾਵਜੂਦ ਉਸਾਰੀਕਰਤਾ ਵੱਲੋਂ ਨਿਯਮਾਂ ਦੀ ਉਲਘਣਾ ਕੀਤੀ ਜਾਂਦੀ ਹੈ, ਤਾਂ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਅੱਜ ਕੁਵੀਨਜ ਰੋਡ ਸਾਹਮਣੇ ਅਲੈਕਜੰਡਰਾ ਸਕੂਲ ਵਿਖੇ ਕੀਤੀ ਜਾ ਰਹੀ ਨਜਾਇਜ਼



ਉਸਾਰੀ ਵਿਰੁੱਧ ਐਮ.ਟੀ.ਪੀ ਵਿਭਾਗ ਵੱਲੋਂ ਢਹਾਉਣ ਦੀ ਕਾਰਵਾਈ ਕੀਤੀ ਗਈ ਹੈ। ਉਹਨਾਂ ਕਿਹਾ ਕਿ ਇਸ ਨਜਾਇਜ ਉਸਾਰੀ ਲਈ ਵਿਭਾਗ ਵੱਲੋਂ ਪਹਿਲਾ ਹੀ ਨੋਟਿਸ ਦਿਤੇ ਗਏ ਸਨ ਅਤੇ ਇਕ ਮਹੀਨਾ ਪਹਿਲੇ ਵੀ ਇਸ ਬਿਲਡਿੰਗ ਨੂੰ ਤੋੜਿਆ ਗਿਆ ਸੀ। ਪਰ ਉਸਾਰੀਕਰਤਾ ਵੱਲੋਂ ਬਿਨਾਂ ਪਰਵਾਹ ਕੀਤੇ ਲਗਾਤਾਰ ਬਿਲਡਿੰਗ ਦੀ ਉਸਾਰੀ ਕੀਤੀ ਜਾ ਰਹੀ ਸੀ, ਜਿਸ ਕਰਕੇ ਅੱਜ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ। ਕਮਿਸ਼ਨਰ ਨੇ ਕਿਹਾ ਕਿ ਕੋਈ ਵੀ ਬਿਲਡਿੰਗ ਦੀ ਉਸਾਰੀ ਤੋਂ ਪਹਿਲਾਂ ਨਗਰ ਨਿਗਮ ਪਾਸੋਂ ਨਕਸ਼ਾ ਪਾਸ ਕਰਵਾਉਣਾ ਲਾਜ਼ਮੀ ਹੈ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਸ.ਸ.ਸ. ਸਕੂਲ ਜਗਦੇਵ ਕਲਾਂ 'ਚ ਆਓ ਸਕੂਲ ਚੱਲੀਏ ਦਿਵਸ ਮਨਾਇਆ



ਅਜਨਾਲਾ/ਚੇਤਨਪੁਰਾ, 3 ਜੁਲਾਈ, (ਸੁਖਦੇਵ ਸਿੰਘ ਖਾਲਸਾ) : ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਛੁੱਟੀਆਂ ਤੋਂ ਬਾਅਦ 'ਆਓ ਸਕੂਲ ਚੱਲੀਏ' ਦਿਨ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਜਗਦੇਵ ਕਲਾਂ ਵਿੱਚ ਪ੍ਰਿੰਸੀਪਲ ਰਜਿੰਦਰ ਕੌਰ ਦੀ ਅਗਵਾਈ ਵਿੱਚ ਬੜੇ ਹੀ ਮਨੋਰੰਜਕ ਢੰਗ ਨਾਲ ਮਨਾਇਆ ਗਿਆ। ਇਸ ਮੌਕੇ ਸਕੂਲ ਵਿੱਚ ਵਿਦਿਆਰਥੀਆਂ ਦਾ ਬੜੇ ਵਧੀਆ ਤਰੀਕੇ ਨਾਲ ਸਵਾਗਤ ਕੀਤਾ ਗਿਆ। ਉਸ ਤੋਂ ਬਾਅਦ ਵਿਦਿਆਰਥੀਆਂ ਦੇ ਪੇਂਟਿੰਗ, ਚਿੱਤਰਕਲਾ, ਗੀਤ ਅਤੇ ਖੇਡ ਮੁਕਾਬਲੇ ਕਰਵਾਏ ਗਏ। ਵਿਦਿਆਰਥੀਆਂ ਨੇ ਬੜੇ ਹੀ ਉਤਸ਼ਾਹ ਨਾਲ ਹਰ ਗਤੀਵਿਧੀ ਦਾ ਆਨੰਦ ਮਾਣਿਆ। ਇਸ ਮੌਕੇ ਸ੍ਰੀ ਚੰਦਰ ਮੋਹਨ ਗੁਪਤਾ, ਗੁਰਵਿੰਦਰ ਸਿੰਘ, ਸੁਖਰਾਜ ਸਿੰਘ, ਬਲਤੇਜ ਸਿੰਘ, ਨਿਰਮਲ ਸਿੰਘ, ਬਲਵਿੰਦਰ ਕੁਮਾਰ, ਵਿਸ਼ਾਲ ਮਸੀਹ, ਗੁਰਿੰਦਰਜੀਤ ਸਿੰਘ, ਵਿਕਾਸ ਨਾਇਬ, ਮਨਦੀਪ ਸਿੰਘ, ਸੰਦੀਪ ਸਿੰਘ, ਪਰਿਕਸ਼ਿਤ ਸ਼ਰਮਾ, ਗੁਰਜੀਤ ਸਿੰਘ, ਪਰਮਜੀਤ ਕੌਰ, ਹਰਜੀਤ ਕੌਰ, ਅਮਨਦੀਪ ਕੌਰ, ਗੀਤੂ ਸ਼ਰਮਾ, ਜਸਪ੍ਰੀਤ ਕੌਰ, ਮਨਵੀਤ ਕੌਰ, ਸਿਮਰਜੀਤ ਕੌਰ, ਮਲਕੀਅਤ ਸਿੰਘ, ਕੁਲਵਿੰਦਰ ਕੌਰ, ਸੁਰਿੰਦਰ ਸਿੰਘ, ਰਿਪਲ ਚੌਧਰੀ, ਸੁਖਜਿੰਦਰ ਕੌਰ, ਨਾਜ਼ੀਆ ਜੇਮਸ ਹਾਜ਼ਰ ਸਨ।

# ਗਿ. ਕਰਨੈਲ ਸਿੰਘ ਗ਼ਰੀਬ ਦੇ ਅਕਾਲ ਚਲਾਣੇ 'ਤੇ ਬਾਬਾ ਬਲਬੀਰ ਸਿੰਘ, ਬੇਦੀ, ਬਰਾੜ, ਚੰਗਿਆੜਾ ਤੇ ਹੁੰਦਲ ਨੇ ਦੁੱਖ ਪ੍ਰਗਟਾਇਆ

ਅੰਮ੍ਰਿਤਸਰ, 3 ਜੁਲਾਈ, (ਗੁਰਦਿਆਲ ਸਿੰਘ) : ਅੰਤਰਰਾਸ਼ਟਰੀ ਸਿੱਖ ਪਚਾਰਕ, ਗੁਰੂ ਨਾਨਕ ਮਿਸ਼ਨ ਇੰਟਰਨੈਸ਼ਨਲ ਸੋਸਾਇਟੀ ਦੇ ਚੇਅਰਮੈਨ ਗਿਆਨੀ ਕਰਨੈਲ ਸਿੰਘ ਗਰੀਬ ਸੰਖੇਪ ਸਾਹ ਦੀ ਬਿਮਾਰੀ ਕਾਰਨ ਇਕ ਹਸਪਤਾਲ ਵਿਚ ਮੋਹਾਲੀ ਵਿਖੇ ਜ਼ੇਰੇ ਇਲਾਜ਼ ਸਨ ਦੇ ਸਵਰਗਵਾਸ ਹੋ ਜਾਣ 'ਤੇ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਅਕਾਲੀ 96 ਕਰੋੜੀ, ਸ਼੍ਰੋ:ਗੁ:ਪ੍ਰ ਕਮੇਟੀ ਤੇ ਸਾਬਕਾ ਅਤੇ ਬੁੱਢਾ ਦਲ ਦੇ ਸਕੱਤਰ ਦਿਲਜੀਤ ਸਿੰਘ ਬੇਦੀ, ਸਾਂਈ ਮੀਆਂਮੀਰ ਫਾਊਡੇਸ਼ਨ ਦੇ ਪ੍ਰਧਾਨ ਹਰਭਜਨ ਸਿੰਘ ਬਰਾੜ, ਕੌਮਾਂਤਰੀ ਪ੍ਰਚਾਰਕ ਗਿ. ਬਲਬੀਰ ਸਿੰਘ ਚੰਗਿਆੜਾ ਕਨੇਡਾ, ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਮੈਨੇਜਰ ਅਜਾਇਬ ਸਿੰਘ, ਨਰਿੰਦਰਪਾਲ ਸਿੰਘ ਸੈਕਰਾਮੈਂਟੋ ਅਮਰੀਕਾ ਨੇ ਗਹਿਰੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਸਿੱਖ ਧਰਮ ਦੇ




ਪ੍ਰਚਾਰ ਖੇਤਰ ਵਿੱਚ ਨਾ ਪੂਰਿਆ ਜਾਣਾ ਵਾਲਾ ਘਾਟਾ ਦੱਸਿਆ ਹੈ। ਉਨ੍ਹਾਂ ਕਿਹਾ ਗੁ: ਮੰਜੀ ਸਾਹਿਬ ਦੀਵਾਨ ਹਾਲ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਜਦ ਕਥਾ ਪ੍ਰਵਾਹ ਟੀ.ਵੀ 'ਤੇ ਅਰੰਭ ਹੋਇਆ ਤਾਂ ਭਾਈ ਕਰਨੈਲ ਸਿੰਘ ਗਰੀਬ ਮੁੱਢਲੇ ਕਥਾ ਪ੍ਰਚਾਰਕਾਂ ਵਿੱਚ ਸਨ।

ਗਿ. ਕਰਨੈਲ ਸਿੰਘ ਗਰੀਬ ਨੇ ਨਿਮਾਣਾ ਸਿੱਖ ਬਣ ਕੇ ਗੁਰੂ ਨਾਨਕ ਮਿਸ਼ਨ ਸੁਸਾਇਟੀ ਦੇ ਬੈਨਰ ਹੇਠ ਗਰੀਬ ਲੋੜਵੰਦ ਪ੍ਰੀਵਾਰਾਂ ਦੇ ਧੀਆਂ ਪੁੱਤਰਾਂ ਦੇ ਅਨੰਦ ਕਾਰਜ ਕਰਵਾਉਣ ਦੀ ਜੁੰਮੇਵਾਰੀ ਆਪ ਨੇ ਬਾਖੂਬੀ ਨਿਭਾਉਂਦਿਆ ਸੈਂਕੜੇ ਬੱਚਿਆਂ ਨੂੰ ਗ੍ਰਹਿਸਥੀ ਮਾਰਗ ਦੇ ਪਾਂਧੀ ਬਨਾਇਆ। ਉਨ੍ਹਾਂ ਕਿਹਾ ਐਸੇ ਨੇਕ ਦਿਲ ਇਨਸਾਨ ਦਾ ਤੁਰ ਜਾਣਾ ਸਮਾਜ ਲਈ ਘਾਟਾ ਤਾਂ ਹੁੰਦਾ ਹੀ ਹੈ। ਇਨ੍ਹਾਂ ਧਾਰਮਿਕ ਆਗੂਆਂ ਨੇ ਗਿਆਨੀ ਕਰਨੈਲ ਸਿੰਘ ਗਰੀਬ ਦੇ ਪ੍ਰੀਵਾਰ ਨਾਲ ਸੰਵੇਦਨਾ ਪ੍ਰਗਟ ਕਰਦਿਆਂ ਅਰਦਾਸ ਕੀਤੀ ਕਿ ਅਕਾਲ ਪੁਰਖ ਵਿੱਛੜੀ ਰੂਹ ਨੂੰ ਆਪਣੇ ਚਰਨਾਂ 'ਚ ਨਿਵਾਸ ਬਖਸ਼ਣ ਤੇ ਪ੍ਰੀਵਾਰ ਨੂੰ ਭਾਣਾ ਮੰਨਣ ਦਾ ਬਲ ਪ੍ਰਦਾਨ ਕਰਨ। ਉਨ੍ਹਾਂ ਕਿਹਾ ਕਿ ਗਿ. ਕਰਨੈਲ ਸਿੰਘ ਗਰੀਬ ਦਾ ਪਰਿਵਾਰ ਅਮਰੀਕਾ ਵਿੱਚ ਰਹਿ ਰਿਹਾ ਹੈ। ਉਨ੍ਹਾਂ ਦੇ ਆਉਣ 'ਤੇ ਹੀ ਉਨ੍ਹਾਂ ਦੇ ਅੰਤਿਮ ਸਸਕਾਰ ਕਰਨ ਸਬੰਧੀ ਫੈਸਲਾ ਕੀਤਾ ਜਾਣਾ ਹੈ।

# ਗੁਰੂ ਨਾਨਕ ਦੇਵ ਯੂਨੀਵਰਸਿਟੀ ਓਪਨ ਐਂਡ ਡਿਸਟੈਂਸ ਲਰਨਿੰਗ ਅਤੇ ਆਨਲਾਈਨ ਕੋਰਸਾਂ ਵਿੱਚ ਦਾਖ਼ਲੇ ਦੀ ਆਖ਼ਰੀ ਮਿਤੀ ਤੋਂ ਪਹਿਲਾਂ ਹੀ 1800 ਵਿਦਿਆਰਥੀਆਂ ਨੇ ਲਿਆ ਦਾਖ਼ਲਾ

ਅੰਮ੍ਰਿਤਸਰ, 3 ਜੁਲਾਈ, (ਗੁਰਦਿਆਲ ਸਿੰਘ) : ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਉਪ ਕੁਲਪਤੀ ਡਾ. ਕਰਮਜੀਤ ਸਿੰਘ ਨੇ ਕਿਹਾ ਹੈ ਕਿ ਗੁਰੂ ਨਾਨਕ ਦੇਵ ਯੂਨੀਵਰਸਿਟੀ ਵੱਲੋਂ ਹਾਲ ਵਿੱਚ ਸ਼ੁਰੂ ਕੀਤੇ ਗਏ ਵੱਖ ਵੱਖ ਆਨਲਾਈਨ 53 ਕੋਰਸਾਂ ਦੇ ਲਈ 15 ਸਤੰਬਰ 2025 ਤੱਕ ਦਾਖਲੇ ਤੇ ਆਖਰੀ ਮਿਤੀ ਨਿਰਧਾਰਿਤ ਕੀਤੀ ਗਈ ਹੈ। ਪਰ ਇਸ ਤੋਂ ਪਹਿਲਾਂ ਹੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਵੱਖ-ਵੱਖ ਓਡੀਐਲ ਅਤੇ ਆਨਲਾਈਨ ਕੋਰਸਾਂ ਦੇ ਵਿੱਚ 1800 ਤੋਂ ਵੱਧ ਵਿਦਿਆਰਥੀ ਦਾਖਲਾ ਲੈ ਚੁੱਕੇ ਹਨ ਅਤੇ ਉਹ ਉਚੇਰੀ ਸਿੱਖਿਆ ਪ੍ਰਾਪਤ ਕਰਕੇ ਆਪਣੇ ਜੀਵਨ ਨੂੰ ਨਵੀਂ ਦਿਸ਼ਾ ਵੱਲ ਲੈ ਕੇ ਜਾਣ ਲਈ ਉਤਾਵਲੇ ਹੋ ਚੁੱਕੇ ਹਨ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ 2025 ਅਕਾਦਮਿਕ ਸਾਲ ਲਈ ਓਪਨ ਐਂਡ ਡਿਸਟੈਂਸ ਲਰਨਿੰਗ (ਓਡੀਐਲ) ਅਤੇ ਆਨਲਾਈਨ ਮੋਡ 'ਚ ਚੱਲ ਰਹੇ ਵੱਖ-ਵੱਖ ਪ੍ਰੋਗਰਾਮਾਂ ਲਈ ਦਾਖਲੇ ਸ਼ੁਰੂ ਕਰ ਦਿੱਤੇ ਹਨ। ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ-ਡਿਸਟੈਂਸ ਐਜੂਕੇਸ਼ਨ ਬਿਊਰੋ ਦੀਆਂ ਹਦਾਇਤਾਂ ਅਨੁਸਾਰ ਦਾਖਲੇ ਦੀ ਆਖਰੀ ਮਿਤੀ 15 ਸਤੰਬਰ 2025 ਰੱਖੀ ਗਈ ਹੈ।



ਓਡੀਐਲ ਅਤੇ ਆਨਲਾਈਨ ਕੋਰਸ ਦੇ ਡਾਇਰੈਕਟਰ ਡਾ. ਸੁਬੀਤ ਕੁਮਾਰ ਜੈਨ ਨੇ ਦੱਸਿਆ ਕਿ ਇਸ ਸੈਸ਼ਨ ਤੋਂ ਪ੍ਰੋਫੈਸਰ (ਡਾ.) ਕਰਮਜੀਤ ਸਿੰਘ, ਵਾਈਸ-ਚਾਂਸਲਰ ਦੀ ਦੂਰਦਰਸ਼ੀ ਅਗਵਾਈ ਹੇਠ 53 ਨਵੇਂ ਸਰਟੀਫਿਕੇਟ ਅਤੇ ਡਿਪਲੋਮਾ ਕੋਰਸ ਸ਼ੁਰੂ ਕੀਤੇ ਗਏ ਹਨ, ਜੋ ਸਕਿੱਲ ਵਿਕਾਸ 'ਤੇ ਧਿਆਨ ਕੇਂਦ੍ਰਿਤ ਕਰਦੇ ਹਨ ਅਤੇ ਓਡੀਐਲ ਅਤੇ ਆਨਲਾਈਨ ਮੋਡ 'ਚ ਚਲਾਏ ਜਾਣਗੇ। ਯੂਨੀਵਰਸਿਟੀ ਵਿੱਚ ਓਡੀਐਲ ਮੋਡ ਹੇਠ 10 ਡਿਗਰੀ ਪ੍ਰੋਗਰਾਮ ਚੱਲ ਰਹੇ ਹਨ, ਜਿਨ੍ਹਾਂ ਵਿੱਚ ਬੀਏ ਬੀਬੀਏ ਬੀਸੀਏ ਬੀਕਾਮ ਅਤੇ ਬੀ ਲਿਬ ਵਰਗੇ ਅੰਡਰਗ੍ਰੈਜੂਏਟ ਕੋਰਸ ਅਤੇ ਐਮਬੀਏ ਐਮਸੀਏ ਐਮਏ ਪੰਜਾਬੀ ਐਮਏ ਅੰਗਰੇਜ਼ੀ ਅਤੇ ਐਮ ਕਾਮ ਵਰਗੇ ਪੋਸਟ ਗਰੈਜੂਏਟ ਕੋਰਸ ਸ਼ਾਮਲ ਹਨ।

ਵਾਈਸ ਚਾਂਸਲਰ ਡਾ. ਕਰਮਜੀਤ ਸਿੰਘ ਨੇ ਦੱਸਿਆ ਕਿ ਯੂਨੀਵਰਸਿਟੀ ਨੇ ਕੈਂਪਸ ਵਿਚ ਇਕ ਵਿਸ਼ੇਸ਼ ਸਟੂਡੀਓ ਸਥਾਪਤ ਕੀਤਾ ਹੈ, ਜਿਸ ਨਾਲ ਆਨਲਾਈਨ ਸਿੱਖਿਆ, ਵੀਡੀਓ ਲੈਕਚਰ ਰਿਕਾਰਡਿੰਗ ਅਤੇ ਏਆਈ ਪ੍ਰੋਕਟਰਡ ਪ੍ਰੀਖਿਆਵਾਂ ਸੰਭਵ ਹੋ ਸਕਦੀਆਂ ਹਨ।

ਡਾ. ਜੈਨ ਨੇ ਦੱਸਿਆ ਕਿ ਡੀਐਲ ਅਤੇ ਆਨਲਾਈਨ ਕੋਰਸਾਂ ਲਈ ਦਾਖਲੇ ਦੀ ਆਖਰੀ ਮਿਤੀ ਯੂਜੀਸੀ ਦੀਆਂ ਹਦਾਇਤਾਂ ਅਨੁਸਾਰ ਠਹਿਰਾਈ ਗਈ ਹੈ ਅਤੇ ਵੇਰਵੇ (odl.gndu.ac.in/Home Page.aspx) ਅਤੇ ਆਨਲਾਈਨ ਵੈਬਸਾਈਟ (https://www.gndu-online.in/) 'ਤੇ ਅਪਲੋਡ ਕੀਤੇ ਗਏ ਹਨ। ਵਿਦਿਆਰਥੀ ਡਾਇਰੈਕਟੋਰੇਟ ਦੇ ਦਫ਼ਤਰ 'ਤੇ ਵੀ ਆ ਸਕਦੇ ਹਨ ਜਾਂ ਮੋਬਾਈਲ ਨੰਬਰ 7696359389 ( ਓਡੀਅਲ ਲਈ) ਅਤੇ 7658875661 (ਆਨਲਾਈਨ ਸਟੱਡੀਜ਼ ਲਈ) 'ਤੇ ਸੰਪਰਕ ਕਰ ਸਕਦੇ ਹਨ।

# ਕਮਲਜੀਤ ਕੜਵਲ ਤੇ ਕਰਨ ਵੜਿੰਗ ਕਾਂਗਰਸ 'ਚੋਂ ਬਾਹਰ ?

ਲੁਧਿਆਣਾ, 3 ਜੁਲਾਈ (ਰਵਿੰਦਰ ਸਿੰਘ ਨਿੱਝਰ) : ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ (ਪੀਪੀਸੀਸੀ) ਨੇ ਲੁਧਿਆਣਾ ਵਿਧਾਨ ਸਭਾ ਉਪ ਚੋਣ ਤੋਂ ਪਹਿਲਾਂ ਪਾਰਟੀ ਵਿੱਚ ਸ਼ਾਮਲ ਹੋਏ ਦੋ ਆਗੂਆਂ ਨੂੰ ਮੁੜ ਸ਼ਾਮਲ ਕਰਨ ਨੂੰ ਰੱਦ ਕਰ ਦਿੱਤਾ ਹੈ, ਜੋ ਕਿ ਸੂਬਾ ਪਾਰਟੀ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਲਈ ਬਹੁਤ ਨਾਰਾਜ਼ਗੀ ਦਾ ਕਾਰਨ ਰਹੇ ਹੋ। ਇਹ ਕਦਮ ਉਪ ਚੋਣ ਦੀ ਹਾਰ ਤੋਂ ਬਾਅਦ ਸੂਬਾ ਕਾਂਗਰਸ ਵਿੱਚ ਵੱਧਦੀਆਂ ਦਰਾਰਾਂ ਦੇ ਵਿਚਕਾਰ ਆਇਆ ਹੈ, ਜਿਸ ਵਿੱਚ ਆਗੂਆਂ ਦਾ ਇੱਕ ਹਿੱਸਾ ਵੜਿੰਗ ਅਤੇ ਉਨ੍ਹਾਂ ਦੇ ਨਾਲ ਖੜ੍ਹੇ ਲੋਕਾਂ ਨਾਲ ਵਧਦੇ ਮਤਭੇਦਾਂ ਕਾਰਨ ਲੀਡਰ ਵਿੱਚ ਤਬਦੀਲੀ ਦੀ ਮੰਗ ਕਰ ਰਿਹਾ ਹੈ। ਪ੍ਰਦੇਸ਼ ਕਾਂਗਰਸ, ਜੋ ਕਿ ਸੂਬੇ ਵਿੱਚ ਪਾਰਟੀ ਦੀ ਸਭ ਤੋਂ ਉੱਚੀ ਫੈਸਲਾ ਲੈਣ ਵਾਲੀ ਸੰਸਥਾ ਹੈ - ਦੀ ਅਗਵਾਈ ਸੂਬਾ ਪਾਰਟੀ ਮੁਖੀ ਹੋਣ ਕਾਰਨ ਵੜਿੰਗ ਕਰ ਰਹੇ ਹਨ। ਵੜਿੰਗ ਅਨੁਸਾਰ ਦੋਵੇਂ ਆਗੂ "ਪਾਰਟੀ ਦੇ ਮੁੱਢਲੇ ਮੈਂਬਰ ਵੀ ਨਹੀਂ ਸਨ"। ਉਨ੍ਹਾਂ ਨੇ ਪਹਿਲਾਂ ਆਤਮ ਨਗਰ ਤੋਂ ਕਮਲਜੀਤ ਸਿੰਘ ਕੜਵਲ ਅਤੇ ਦਾਖਾ ਤੋਂ ਕਰਨ ਵੜਿੰਗ ਨੂੰ ਦੁਬਾਰਾ ਸ਼ਾਮਲ ਕਰਨ 'ਤੇ ਇਤਰਾਜ਼ ਜਤਾਇਆ ਸੀ। ਕਿਉਂਕਿ ਦੋਵਾਂ ਆਗੂਆਂ ਨੇ 2024 ਦੀਆਂ ਆਮ ਚੋਣਾਂ ਵਿੱਚ "ਉਨ੍ਹਾਂ ਵਿਰੁੱਧ ਪ੍ਰਚਾਰ" ਕੀਤਾ ਸੀ, ਜਿਸ ਨੂੰ ਸੂਬਾ ਪਾਰਟੀ ਪ੍ਰਧਾਨ ਨੇ ਲੁਧਿਆਣਾ ਤੋਂ ਲੜਿਆ ਸੀ ਅਤੇ ਜਿੱਤਿਆ ਸੀ। ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਮੁਖੀ ਅਮਰਿੰਦਰ ਸਿੰਘ ਰਾਜਾ ਵੜਿੰਗ ਦੇ ਇਨ੍ਹਾਂ ਸ਼ਾਮਲ ਕਰਨ 'ਤੇ ਇਤਰਾਜ਼ ਜਤਾਇਆ ਸੀ। ਇਸ ਮੁੱਦੇ ਨੇ ਉਪ-ਚੋਣ ਤੋਂ ਪਹਿਲਾਂ ਪਾਰਟੀ ਵਿੱਚ ਦਰਾਰ ਨੂੰ ਸਾਹਮਣੇ ਲਿਆਂਦਾ ਸੀ ਕਿਉਂਕਿ ਕਪੂਰਥਲਾ ਦੇ ਵਿਧਾਇਕ ਰਾਣਾ ਗੁਰਜੀਤ ਸਿੰਘ, ਜੋ ਕਿ ਵੜਿੰਗ ਦੇ ਇੱਕ ਕੱਟੜ ਵਿਰੋਧੀ ਸਨ, ਨੂੰ ਵੀ ਇਸ ਮਾਮਲੇ ਜ਼ਿੰਮੇਵਾਰ ਠਹਿਰਾਇਆ ਗਿਆ ਸੀ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਜੋ ਕਿ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਵੀ ਹਨ, ਨੇ ਇਸ ਕਦਮ ਦਾ ਸਮਰਥਨ ਕੀਤਾ ਸੀ। ਸੀਡਬਲਿਊ ਸੀ ਕਾਂਗਰਸ ਦੀ ਸਭ ਤੋਂ ਉੱਚੀ ਫੈਸਲਾ ਲੈਣ ਵਾਲੀ ਸੰਸਥਾ ਹੈ। ਸੂਬਾ ਪਾਰਟੀ ਦੇ ਇੱਕ ਸੀਨੀਅਰ ਆਗੂ ਨੇ ਕਿਹਾ ਕਿ ਦੋਵਾਂ ਆਗੂਆਂ ਨੂੰ ਪਾਰਟੀ ਵਿੱਚ ਦੁਬਾਰਾ ਸ਼ਾਮਲ ਕਰਦੇ ਸਮੇਂ "ਢੁੱਕਵੀਂ ਪ੍ਰਕਿਰਿਆ ਦੀ ਪਾਲਣਾ ਨਹੀਂ ਕੀਤੀ ਗਈ"। ਆਗੂ ਨੇ ਕਿਹਾ ਕਿ ਇਹ ਆਲ ਇੰਡੀਆ ਕਾਂਗਰਸ ਕਮੇਟੀ ਦੇ ਜਨਰਲ ਸਕੱਤਰ ਇੰਚਾਰਜ ਪੰਜਾਬ ਭੂਪੇਸ਼ ਬਘੇਲ ਅਤੇ ਕਾਂਗਰਸ ਪ੍ਰਦੇਸ਼ ਪ੍ਰਧਾਨ ਰਾਜਾ ਵੜਿੰਗ ਦੀ ਸਹਿਮਤੀ ਤੋਂ ਬਿਨਾਂ ਕੀਤਾ ਗਿਆ ਸੀ। ਹਾਲਾਂਕਿ ਪੰਜਾਬ ਕਾਂਗਰਸ ਕਮੇਟੀ ਦੇ ਭਰਤੀ ਨੂੰ ਰੱਦ ਕਰਨ ਦੇ ਹੁਕਮ ਨੂੰ ਜਨਤਕ ਨਹੀਂ ਕੀਤਾ ਗਿਆ ਹੈ, ਪਰ ਇਹ ਫੈਸਲਾ ਉਨ੍ਹਾਂ ਆਗੂਆਂ ਲਈ ਇੱਕ ਸੁਨੇਹਾ ਹੈ, ਜਿਨ੍ਹਾਂ ਨੇ ਵੜਿੰਗ ਅਤੇ ਹੋਰ ਪਾਰਟੀ ਆਗੂਆਂ ਨੂੰ ਦੂਰ ਰੱਖਦੇ ਹੋਏ ਉਪ-ਚੋਣ ਵਿੱਚ ਪਾਰਟੀ ਉਮੀਦਵਾਰ ਭਾਰਤ ਭੂਸ਼ਣ ਆਸ਼ੂ ਲਈ ਪ੍ਰਚਾਰ ਕੀਤਾ ਸੀ। ਇਸ ਮੁਹਿੰਮ ਦੀ ਅਗਵਾਈ ਚੰਨੀ, ਰਾਣਾ ਗੁਰ-ਜੀਤ, ਪ੍ਰਗਟ ਸਿੰਘ ਅਤੇ ਕੁਸ਼ਲਦੀਪ ਢਿੱਲੋਂ ਕਰ ਰਹੇ ਸਨ, ਸਾਰੇ ਵੜਿੰਗ ਦੇ ਵਿਰੋਧੀ ਅਤੇ ਰਾਜ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਮੰਨੇ ਜਾਂਦੇ ਸਨ। ਇਸ ਤੋਂ ਪਹਿਲਾਂ, ਪਾਰਟੀ ਦੇ ਵਿਰੋਧੀ ਧੜਿਆਂ ਨੇ ਉਪ-ਚੋਣ ਹਾਰ ਲਈ ਬਘੇਲ ਨੂੰ ਵੱਖ-ਵੱਖ ਰਿਪੋਰਟਾਂ ਸੌਂਪੀਆਂ ਸਨ, ਜਿਸ ਤੋਂ ਬਾਅਦ ਸੂਬਾ ਕਾਰਜਕਾਰੀ ਪ੍ਰਧਾਨ ਆਸ਼ੂ ਅਤੇ ਉਪ-ਪ੍ਰਧਾਨ ਪ੍ਰਗਟ ਸਿੰਘ ਅਤੇ ਢਿੱਲੋਂ ਨੇ ਆਪਣੇ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਸੀ। ਹੁਣ, ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਪੱਖਪਾਤ ਨੂੰ ਰੋਕਣ ਲਈ ਪੰਜਾਬ ਦੇ ਆਗੂਆਂ ਨੂੰ ਇੱਕ-ਨਾਲ-ਇੱਕ ਸੁਣਵਾਈ ਕਰਨ ਦਾ ਫੈਸਲਾ ਕੀਤਾ ਹੈ। ਚਰਚਾ ਹੈ ਕਿ ਅਨੁਸਾਰ ਸੂਬਾਈ ਪਾਰਟੀ ਆਗੂਆਂ ਦਾ ਇੱਕ ਧੜਾ ਹਿੰਦੂ, ਦਲਿਤ ਅਤੇ ਜਾਟ ਚਿਹਰਿਆਂ ਦੀ ਪ੍ਰਸਿੱਧੀ ਦਾ ਪਤਾ ਲਗਾਉਣ ਲਈ "ਜ਼ਮੀਨੀ ਸਰਵੇਖਣ" ਦੀ ਮੰਗ ਕਰ ਰਿਹਾ ਹੈ।

# ਮੰਤਰੀ ਬਣਨ 'ਤੇ ਸੰਜੀਵ ਅਰੋੜਾ ਨੂੰ ਵਧਾਈ : ਜੌਹਰ, ਕੰਡਾ, ਧਰਮਿੰਦਰ



ਲੁਧਿਆਣਾ, 3 ਜੁਲਾਈ (ਰਵਿੰਦਰ ਸਿੰਘ ਨਿੱਝਰ) : ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾ ਤੇ ਨਗਰ ਨਿਗਮ ਲੁਧਿਆਣਾ ਦੇ ਡਿਪਟੀ ਮੇਅਰ ਪ੍ਰਿੰਸ ਜੌਹਰ, ਆਮ ਆਦਮੀ ਪਾਰਟੀ ਹਲਕਾ ਆਤਮ ਨਗਰ ਬੀਸੀ ਵਿੰਗ ਦੇ ਪ੍ਰਧਾਨ ਅਵਤਾਰ ਸਿੰਘ ਕੰਡਾ ਅਤੇ ਸੀਨੀਅਰ ਨੇਤਾ ਧਰਮਿੰਦਰ ਸਿੰਘ ਨੇ ਲੁਧਿਆਣਾ ਵਿਧਾਨ ਸਭਾ ਪੱਛਮੀ ਹਲਕੇ ਤੋਂ ਜਿੱਤ ਪ੍ਰਾਪਤ ਕਰਕੇ ਵਿਧਾਇਕ ਬਣੇ ਸੰਜੀਵ ਅਰੋੜਾ ਨੂੰ ਮੰਤਰੀ ਮੰਡਲ ਵਿੱਚ ਲਏ ਜਾਣ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ, ਉਨ੍ਹਾਂ ਨੂੰ ਵਧਾਈ ਭੇਜੀ ਹੈ। ਜੌਹਰ, ਕੰਡਾ ਅਤੇ ਧਰਮਿੰਦਰ ਨੇ ਆਖਿਆ ਕਿ ਸੰਜੀਵ ਅਰੋੜਾ ਬਹੁਤ ਹੀ ਇਮਾਨਦਾਰ ਅਤੇ ਦੂਰਦਰਸ਼ਤਾ ਵਾਲੇ ਵਿਅਕਤੀ ਹਨ ਅਤੇ ਉਹ ਹਲਕੇ ਦਾ ਰਿਕਾਰਡ ਤੋੜ ਵਿਕਾਸ ਕਰਵਾਉਣ ਦੇ ਨਾਲ ਨਾਲ ਆਮ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਵੱਲ ਵੀ ਉਚੇਚਾ ਧਿਆਨ ਦੇਣਗੇ। ਉਹਨਾਂ ਕਿਹਾ ਕਿ ਸ੍ਰੀ ਅਰੋੜਾ ਦੇ ਮੰਤਰੀ ਬਣਨ ਨਾਲ ਇਲਾਕਾ ਨਿਵਾਸੀਆਂ ਅਤੇ ਪੂਰੇ ਲੁਧਿਆਣਾ ਸ਼ਹਿਰ ਵਿੱਚ ਖੁਸ਼ੀ ਪ੍ਰਗਟ ਕੀਤੀ ਜਾ ਰਹੀ ਹੈ ਅਤੇ ਥਾਂ ਥਾਂ 'ਤੇ ਲੱਡੂ ਵੰਡੇ ਜਾ ਰਹੇ ਹਨ ਅਤੇ ਢੋਲ ਵਜਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਇਸ ਹਲਕੇ ਦੇ ਸਾਬਕਾ ਵਿਧਾਇਕ ਸਵਰਗੀ ਗੋਗੀ ਨੇ ਵੀ ਵਿਕਾਸ ਦੇ ਕਾਫੀ ਕੰਮ ਕਰਵਾਏ ਸਨ। ਪ੍ਰੰਤੂ ਜੋ ਕੰਮ ਰਹਿ ਗਏ ਸਨ ਉਹ ਸੰਜੀਵ ਅਰੋੜਾ ਬਹੁਤ ਜਲਦੀ ਨੇਪਰੇ ਚਾੜ੍ਹਨਗੇ।

# ਸੰਜੀਵ ਅਰੋੜਾ ਨੂੰ ਮੰਤਰੀ ਬਣਾਏ ਜਾਣ ਦੀ ਖ਼ੁਸ਼ੀ 'ਚ ਲੱਡੂ ਵੰਡੇ



ਲੁਧਿਆਣਾ, 3 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸ੍ਰੀ ਸੰਜੀਵ ਅਰੋੜਾ ਜੋ ਕਿ ਹਾਲ ਹੀ ਵਿੱਚ ਹੋਈਆਂ ਲੁਧਿਆਣਾ ਵਿਧਾਨ ਸਭਾ ਪੱਛਮੀ ਹਲਕੇ ਦੀਆਂ ਚੋਣਾਂ ਵਿੱਚ ਸਾਨਦਾਰ ਜਿੱਤ ਪ੍ਰਾਪਤ ਕਰਕੇ ਵਿਧਾਇਕ ਬਣੇ ਹਨ ਉਹਨਾਂ ਨੂੰ ਵਿਧਾਇਕ ਦੀ ਸੌਂਹ ਚੁਕਾ ਦਿੱਤੀ ਗਈ ਸੀ। ਪਰੰਤੂ ਹੁਣ ਉਹਨਾਂ ਨੂੰ ਮੰਤਰੀ ਮੰਡਲ ਵਿੱਚ ਵੀ ਸ਼ਾਮਿਲ ਕਰਕੇ ਸਨਅਤ ਅਤੇ ਐੱਨ ਆਰ ਆਈ ਮਾਮਲਿਆਂ ਦਾ ਮੰਤਰੀ ਬਣਾ ਦਿੱਤਾ ਗਿਆ ਹੈ। ਉਹਨਾਂ ਨੂੰ ਮੰਤਰੀ ਬਣਨ 'ਤੇ ਸਹੁੰ ਚੁਕਾਈ ਗਈ। ਉਹਨਾਂ ਦੇ ਮੰਤਰੀ ਬਣਨ ਦੇ ਨਾਲ ਲੁਧਿਆਣਾ ਵਾਸੀਆਂ ਖਾਸ ਕਰ ਲੁਧਿਆਣਾ ਪੱਛਮੀ ਹਲਕੇ ਵਿੱਚ ਖੁਸ਼ੀ ਦਾ ਮਾਹੌਲ ਹੈ। ਘੰਟਾ ਘਰ ਨੇੜੇ ਸੀਨੀਅਰ ਆਪ ਆਗੂ ਮਨਪ੍ਰੀਤ ਸਿੰਘ ਬੰਟੀ ਅਤੇ ਉਸਦੀ ਸਮੁੱਚੀ ਟੀਮ ਨੇ ਲੱਡੂ ਵੰਡ ਕੇ ਖੁਸ਼ੀ ਦਾ ਪ੍ਰਗਟਾਵਾ ਕੀਤਾ ਹੈ। ਇਸ ਮੌਕੇ ਸੰਬੋਧਨ ਕਰਦਿਆਂ ਬੰਟੀ ਨੇ ਆਖਿਆ ਕਿ ਬੇਸ਼ੱਕ ਵਿਧਾਨ ਸਭਾ ਚੋਣਾਂ ਵਿੱਚ ਡੇਢ ਸਾਲ ਰਹਿ ਗਿਆ ਹੈ। ਪਰੰਤੂ ਇਸ ਛੋਟੇ ਜਿਹੇ ਸਮੇਂ ਵਿੱਚ ਸ੍ਰੀ ਅਰੋੜਾ ਵਿਕਾਸ ਦੀਆਂ ਹਨੇਰੀਆਂ ਲਿਆ ਦੇਣਗੇ। ਉਹਨਾਂ ਆਖਿਆ ਕਿ ਲੋਕਾਂ ਨੇ ਬਹੁਤ ਸੋਚ ਸਮਝ ਕੇ ਸ੍ਰੀ ਅਰੋੜਾ ਦੇ ਹੱਕ ਵਿੱਚ ਵੋਟ ਪਾਈ ਸੀ। ਕਿਉਂਕਿ ਲੋਕ ਜਾਣਦੇ ਸਨ ਕਿ ਇਸ ਇਲਾਕੇ ਦਾ ਵਿਕਾਸ ਸ੍ਰ ਅਰੋੜਾ ਹੀ ਕਰਵਾ ਸਕਦੇ ਹਨ। ਇਸ ਮੌਕੇ ਸ੍ਰੀ ਬੰਟੀ ਦੀ ਟੀਮ ਦੇ ਅਨੇਕਾਂ ਮੈਂਬਰ ਮੌਜੂਦ ਸਨ।

# ਵੇਅਰ ਹਾਊਸਿੰਗ ਦੇ ਡਾਇਰੈਕਟਰ ਪਾਲੀ ਵੱਲੋਂ ਪੁਸਤਕ 'ਜਿਸ ਤਨ ਲੱਗੀਆਂ' ਰਿਲੀਜ਼



ਲੁਧਿਆਣਾ, 3 ਜੁਲਾਈ (ਰਵਿੰਦਰ ਸਿੰਘ ਨਿੱਝਰ) : ਪੰਜਾਬ ਕੰਟੇਨਰ ਐਂਡ ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਡਾਇਰੈਕਟਰ ਤੇ ਸੀਨੀਅਰ ਆਪ ਨੇਤਾ ਰਵਿੰਦਰ ਪਾਲ ਸਿੰਘ ਪਾਲੀ ਨੇ ਅੱਜ ਇੱਥੇ ਇੱਕ ਸਾਦਾ ਸਮਾਗਮ ਦੌਰਾਨ ਪੰਜਾਬ ਰਾਜ ਊਰਜਾ ਨਿਗਮ ਸੇਵਾ ਮੁਕਤ ਐਕਸੀਅਨ ਤੇ ਉੱਘੇ ਲਿਖਾਰੀ ਵਰਿੰਦਰ ਟੌਲਵਾਲੀਆ ਦੀ ਪੁਸਤਕ 'ਜਿਸ ਤਨ ਲੱਗੀਆਂ' ਆਪਣੇ ਕਰ ਕਮਲਾਂ ਨਾਲ ਰਿਲੀਜ਼ ਕੀਤੀ। ਇਸ ਮੌਕੇ ਸੰਬੋਧਨ ਕਰਦਿਆ ਪਾਲੀ ਨੇ ਆਖਿਆ ਕਿ ਵਰਿੰਦਰ ਟੌਲਵਾਲੀਆ ਇੱਕ ਵਧੀਆ ਲੇਖਕ ਹਨ ਅਤੇ ਸਾਫ ਸੁਥਰੀ ਲੇਖਣੀ ਕਾਰਨ ਪ੍ਰਸਿੱਧ ਹਨ। ਉਹਨਾਂ ਕਿਹਾ ਕਿ ਉਹ ਜੋ ਵੀ ਲਿਖਦੇ ਹਨ ਉਸਦੇ ਅੰਦਰ ਖ਼ੁਭ ਕੇ ਲਿਖਦੇ ਹਨ। ਮੁੱਟਨ ਵਾਲੀਆਂ ਨੇ ਦੱਸਿਆ ਕਿ ਇਸ ਕਿਤਾਬ ਵਿੱਚ ਕਈ ਕਹਾਣੀਆਂ, ਲੇਖ, ਕਵਿਤਾਵਾਂ ਅਤੇ ਗੀਤ ਹਨ ਅਤੇ ਸਾਰੇ ਦਾ ਸਾਰਾ ਮੈਟਰ ਨਿਰੋਲ ਸੱਭਿਆਚਾਰਕ ਹੈ, ਜਿਸ ਨੂੰ ਕਿ ਪੂਰੇ ਪਰਿਵਾਰ ਵਿੱਚ ਬੈਠ ਕੇ ਆਸਾਨੀ ਨਾਲ ਪੜ੍ਹਿਆ ਜਾਂ ਸੁਣਿਆ ਜਾ ਸਕਦਾ ਹੈ। ਇਸ ਮੌਕੇ ਹਿਮਾਚਲ ਪ੍ਰਦੇਸ਼ ਦੇ ਸ਼ਹਿਰ ਪਾਲਮਪੁਰ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਲੱਕੀ ਪੁਰੀ ਅਤੇ ਹੋਰ ਵੀ ਮੌਜੂਦ ਸਨ।

# ਆਰ.ਟੀ.ਆਈ. ਕਾਰਕੁੰਨ ਧੋਖਾਧੜੀ ਅਤੇ ਜਾਅਲਸਾਜ਼ੀ ਦੇ ਮਾਮਲੇ 'ਚ ਗ੍ਰਿਫ਼ਤਾਰ

ਲੁਧਿਆਣਾ, 3 ਜੁਲਾਈ (ਰਵਿੰਦਰ ਸਿੰਘ ਨਿੱਝਰ) : ਮਿਲੀ ਜਾਣਕਾਰੀ ਅਨੁਸਾਰ ਇੱਕ ਵਿਅਕਤੀ ਰੱਛਪਾਲ ਸਿੰਘ ਗਾਬੜੀਆ ਨੇ ਕਥਿਤ ਤੌਰ 'ਤੇ ਆਪਣੀ ਪਹਿਚਾਣ ਗਲਤ ਦੱਸ ਕੇ ਅਤੇ ਝੂਠੇ ਅਤੇ ਫਰਜੀ ਕਾਗਜ ਲਗਾ ਕੇ ਲੱਖਾਂ ਰੁਪਏ ਦਾ ਲੋਨ ਬੈਂਕ ਪਾਸੋਂ ਲਿਆ, ਜਿਸ ਬਾਬਤ ਥਾਣਾ ਸਟੇਟ ਕ੍ਰਾਇਮ, ਮੋਹਾਲੀ ਦੀ ਪੁਲਿਸ ਵੱਲੋਂ ਮੁਕੱਦਮਾ ਨੰਬਰ-11 ਮਿਤੀ 08-11-2011 ਜੇਰੇਧਾਰਾ 420, 465, 467, 468, 471, 472 ਆਈ.ਪੀ.ਸੀ ਤਹਿਤ ਰੱਛਪਾਲ ਸਿੰਘ ਗਾਬੜੀਆ ਖਿਲਾਫ ਮੁਕੱਦਮਾ ਦਰਜ ਕੀਤਾ ਗਿਆ ਸੀ। ਇਸ ਮੁਕੱਦਮੇ ਵਿੱਚ ਅਦਾਲਤ ਨੇ ਉਸ ਨੂੰ 07-07-2017 ਨੂੰ ਦੋ ਸਾਲ ਕੈਦ ਦੀ ਸਜਾ ਸੁਣਾਈ ਸੀ, ਜਿਸ ਤੋਂ ਬਾਅਦ ਉਸ ਨੇ ਉਕਤ ਫੈਸਲੇ ਦੀ ਅਪੀਲ ਮਾਨਯੋਗ ਕੋਰਟ, ਮੋਹਾਲੀ ਵਿੱਚ ਲਗਾਈ ਸੀ। ਜੋ ਕਿ 25-04-2025 ਨੂੰ ਖਾਰਜ ਕਰ ਦਿੱਤੀ ਗਈ। ਜਿਸ ਤੋਂ ਬਾਅਦ ਮਾਨਯੋਗ ਅਦਾਲਤ ਮਿਸ. ਮੇਘਾ ਧਾਲੀਵਾਲ, ਸੀ.ਜੇ.ਐਮ, ਮੋਹਾਲੀ ਵੱਲੋਂ ਗੈਰ ਜਮਾਨਤੀ ਵਰੰਟ ਜਾਰੀ ਕੀਤੇ ਗਏ ਅਤੇ ਅੱਜ ਸਟੇਟ ਕ੍ਰਾਇਮ ਥਾਣਾ ਮੁਹਾਲੀ ਦੀ ਪੁਲਿਸ ਵੱਲੋਂ ਉਸ ਨੂੰ ਲੁਧਿਆਣਾ ਵਿਖੇ ਕਾਬੂ ਕੀਤਾ ਗਿਆ ਅਤੇ ਗ੍ਰਿਫਤਾਰ ਕਰਕੇ ਪਹਿਲਾਂ ਅਦਾਲਤ ਵਿੱਚ ਪੇਸ਼ ਕੀਤਾ ਅਤੇ ਫਿਰ ਜੇਲ੍ਹ ਭੇਜਿਆ ਜਾ ਰਿਹਾ ਹੈ। ਇੱਥੇ ਇਹ ਵੀ ਦੱਸਣਯੋਗ ਹੈ ਕਿ ਉਹ ਆਪਣੇ ਆਪ ਨੂੰ ਆਰ.ਟੀ.ਆਈ ਐਕਟੀਵਿਸਟ ਕਹਿੰਦਾ ਹੈ।

# ਵਿਧਾਇਕ ਛੀਨਾ ਵੱਲੋਂ ਵਾਰਡ ਨੰ. 33 'ਚ ਸੜਕ ਨਿਰਮਾਣ ਕਾਰਜਾਂ ਦੀ ਸ਼ੁਰੂਆਤ



ਲੁਧਿਆਣਾ, 3 ਜੁਲਾਈ (ਰਵਿੰਦਰ ਸਿੰਘ ਨਿੱਝਰ) : ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵਸਨੀਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ, ਜਿਸਦੇ ਤਹਿਤ ਵੱਖ-ਵੱਖ ਇਲਾਕਿਆਂ ਵਿੱਚ ਵਿਕਾਸ ਪ੍ਰੋਜੈਕਟ ਜੰਗੀ ਪੱਧਰ 'ਤੇ ਚੱਲ ਰਹੇ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਦੱਖਣੀ ਤੋਂ ਵਿਧਾਇਕ ਰਾਜਿੰਦਰਪਾਲ ਕੌਰ ਛੀਨਾ ਵੱਲੋਂ ਵਾਰਡ ਨੰਬਰ 33 ਅਧੀਨ ਸਤਿਸੰਗ ਘਰ ਤੋਂ ਬਾਪੂ ਮਾਰਕੀਟ ਤੱਕ ਬਣਨ ਵਾਲੀ ਸੜਕ ਦੇ ਨਿਰਮਾਣ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ। ਵਿਧਾਇਕ ਛੀਨਾ ਨੇ ਕਿਹਾ ਕਿ ਇਸ ਪ੍ਰੋਜੈਕਟ 'ਤੇ ਕਰੀਬ 57 ਲੱਖ ਰੁਪਏ ਦੀ ਲਾਗਤ ਆਵੇਗੀ।ਵਿਧਾਇਕ ਛੀਨਾ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਇਨ੍ਹਾਂ ਸੜਕਾਂ ਨੂੰ ਹਮੇਸ਼ਾਂ ਅਣਗੌਲਿਆਂ ਕੀਤਾ ਹੈ ਅਤੇ ਸੜਕਾਂ ਦੀ ਹਾਲਤ ਬਹੁਤ ਮਾੜੀ ਸੀ। ਉਨ੍ਹਾਂ ਦੱਸਿਆ ਕਿ ਸੜਕਾਂ ਦਾ ਸਿਰਫ਼ ਪੈਚ ਵਰਕ ਹੀ ਕੀਤਾ ਜਾ ਰਿਹਾ ਸੀ ਅਤੇ ਬਰਸਾਤ ਦੇ ਮੌਸਮ ਵਿੱਚ ਲੋਕਾਂ ਦਾ ਇੱਥੋਂ ਲੰਘਣਾ ਮੁਸ਼ਕਲ ਹੋ ਜਾਂਦਾ ਸੀ ਅਤੇ ਅਕਸਰ ਰਾਹਗੀਰ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਸਨ। ਇਸ ਮੌਕੇ ਰਜਿੰਦਰ ਸਿੰਘ, ਕੁਲਦੀਪ ਧੀਂਗਾਨ, ਪ੍ਰਭਜੋਤ ਅਤੇ ਹੋਰ ਇਲਾਕਾ ਨਿਵਾਸੀ ਵੀ ਮੌਜੂਦ ਸਨ।

# ਪ੍ਰਸ਼ਾਸਨ ਵੱਲੋਂ ਮੁੱਲਾਂਪੁਰ ਦਾਖਾ 'ਚ ਕਾਰੋਬਾਰੀ ਕਲੋਨੀ ਦਾ ਲਾਇਸੰਸ ਰੱਦ

ਲੁਧਿਆਣਾ, 3 ਜੁਲਾਈ (ਵਿਸ਼ਾਲ ਸ਼ਰਮਾ) : ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਰੁਪਿੰਦਰ ਪਾਲ ਸਿੰਘ, ਪੀ.ਸੀ.ਐਸ. ਵੱਲੋਂ ਪਾਪਰਾ ਐਕਟ ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 'ਲੈਕ ਸਟਰੀਟ ਕਮਰਸ਼ੀਅਲ ਕਲੋਨੀ,ਮੁੱਲਾਂਪੁਰ ਦਾਖਾ ਦਾ ਲਾਇਸੰਸ ਰੱਦ ਕੀਤਾ ਗਿਆ ਹੈ। ਕਲੋਨਾਈਜ਼ਰ ਵਿਰੁੱਧ ਇਹ ਕਾਰਵਾਈ ਲਾਇਸੰਸ ਦੀਆਂ ਸ਼ਰਤਾਂ ਦੀ ਉਲੰਘਣਾ ਕਰਨ ਉਪਰੰਤ ਕੀਤੀ ਗਈ। ਵਧੀਕ ਡਿਪਟੀ ਕਮਿਸ਼ਨਰ ਰੁਪਿੰਦਰਪਾਲ ਸਿੰਘ ਨੇ ਆਪਣੇ ਹੁਕਮਾਂ ਵਿੱਚ ਕਿਹਾ ਕਿ ਨਗਰ ਕੌਂਸਲ,ਮੁੱਲਾਂਪੁਰ ਦਾਖਾ ਦੀ ਹਦੂਦ ਅੰਦਰ ਲੈਕ ਸਟਰੀਟ ਕਮਰਸ਼ੀਅਲ ਕਲੋਨੀ ਦੇ ਕਲੋਨਾਈਜ਼ਰ ਵੱਲੋਂ ਈ.ਡੀ.ਸੀ. ਦੀ ਬਣਦੀ ਕਿਸ਼ਤ ਨੰਬਰ 5 ਜਮ੍ਹਾਂ ਨਹੀਂ ਕਰਵਾਈ ਗਈ। ਉਨ੍ਹਾਂ ਦੱਸਿਆ ਕਿ ਕਲੋਨਾਈਜ਼ਰ ਨੂੰ ਪੱਤਰ ਵਿਵਹਾਰ ਰਾਹੀਂ ਵਾਰ-ਵਾਰ ਸੂਚਿਤ ਕੀਤਾ ਗਿਆ ਪਰ। ਉਨ੍ਹਾਂ ਪੱਤਰਾਂ ਨੂੰ ਦਰਕਿਨਾਰ ਕਰਦਿਆਂ 31-10-2024 ਤੱਕ ਈ.ਡੀ.ਸੀ. ਦੀ ਬਣਦੀ ਡਿਊ ਕਿਸ਼ਤ ਜਮ੍ਹਾਂ ਨਹੀਂ ਕਰਵਾਈ। ਉਨ੍ਹਾਂ ਸਪੱਸ਼ਟ ਕੀਤਾ ਕਿ ਕਲੋਨਾਈਜ਼ਰ ਵੱਲੋਂ ਈ.ਡੀ.ਸੀ. ਦੀ ਬਣਦੀ ਕਿਸ਼ਤ ਜਮ੍ਹਾਂ ਨਾ ਕਰਵਾਕੇ ਪਾਪਰਾ ਐਕਟ 1995 ਦੀਆਂ ਧਾਰਾਵਾਂ ਦੀ ਉਲੰਘਣਾ ਕੀਤੀ ਹੈ। ਜਿਸਦੇ ਤਹਿਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਗਈ। ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਰੁਪਿੰਦਰ ਪਾਲ ਸਿੰਘ ਵੱਲੋਂ ਇਹ ਵੀ ਕਿਹਾ ਗਿਆ ਕਿ ਜੇਕਰ ਲੈਕ ਸਟਰੀਟ ਕਮਰਸ਼ੀਅਲ ਕਲੋਨੀ ਦੇ ਕਲੋਨਾਈਜ਼ਰ ਵੱਲੋਂ ਈ.ਡੀ.ਸੀ. ਦੀ ਬਣਦੀ ਡਿਊ ਕਿਸ਼ਤ ਤੁਰੰਤ ਜਮ੍ਹਾਂ ਕਰਵਾ ਦਿੱਤੀ ਜਾਂਦੀ ਹੈ ਤਾਂ ਇਸ ਸਬੰਧੀ ਨਰਮੀ ਵਰਤੀ ਜਾ ਸਕਦੀ ਹੈ।

# ਪੀ.ਐਸ.ਪੀ.ਸੀ.ਐਲ. ਦੇ ਠੇਕਾ ਕਰਮਚਾਰੀ ਹੜਤਾਲ 'ਤੇ, ਰੈਗੂਲਰ ਸਟਾਫ਼ ਨੇ 'ਵਰਕ-ਟੂ-ਰੂਲ' ਅਪਣਾਇਆ

PSPCL
Punjab State Power Corporation Ltd.

ਲੁਧਿਆਣਾ, 3 ਜੁਲਾਈ (ਵਿਸ਼ਾਲ ਸ਼ਰਮਾ) : 'ਵਰਕ-ਟੂ-ਰੂਲ' ਨੀਤੀ ਦੇ ਤਹਿਤ,ਪੀਐਸਪੀਸੀਐਲ ਦੇ ਨਿਯਮਤ ਕਰਮਚਾਰੀਆਂ ਨੇ ਆਪਣੇ ਅੱਠ ਘੰਟੇ ਦੇ ਕੰਮ ਦੇ ਸ਼ਡਿਊਲ ਤੋਂ ਬਾਅਦ ਫ਼ੋਨ ਕਾਲਾਂ 'ਤੇ ਧਿਆਨ ਨਾ ਦੇਣ ਦਾ ਫੈਸਲਾ ਕੀਤਾ ਹੈ ਅਤੇ ਕੋਈ ਵੀ ਓਵਰਟਾਈਮ ਕਰਨ ਤੋਂ ਇਨਕਾਰ ਕਰ ਦਿੱਤਾ ਹੈ, ਜੋ ਕਿ ਉਹ ਪਹਿਲਾਂ ਵਧੇ ਹੋਏ ਕੰਮ ਦੇ ਬੋਝ ਨੂੰ ਪ੍ਰਬੰਧਨ ਕਰਨ ਲਈ ਸਵੈਇੱਛਤ ਤੌਰ 'ਤੇ ਕਰਦੇ ਸਨ। ਪੰਜਾਬ ਸਰਕਾਰ ਵੱਲੋਂ ਲੰਬੇ ਸਮੇਂ ਤੋਂ ਲਟਕਦੀਆਂ ਮੰਗਾਂ ਨੂੰ ਲਾਗੂ ਕਰਨ ਵਿੱਚ ਕਥਿਤ ਅਸਫਲਤਾ ਦੇ ਵਿਰੋਧ ਵਿੱਚ ਸੋਮਵਾਰ ਨੂੰ ਲਗਭਗ 5,500 ਠੇਕੇ 'ਤੇ ਕੰਮ ਕਰਨ ਵਾਲੇ ਕਰਮਚਾਰੀ ਹੜਤਾਲ 'ਤੇ ਚਲੇ ਗਏ ਅਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ (PSPCL) ਦੇ ਨਿਯਮਤ ਕਰਮਚਾਰੀਆਂ ਨੇ 'ਵਰਕ-ਟੂ-ਰੂਲ' ਐਕਸ਼ਨ ਅਪਣਾਇਆ। ਕਰਮਚਾਰੀਆਂ ਨੇ ਪੀਐਸਈਬੀ ਕਰਮਚਾਰੀ ਸੰਯੁਕਤ ਫੋਰਮ,ਬਿਜਲੀ ਮੁਲਾਜ਼ਮ ਏਕਤਾ ਮੰਚ ਪੰਜਾਬ, ਜੂਨੀਅਰ ਇੰਜੀਨੀਅਰਜ਼ ਐਸੋਸੀਏਸ਼ਨ, ਗਰਿੱਡ ਸਬ-ਸਟੇਸ਼ਨ ਕਰਮਚਾਰੀ ਯੂਨੀਅਨ (ਰਜਿਸਟਰਡ ਨੰ.24), ਟਾਵਰਲਾਈਨ ਸੰਯੁਕਤ ਯੂਨੀਅਨ ਏਆਈਟੀਯੂਸੀ, ਅਤੇ ਪੈਨਸ਼ਨਰਜ਼ ਵੈਲਫੇਅਰ ਫੈਡਰੇਸ਼ਨ ਪਾਵਰਕਾਮ ਅਤੇ ਟਰਾਂਸਕੋ ਦੇ ਬੈਨਰ ਹੇਠ 'ਵਰਕ-ਟੂ-ਰੂਲ' ਦਾ ਸੱਦਾ ਦਿੱਤਾ ਹੈ। ਲੁਧਿਆਣਾ ਵਿੱਚ ਯੂਨੀਅਨ ਆਗੂ ਗੁਰਪ੍ਰੀਤ ਸਿੰਘ ਮਹਿਦੂਦਾਂ ਨੇ ਕਿਹਾ ਕਿ ਕਰਮਚਾਰੀ ਯੂਨੀਅਨ ਦੇ ਮੈਂਬਰਾਂ ਨੇ ਸੋਮਵਾਰ ਨੂੰ ਸੂਬੇ ਭਰ ਦੇ ਆਪਣੇ-ਆਪਣੇ ਸਬ-ਡਿਵੀਜ਼ਨਾਂ ਦੇ ਕਾਰਜਕਾਰੀ ਇੰਜੀਨੀਅਰਾਂ ਨੂੰ ਮੰਗ ਪੱਤਰ ਸੌਂਪਿਆ। ਪ੍ਰਦਰਸ਼ਨਕਾਰੀ ਠੇਕਾ ਕਰਮਚਾਰੀ ਡਿਊਟੀ ਦੌਰਾਨ ਮਰਨ ਵਾਲਿਆਂ ਦੇ ਪਰਿਵਾਰਾਂ ਲਈ ਮੁਆਵਜ਼ਾ,ਅਜਿਹੇ ਮਾਮਲਿਆਂ ਵਿੱਚ ਰਿਸ਼ਤੇਦਾਰਾਂ ਲਈ ਨੌਕਰੀ ਅਤੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਨਿਯਮਤ ਕਰਨ ਦੀ ਮੰਗ ਕਰ ਰਹੇ ਹਨ। ਪੈਨਸ਼ਨਰ ਆਗੂਆਂ ਕੇਵਲ ਸਿੰਘ ਅਤੇ ਧਰਮਿੰਦਰ ਕੁਮਾਰ ਨੇ ਕਿਹਾ, ਕੇਂਦਰੀ ਟਰੇਡ ਯੂਨੀਅਨਾਂ ਅਤੇ ਬਿਜਲੀ ਕਰਮਚਾਰੀ ਅਤੇ ਇੰਜੀਨੀਅਰਾਂ ਦੀ ਰਾਸ਼ਟਰੀ ਤਾਲਮੇਲ ਕਮੇਟੀ (NCCOEEE) ਦੇ ਸੱਦੇ 'ਤੇ, ਬਿਜਲੀ ਕਰਮਚਾਰੀ 9 ਜੁਲਾਈ ਨੂੰ ਦੇਸ਼ ਵਿਆਪੀ ਹੜਤਾਲ ਵਿੱਚ ਵੀ ਹਿੱਸਾ ਲੈਣਗੇ। ਇਹ ਹੜਤਾਲ ਸਰਕਾਰ 'ਤੇ ਬਿਜਲੀ ਸੋਧ ਬਿੱਲ 2025 ਨੂੰ ਵਾਪਸ ਲੈਣ, 44 ਮੌਜੂਦਾ ਕਿਰਤ ਕਾਨੂੰਨਾਂ ਨੂੰ ਖਤਮ ਕਰਨ ਤੋਂ ਬਾਅਦ ਬਣਾਏ ਗਏ ਪ੍ਰਸਤਾਵਿਤ ਚਾਰ ਕਿਰਤ ਕੋਡਾਂ ਨੂੰ ਰੱਦ ਕਰਨ, ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ਅਤੇ ਸਰਕਾਰੀ ਬਿਜਲੀ ਕੰਪਨੀਆਂ ਦੇ ਨਿੱਜੀਕਰਨ ਨੂੰ ਵਾਪਸ ਲੈਣ ਸਮੇਤ ਹੋਰ ਮੰਗਾਂ ਲਈ ਦਬਾਅ ਪਾਏਗੀ।ਉਨ੍ਹਾਂ ਕਿਹਾ ਕਿ 3 ਜੁਲਾਈ ਨੂੰ, ਠੇਕੇ 'ਤੇ ਰੱਖੇ ਕਰਮਚਾਰੀ ਅਤੇ ਉਨ੍ਹਾਂ ਦੇ ਪਰਿਵਾਰ ਪਟਿਆਲਾ ਵਿੱਚ ਪੀਐਸਪੀਸੀਐਲ ਦੇ ਮੁੱਖ ਦਫ਼ਤਰ ਵਿਖੇ ਇੱਕ ਵਿਸ਼ਾਲ ਵਿਰੋਧ ਪ੍ਰਦਰਸ਼ਨ ਕਰਨਗੇ।

# ਵਿਧਾਇਕ ਬੱਗਾ ਵੱਲੋਂ ਸੜਕਾਂ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ



ਲੁਧਿਆਣਾ, 3 ਜੁਲਾਈ (ਵਿਸ਼ਾਲ ਸ਼ਰਮਾ) : ਵਿਧਾਇਕ ਚੌਧਰੀ ਮਦਨ ਲਾਲ ਬੱਗਾ ਵੱਲੋਂ ਵਾਰਡ ਨੰਬਰ 87 ਅਧੀਨ ਗੁਰੂ ਅਰਜਨ ਦੇਵ ਨਗਰ 'ਚ ਸੜਕਾਂ ਦੇ ਨਿਰਮਾਣ ਕਾਰਜਾਂ ਦੀ ਸ਼ੁਰੂਆਤ ਕਰਵਾਈ ਗਈ। ਕੌਂਸਲਰ ਅਮਨ ਬੱਗਾ, ਕੌਂਸਲਰ ਹਰਜਿੰਦਰ ਬਾਲੀ, ਜਸਪਾਲ ਸਿੰਘ ਬੌਨੀ, ਪ੍ਰਵੀਨ ਚਿਤਕਾਰਾ ਸਮੇਤ ਵਿਕਾਸ ਕੰਮਾਂ ਦੀ ਸ਼ੁਰੂਆਤ ਕਰਦਿਆਂ ਵਿਧਾਇਕ ਬੱਗਾ ਨੇ ਕਿਹਾ ਕਿ ਸੂਬੇ ਵਿੱਚ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਸਰਕਾਰ ਲੋਕਾਂ ਨੂੰ ਮਿਆਰੀ ਸਿੱਖਿਆ, ਸਿਹਤ ਸੇਵਾਵਾਂ ਅਤੇ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਸ ਦਿਸ਼ਾ ਵਿੱਚ ਠੋਸ ਉਪਰਾਲੇ ਅਮਲ ਵਿੱਚ ਲਿਆਂਦੇ ਗਏ ਹਨ। ਉਨ੍ਹਾਂ ਦੱਸਿਆ ਕਿ ਹਲਕੇ ਵਿੱਚ ਲਗਾਤਾਰ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਚੋਣਾਂ ਦੌਰਾਨ ਸਥਾਨਕ ਵਸਨੀਕਾਂ ਨਾਲ ਕੀਤੇ ਵਾਅਦਿਆਂ ਨੂੰ ਇੱਕ-ਇੱਕ ਕਰਕੇ ਪੂਰਾ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਗੁਰੂ ਅਰਜਨ ਦੇਵ ਨਗਰ ਦੀਆਂ ਇਨ੍ਹਾਂ ਸੜਕਾਂ ਦੀ ਹਾਲਤ ਬੇਹੱਦ ਖਸਤਾ ਬਣੀ ਹੋਈ ਸੀ ਅਤੇ ਬਰਸਾਤੀ ਮੌਸਮ ਦੌਰਾਨ ਰਾਹਗੀਰਾਂ ਨੂੰ ਲੰਘਣਾ ਮੁਸ਼ਕਿਲ ਹੋ ਜਾਂਦਾ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਇਨ੍ਹਾਂ ਗਲੀਆਂ ਦੇ ਨਿਰਮਾਣ ਨਾਲ ਆਵਾਜਾਈ ਸੁਖਾਵੀਂ ਹੋਵੇਗੀ ਤੇ ਵਿਕਾਸ ਦਾ ਰਾਹ ਪੱਧਰਾ ਹੋਵੇਗਾ। ਇਲਾਕਾ ਨਿਵਾਸੀਆਂ ਨੇ ਵਿਧਾਇਕ ਮਦਨ ਲਾਲ ਬੱਗਾ ਦਾ ਧੰਨਵਾਦ ਕਰਦਿਆਂ ਵਿਸ਼ੇਸ਼ ਸਨਮਾਨ ਕੀਤਾ ਗਿਆ।

# ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਚੁਪਹਿਰਾ ਸਮਾਗਮ



ਲੁਧਿਆਣਾ, 3 ਜੁਲਾਈ (ਕਰਨੈਲ ਸਿੰਘ ਐੱਮ.ਏ.) : ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਗੁਰੂ ਤੇਗ਼ ਬਹਾਦਰ ਨਗਰ, ਗਲੀ ਨੰਬਰ 2, ਚੰਡੀਗੜ੍ਹ ਰੋਡ ਲੁਧਿਆਣਾ ਵਿਖੇ ਚੁਪਹਿਰਾ ਸਮਾਗਮ ਬੀਤੇ ਦਿਨੀਂ ਬੜੇ ਸ਼ਰਧਾ ਭਾਵਨਾ ਨਾਲ ਆਯੋਜਿਤ ਕੀਤਾ ਗਿਆ । ਗੁਰਦੁਆਰਾ ਸਾਹਿਬ ਦੇ ਪ੍ਰਧਾਨ ਗੁਰਮੀਤ ਸਿੰਘ ਨੇ ਦੱਸਿਆ ਕਿ ਮਹਾਨ ਜਪ-ਤਪ ਚੁਪਹਿਰਾ ਸਮਾਗਮ ਵਿੱਚ ਜਪੁਜੀ ਸਾਹਿਬ, ਚੌਪਈ ਸਾਹਿਬ, ਸੁਖਮਨੀ ਸਾਹਿਬ ਦਾ ਪਾਠ ਕੀਤਾ ਗਿਆ ਅਤੇ ਬੀਬੀਆਂ ਦੇ ਜਥੇ ਨੇ ਗੁਰਬਾਣੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਨੇ ਦੱਸਿਆ ਕਿ ਜਪ-ਤਪ ਚੁਪਹਿਰਾ ਸਮਾਗਮ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨਾਲ ਜੋੜਨ ਲਈ ਹਰ ਵੀਰਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ ਬਾਅਦ ਦੁਪਹਿਰ 2 ਵਜੇ ਤੋਂ ਸ਼ਾਮ 6 ਵਜੇ ਤੱਕ ਕਰਵਾਇਆ ਜਾਂਦਾ ਹੈ। ਗੁਰਮੀਤ ਸਿੰਘ ਨੇ ਗੁਰੂ ਤੇਗ਼ ਬਹਾਦਰ ਨਗਰ ਦੀਆਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਹਰ ਜਪ-ਤਪ ਚੁਪਹਿਰਾ ਸਮਾਗਮ ਵਿੱਚ ਆਪਣੀਆਂ ਹਾਜ਼ਰੀਆਂ ਭਰ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ।

# ਪੰਜਾਬ ਦੇ ਸਿਹਤ ਮੰਤਰੀ ਬਲਵੀਰ ਸਿੰਘ ਵੱਲੋਂ ਖੰਨਾਂ ਦੇ ਡਾਕਟਰ ਸ਼ਾਇਨੀ ਅਗਰਵਾਲ ਤੀਜੀ ਵਾਰ ਸਨਮਾਨਤ

**ਡਾਕਟਰ ਸ਼ਾਇਨੀ ਹਾਰਟ ਅਟੈਕ ਦੇ 70 ਤੋਂ ਵੱਧ ਮਰੀਜ਼ਾਂ ਦੀਆਂ ਬਚਾ ਚੁੱਕੇ ਹਨ ਜਾਨਾਂ**



ਖੰਨਾਂ, 3 ਜੁਲਾਈ (ਅਰਵਿੰਦਰ ਸਿੰਘ ਸਵੈਚ) : ਸਿਵਲ ਹਸਪਤਾਲ ਖੰਨਾਂ ਦੇ ਡਾਕਟਰ ਸ਼ਾਇਨੀ ਅਗਰਵਾਲ ਨੂੰ ਡਾਕਟਰ ਦਿਵਸ ਉੱਪਰ ਪੰਜਾਬ ਭਵਨ ਚੰਡੀਗੜ੍ਹ ਵਿੱਚ ਰਾਜ ਪੱਧਰੀ ਸਮਾਗਮ ਸਮੇਂ ਤੀਜੀ ਵਾਰ ਸਨਮਾਨਿਤ ਕੀਤਾ ਗਿਆ। ਉਹਨਾਂ ਨੂੰ ਇਸ ਸਨਮਾਨ *ਮਿਸ਼ਨ ਅੰਮ੍ਰਿਤ ਪੰਜਾਬ ਸਟੈਮੀ ਯੋਜਨਾ* ਹੇਠ ਹਾਰਟ ਅਟੈਕ ਦੇ ਮਰੀਜ਼ਾਂ ਨੂੰ ਸਮਾਂ ਰਹਿੰਦੇ ਜੀਵਨ ਦਾਨ ਦੇਣ ਲਈ ਦਿੱਤਾ ਗਿਆ। ਡਾਕਟਰ ਸ਼ਾਇਨੀ ਵੱਲੋਂ ਹੁਣ ਤੱਕ 70 ਤੋਂ ਵੱਧ ਹਾਰਟ ਅਟੈਕ ਪੀੜਤ ਮਰੀਜ਼ਾਂ ਦੀ ਜਾਨ ਬਚਾਈ ਜਾ ਚੁੱਕੀ ਹੈ। ਡਾਕਟਰ ਸ਼ਾਇਨੀ ਵੱਲੋਂ ਸੀਮਤ ਸਾਧਨਾਂ ਨਾਲ ਆਪਣੀ ਸੂਝਬੂਝ, ਉਤਸੁਕਤਾ ਅਤੇ ਮਰੀਜ਼ਾਂ ਲਈ ਇੱਕ ਇੱਕ ਪਲ ਕੀਮਤੀ ਸਮਝਦੇ ਹੋਏ ਉਹਨਾਂ ਦੀ ਜਾਨ ਬਚਾਈ ਗਈ। ਪੰਜਾਬ ਦੇ ਸਿਹਤ ਮੰਤਰੀ ਡਾਕਟਰ ਬਲਵੀਰ ਸਿੰਘ ਨੇ ਡਾਕਟਰ ਸ਼ਾਇਨੀ ਅਗਰਵਾਲ ਦਾ ਸਨਮਾਨ ਕੀਤਾ। ਮੰਤਰੀ ਵੱਲੋਂ ਸਨਮਾਨ ਮਿਲਣ 'ਤੇ ਡਾਕਟਰ ਸ਼ਾਇਨੀ ਨੇ ਕਿਹਾ ਕਿ ਇਹ ਮੇਰਾ ਸਨਮਾਨ ਨਹੀਂ, ਸਗੋਂ ਉਹਨਾਂ 70 ਮਰੀਜ਼ਾਂ ਦੀ ਜਿੱਤ ਹੈ, ਜੋ ਅੱਜ ਤੰਦਰੁਸਤ ਜਿੰਦਗੀ ਜੀਅ ਰਹੇ ਹਨ। ਸਨਮਾਨ ਸਮਾਰੋਹ ਸਮੇਂ ਪੰਜਾਬ ਦੇ ਪ੍ਰਮੁੱਖ ਸਿਹਤ ਸਕੱਤਰ ਕੁਮਾਰ ਰਾਹੁਲ (ਆਈਏਐਸ), ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਡਾਕਟਰ ਹਤਿੰਦਰ ਕੌਰ ਅਤੇ ਡੀਐਮਸੀ ਲੁਧਿਆਣਾ ਦੇ ਕਾਰਡੀਆਲੋਜੀ ਵਿਭਾਗ ਦੇ ਮੁਖੀ ਡਾਕਟਰ ਬਿਸ਼ਵ ਮੋਹਨ ਹਾਜ਼ਰ ਸਨ। ਉਪਰੋਕਤ ਸ਼ਖ਼ਸ਼ੀਅਤਾਂ ਵੱਲੋਂ ਡਾਕਟਰ ਸ਼ਾਇਨੀ ਦੇ ਮਨੁੱਖਤਾ ਪ੍ਰਤੀ ਕੀਤੇ ਕਾਰਜਾਂ ਦੀ ਸ਼ਲਾਘਾ ਕੀਤੀ ਗਈ।

# ਪੰਜਾਬ ਸਟੇਟ ਫੂਡ ਕਮਿਸ਼ਨ ਵੱਲੋਂ ਲੁਧਿਆਣਾ ਦਾ ਅਚਨਚੇਤ ਦੌਰਾ



ਲੁਧਿਆਣਾ, 3 ਜੁਲਾਈ (ਵਿਸ਼ਾਲ ਸ਼ਰਮਾ) : ਮੈਂਬਰ, ਪੰਜਾਬ ਸਟੇਟ ਫੂਡ ਕਮਿਸ਼ਨ ਚੇਤਨ ਪ੍ਰਕਾਸ਼ ਧਾਲੀਵਾਲ ਵਲੋਂ ਜ਼ਿਲ੍ਹਾ ਲੁਧਿਆਣਾ ਦਾ ਅਚਨਚੇਤ ਦੌਰਾ ਕਰਦਿਆਂ ਨੈਸ਼ਨਲ ਫੂਡ ਸਕਿਓਰਟੀ ਐਕਟ 2013 ਅਧੀਨ ਚੱਲ ਰਹੀਆਂ ਵੱਖ-ਵੱਖ ਸਕੀਮਾਂ ਦਾ ਨਿਰੀਖਣ ਕੀਤਾ। ਇਸ ਮੌਕੇ ਉਨ੍ਹਾਂ ਸਰਕਾਰੀ ਪ੍ਰਾਇਮਰੀ ਅਤੇ ਸੀਨੀਅਰ ਸੈਕੰਡਰੀ ਸਕੂਲ ਅਯਾਲੀ ਖੁਰਦ, ਸਰਕਾਰੀ ਪ੍ਰਾਇਮਰੀ ਅਤੇ ਮਿਡਲ ਸਕੂਲ, ਸਲੇਮਪੁਰ ਅਤੇ ਇਸ ਦੇ ਨਾਲ ਹੀ ਆਂਗਣਵਾੜੀ ਸੈਂਟਰ ਗੌਂਸਪੁਰ ਗੜ੍ਹਾਂ ਅਤੇ ਰਾਸ਼ਨ ਡਿਪੂ ਨੂਰਪੁਰ ਬੇਟ ਅਤੇ ਗੌਂਸਪੁਰ ਵਿਖੇ ਵੀ ਸਮੀਖਿਆ ਕੀਤੀ। ਧਾਲੀਵਾਲ ਵੱਲੋਂ ਇਨ੍ਹਾਂ ਸਰਕਾਰੀ ਸਕੂਲਾ ਵਿੱਚ ਚੱਲ ਰਹੀ ਮਿਡ-ਡੇਅ-ਮੀਲ ਸਕੀਮ ਦੀ ਚੈਕਿੰਗ ਕਰਦਿਆਂ ਅਨਾਜ ਭੰਡਾਰ ਘਰ ਦੇ ਨਿਰੀਖਣ ਦੇ ਨਾਲ-ਨਾਲ ਸਕੂਲ ਵਿੱਚ ਪੀਣ ਵਾਲੇ ਪਾਣੀ ਦਾ ਟੀ.ਡੀ.ਐਸ. ਵੀ ਚੈਕ ਕੀਤਾ ਗਿਆ। ਨਿਰੀਖਣ ਦੌਰਾਨ ਇਹਨਾਂ ਸਕੂਲਾ ਵਿੱਚ ਮਿਡ ਡੇ ਮੀਲ ਦਾ ਪ੍ਰਬੰਧ ਠੀਕ ਪਾਇਆ ਗਿਆ ਪ੍ਰੰਤੂ ਪੀਣ ਵਾਲੇ ਪਾਣੀ ਵਿੱਚ ਟੀ.ਡੀ.ਐਸ. ਦੀ ਮਾਤਰਾ 250 ਤੋਂ 'ਤੇ ਪਾਈ ਗਈ ਜਿਸਦ ਸਬੰਧੀ ਮੌਕੇ 'ਤੇ ਮੌਜੂਦ ਅਧਿਕਾਰੀਆ ਨੂੰ ਸੁਧਾਰ ਕਰਨ ਸਬੰਧੀ ਹਦਾਇਤ ਕੀਤੀ ਗਈ। ਚੈਕਿੰਗ ਦੌਰਾਨ ਇਹ ਵੀ ਪਾਇਆ ਗਿਆ ਕੀ ਕੁੱਕ-ਕਮ-ਹੈਲਪਰਾ ਵਲੋਂ ਨਹੁੰ ਰੱਖੇ ਹੋਏ ਸਨ ਜੋ ਕਿ ਸਰਕਾਰੀ ਹਦਾਇਤਾ ਦੀ ਉਲੰਘਣਾ ਹੈ ਇਹਨਾਂ ਖਾਮੀਆ ਦੇ ਸਬੰਧ ਵਿੱਚ ਮੌਕੇ 'ਤੇ ਮੌਜੂਦ ਅਧਿਕਾਰੀਆ ਨੂੰ ਸਖਤ ਤਾੜਨਾ ਕਰਦਿਆਂ ਭਵਿੱਖ ਵਿੱਚ ਇਸ ਤਰਾਂ ਦੀ ਅਣਗਹਿਲੀ ਨਾ ਵਰਤਣ ਸਬੰਧੀ ਹਦਾਇਤਾ ਦਿੱਤੀਆ। ਬਾਅਦ ਵਿੱਚ, ਮੈਂਬਰ, ਪੰਜਾਬ ਸਟੇਟ ਫੂਡ ਕਮਿਸ਼ਨ ਵਲੋਂ ਆਂਗਣਵਾੜੀ ਸੈਂਟਰਾਂ ਦੀ ਚੈਕਿੰਗ ਕੀਤੀ ਗਈ ਅਤੇ ਸੈਂਟਰਾਂ ਵਿਖੇ ਲਾਭਪਾਤਰੀਆਂ ਨੂੰ ਦਿੱਤੇ ਜਾਣ ਵਾਲੇ ਲਾਭ ਦੀ ਜਾਣਕਾਰੀ ਪ੍ਰਾਪਤ ਕੀਤੀ ਗਈ। ਨਿਰੀਖਣ ਦੌਰਾਨ ਉਨ੍ਹਾਂ ਆਂਗਣਵਾੜੀ ਦਾ ਰਿਕਾਰਡ ਵੀ ਚੈਕ ਕੀਤਾ। ਸਕੂਲਾਂ ਅਤੇ ਆਂਗਣਵਾੜੀ ਸੈਂਟਰਾਂ ਦਾ ਦੌਰਾ ਕਰਨ ਉਪਰੰਤ ਰਾਸ਼ਨ ਡਿਪੂ ਨੂਰਪੁਰ ਬੇਟ ਅਤੇ ਗੌਂਸਪੁਰ ਵਿਖੇ ਕਣਕ ਦੀ ਵੰਡ ਦਾ ਨਿਰੀਖਣ ਕੀਤਾ ਗਿਆ। ਇਹਨਾਂ ਰਾਸ਼ਨ ਡਿਪੂਆ 'ਤੇ ਕਣਕ ਦੀ ਵੰਡ ਮੁਕੰਮਲ ਹੋ ਚੁੱਕੀ ਸੀ ਅਤੇ ਇਨ੍ਹਾਂ ਡਿਪੂਆ ਦਾ ਰਿਕਾਰਡ ਵੀ ਚੈਕ ਕੀਤਾ ਗਿਆ। ਇਨ੍ਹਾਂ ਰਾਸ਼ਨ ਡਿਪੂਆ 'ਤੇ ਸ਼ਿਕਾਇਤ ਬਾਕਸ ਅਤੇ ਕਮਿਸ਼ਨ ਨਾਲ ਸਬੰਧਤ ਜਾਗਰੂਕਤਾ ਬੈਨਰ ਮੌਜੂਦ ਨਹੀ ਸਨ ਜਿਸ ਸਬੰਧੀ ਜ਼ਿਲ੍ਹਾ ਫੂਡ ਸਪਲਾਈ ਕੰਟਰੋਲਰ ਨੂੰ ਸ਼ਿਕਾਇਤ ਬਾਕਸ ਅਤੇ ਕਮਿਸ਼ਨ ਨਾਲ ਸਬੰਧਤ ਜਾਗਰੂਕਤਾ ਬੈਨਰ ਲਗਵਾਉਣ ਲਈ ਹਦਾਇਤ ਕੀਤੀ ਗਈ।

# ਪਿੰਡ ਮਲਕ ਵਿਖੇ ਸਰਕਾਰੀ ਲੈਂਡ ਪੁਲਿੰਗ ਨੀਤੀ ਵਿਰੁੱਧ ਰੱਖੀ ਮੀਟਿੰਗ

**ਨੀਤੀ ਖਿਲਾਫ਼ 7 ਜੁਲਾਈ ਨੂੰ ਤਹਿਸੀਲ ਚੌਕ 'ਚ ਦਿੱਤਾ ਜਾਵੇਗਾ ਵਿਸ਼ਾਲ ਧਰਨਾ : ਮਲਕ**



ਜਗਰਾਓਂ, 3 ਜੁਲਾਈ (ਵਿਸ਼ਾਲ ਅੱਤਰੇ/ਆਰੀਅਨ ਅੱਤਰੇ) : ਸਥਾਨਕ ਨਜ਼ਦੀਕੀ ਪਿੰਡ ਮਲਕ ਵਿਖੇ ਸਰਕਾਰੀ ਲੈਂਡ ਪੁਲਿੰਗ ਨੀਤੀ ਵਿਰੁੱਧ ਰੱਖੀ ਮੀਟਿੰਗ ਨੇ ਰੈਲੀ ਦਾ ਰੂਪ ਧਾਰ ਲਿਆ।ਇਹ ਮੀਟਿੰਗ ਸਿਰਫ਼ ਮੋਹਤਵਰ ਸੱਜਣਾਂ ਦੀ ਰੱਖੀ ਗਈ ਸੀ, ਜਿਸ 'ਚ ਹੋਏ ਤਿੰਨ ਪਿੰਡਾਂ ਦੇ ਹੋਏ ਵਿਸ਼ਾਲ ਇਕੱਠ ਨੇ ਸਰਕਾਰ ਦੀ ਨੀਤੀ ਦਾ ਵਿਰੋਧ ਕੀਤਾ । ਇਸ ਮੌਕੇ ਸਾਬਕਾ ਚੇਅਰਮੈਨ ਦੀਦਾਰ ਸਿੰਘ ਮਲਕ, ਗੁਰਵਿੰਦਰ ਸਿੰਘ ਸਾਬਕਾ ਸਰਪੰਚ ਪੋਨਾ, ਸਰਪੰਚ ਹਰਪ੍ਰੀਤ ਸਿੰਘ ਪੋਨਾ, ਸਰਪੰਚ ਹਰਦੀਪ ਸਿੰਘ ਲਾਲੀ ਅਲੀਗੜ੍ਹ, ਪਰਿਵਾਰ ਸਿੰਘ ਢਿੱਲੋਂ ਤੇ ਬੂਟਾ ਸਿੰਘ ਢਿੱਲੋਂ ਨੇ ਸਰਕਾਰੀ ਲੈਂਡ ਪੂਲਿੰਗ ਨੀਤੀ ਦਾ ਵਿਰੋਧ ਕੀਤਾ ਅਤੇ ਆਖਿਆ ਕਿ ਇਹ ਨੀਤੀਆਂ ਸਾਡੇ ਸਾਰਿਆਂ ਖਿਲਾਫ਼ ਹੈ। ਇਸ ਨੀਤੀ ਨਾਲ ਸਾਡੀਆਂ ਜ਼ਮੀਨਾਂ ਉਜਾੜਾ ਕਰਨ ਜਾ ਰਹੀ ਮਾਨ ਸਰਕਾਰ ਨੂੰ ਇਸ ਮਿਸ਼ਨ 'ਚ ਕਾਮਯਾਬ ਨਹੀਂ ਦਿੱਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਹ ਨੀਤੀ ਸਾਡੇ ਸਾਰਿਆਂ ਦੇ ਖਿਲਾਫ਼ ਹੈ, ਜਿਸ ਲਈ ਸਾਨੂੰ ਸਾਰਿਆਂ ਨੂੰ ਇਕਜੁਟ ਹੋਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਮਾਨ ਸਰਕਾਰ ਦੀ ਸਰਕਾਰੀ ਏਜੰਸੀ ਗਲਾਡਾ ਨੂੰ ਕਿਸਾਨ ਆਪਣੀ ਜ਼ਮੀਨ 'ਚ ਪੈਰ ਧਰਨ ਨਹੀਂ ਦੇਣਗੇ। ਉਨ੍ਹਾਂ ਕਿਹਾ ਕਿ ਸਰਕਾਰ ਕਾਰਪੋਰੇਟ ਪੱਖੀ ਆਤਮਘਾਤੀ ਨੀਤੀ ਨੂੰ ਤੁਰੰਤ ਵਾਪਸ ਲਵੇ।ਉਨ੍ਹਾਂ ਕਿਹਾ ਕਿ ਪੰਜਾਬ ਦਾ ਕਿਸਾਨ ਇੰਨਾ ਮੂਰਖ ਨਹੀਂ ਕਿ ਉਹ ਇਕ ਏਕੜ ਅੱਤ ਉਪਜਾਊ ਤੇ ਬੇਸ਼ਕੀਮਤੀ ਸੁੱਚੀ ਜ਼ਮੀਨ 'ਤੇ ਕਬਜ਼ਾ ਕਰਵਾ ਕੇ 1200 ਗ਼ਜ਼ ਦੇ ਦੋ ਜੂਠੇ ਟੁਕੜਿਆਂ ਦੀ ਪ੍ਰਾਪਤੀ ਲਈ ਅਣਮਿੱਥੇ ਵਰਿਆਂ ਬੱਧੀ ਚੱਲਣ ਵਾਲੇ ਕਾਰਪੋਰੇਟੀ ਵਿਕਾਸ ਦੇ ਊਠ ਦੇ ਬੁੱਲ੍ਹ ਵੱਲ ਝਾਕਦਾ ਰਹੇ।

# ਵਿਰਾਸਤੀ ਖੇਡ ਗਤਕਾ ਨੂੰ ਹੋਰ ਪ੍ਰਫੁੱਲਿਤ ਕਰਨ ਦੀ ਲੋੜ : ਬੈਨੀਪਾਲ



ਲੁਧਿਆਣਾ, 3 ਜੁਲਾਈ (ਕਰਨੈਲ ਸਿੰਘ ਐੱਮ.ਏ.) : ਅੱਜ ਗੁਰਦੁਆਰਾ ਸ਼੍ਰੀ ਗੁਰੂ ਸਿੰਘ ਸਭਾ, ਅਰਬਨ ਅਸਟੇਟ, ਫੇਸ-1, ਦੁੱਗਰੀ, ਲੁਧਿਆਣਾ ਵਿਖੇ ਇਲਾਕੇ ਦੇ ਬੱਚਿਆਂ ਨੂੰ ਵਿਰਾਸਤੀ ਜੰਗਜੂ ਖੇਡ ਗੱਤਕੇ ਦੀ ਸਿਖਲਾਈ ਦੇਣ ਲਈ ਵਿਸ਼ੇਸ਼ ਤੌਰ 'ਤੇ ਆਰੰਭ ਕੀਤੀ ਗਈ ਗੱਤਕਾ ਕਲਾਸ ਦੀ ਰਸਮੀ ਆਰੰਭਤਾ ਕਰਵਾਉਂਦਿਆਂ ਹੋਇਆਂ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਕੁਲਵਿੰਦਰ ਸਿੰਘ ਬੈਨੀਪਾਲ ਨੇ ਕਿਹਾ ਕਿ ਗੁਰੂ ਸਾਹਿਬਾਨ ਵੱਲੋਂ ਬਖਸ਼ੀ ਵਿਰਾਸਤੀ ਖੇਡ ਗੱਤਕਾ ਨੂੰ ਹੋਰ ਮਾਣ ਸਤਿਕਾਰ ਦਿਵਾਉਣ ਹਿੱਤ ਸਾਨੂੰ ਸਾਰਿਆਂ ਨੂੰ ਸਾਂਝੇ ਤੌਰ 'ਤੇ ਉਪਰਾਲੇ ਕਰਨੇ ਚਾਹੀਦੇ ਹਨ ਤਾਂ ਕਿ ਮੌਜੂਦਾ ਸਮੇਂ ਦੀ ਨੌਜਵਾਨ ਪੀੜ੍ਹੀ ਤੇ ਬੱਚਿਆਂ ਨੂੰ ਆਪਣੀ ਅਮੀਰ ਵਿਰਾਸਤੀ ਖੇਡ ਨਾਲ ਜੋੜਿਆ ਜਾ ਸਕੇ। ਉਨ੍ਹਾਂ ਨੇ ਕਿਹਾ ਕਿ ਮੌਜੂਦਾ ਸਮੇਂ ਦੀ ਨੌਜਵਾਨ ਪੀੜ੍ਹੀ ਨੂੰ ਆਪਣੀ ਅਮੀਰ ਵਿਰਾਸਤ ਨਾਲ ਜੋੜਨ, ਉਨ੍ਹਾਂ ਅੰਦਰ ਦ੍ਰਿੜ੍ਹ ਵਿਸ਼ਵਾਸ, ਨੂੰ ਭਗਤੀ ਤੇ ਸੂਰਬੀਰਤਾ ਦੀ ਭਾਵਨਾ ਪੈਦਾ ਕਰਨ ਦੇ ਉਦੇਸ਼ ਦੀ ਪੂਰਤੀ ਲਈ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਸਾਹਿਬ ਵਿਖੇ ਹਫਤੇ ਦੇ ਦੋ ਦਿਨ ਸ਼ਨੀਵਾਰ ਤੇ ਐਤਵਾਰ ਨੂੰ ਸ਼ਾਮ 5 ਵਜੇ ਤੋਂ 6 ਵਜੇ ਤੱਕ ਗੱਤਕਾ ਸਿਖਲਾਈ ਦੀ ਕਲਾਸ ਲਗਾਈ ਜਾਇਆ ਕਰੇਗੀ । ਜਿਸ ਅੰਦਰ ਪ੍ਰਮੁੱਖ ਗੱਤਕਾ ਉਸਤਾਦਾਂ ਵੱਲੋਂ ਬੱਚਿਆਂ ਨੂੰ ਗੱਤਕੇ ਦੀ ਸਿਖਲਾਈ ਦਿੱਤੀ ਜਾਵੇਗੀ। ਬੈਨੀਪਾਲ ਨੇ ਇਲਾਕੇ ਦੇ ਸਮੂਹ ਨੌਜਵਾਨਾਂ ਤੇ ਬੱਚਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਗੱਤਕਾ ਸਿਖਲਾਈ ਕਲਾਸ ਵਿੱਚ ਆ ਕੇ ਇਸ ਵਿਰਾਸਤੀ ਖੇਡ ਦਾ ਵੱਧ ਤੋਂ ਵੱਧ ਲਾਹਾ ਲੈਣ ਅਤੇ ਆਪਣੇ ਸਰੀਰ ਨੂੰ ਮਜ਼ਬੂਤੀ ਪ੍ਰਦਾਨ ਕਰਕੇ ਰਿਸ਼ਟ ਪੁਸ਼ਟ ਬਣਨ । ਇਸ ਮੌਕੇ ਉਨ੍ਹਾਂ ਨੇ ਜੈਕਾਰਿਆਂ ਦੀ ਗੂੰਜ ਵਿੱਚ ਗੱਤਕਾ ਕਲਾਸ ਦੀ ਆਰੰਭਤਾ ਕੀਤੀ ਅਤੇ ਗੱਤਕਾ ਖਿਡਾਰੀਆਂ ਦੇ ਪ੍ਰਦਰਸ਼ਨ ਨੂੰ ਦੇਖਿਆ।

# ਬਹੁਜਨ ਮੁਕਤੀ ਮੋਰਚਾ ਦੇ ਆਗੂਆਂ ਵੱਲੋਂ ਬੈਲਟ ਪੇਪਰਾਂ ਰਾਹੀਂ ਚੋਣਾਂ ਕਰਵਾਉਣ ਸਬੰਧੀ ਐਸ.ਡੀ.ਐਮ. ਸਮਰਾਲਾ ਨੂੰ ਮੰਗ ਪੱਤਰ




ਸਮਰਾਲਾ, 3 ਜੁਲਾਈ (ਵਰਿੰਦਰ ਸਿੰਘ ਹੀਰਾ/ਜਸਵੀਰ ਹੇਡੋਂ) : ਭਾਰਤ ਮੁਕਤੀ ਮੋਰਚਾ, ਰਾਸ਼ਟਰੀ ਪਿਛੜਾ ਵਰਗ ਮੋਰਚਾ, ਬਹੁਜਨ ਕ੍ਰਾਂਤੀ ਮੋਰਚਾ ਅਤੇ ਰਾਸ਼ਟਰੀ ਪਰਿਵਰਤਨ ਮੋਰਚਾ ਵੱਲੋਂ ਸਾਂਝੇ ਤੌਰ ਹੋ ਰਹੀ ਬੇਇਨਸਾਫੀ ਖਿਲਾਫ ਸੋਹਲ ਸਿੰਘ ਉਪ ਪ੍ਰਧਾਨ ਬਹੁਜਨ ਮੁਕਤੀ ਮੋਰਚਾ ਪੰਜਾਬ, ਗੁਰਚਰਨ ਸਿੰਘ ਪਹਿਲਵਾਨ ਜਮਾਲਪੁਰੀ ਕਾਰਜਕਾਰੀ ਪ੍ਰਧਾਨ ਬਹੁਜਨ ਮੁਕਤੀ ਮੋਰਚਾ ਜ਼ਿਲ੍ਹਾ ਲੁਧਿਆਣਾ (ਦਿਹਾਤੀ) ਅਤੇ ਲਖਵੀਰ ਸਿੰਘ ਘਰਖਣਾ ਪ੍ਰਧਾਨ ਬਹੁਜਨ ਮੁਕਤੀ ਮੋਰਚਾ ਤਹਿਸੀਲ ਸਮਰਾਲਾ ਪ੍ਰਧਾਨ ਦੀ ਅਗਵਾਈ ਹੇਠ ਐਸ.ਡੀ.ਐਮ.ਸਮਰਾਲਾ ਨੂੰ ਇੱਕ ਮੈਮੋਰੰਡਮ ਦਿੱਤਾ ਗਿਆ। ਜਿਸ ਵਿੱਚ ਮੰਗ ਕੀਤੀ ਗਈ ਕਿ ਭਾਰਤ ਵਿੱਚ ਈ. ਵੀ. ਐਮ. ਮਸ਼ੀਨਾਂ ਬੰਦ ਕਰਵਾ ਕੇ ਬੈਲਟ ਪੇਪਰਾਂ ਰਾਹੀਂ ਚੋਣਾ ਕਰਵਾਈਆਂ ਜਾਣ, ਤਾਂ ਜੋ ਪੂਰੀ ਤਰ੍ਹਾਂ ਪਾਰਦਰਸ਼ਤਾ ਨਾਲ ਵੋਟਾਂ ਪੈ ਸਕਣ ਅਤੇ ਸਹੀ ਨੁਮਾਇੰਦੇ ਚੁਣੇ ਜਾਣ। ਉਨ੍ਹਾਂ ਕਿਹਾ ਜਿਹੜੇ ਦੇਸ਼ਾਂ ਨੇ ਇਹ ਮਸ਼ੀਨਾਂ ਤਿਆਰ ਕੀਤੀਆਂ ਸਨ, ਇਨ੍ਹਾਂ ਰਾਹੀਂ ਹੁੰਦੀ ਘਪਲੇਬਾਜੀ ਦੇ ਮੱਦੇਨਜ਼ਰ ਇਨ੍ਹਾਂ ਨੂੰ ਬੰਦ ਕਰਕੇ ਬੈਲਟ ਪੇਪਰਾਂ ਰਾਹੀਂ ਵੋਟਾਂ ਪਵਾਈਆਂ ਜਾਂਦੀਆਂ ਹਨ, ਜਦੋਂ ਕਿ ਇਹ ਪਤਾ ਹੈ ਕਿ ਇਸ ਨਾਲ ਘਪਲੇਬਾਜੀ ਹੁੰਦੀ ਹੈ, ਤਾਂ ਇਸ ਦੀ ਵਰਤੋਂ ਭਾਰਤ ਵਿੱਚ ਕਿਉਂ ਕੀਤੀ ਜਾਂਦੀ ਹੈ, ਇਹ ਭਾਜਪਾ ਦੀ ਤਾਨਾਸ਼ਾਹੀ ਹੈ। ਅਗਲੇ ਸਾਲ ਹੋਣ ਵਾਲੀ ਜਾਤੀ ਅਧਾਰਿਤ ਜਨਗਣਨਾ ਵਿੱਚ ਓ. ਬੀ.ਸੀ. ਦੀ ਗਿਣਤੀ ਅਲੱਗ ਕੀਤੀ ਜਾਵੇ।

# ਜਗਰਾਓਂ ਸ਼ਹਿਰ ਵਸੀਆਂ ਲਈ ਕੂੜੇ ਦਾ ਪੱਕਾ ਹੋਇਆ ਹੱਲ : ਪ੍ਰਧਾਨ ਨਗਰ ਕੌਂਸਲ



ਜਗਰਾਓਂ, 3 ਜੁਲਾਈ (ਦਵਿੰਦਰ ਜੈਨ) : ਨਗਰ ਕੌਂਸਲ ਜਗਰਾਓਂ ਦੇ ਪ੍ਰਧਾਨ ਜਤਿੰਦਰ ਪਾਲ ਰਾਣਾ ਵੱਲੋਂ ਲੋਕਾਂ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਜੋ ਕੂੜੇ ਦਾ ਇਨਾ ਲੰਬਾ ਸੰਘਰਸ਼ ਚੱਲਦਾ ਪਿਆ ਸੀ। ਉਹਨਾਂ ਵੱਲੋਂ ਕੂੜੇ ਦਾ ਪੱਕਾ ਨਿਪਟਾਰਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ।ਝਾਂਸੀ ਰਾਣੀ ਚੌਕ ਵਿੱਚ ਜੋ ਡੰਪ ਬਣਿਆ ਹੋਇਆ ਸੀ ਉਹ ਡੰਪ ਅੱਜ ਪ੍ਰਧਾਨ ਨੇ ਕਾਮਰੇਡ ਰਾਜੂ ਨੇ ਉਹਨਾਂ ਦੇ ਕੌਂਸਲਰ ਸਾਹਿਬਾਨ ਨੇ ਕੋਲ? ਖੜ੍ਹ ਕੇ ਉਹ ਡੰਪ ਟਰਾਲੇ 'ਚ ਭਰ ਕੇ ਚੁਕਾ ਕੇ ਭੇਜ ਦਿੱਤਾ ਹੈ। ਸਾਫ ਸਫਾਈ ਕਰਕੇ ਉਸ ਜਗਾਹ ਨੂੰ ਲੋਕ ਲਗਾ ਦਿੱਤਾ ਗਿਆ ਹੈ। ਤੁਹਾਡੇ ਧਿਆਨ ਵਿੱਚ ਸ਼ਾਇਦ ਹੋਵੇ ਜਦੋਂ ਪ੍ਰਧਾਨ ਨੇ ਕੁਝ ਸਮੇਂ ਪਹਿਲਾਂ ਵੀ ਦੋ ਵਾਰ ਇਹਨੂੰ ਸਾਫ ਕਰਕੇ ਲੋਕ ਲਗਾ ਤਾ ਸੀ ਲੋਕੀ ਕੂੜਾ ਫਿਰ ਸਿੱਟ ਰਹੇ ਸੀ ।ਤੇ ਹੁਣ ਉਹਨਾਂ ਨੂੰ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਇਸ ਵਾਰ ਪੱਕਾ ਉਹਨਾਂ ਨੇ ਤਾਲਾ ਲਗਾ ਤਾ ਕੋਈ ਵੀ ਸ਼ਹਿਰ ਵਾਸੀ ਜਾਂ ਕੋਈ ਵੀ ਸਫਾਈ ਸੇਵਕ ਜਾਂ ਕੋਈ ਵੀ ਉਥੇ ਕੂੜਾ ਨਾ ਸਿੱਟੇ ਤਾਂ ਕਿ ਲੋਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਕੂੜੇ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।ਰਾਜੂ ਕਾਮਰੇਡ ਨੇ ਲਾਈਵ ਵਿੱਚ ਵੀ ਅੱਜ ਦੱਸਿਆ ਜੋ ਅਸੀਂ ਸਵੇਰੇ ਲਾਈਵ ਕੀਤਾ ਸੀ ਵੀ ਇਹ ਕੂੜੇ ਦੀ ਸਮੱਸਿਆ ਤੋਂ ਸ਼ਹਿਰ ਵਾਸੀਆਂ ਨੂੰ ਜਲਦ ਹੀ ਸਾਰੇ ਜਗਰਾਓਂ ਨੂੰ ਨਿਜਾਤ ਮਿਲ ਜਾਵੇਗੀ ।ਜੋ ਡਿਸਪੋਜਲ ਰੋਡ 'ਤੇ ਲੱਗਿਆ ਕੂੜਾ ਡੰਪ ਉਹ ਵੀ ਚੱਕਿਆ ਜਾਵੇਗਾ ਅਤੇ ਜੋ ਤਲਾਬ ਕੋਠੇ ਪੋਨਾ ਬਣਿਆ ਉਹ ਵੀ ਸਾਰਾ ਸਾਫ ਹੋਊਗਾ। ਉਸ ਤੋਂ ਇਲਾਵਾ ਜੋ ਹਰੀ ਸਿੰਘ ਰੋਡ 'ਤੇ ਜਾਂ ਕਿਤੇ ਵੀ ਕੂੜੇ ਦਾ ਢੇਰ ਲੱਗਿਆ ਸਾਰੇ ਸਾਫ ਕਰਕੇ ਸਫਾਈ ਕਰਕੇ ਕੂੜੇ ਦਾ ਪੱਕਾ ਸਿਸਟਮ ਕੀਤਾ ਜਾਵੇਗਾ। ਲੋਕਾਂ ਨੂੰ ਬੇਨਤੀ ਹੈ ਕਿ ਇਹ ਕੂੜਾ ਜਿੱਥੇ ਜਿੱਥੇ ਸਫਾਈ ਹੋ ਰਹੀ ਹੈ। ਉਥੋਂ ਕੂੜਾ ਨਾ ਸੁਟਿਆ ਜਾਵੇ। ਇਸ ਮੌਕੇ ਓਹਨਾਂ ਨਾਲ ਰਾਜੂ ਕਾਮਰੇਡ ਕੌਂਸਲਰ ਵਾਰਡ 18, ਰੌਕੀ ਗੋਇਲ ਕੌਂਸਲਰ ਪਤੀ ਵਾਰਡ 19, ਦਵਿੰਦਰ ਜੀਤ ਸਿੰਘ ਸਿੱਧੂ ਵਾਰਡ 5 ਨੇ ਅਤੇ ਓਹਨਾ ਦੀ ਸਾਰੀ ਟੀਮ ਜੋ ਮੌਕੇ 'ਤੇ ਮੌਜੂਦ ਸੀ ਲੋਕਾਂ ਨੂੰ ਅਪੀਲ ਕੀਤੀ ਕਿ ਕੂੜਾ ਹੁਣ ਇਥੇ ਨਾ ਸੁੱਟਿਆ ਜਾਵੇ।

# ਚੋਣ ਲੜ ਚੁੱਕੇ ਉਮੀਦਵਾਰਾਂ ਨੂੰ ਚੋਣ ਖ਼ਰਚੇ ਦਾ ਅੰਤਿਮ ਲੇਖਾ-ਜੋਖਾ ਜਮ੍ਹਾਂ ਕਰਨ ਲਈ ਦਿੱਤੀ ਸਿਖਲਾਈ




ਲੁਧਿਆਣਾ, 3 ਜੁਲਾਈ (ਵਿਸ਼ਾਲ ਸ਼ਰਮਾ) : ਜ਼ਿਲ੍ਹਾ ਪ੍ਰਸ਼ਾਸਨ ਵੱਲੋਂ 19 ਜੂਨ ਨੂੰ ਹਾਲ ਹੀ ਵਿੱਚ ਹੋਈ 64-ਲੁਧਿਆਣਾ ਪੱਛਮੀ ਜ਼ਿਮਨੀ ਚੋਣ 2025 ਵਿੱਚ 64-ਲੁਧਿਆਣਾ ਪੱਛਮੀ ਹਲਕੇ ਤੋਂ ਚੋਣ ਲੜ ਚੁੱਕੇ ਉਮੀਦਵਾਰਾਂ ਲਈ ਚੋਣ ਖ਼ਰਚੇ ਦਾ ਅੰਤਿਮ ਲੇਖਾ-ਜੋਖਾ ਜਮ੍ਹਾਂ ਕਰਵਾਉਣ ਲਈ ਸਥਾਨਕ ਬੱਚਤ ਭਵਨ ਵਿਖੇ ਸਿਖਲਾਈ ਦਿੱਤੀ ਗਈ।

ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਚੋਣ ਖਰਚਾ ਸਟੇਟਮੈਂਟ ਨੂੰ ਮੁਕੰਮਲ ਕਰਨ ਵਿੱਚ ਮਦਦ ਕਰਨ ਲਈ ਸਿਖਲਾਈ ਦਿੱਤੀ ਗਈ।ਉਨ੍ਹਾਂ ਨੇ ਉਮੀਦਵਾਰਾਂ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦਿਆਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਵੋਟਾਂ ਦੀ ਗਿਣਤੀ ਹੋ ਚੁੱਕੀ ਹੈ ਅਤੇ ਨਤੀਜਾ ਵੀ 23 ਜੂਨ 2025 ਨੂੰ ਐਲਾਨਿਆ ਜਾ ਚੁੱਕਾ ਹੈ ਅਤੇ ਇਸ ਤਰ੍ਹਾਂ ਚੋਣ ਖਰਚ ਨਿਗਰਾਨੀ 'ਤੇ ਭਾਰਤੀ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਚੋਣ ਨਤੀਜਾ ਐਲਾਨਣ ਦੀ ਮਿਤੀ ਤੋਂ 30 ਦਿਨਾਂ ਦੀ ਕਾਨੂੰਨੀ ਸਮਾਂ ਸੀਮਾ ਦੇ ਅੰਦਰ ਭਾਵ 22 ਜੁਲਾਈ 2025 ਦੇ ਅੰਦਰ ਚੋਣ ਦਫ਼ਤਰ ਵਿੱਚ ਆਪਣਾ ਚੋਣ ਖਰਚ ਦਾ ਲੇਖਾ-ਜੋਖਾ ਦਾਇਰ ਕਰਨਾ ਜ਼ਰੂਰੀ ਹੈ। ਇਸ ਮੌਕੇ ਦੱਸਿਆ ਗਿਆ ਕਿ ਉਮੀਦਾਵਾਰਾ ਦੇ ਖ਼ਰਚੇ ਦਾ ਲੇਖਾ-ਜੋਖਾ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 9:00 ਵਜੇ ਤੋਂ ਸ਼ਾਮ 5:00 ਵਜੇ ਤੱਕ ਵੀ.ਸੀ. ਰੂਮ, ਸੁਵਿਧਾ ਕੇਂਦਰ, ਮਿੰਨੀ ਸਕੱਤਰੇਤ, ਲੁਧਿਆਣਾ ਵਿਖੇ ਕਮੇਟੀ ਦੇ ਦਫ਼ਤਰ ਵਿਖੇ ਸਟੇਟਮੈਂਟ ਜਮ੍ਹਾਂ ਕਰਾਈ ਜਾ ਸਕਦੀ ਹੈ।

## ਵਿਦੇਸ਼ 'ਚ ਹੋਟਲ ਚਲਾ ਰਹੇ ਇੱਕ ਪੰਜਾਬੀ ਜੋੜੇ ਖਿਲਾਫ਼ ਮਨੁੱਖੀ ਤਸਕਰੀ ਦੇ ਦੋਸ਼ਾਂ ਤਹਿਤ ਮਾਮਲਾ ਦਰਜ

ਵਿਨੀਪੈਗ, 3 ਜੁਲਾਈ (ਚ.ਨ.ਸ): ਕੈਨੇਡਾ ਦੇ ਸ਼ਹਿਰ ਵਿਨੀਪੈਗ ਤੋਂ ਥੋੜੀ ਦੂਰੀ 'ਤੇ ਸਥਿਤ ਇਕ ਕਸਬੇ ਵਿਚ ਹੋਟਲ ਚਲਾ ਰਹੇ ਇੱਕ ਪੰਜਾਬੀ ਜੋੜੇ ਖਿਲਾਫ ਵਿਦੇਸ਼ੀ ਕਾਮਿਆਂ ਨਾਲ ਕੀਤੇ



ਗਏ ਅਣਮਨੁੱਖੀ ਵਿਹਾਰ ਦੇ ਮਾਮਲੇ ਦੀ ਕਈ ਮਹੀਨਿਆਂ ਤੋਂ ਚੱਲ ਰਹੀ ਜਾਂਚ ਤੋਂ ਬਾਅਦ ਮਨੁੱਖੀ ਤਸਕਰੀ ਦੇ ਦੋਸ਼ਾਂ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਅਨੁਸਾਰ ਕਸਬਾ ਪੋਰਟੇਜ ਲਾਪ੍ਰੇਰੀ ਵਿਚ ਹੋਟਲ ਚਲਾ ਰਹੇ ਜੋਇਦਰ ਸਿੰਘ ਅਤੇ ਸਤਬੀਰ ਸੰਧੂ ਵੱਲੋਂ ਵਰਕ ਪਰਮਿਟ ਰਾਹੀਂ ਚਾਰ ਵਿਦੇਸ਼ੀ ਨਾਗਰਿਕਾਂ ਨੂੰ ਆਪਣੇ ਹੋਟਲ ਵਿਚ ਕੰਮ 'ਤੇ ਰੱਖਿਆ ਗਿਆ ਸੀ। ਹੋਟਲ ਮਾਲਕ ਵੱਲੋਂ ਇਨ੍ਹਾਂ ਕਾਮਿਆਂ ਤੋਂ 15 ਘੰਟੇ ਲਗਾਤਾਰ ਕੰਮ ਕਰਵਾਇਆ ਜਾਂਦਾ ਸੀ ਅਤੇ ਉਨ੍ਹਾਂ ਨੂੰ ਮਿਹਨਤਾਨਾ ਵੀ ਬਹੁਤ ਘੱਟ ਦਿੱਤਾ ਜਾ ਰਿਹਾ ਸੀ। ਇਸ ਤੋਂ ਉਨ੍ਹਾਂ ਕੋਲੋਂ ਕਈ ਹੋਰ ਕੰਮ ਵੀ ਕਰਵਾਏ ਜਾਂਦੇ ਸਨ। ਹੋਟਲ ਮਾਲਕਾਂ ਵੱਲੋਂ ਵਰਕਰਾਂ ਨੂੰ ਧਮਕੀਆਂ ਦਿੱਤੀਆਂ ਜਾਂਦੀਆਂ ਸਨ, ਜਿਸ ਦੇ ਚੱਲਦਿਆਂ ਇਨ੍ਹਾਂ ਵਰਕਰਾਂ ਵਿਚੋਂ ਦੋ ਵਰਕਰ ਜੋ ਔਰਤਾਂ ਸਨ, ਨੇ ਉਨ੍ਹਾਂ ਨਾਲ ਹੋ ਰਹੇ ਅਣਮਨੁੱਖੀ ਵਰਤਾਓ ਬਾਰੇ ਫਰਵਰੀ 2025 ਵਿਚ ਸ਼ਿਕਾਇਤ ਪੁਲਿਸ ਨੂੰ ਕੀਤੀ। ਪੁਲਿਸ ਪ੍ਰਸ਼ਾਸਨ ਨੇ ਇਸ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਅਤੇ ਕਈ ਮਹੀਨਿਆਂ ਦੀ ਜਾਂਚ ਤੋਂ ਬਾਅਦ ਉਕਤ ਹੋਟਲ ਮਾਲਕਾਂ ਖ਼ਿਲਾਫ਼ ਮਾਮਲਾ ਦਰਜ ਕਰ ਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

## ਏ.ਪੀ.ਪੀ.ਜੀ.ਐਫ.ਐਸ. ਦੀ 20ਵੀਂ ਵਰ੍ਹੇਗੰਢ ਮੌਕੇ ਯੂ.ਕੇ. ਗੁਰਦੁਆਰਾ ਅਲਾਇੰਸ ਦੀ ਅਧਿਕਾਰਤ ਤੌਰ 'ਤੇ ਸਥਾਪਨਾ

ਲੰਡਨ, 3 ਜੁਲਾਈ (ਚ.ਨ.ਸ): ਬਰਤਾਨਵੀ ਸੰਸਦ ਵਿਚ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਫਾਰ ਸਿੱਖਸ ਦੀ 20ਵੀਂ ਵਰ੍ਹੇਗੰਢ ਮਨਾਈ ਗਈ। ਇਸ ਮੌਕੇ ਯੂਕੇ ਗੁਰਦੁਆਰਾ ਅਲਾਇੰਸ ਦੀ ਅਧਿਕਾਰਤ ਤੌਰ 'ਤੇ ਸਥਾਪਨਾ ਵੀ ਕੀਤੀ ਗਈ। ਇਸ ਮੌਕੇ 'ਤੇ ਗਰੁੱਪ ਦੇ ਚੇਅਰਮੈਨ ਐਮ ਪੀ ਜਸਬੀਰ ਸਿੰਘ ਅਠਵਾਲ ਤੋਂ ਇਲਾਵਾ ਆਲ ਪਾਰਟੀ ਫਾਰ ਸਿੱਖਸ ਦੇ ਪਹਿਲੇ ਚੇਅਰਮੈਨ ਰੋਬ ਮੋਰਿਸ, ਬਰਤਾਨੀਆ ਦੇ ਧਾਰਮਿਕ ਮਾਮਲਿਆਂ ਬਾਰੇ ਮੰਤਰੀ ਲਾਰਡ ਖਾਨ, ਐਮ ਪੀ ਪ੍ਰੀਤ ਕੌਰ ਗਿੱਲ, ਐਮ ਪੀ ਤਨਮਨਜੀਤ ਸਿੰਘ ਢੇਸੀ, ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਰਮੇਸ਼ ਸਿੰਘ ਅਰੋੜਾ, ਭਾਈ ਸਾਹਿਬ ਭਾਈ ਮਹਿੰਦਰ ਸਿੰਘ ਨਿਸ਼ਕਾਮ ਸੇਵਕ ਜਥਾ ਯੂਕੇ, ਭਾਈ ਦਵਿੰਦਰਜੀਤ ਸਿੰਘ ਓਬੀਈ, ਭਾਈ



ਅਮਰੀਕ ਸਿੰਘ ਗਿੱਲ ਸਿੱਖ ਫੈਡਰੇਸ਼ਨ ਯੂਕੇ, ਭਾਈ ਗੁਰਪ੍ਰੀਤ ਸਿੰਘ ਆਨੰਦ, ਭਾਈ ਕੁਲਦੀਪ ਸਿੰਘ ਦਿਓਲ, ਭਾਈ ਨਰਿੰਦਰਜੀਤ ਸਿੰਘ ਥਾਂਦੀ ਆਦਿ ਸਮੇਤ ਵੱਡੀ ਗਿਣਤੀ ਵਿਚ ਯੂਕੇ ਭਰ ਤੋਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਦੇ ਨੁਮਾਇੰਦੇ ਅਤੇ ਸਿੱਖ ਸੰਗਤਾਂ ਹਾਜ਼ਰ ਹੋਈਆਂ। ਇਸ ਮੌਕੇ 'ਤੇ ਜਸਬੀਰ ਸਿੰਘ ਅਠਵਾਲ ਨੇ ਗਰੁੱਪ ਦੇ 20 ਸਾਲਾ ਸਫਰ ਬਾਰੇ ਜਾਣਕਾਰੀ ਸਾਂਝੀ ਕੀਤੀ ਅਤੇ ਸੰਸਦ ਵਿਚ ਸਮੇਂ ਸਮੇਂ ਸਿੱਖ ਮੁੱਦਿਆਂ ਬਾਰੇ ਕੀਤੀ ਚਰਚਾ ਬਾਰੇ ਦੱਸਿਆ। ਇਸ ਮੌਕੇ ਗੁਰਦੁਆਰਿਆਂ ਅਤੇ ਸਿੱਖ ਭਾਈਚਾਰੇ ਨੂੰ ਆ ਰਹੀਆਂ ਚੁਣੌਤੀਆਂ ਦੇ ਹੱਲ ਲਈ ਸਰਕਾਰ ਅਤੇ ਭਾਈਚਾਰੇ ਵਿਚਕਾਰ ਇੱਕ ਪੁਲ ਦਾ ਕੰਮ ਕਰਨ ਲਈ ਯੂਕੇ ਗੁਰਦੁਆਰਾ ਅਲਾਇੰਸ ਦੀ ਸਥਾਪਨਾ ਕੀਤੀ ਗਈ, ਜਿਸ ਨਾਲ ਯੂਕੇ ਭਰ ਤੋਂ 200 ਤੋਂ ਵੱਧ ਗੁਰਦੁਆਰੇ ਜੁੜੇ ਹਨ। ਇਸ ਸਬੰਧੀ ਬੁਲਾਰਿਆਂ ਨੇ ਦੱਸਿਆ ਕਿ 12 ਖੇਤਰਾਂ ਦੇ 25 ਪ੍ਰਮੁੱਖ ਗੁਰਦੁਆਰੇ ਆਪਣੇ ਖੇਤਰ ਅਤੇ ਯੂਕੇ ਭਰ ਦੇ ਸਾਰੇ ਗੁਰਦੁਆਰਿਆਂ ਨਾਲ ਤਾਲਮੇਲ ਰੱਖਣਗੇ। ਇਸ ਸੰਸਥਾ ਵੱਲੋਂ ਯੂਕੇ ਸਰਕਾਰ ਤੋਂ ਇਲਾਵਾ ਸਿੱਖ ਮੁੱਦਿਆਂ ਨੂੰ ਹੱਲ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਆਦਿ ਨਾਲ ਤਾਲਮੇਲ ਰੱਖਿਆ ਜਾਵੇਗਾ। ਲਾਰਡ ਵਾਜਿਦ ਖਾਨ ਅਤੇ ਰਮੇਸ਼ ਸਿੰਘ ਅਰੋੜਾ ਨੇ ਗੁਰਦੁਆਰਾ ਅਲਾਇੰਸ ਦਾ ਸਵਾਗਤ ਕਰਦਿਆਂ ਭਵਿੱਖ ਵਿੱਚ ਮਿਲ ਕੇ ਸਿੱਖ ਮਾਮਲਿਆਂ ਬਾਰੇ ਕੰਮ ਕਰਨ ਦੀ ਵਚਨਬੱਧਤਾ ਪ੍ਰਗਟ ਕੀਤੀ।

## ਟਰੰਪ ਵੱਲੋਂ ਐਲਾਨ ਇਜ਼ਰਾਈਲ ਗਾਜ਼ਾ 'ਚ 60 ਦਿਨਾਂ ਦੀ ਜੰਗਬੰਦੀ ਸ਼ਰਤਾਂ ਤਹਿਤ ਸਹਿਮਤ

ਵਾਸ਼ਿੰਗਟਨ/ਕਾਹਿਰਾ, 3 ਜੁਲਾਈ (ਚ.ਨ.ਸ): ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਐਲਾਨ ਕੀਤਾ ਕਿ ਇਜ਼ਰਾਈਲ ਗਾਜ਼ਾ ਵਿਚ 60 ਦਿਨਾਂ ਦੀ ਜੰਗਬੰਦੀ ਲਈ ਸ਼ਰਤਾਂ ਤਹਿਤ ਸਹਿਮਤ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਹੁਣ ਇਹ ਹਮਾਸ 'ਤੇ ਨਿਰਭਰ ਹੈ ਕਿ ਉਹ ਹਾਲਾਤ ਹੋਰ ਵਿਗੜਨ ਤੋਂ ਪਹਿਲਾਂ ਇਸ ਪ੍ਰਸਤਾਵ ਨੂੰ ਸਵੀਕਾਰ ਕਰੇ। ਟਰੰਪ ਨੇ ਕਿਹਾ ਕਿ ਮੇਰੇ ਪ੍ਰਤੀਨਿਧੀਆਂ ਨੇ ਅੱਜ ਗਾਜ਼ਾ 'ਤੇ ਇਜ਼ਰਾਈਲੀਆਂ ਨਾਲ ਇਕ ਲੰਬੀ ਅਤੇ ਲਾਭਕਾਰੀ ਮੀਟਿੰਗ ਕੀਤੀ। ਇਜ਼ਰਾਈਲ 60 ਦਿਨਾਂ ਦੀ ਜੰਗਬੰਦੀ ਨੂੰ ਅੰਤਿਮ ਰੂਪ ਦੇਣ ਲਈ ਸ਼ਰਤਾਂ 'ਤੇ ਸਹਿਮਤ ਹੋ ਗਿਆ, ਜਿਸ ਦੌਰਾਨ ਅਸੀਂ ਯੁੱਧ ਖਤਮ ਕਰਨ ਲਈ ਸਾਰੀਆਂ ਧਿਰਾਂ ਨਾਲ ਕੰਮ ਕਰਾਂਗੇ। ਉਨ੍ਹਾਂ ਕਿਹਾ ਕਿ ਕਤਰ ਅਤੇ ਮਿਸਰ ਅੰਤਿਮ ਪ੍ਰਸਤਾਵ ਪੇਸ਼ ਕਰਨਗੇ।



ਦੂਜੇ ਪਾਸੇ ਹਮਾਸ ਨੇ ਕਿਹਾ ਕਿ ਉਹ ਇਜ਼ਰਾਈਲ ਨਾਲ ਜੰਗਬੰਦੀ ਲਈ ਸਹਿਮਤ ਹੈ ਪਰ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਐਲਾਨਿਆ ਅਮਰੀਕੀ ਸਮਰਥਿਤ ਪ੍ਰਸਤਾਵ ਸਿੱਧੇ ਤੌਰ 'ਤੇ ਸਵੀਕਾਰ ਨਹੀਂ ਹੈ। ਹਮਾਸ ਨੇ ਆਪਣਾ ਪੁਰਾਣਾ ਰੁਖ ਦੁਹਰਾਉਂਦਿਆਂ ਕਿਹਾ ਕਿ ਉਹ ਅਜਿਹੇ ਕਿਸੇ ਵੀ ਸਮਝੌਤੇ ਤਾਂ ਹੀ ਮੰਨੇਗਾ, ਜਦੋਂ ਉਸ ਨਾਲ ਗਾਜ਼ਾ ਵਿਚ ਚੱਲ ਰਹੀ ਜੰਗ ਪੂਰੀ ਤਰ੍ਹਾਂ ਨਾਲ ਖਤਮ ਹੋ ਜਾਵੇਗੀ। ਜ਼ਿਕਰਯੋਗ ਹੈ ਕਿ ਟਰੰਪ ਇਜ਼ਰਾਈਲ ਅਤੇ ਹਮਾਸ ਦੋਵਾਂ 'ਤੇ ਦਬਾਅ ਬਣਾ ਰਹੇ ਹਨ ਕਿ ਉਹ ਜੰਗਬੰਦੀ ਅਤੇ ਬੰਧਕਾਂ ਦੇ ਮੁੱਦੇ 'ਤੇ ਕੋਈ ਸਮਝੌਤਾ ਕਰਨ ਤਾਂ ਜੋ ਯੁੱਧ ਖਤਮ ਹੋ ਸਕੇ।

## ਦੋ ਸਮੁੰਦਰੀ ਜਹਾਜ਼ਾਂ ਦੀ ਟੱਕਰ ਦੇ ਦੋਸ਼ ਭਾਰਤੀ ਨਾਗਰਿਕ 'ਤੇ ਲੱਗੇ

☛ ਡਿਊਟੀ ਸਹੀ ਢੰਗ ਨਾਲ ਨਾ ਕਰਨ ਕਰ ਕੇ ਦੋ ਜਹਾਜ਼ਾਂ ਦੀ ਟੱਕਰ 'ਚ ਇੱਕ ਵਿਅਕਤੀ ਦੀ ਹੋਈ ਸੀ ਮੌਤ

ਸਿੰਗਾਪੁਰ, 3 ਜੁਲਾਈ (ਚ.ਨ.ਸ.):



ਸਿੰਗਾਪੁਰ ਦੀ ਅਦਾਲਤ ਵਿੱਚ ਅੱਜ ਮਰਚੈਂਟ ਸ਼ਿਪਿੰਗ ਐਕਟ ਤਹਿਤ ਸਾਲ ਪਹਿਲਾਂ ਹੋਈ ਦੋ ਜਹਾਜ਼ਾਂ ਦੀ ਟੱਕਰ ਦੇ ਮਾਮਲੇ ਵਿੱਚ ਭਾਰਤੀ ਨਾਗਰਿਕ 'ਤੇ ਦੋਸ਼ ਲੱਗੇ ਹਨ। ਇਸ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ ਅਤੇ ਇੱਕ ਹੋਰ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ ਸੀ। ਚੈਨਲ ਦੀ ਰਿਪੋਰਟ ਅਨੁਸਾਰ, 35 ਸਾਲਾ ਸੁਸਾਈ ਐਂਟਨੀ ਵੈਨਰ ਅਤੇ 40 ਸਾਲਾ ਸ਼੍ਰੀਲੰਕਾਈ ਵਿਕਰਮਾਗੇ ਵਿਰਾਜ ਆਮਿਲਾ ਸ਼ਵਿੰਦਾ ਪਰੇਰਾ, ਸਿੰਗਾਪੁਰ ਵਿੱਚ ਰਜਿਸਟਰਡ ਹਾਫਨੀਆ ਨਾਈਲ ਨਾਮ ਦੇ ਸਮੁੰਦਰੀ ਜਹਾਜ਼ ਦੇ ਚਾਲਕ ਦਲ ਦੇ ਮੈਂਬਰ ਸਨ। 19 ਜੁਲਾਈ 2024 ਨੂੰ ਸਵੇਰੇ ਇਸ ਜਹਾਜ਼ ਦੀ ਡੈਮੋਕਰੈਟਿਕ ਰਿਪਬਲਿਕ ਆਫ ਸਾਓ ਟੋਮ ਅਤੇ ਪ੍ਰਿੰਸਿਪੇ ਵਿੱਚ ਰਜਿਸਟਰਡ ਸੈਰੇਸ 9 ਨਾਲ ਟੱਕਰ ਹੋ ਗਈ ਸੀ। ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਚਾਰਜਸ਼ੀਟ ਮੁਤਾਬਕ, ਉਸ ਸਮੇਂ ਪਰੇਰਾ ਹਾਫਨੀਆ ਨਾਈਲ 'ਤੇ ਨੇਵੀਗੇਸ਼ਨਲ ਵਾਚ ਦਾ ਇੰਚਾਰਜ ਅਧਿਕਾਰੀ ਸੀ। ਚਾਰਜਸ਼ੀਟ ਵਿੱਚ ਅੱਗੇ ਕਿਹਾ ਗਿਆ ਹੈ ਕਿ ਵੈਨਰ ਵੀ ਨੇਵੀਗੇਸ਼ਨਲ ਡਿਊਟੀ 'ਤੇ ਤਾਇਨਾਤ ਸੀ। ਵੈਨਰ 'ਤੇ ਦੋਸ਼ ਹੈ ਕਿ ਉਸ ਨੇ ਦੇਖਿਆ ਕਿ ਹਾਫਨੀਆ ਨਾਈਲ ਸੈਰੇਸ 9 ਦੇ ਨੇੜੇ ਆ ਰਿਹਾ ਸੀ ਪਰ ਉਸ ਨੇ ਇਸ ਬਾਰੇ ਨੇਵੀਗੇਸ਼ਨਲ ਵਾਚ ਦੇ ਇੰਚਾਰਜ ਅਧਿਕਾਰੀ ਨੂੰ ਸੂਚਿਤ ਨਹੀਂ ਕੀਤਾ। ਉਸ ਵੱਲੋਂ ਸਹੀ ਢੰਗ ਨਾਲ ਡਿਊਟੀ ਨਾ ਕੀਤੇ ਜਾਣ ਕਰ ਕੇ ਦੋ ਟੈਂਕਰਾਂ ਦੀ ਟੱਕਰ ਹੋ ਗਈ ਸੀ। ਚਾਰਜਸ਼ੀਟ ਵਿੱਚ ਕਿਹਾ ਗਿਆ ਹੈ ਕਿ ਇਸ ਅਣਗਹਿਲੀ ਦੇ ਨਤੀਜੇ ਵਜੋਂ, ਜਹਾਜ਼ ਸੈਰੇਸ 9 ਨਾਲ ਟਕਰਾ ਗਿਆ, ਜਿਸ ਕਾਰਨ ਜਹਾਜ਼ ਵਿੱਚ ਸਵਾਰ ਇੱਕ ਵਿਅਕਤੀ ਦੀ ਮੌਤ ਹੋ ਗਈ ਸੀ ਅਤੇ ਇੱਕ ਹੋਰ ਜ਼ਖ਼ਮੀ ਹੋ ਗਿਆ ਸੀ। ਚੈਨਲ ਦੀ ਖ਼ਬਰ ਮੁਤਾਬਕ, ਸਿੰਗਾਪੁਰ ਦੀ ਸਮੁੰਦਰੀ ਅਤੇ ਬੰਦਰਗਾਹ ਅਥਾਰਿਟੀ ਨੇ ਦੋਹਾਂ ਵਿਅਕਤੀਆਂ ਵਿਰੁੱਧ ਮੁਕੱਦਮੇ ਚਲਾਏ ਹਨ।

## ਗੁਰਦੁਆਰਾ ਸਾਹਿਬ 'ਚ ਚੱਲ ਰਹੇ ਸਾਲਾਨਾ ਜੋੜ ਮੇਲੇ ਦੌਰਾਨ ਭਰਾ ਵੱਲੋਂ ਭੈਣ ਦਾ ਗੋਲੀਆਂ ਮਾਰ ਕੇ ਕਤਲ

ਕੋਟ ਈਸੇ ਖਾਂ, 3 ਜੁਲਾਈ (ਚ.ਨ.ਸ): ਪਿੰਡ ਦੌਲੇਵਾਲਾ ਮਾਇਰ ਵਿਖੇ ਗੁਰਦੁਆਰਾ ਬਾਬਾ ਤੁਲਸੀ ਦਾਸ ਜੀ ਪਿੰਡ ਝੁੱਗੀਵਾਲਾ ਦੇ ਚੱਲ ਰਹੇ ਸਾਲਾਨਾ ਜੋੜ ਮੇਲੇ ਦੌਰਾਨ ਲੰਗਰ ਪਕਾ ਰਹੀ ਵਿਆਹੁਤਾ ਲੜਕੀ ਨੂੰ ਉਸ ਦੇ ਹੀ ਭਰਾ ਵੱਲੋਂ ਸਿੱਧੀਆਂ ਗੋਲੀਆਂ ਮਾਰੀਆਂ ਗਈਆਂ। ਜਿਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਅਚਾਨਕ ਵਾਪਰੀ ਘਟਨਾ ਕਾਰਨ ਗੁਰਦੁਆਰਾ ਸਾਹਿਬ ਅਤੇ ਪਿੰਡ ਵਿਚ ਦਹਿਸ਼ਤ ਦਾ ਮਾਹੌਲ ਪਸਰ ਗਿਆ। ਘਟਨਾ ਸ਼ਾਮ 6 ਵਜੇ ਦੇ ਲਗਭਗ ਵਾਪਰੀ। ਇਥੇ ਇਹ ਵੀ ਦੱਸਣਾ ਬਣਦਾ ਹੈ ਕਿ ਗੁਰਦੁਆਰਾ ਸਾਹਿਬ ਵਿਚ ਪ੍ਰਬੰਧਾਂ ਨੂੰ ਲੈ ਕੇ ਦੋ ਧਿਰਾਂ ਵਿਚਾਲੇ ਜ਼ਬਰਦਸਤ ਵਿਵਾਦ ਚੱਲ ਰਿਹਾ ਹੈ ਤੇ ਕੋਈ ਅਣਸੁਖਾਵੀਂ ਘਟਨਾ ਵਾਪਰਨ ਤੋਂ ਬਚਣ ਲਈ ਪ੍ਰਸ਼ਾਸਨ ਵੱਲੋਂ ਪ੍ਰਬੰਧ ਆਪਣੇ ਹੱਥਾਂ ਵਿਚ ਲਏ ਹੋਏ ਸਨ ਤੇ ਸਾਲਾਨਾ ਜੋੜ ਮੇਲਾ ਜੋ 2 ਤੋਂ 4 ਜੁਲਾਈ ਤੱਕ ਚੱਲ ਰਿਹਾ ਹੈ ਤੇ ਸੰਗਤਾਂ ਦੀ ਵੀ ਉਥੇ ਕਾਫੀ ਆਮਦ ਹੈ। ਇਸ ਦੌਰਾਨ ਹੀ ਇਹ ਮੰਦਭਾਗੀ ਘਟਨਾ ਵਾਪਰ ਗਈ। ਮ੍ਰਿਤਕ ਲੜਕੀ ਦੀ ਪਛਾਣ ਸਿਮਰਨ ਕੌਰ ਪਤਨੀ ਇੰਦਰਜੀਤ ਸਿੰਘ ਉਰਫ ਲੱਭਾ ਪੁੱਤਰ ਪਿੱਪਲ ਸਿੰਘ ਵਜੋਂ ਹੋਈ। ਹਮਲਾਵਰ ਲੜਕਾ ਹਰਮਨ ਸਿੰਘ ਪੁੱਤਰ ਬਲਵਿੰਦਰ ਸਿੰਘ, ਜਿਸ ਨਾਲ ਇਸ ਘਟਨਾ ਵਿਚ ਹੋਰ ਵੀ ਪਰਿਵਾਰਕ ਮੈਂਬਰ ਸ਼ਾਮਲ ਦੱਸੇ ਜਾ ਰਹੇ ਹਨ। ਘਟਨਾ ਦਾ ਪਤਾ ਲੱਗਦਿਆਂ ਹੀ ਡੀਐਸਪੀ ਧਰਮਕੋਟ ਰਮਨਦੀਪ ਸਿੰਘ, ਥਾਣਾ ਮੁਖੀ ਗੁਰਵਿੰਦਰ ਸਿੰਘ ਭੁੱਲਰ ਅਤੇ ਹੋਰ ਪੁਲਿਸ ਪਾਰਟੀ ਮੌਕੇ 'ਤੇ ਪਹੁੰਚੀ ਅਤੇ ਤਫਤੀਸ਼ ਸ਼ੁਰੂ ਕੀਤੀ। ਇਸ ਦੌਰਾਨ ਹੀ ਪੁਲਿਸ ਵੱਲੋਂ ਹਰਮਨ ਸਿੰਘ ਨੂੰ ਵੀ ਗ੍ਰਿਫਤਾਰ ਕਰ ਲਿਆ ਗਿਆ ਸੀ ਤੇ ਅਗਲੇਰੀ ਕਾਰਵਾਈ ਜਾਰੀ ਸੀ।

## ਉਡਦੇ ਜਹਾਜ਼ ਦੇ ਟੁੱਟ ਗਏ 'ਸ਼ੀਸ਼ੇ', ਮੁੱਠੀ 'ਚ ਆਈ ਯਾਤਰੀਆਂ ਦੀ ਜਾਨ

ਮੁੰਬਈ, 3 ਜੁਲਾਈ (ਚ.ਨ.ਸ.): ਗੋਆ ਤੋਂ ਪੂਣੇ ਜਾਣ ਲਈ ਉਡਾਣ ਭਰਨ ਵਾਲੇ ਸਪਾਈਸਜੈੱਟ ਦੇ ਜਹਾਜ਼ ਵਿਚ ਉਸ ਸਮੇਂ ਹਫ਼ੜਾ-ਦਫ਼ੜੀ ਮੱਚ ਗਈ, ਜਦੋਂ ਜਹਾਜ਼ ਦੀ ਖਿੜਕੀ ਦਾ ਫਰੇਮ ਹਵਾ ਵਿੱਚ ਅਚਾਨਕ ਟੁੱਟ ਗਿਆ। ਹਾਲਾਂਕਿ, ਇਸ ਘਟਨਾ ਦੌਰਾਨ ਯਾਤਰੀਆਂ ਦੀ ਸੁਰੱਖਿਆ 'ਤੇ ਕੋਈ ਅਸਰ ਨਹੀਂ ਪਿਆ। ਇਹ ਜਾਣਕਾਰੀ ਏਅਰਲਾਈਨ ਵਲੋਂ ਬੁੱਧਵਾਰ ਨੂੰ ਦਿੱਤੀ ਗਈ ਹੈ। ਏਅਰਲਾਈਨ ਨੇ ਇੱਕ ਬਿਆਨ ਵਿੱਚ ਕਿਹਾ ਕਿ ਜਹਾਜ਼ ਦੇ ਅਗਲੇ (ਪੂਣੇ) ਹਵਾਈ ਅੱਡੇ 'ਤੇ ਉਤਰਨ ਤੋਂ ਬਾਅਦ ਫਰੇਮ ਨੂੰ ਮਿਆਰੀ ਰੱਖ-ਰਖਾਅ ਪ੍ਰਕਿਰਿਆਵਾਂ ਅਨੁਸਾਰ ਠੀਕ ਕਰਵਾ ਲਿਆ। ਹਾਲਾਂਕਿ, ਸਪਾਈਸਜੈੱਟ ਦੁਆਰਾ ਹੋਰ ਵੇਰਵੇ ਸਾਂਝੇ ਨਹੀਂ ਕੀਤੇ ਗਏ। ਏਅਰਲਾਈਨ ਨੇ ਇੱਕ ਬਿਆਨ ਵਿੱਚ ਕਿਹਾ, "400 ਜਹਾਜ਼ਾਂ ਵਿੱਚੋਂ ਇੱਕ ਦੀ 'ਕਾਸਮੈਟਿਕ' (ਅੰਦਰੂਨੀ) ਖਿੜਕੀ ਦਾ ਫਰੇਮ ਉਡਾਣ ਦੌਰਾਨ ਢਿੱਲਾ ਹੋ ਗਿਆ, ਜਿਸ ਤੋਂ ਬਾਅਦ ਉਹ ਖਿਸਕ ਗਿਆ।" ਸਪਾਈਸਜੈੱਟ ਨੇ ਇਹ ਵੀ ਕਿਹਾ ਕਿ ਪੂਰੀ ਉਡਾਣ ਦੌਰਾਨ ਕੈਬਿਨ ਪ੍ਰੈਸ਼ਰ ਆਮ ਰਿਹਾ ਅਤੇ ਯਾਤਰੀਆਂ ਦੀ ਸੁਰੱਖਿਆ 'ਤੇ ਕੋਈ ਪ੍ਰਭਾਵ ਨਹੀਂ ਪਿਆ। ਇਸ ਨੇ ਕਿਹਾ ਕਿ ਜੋ ਹਿੱਸਾ ਟੁੱਟਿਆ ਉਹ ਇੱਕ ਗੈਰ-ਢਾਂਚਾਗਤ ਹਿੱਸਾ ਸੀ, ਜੋ ਛਾਂ ਦੇ ਉਦੇਸ਼ ਲਈ ਖਿੜਕੀ 'ਤੇ ਫਿੱਟ ਕੀਤਾ ਗਿਆ ਸੀ ਅਤੇ ਕਿਸੇ ਵੀ ਤਰ੍ਹਾਂ ਨਾਲ ਜਹਾਜ਼ ਦੀ ਸੁਰੱਖਿਆ ਨਾਲ ਸਮਝੌਤਾ ਨਹੀਂ ਕੀਤਾ ਗਿਆ। ਸਪਾਈਸਜੈੱਟ ਨੇ ਕਿਹਾ, "400 ਜਹਾਜ਼ ਵਿੱਚ ਬਹੁ-ਪਰਤੀ ਵਾਲੀਆਂ ਖਿੜਕੀਆਂ ਲੱਗੀਆਂ ਹੋਈਆਂ ਹਨ, ਜਿਨ੍ਹਾਂ ਵਿੱਚ ਮਜ਼ਬੂਤ, ਦਬਾਅ-ਸਹਿਣਸ਼ੀਲ ਬਾਹਰੀ ਸ਼ੀਸ਼ਾ ਸ਼ਾਮਲ ਹੈ, ਜੋ ਇਹ ਯਕੀਨੀ ਬਣਾਉਂਦਾ ਹੈ ਕਿ ਯਾਤਰੀਆਂ ਦੀ ਸੁਰੱਖਿਆ ਨੂੰ ਕਦੇ ਵੀ ਖਤਰਾ ਨਾ ਹੋਵੇ। ਜਹਾਜ਼ ਦੀ ਉਡਾਣ ਦੀ ਯੋਗਤਾ 'ਤੇ ਸਵਾਲ ਉਠਾਉਂਦੇ ਹੋਏ ਇੱਕ ਯਾਤਰੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਧ' 'ਤੇ ਜਹਾਜ਼ ਦੀ ਟੁੱਟੀ ਹੋਈ ਖਿੜਕੀ ਦਾ ਵੀਡੀਓ ਪੋਸਟ ਕੀਤਾ। ਯਾਤਰੀ ਨੇ ਪੋਸਟ ਵਿੱਚ ਹਵਾਬਾਜ਼ੀ ਸੁਰੱਖਿਆ ਰੈਗੂਲੇਟਰ ਡੀਜੀਸੀਏ ਨੂੰ ਟੈਗ ਕੀਤਾ ਅਤੇ ਕਿਹਾ, ਅੱਜ ਸਪਾਈਸਜੈੱਟ (ਉਡਾਣ) ਗੋਆ ਤੋਂ ਪੂਣੇ ਜਾ ਰਹੀ ਹੈ। ਜਹਾਜ਼ ਦੀ ਪੂਰੀ ਅੰਦਰੂਨੀ ਖਿੜਕੀ ਦੀ ਬਣਤਰ ਉਡਾਣ ਦੇ ਵਿਚਕਾਰ ਢਹਿ ਗਈ। ਹੁਣ ਇਸ ਜਹਾਜ਼ ਨੂੰ ਜੈਪੁਰ ਲਈ ਉਡਾਣ ਭਰਨੀ ਪਵੇਗੀ। ਸੋਚ ਰਹੇ ਹੋ ਕਿ ਕੀ ਇਹ ਉਡਾਣ ਭਰਨ ਯੋਗ ਹੈ?

## ਪ੍ਰਮੋਟ ਹੋਏ ਸਾਥੀਆਂ ਨੂੰ ਦਿੱਤੀ ਵਧਾਈ



ਫਿਰੋਜ਼ਪੁਰ, 3 ਜੁਲਾਈ (ਚ.ਨ.ਸ): ਗੁਰਬਖਸ਼ ਸਿੰਘ ਬਤੌਰ ਸੀਨੀਅਰ ਸਹਾਇਕ ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਸਿੱਖਿਆ ਫਿਰੋਜ਼ਪੁਰ ਵਿਖੇ ਹਾਜ਼ਰ ਹੋਏ। ਇਸ ਮੌਕੇ ਸਮੁੱਚੀ ਕਲੈਰੀਕਲ ਯੂਨੀਅਨ ਜ਼ਿਲ੍ਹਾ ਫਿਰੋਜ਼ਪੁਰ ਦੇ ਸਾਥੀ ਤੇ ਦਫ਼ਤਰੀ ਸਟਾਫ਼ ਹਾਜ਼ਰ ਸਨ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਅਫਸਰ ਸੈਕੰਡਰੀ ਸ਼੍ਰੀਮਤੀ ਮੋਨੀਲਾ ਅਰੋੜਾ ਤੇ ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ ਸੈਕੰਡਰੀ ਡਾ: ਸਤਿੰਦਰ ਸਿੰਘ ਤੇ ਸੈਕਸ਼ਨ ਅਫਸਰ ਚਿਤਰਾ ਸੋਨੀ ਵੱਲੋਂ ਜਥੇਬੰਦੀ ਦੀ ਇਸ ਪ੍ਰਾਪਤੀ ਦੀ ਸ਼ਲਾਘਾ ਕਰਦੇ ਹੋਏ ਪ੍ਰਮੋਟ ਹੋਏ ਸਾਥੀਆਂ ਨੂੰ ਵਧਾਈ ਦਿੱਤੀ। ਇਸ ਮੌਕੇ ਵਰੁਣ ਕੁਮਾਰ (ਐਮ.ਡੀ) ਜ਼ਿਲ੍ਹਾ ਪ੍ਰਧਾਨ ਜ਼ਿਲ੍ਹਾ ਜਰਨਲ ਸਕੱਤਰ ਅਮਨ ਸ਼ਰਮਾ ਵੱਲੋਂ ਪ੍ਰਮੋਟ ਹੋਏ ਸਾਥੀਆਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਹਾਜ਼ਰ ਹੋਈਆਂ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਪ੍ਰਿੰਸੀਪਲ ਲੁਮਬੜੀ ਵਾਲਾ ਨੀਲਮ ਧਵਨ, ਆਪਣੇ ਸਕੂਲ ਸਟਾਫ਼ ਸਮੇਤ ਗੌਰਵ ਵਰਮਾ, ਸੁਖਚੈਨ ਸਿੰਘ, ਮਨਿੰਦਰ ਸਿੰਘ, ਰਮਿੰਦਰਪਾਲ ਸਿੰਘ, ਰਸ਼ਪਾਲ ਸਿੰਘ, ਅਮਰਨਾਥ, ਅਮਰ, ਕਰਨਜੀਤ ਕੌਰ, ਹਰਜਿੰਦਰ ਕੌਰ, ਪਰਮਜੀਤ ਕੌਰ, ਸ਼ਮੀਨ ਅਰੋੜਾ, ਕਰਮਜੀਤ ਕੌਰ, ਪ੍ਰਦੀਪ, ਸਾਗਰ, ਰਮਨ ਆਦਿ ਹਾਜ਼ਰ ਸਨ।

## ਅਕਾਲੀ ਦਲ ਵੱਲੋਂ ਦਿੱਤੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ: ਰਾਜੂ ਖੰਨਾ

ਅਮਲੋਹ, 3 ਜੁਲਾਈ (ਜਸਵੰਤ ਸਿੰਘ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਹਲਕਾ ਅਮਲੋਹ ਦੇ ਮੁੱਖ ਸੇਵਾਦਾਰ ਗੁਰਪ੍ਰੀਤ ਸਿੰਘ ਰਾਜੂ ਖੰਨਾ ਨੂੰ ਪਾਰਟੀ ਦੀ ਕੋਰ ਕਮੇਟੀ ਦਾ ਮੈਂਬਰ ਬਣਾਉਣ 'ਤੇ ਹਲਕੇ ਦੇ ਵਰਕਰਾਂ ਅਤੇ ਆਗੂਆਂ ਨੇ ਜਿਥੇ ਪਾਰਟੀ ਪ੍ਰਧਾਨ ਦਾ ਧੰਨਵਾਦ ਕੀਤਾ, ਉਥੇ ਰਾਜੂ ਖੰਨਾ ਦਾ ਸਨਮਾਨ ਵੀ ਕੀਤਾ। ਰਾਜੂ ਖੰਨਾ ਨੇ ਪਾਰਟੀ ਲੀਡਰਸ਼ਿਪ ਵੱਲੋਂ ਦਿਤੇ ਮਾਣ ਲਈ ਧੰਨਵਾਦ ਕਰਦਿਆਂ ਭਰੋਸਾ ਦਿੱਤਾ ਕਿ ਉਹ ਪਾਰਟੀ ਦੀ ਚੜ੍ਹਦੀਕਲਾ ਲਈ ਹੋਰ ਮਿਹਨਤ ਜਾਰੀ ਰੱਖਣਗੇ। ਉਨ੍ਹਾਂ ਹਲਕੇ ਦੀ ਲੀਡਰਸ਼ਿਪ ਅਤੇ ਵਰਕਰਾਂ ਵੱਲੋਂ ਦਿੱਤੇ ਮਾਣ ਲਈ ਧੰਨਵਾਦ ਵੀ ਕੀਤਾ। ਇਸ ਮੌਕੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਰਵਿੰਦਰ ਸਿੰਘ ਖਾਲਸਾ, ਸੀਨੀਅਰ ਆਗੂ ਕੁਲਦੀਪ ਸਿੰਘ ਮੁੱਢੜੀਆ, ਕੈਪਟਨ ਜਸਵੰਤ ਸਿੰਘ ਬਾਜਵਾ, ਜਥੇਦਾਰ ਕੁਲਦੀਪ ਸਿੰਘ ਮਛਰਾਈ, ਹਲਕਾ ਅਬਜ਼ਰਵਰ ਜਤਿੰਦਰ ਸਿੰਘ ਧਾਲੀਵਾਲ, ਜਥੇਦਾਰ ਹਰਬੰਸ ਸਿੰਘ ਬਡਾਲੀ, ਐਡਵੋਕੇਟ ਸਤਨਾਮ ਸਿੰਘ



ਭਗੜਾਣਾ, ਕੁਲਵਿੰਦਰ ਸਿੰਘ ਭੰਗੂ, ਫੋਰਮੈਨ ਬਲਵੀਰ ਸਿੰਘ ਸਿੱਧੂ, ਗੁਰਬਖਸ਼ ਸਿੰਘ ਬੈਣਾ, ਭਿੰਦਰ ਸਿੰਘ ਮੰਡੀ, ਸੰਤੋਖ਼ ਸਿੰਘ ਖਨਿਆਣ, ਜਰਨੈਲ ਸਿੰਘ ਮਾਜਰੀ, ਕੰਵਲਜੀਤ ਸਿੰਘ ਗਿੱਲ, ਕਰਮ ਸਿੰਘ ਘੁਟੀਡ, ਜਸਵਿੰਦਰ ਸਿੰਘ ਗਰੇਵਾਲ, ਚਰਨਜੀਤ ਚੰਨਾ ਮੰਡੀ, ਹਰਮਿੰਦਰ ਸਿੰਘ ਕੁੰਭੜਾ, ਐਡਵੋਕੇਟ ਸ਼ੀਤਲ ਸ਼ਰਮਾ, ਬਿਕਰਮ ਸਿੰਘ ਬੀਕਾ, ਰੇਸ਼ਮ ਸਿੰਘ ਛੰਨਾ, ਸ਼ਹਿਰੀ ਪ੍ਰਧਾਨ ਰਾਕੇਸ਼ ਕੁਮਾਰ ਸ਼ਾਹੀ, ਪਰਮਿੰਦਰ ਸਿੰਘ ਨੀਟਾ ਸੰਧੂ, ਸੁਖਦੇਵ ਸਿੰਘ ਬੈਣੀ, ਰਣਜੀਤ ਸਿੰਘ ਘੋਲਾ ਰੁੜਕੀ, ਕੌਂਸਲਰ ਸੋਮ ਨਾਥ ਅਜਨਾਲੀ, ਮਹਿੰਦਰ ਸਿੰਘ ਭੱਦਲਥੂਹਾ, ਪ੍ਰਦੀਪ ਕੁਮਾਰ ਮਿੱਟੂ ਮੰਡੀ, ਗੁਰਪ੍ਰੀਤ ਸਿੰਘ ਨੋਨੀ, ਨਿਰਮਲ ਗਿਰ ਮਰਾਰਤੂ, ਸ਼ਰਧਾ ਸਿੰਘ ਛੰਨਾ, ਗੋਰਾ ਅਜਨਾਲੀ, ਵਰਿੰਦਰ ਸਿੰਘ ਟਿੰਕੂ ਬਦੀਨਪੁਰ, ਕਮਲ ਵੜੈਚ, ਬਲਤੇਜ ਸਿੰਘ ਅਮਲੋਹ, ਪ੍ਰਿਥੀਪਾਲ ਸਿੰਘ ਅਮਲੋਹ, ਅਮਨਦੀਪ ਸਿੰਘ ਭੱਦਲਥੂਹਾ, ਸੋਨੀ ਜਲਾਲਪੁਰ, ਜੋਨੀ ਭੱਦਲਥੂਹਾ, ਡਾ. ਅਰਜਨ ਸਿੰਘ ਅਮਲੋਹ, ਕੇਵਲ ਖਾਂ ਧਰਮਗੜ੍ਹ, ਕਰਮਜੋਤ ਸਿੰਘ ਅਮਲੋਹ, ਕਰਮਜੀਤ ਸਿੰਘ ਗਾਂਧੀ ਮੰਡੀ, ਗੁਰਮੁੱਖ ਸਿੰਘ ਭੱਦਲਥੂਹਾ, ਹਰਨੇਕ ਸਿੰਘ ਕਾਕਾ ਭਗਵਾਨਪੁਰਾ, ਰੂਪ ਸਿੰਘ ਫੌਜੀ, ਮਨਜੀਤ ਸਿੰਘ ਕੈਂਥ, ਜਸ਼ਨ ਸ਼ਾਹਪੁਰ, ਸ਼ਿੰਗਾਰਾ ਸਿੰਘ ਮਾਲੋਵਾਲ, ਅਵਤਾਰ ਸਿੰਘ ਸੰਧਰੋਲੀ, ਸੁਖਵਿੰਦਰ ਸਿੰਘ ਕਾਲਾ ਅਰੌੜਾ, ਨਾਜ਼ਰ ਸਿੰਘ ਕਲਾਲਮਾਜਰਾ, ਗੁਰਮੀਤ ਸਿੰਘ ਭੱਟੋ, ਹਰਮੀਤ ਸਿੰਘ ਖਾਲਸਾ, ਸੁਰਜੀਤ ਸਿੰਘ ਬਰੌਂਗਾ, ਨਿਸ਼ਾਨ ਸਿੰਘ ਗੁਰਧਨਪੁਰ, ਬਹਾਦਰ ਸਿੰਘ ਹੈਬਤਪੁਰ, ਤਰਸੇਮ ਸਿੰਘ ਤੂਫਾਨ, ਗੁਰਦੀਪ ਸਿੰਘ ਬੱਬੀ, ਮੋਹਣ ਸਿੰਘ ਧਰਮਗੜ੍ਹ, ਮਨਦੀਪ ਸਿੰਘ ਭੱਟੋ, ਹਰਚੰਦ ਸਿੰਘ ਕਪੂਰਗੜ੍ਹ, ਗੁਰਮੀਤ ਕੌਰ ਵਿਰਕ, ਕਸ਼ਮੀਰਾ ਸਿੰਘ ਸੋਨੀ, ਹਰਪਾਲ ਸਿੰਘ ਭਗਵਾਨਪੁਰਾ, ਬਲਵੀਰ ਸਿੰਘ ਕਪੂਰਗੜ੍ਹ, ਸਨਪ੍ਰੀਤ ਸਿੰਘ ਭਗਵਾਨਪੁਰਾ, ਸਿਵ ਕਾਂਤ ਤਿਵਾੜੀ, ਬਿੱਟੂ ਕਪੂਰਗੜ੍ਹ, ਮਨਪ੍ਰੀਤ ਸਿੰਘ ਮਾਜਰੀ, ਅਮਰਜੀਤ ਸਿੰਘ ਲਾਡਪੁਰ ਅਤੇ ਅੰਗਰੇਜ਼ ਸਿੰਘ ਲਾਡਪੁਰ ਆਦਿ ਹਾਜ਼ਰ ਸਨ।

## ਰਵਾਇਤੀ ਰੁੱਖਾਂ ਦੀ ਸੇਵਾ ਸੰਭਾਲ ਤੇ ਭੂ ਜਲ ਨੂੰ ਬਚਾਉਣ ਲਈ ਵਿਸ਼ੇਸ਼ ਅਭਿਆਨ ਦੀ ਲੋੜ : ਡਾ. ਅਮਿਤ ਸੰਦਲ

ਮੰਡੀ ਗੋਬਿੰਦਗੜ੍ਹ, 3 ਜੁਲਾਈ (ਸੂਦ): ਸਮਾਜ ਸੇਵੀ ਅਤੇ ਵਾਤਾਵਰਣ ਪ੍ਰੇਮੀ ਡਾ. ਅਮਿਤ ਸੰਦਲ ਸਾਬਕਾ ਮੈਂਬਰ ਜ਼ਿਲ੍ਹਾ ਸਲਾਹਕਾਰ ਕਮੇਟੀ ਸਿਹਤ ਵਿਭਾਗ ਨੇ ਦੱਸਿਆ ਕਿ ਧੰਨ-ਧੰਨ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਰੁੱਖ ਲਗਾਉਣ ਅਤੇ ਸੂਬੇ ਵਿੱਚ ਗਿਰ ਰਹੇ ਜ਼ਮੀਨ ਅੰਦਰਲੇ ਪਾਣੀ ਦੇ ਪੱਧਰ ਨੂੰ ਬਚਾਉਣ ਲਈ ਵਿਸ਼ੇਸ਼



ਅਭਿਆਨ ਆਰੰਭ ਕਰਨ ਲਈ ਸੂਬਾ ਸਰਕਾਰ ਨੂੰ ਸੁਝਾਅ ਦਿੱਤਾ ਹੈ। ਡਾ. ਸੰਦਲ ਨੇ ਦੱਸਿਆ ਕਿ ਦਿਨ-ਬ-ਦਿਨ ਵੱਧ ਰਹੇ ਵਾਤਾਵਰਨ ਪ੍ਰਦੂਸ਼ਣ ਅਤੇ ਤਾਪਮਾਨ ਵਿੱਚ ਹੋ ਰਹੇ ਵਾਧੇ ਨੂੰ ਦੇਖਦੇ ਹੋਏ ਵੱਧ ਤੋਂ ਵੱਧ ਰੁੱਖ ਲਗਾ ਕੇ ਉਨ੍ਹਾਂ ਦੀ ਸੰਭਾਲ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੂਬੇ ਵਿੱਚ ਭੂ ਜਲ ਦਾ ਪੱਧਰ ਦਿਨੋਂ-ਦਿਨ ਘੱਟਦਾ ਜਾ ਰਿਹਾ ਹੈ, ਜਿਸ ਲਈ ਸਰਕਾਰ ਨੂੰ ਸਖਤ ਨੀਤੀਆਂ ਬਣਾਉਣ ਦੀ ਲੋੜ ਹੈ। ਅੱਜ ਦੇ ਸਮੇਂ ਦੇ ਹਿਸਾਬ ਨਾਲ ਜਿੱਥੇ ਜ਼ਮੀਨੀ ਪਾਣੀ ਬਚਾਉਣ ਦੀ ਬਹੁਤ ਲੋੜ ਹੈ, ਉਥੇ ਦੂਸ਼ਿਤ ਹੋ ਰਹੇ ਜਲ ਸਰੋਤਾਂ ਨੂੰ ਬਚਾਉਣਾ ਵੀ ਜ਼ਰੂਰੀ ਹੈ ਵਰਨਾ ਭਵਿੱਖ ਵਿੱਚ ਨਤੀਜੇ ਬਹੁਤ ਭਿਆਨਕ ਨਿਕਲਣਗੇ। ਉਨ੍ਹਾਂ ਕਿਹਾ ਪੰਜਾਬ ਵਿੱਚ ਰੁੱਖ ਬਚਾਉਣ ਅਤੇ ਦਿਨੋਂ ਦਿਨ ਗਿਰ ਰਹੇ ਭੂ ਜਲ ਨੂੰ ਵੇਖਦੇ ਹੋਏ ਸਰਕਾਰ ਵੱਲੋਂ ਰੁੱਖਾਂ ਦੀ ਕਟਾਈ ਨੂੰ ਰੋਕਣ ਅਤੇ ਪਾਣੀ ਨੂੰ ਬਚਾਉਣ ਲਈ ਕਾਨੂੰਨ ਪਾਸ ਕਰਨਾ ਚਾਹੀਦਾ ਹੈ।

## ਮੰਡੀ ਗੋਬਿੰਦਗੜ੍ਹ ਤੋਂ ਸੰਗਤਾਂ ਨੂੰ ਤਖ਼ਤ ਸ੍ਰੀ ਦਮਦਮਾ ਸਾਹਿਬ ਤੇ ਹੋਰ ਗੁਰੂਘਰਾਂ ਦੇ ਦਰਸ਼ਨਾਂ ਲਈ ਬੱਸ ਰਵਾਨਾ



ਮੰਡੀ ਗੋਬਿੰਦਗੜ੍ਹ, 3 ਜੁਲਾਈ (ਸੂਦ): ਸੰਗਤਾਂ ਨੂੰ ਵੱਖ-ਵੱਖ ਗੁਰੂ ਘਰਾਂ ਦੇ ਦਰਸ਼ਨ ਕਰਵਾਉਣਾ ਗੁਰੂ ਦੀ ਕ੍ਰਿਪਾ ਹੈ ਅਤੇ ਇਹ ਸੇਵਾ ਹਮੇਸ਼ਾ ਸੰਗਤਾਂ ਦੇ ਸਹਿਯੋਗ ਨਾਲ ਚਲਦੀ ਰਹੇਗੀ। ਇਸ ਗੱਲ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਅਮਲੋਹ ਦੇ ਅਬਜ਼ਰਵਰ ਜਤਿੰਦਰ ਸਿੰਘ ਧਾਲੀਵਾਲ ਅਤੇ ਜਥੇਦਾਰ ਜਰਨੈਲ ਸਿੰਘ ਮਾਜਰੀ ਨੇ ਗੁਰਦੁਆਰਾ ਗੁਪਤਸਰ ਸਾਹਿਬ ਜੱਸੜਾ ਤੋਂ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਦਰਸ਼ਨਾਂ ਲਈ ਸੰਗਤਾਂ ਦੀ ਬੱਸ ਰਵਾਨਾ ਕਰਨ ਸਮੇਂ ਕੀਤਾ। ਜਥੇਦਾਰ ਮਾਜਰੀ ਨੇ ਕਿਹਾ ਕਿ ਉਨ੍ਹਾਂ ਵੱਲੋਂ ਹਲਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਪੰਜਾਬ ਅਤੇ ਹੋਰ ਸੂਬਿਆਂ ਦੀਆਂ ਸੰਗਤਾਂ ਨੂੰ ਗੁਰੂ ਘਰਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ, ਜਿਸ ਤਹਿਤ ਇੱਕ ਬੱਸ ਸੰਗਤਾਂ ਨੂੰ ਲੈ ਕੇ ਦਮਦਮਾ ਸਾਹਿਬ ਲਈ ਰਵਾਨਾ ਹੋਈ ਅਤੇ ਰਸਤੇ ਵਿੱਚ ਗੁਰਦੁਆਰਾ ਮਸਤੂਆਣਾ ਸਾਹਿਬ, ਅੜੀਸਰ ਸਾਹਿਬ, ਤਿੱਤਰ ਸਾਹਿਬ ਅਤੇ ਗੁਰੂ ਘਰ ਕੱਕੜਵਾਲ ਦੇ ਦਰਸ਼ਨ ਵੀ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਗੁਰੂ ਘਰਾਂ ਦੀ ਯਾਤਰਾ ਲਈ ਹਲਕੇ ਦੀਆਂ ਸੰਗਤਾਂ ਵੱਲੋਂ ਵੱਡਾ ਸਹਿਯੋਗ ਦਿੱਤਾ ਜਾ ਰਿਹਾ ਹੈ ਅਤੇ ਉਹ ਸੰਗਤਾਂ ਦੇ ਸਹਿਯੋਗ ਨਾਲ ਇਹ ਕਾਰਜ ਜਾਰੀ ਰੱਖਣਗੇ। ਬੱਸ ਰਵਾਨਾ ਕਰਨ ਸਮੇਂ ਰਾਮ ਸਿੰਘ ਜੱਸੜਾ, ਜਗਨਨਾਥ ਪੱਪੂ, ਦਲਜੀਤ ਸਿੰਘ ਜੀਤਾ, ਗੁਰਮੀਤ ਸਿੰਘ ਕਲਸੀ, ਬਲਵੀਰ ਸਿੰਘ ਅਮਲੋਹ, ਗੁਰਦਾਸ ਸਿੰਘ ਮੰਡੀ ਅਤੇ ਜੱਸਾ ਸਿੰਘ ਡਡਹੇੜੀ ਆਦਿ ਹਾਜ਼ਰ ਸਨ।

## ਦਸਮੇਸ਼ ਗਰਲਜ਼ ਕਾਲਜ ਦੀਆਂ ਵਿਦਿਆਰਥਣਾਂ ਨੇ ਯੂਨੀਵਰਸਿਟੀ ਮੈਰਿਟ 'ਤੇ ਕੀਤਾ ਕਬਜ਼ਾ

ਮੁਕੇਰੀਆਂ, 3 ਜੁਲਾਈ (ਧਰਮ ਚੰਦ): ਦਸਮੇਸ਼ ਗਰਲਜ਼ ਕਾਲਜ ਚੱਕ ਅੱਲ੍ਹਾ ਬਖ਼ਸ਼, ਮੁਕੇਰੀਆਂ ਦੀਆਂ ਵਿਦਿਆਰਥਣਾਂ ਆਪਣੀ ਮਿਹਨਤ ਸਦਕਾ ਯੂਨੀਵਰਸਿਟੀ



ਪੱਧਰ 'ਤੇ ਪੁਜੀਸ਼ਨਾਂ ਹਾਸਲ ਕਰਕੇ ਕਾਲਜ ਦਾ ਨਾਮ ਰੌਸ਼ਨ ਕਰ ਰਹੀਆਂ ਹਨ। ਪ੍ਰਿੰਸੀਪਲ ਡਾ. ਕਰਮਜੀਤ ਕੌਰ ਬਰਾੜ ਨੇ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਨਤੀਜਿਆਂ ਵਿੱਚ ਬੀ.ਐਸ.ਸੀ. (ਫੈਸ਼ਨ ਡਿਜ਼ਾਈਨਿੰਗ) ਸਮੈਸਟਰ ਛੇਵਾਂ ਦੀ ਵਿਦਿਆਰਥਣ ਟੀਸ਼ਾ ਨੇ 96% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪਹਿਲਾ, ਈਸ਼ਾ ਨੇ 95.7% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਤੀਜਾ, ਜੈਸਮੀਨ ਕੌਰ ਨੇ 95.5% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਚੌਥਾ, ਨੇਹਾ ਨੇ 94.1% ਅੰਕ ਪ੍ਰਾਪਤ ਕਰਕੇ ਯੂਨੀਵਰਸਿਟੀ ਵਿੱਚੋਂ ਪੰਜਵਾਂ ਸਥਾਨ ਹਾਸਲ ਕੀਤਾ। ਵਿਦਿਆਰਥਣਾਂ ਦੀ ਇਸ ਸਫਲਤਾ ਲਈ ਸ਼੍ਰੀ ਗੁਰੂ ਗੋਬਿੰਦ ਸਿੰਘ ਐਜੂਕੇਸ਼ਨਲ ਚੈਰੀਟੇਬਲ ਟਰੱਸਟ ਦੇ ਚੇਅਰਮੈਨ ਸ. ਰਵਿੰਦਰ ਸਿੰਘ ਚੱਕ ਅਤੇ ਸਮੂਹ ਮੈਂਬਰਾਂ ਨੇ ਵਿਭਾਗ ਦੇ ਮੁਖੀ ਪੂਨਮ ਸ਼ਰਮਾ, ਸਹਾਇਕ ਪ੍ਰੋਫੈਸਰ ਅਕਵਿੰਦਰ ਕੌਰ, ਸਹਾਇਕ ਪ੍ਰੋਫੈਸਰ ਦਲਜੀਤ ਕੌਰ, ਵਿਦਿਆਰਥਣਾਂ ਅਤੇ ਮਾਪਿਆਂ ਨੂੰ ਮੁਬਾਰਕ ਦਿੱਤੀ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।

## ਡਾ. ਬੀ.ਡੀ. ਸਚਦੇਵਾ ਮੈਮੋਰੀਅਲ ਵੈੱਲਫੇਅਰ ਸੁਸਾਇਟੀ ਨੇ ਨੌਜਵਾਨ ਖਿਡਾਰੀਆਂ ਨੂੰ ਟੀ-ਸ਼ਰਟਸ ਤੇ ਸਪੋਰਟਸ ਬੂਟ ਵੰਡੇ

ਫਾਜ਼ਿਲਕਾ, 3 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਡਾ. ਬੀ.ਡੀ. ਸਚਦੇਵਾ ਮੈਮੋਰੀਅਲ ਵੈਲਫੇਅਰ ਸੋਸਾਇਟੀ ਵੱਲੋਂ ਅੱਜ ਫਾਜ਼ਿਲਕਾ ਦੇ ਐਮ. ਆਰ. ਕਾਲਜ ਦੇ ਗਰਾਊਂਡ ਵਿੱਚ ਖੇਡਾਂ ਦਾ ਅਭਿਆਸ ਕਰਦੇ ਨੌਜਵਾਨ ਖਿਡਾਰੀਆਂ ਨੂੰ ਟੀ-ਸ਼ਰਟਸ ਅਤੇ ਸਪੋਰਟਸ ਬੂਟ ਵੰਡੇ ਗਏ। ਇਹ ਸਮਾਗਮ ਸਥਾਨਕ ਸਲੇਮਸ਼ਾਹ ਰੋਡ ਸਥਿਤ ਕੌਂਸਲਰ ਪੂਜਾ ਲੂਥਰਾ ਦੇ ਦਫਤਰ ਵਿਖੇ ਆਯੋਜਿਤ ਕੀਤਾ ਗਿਆ। ਸੋਸਾਇਟੀ ਦੇ ਚੇਅਰਮੈਨ ਅਜੈ ਸਚਦੇਵਾ ਅਤੇ ਜਨਰਲ ਸਕੱਤਰ ਪੂਜਾ ਲੂਥਰਾ ਨੇ ਸਾਂਝੇ ਤੌਰ 'ਤੇ ਇਸ ਪ੍ਰੋਗਰਾਮ ਦੀ ਅਗਵਾਈ ਕੀਤੀ ਅਤੇ ਨੌਜਵਾਨ ਖਿਡਾਰੀਆਂ ਨੂੰ ਖੇਡ ਸਮੱਗਰੀ ਵੰਡਣ ਦੀ ਪਹਿਲਕਦਮੀ ਦੀ ਸ਼ੁਰੂਆਤ ਕੀਤੀ। ਸਮਾਗਮ ਦੌਰਾਨ ਅਜੈ ਸਚਦੇਵਾ ਨੇ ਕਿਹਾ ਕਿ ਸੋਸਾਇਟੀ ਦਾ ਮੁੱਖ ਉਦੇਸ਼ ਸਮਾਜ ਦੇ ਹਰ ਵਰਗ



ਦੀ ਭਲਾਈ ਲਈ ਕੰਮ ਕਰਨਾ ਅਤੇ ਖਾਸ ਤੌਰ 'ਤੇ ਨੌਜਵਾਨ ਪੀੜ੍ਹੀ ਨੂੰ ਖੇਡਾਂ ਵੱਲ ਪ੍ਰੇਰਿਤ ਕਰਨਾ ਹੈ। ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਖੇਡਾਂ ਨਾ ਸਿਰਫ ਸਰੀਰਕ ਸਿਹਤ ਨੂੰ ਸੁਧਾਰਦੀਆਂ ਹਨ, ਸਗੋਂ ਨੌਜਵਾਨਾਂ ਵਿੱਚ ਅਨੁਸ਼ਾਸਨ, ਟੀਮ ਵਰਕ ਅਤੇ ਸਾਹਸ ਵਰਗੇ ਗੁਣ ਵੀ ਵਿਕਸਤ ਕਰਦੀਆਂ ਹਨ। ਪੂਜਾ ਲੂਥਰਾ ਨੇ ਸਮਾਗਮ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੋਸਾਇਟੀ ਦਾ ਇਹ ਉਪਰਾਲਾ ਸਿਰਫ ਖੇਡ ਸਮੱਗਰੀ ਵੰਡਣ ਤੱਕ ਸੀਮਤ ਨਹੀਂ, ਸਗੋਂ ਇਸ ਦਾ ਮਕਸਦ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਜਾਗਰੂਕ ਕਰਨਾ ਅਤੇ ਉਨ੍ਹਾਂ ਨੂੰ ਸਹੀ ਮਾਰਗਦਰਸ਼ਨ ਪ੍ਰਦਾਨ ਕਰਨਾ ਹੈ। ਉਨ੍ਹਾਂ ਨੇ ਕਿਹਾ ਕਿ ਸਥਾਨਕ ਨੌਜਵਾਨਾਂ ਵਿੱਚ ਖੇਡ ਪ੍ਰਤਿਭਾ ਦੀ ਕੋਈ ਕਮੀ ਨਹੀਂ, ਪਰ ਸਹੀ ਸਹੂਲਤਾਂ ਅਤੇ ਮਾਰਗਦਰਸ਼ਨ ਦੀ ਘਾਟ ਕਾਰਨ ਉਹ ਅਕਸਰ ਪਿੱਛੇ ਰਹਿ ਜਾਂਦੇ ਹਨ। ਇਸ ਮੌਕੇ ਸਮਾਗਮ ਵਿੱਚ ਸ਼ਾਮਲ ਹੋਏ ਨੌਜਵਾਨ ਖਿਡਾਰੀਆਂ ਨੇ ਸੋਸਾਇਟੀ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

## ਫੂਡ ਸੇਫਟੀ ਵੈਨਤੋਂ ਕਰਵਾਓ ਖਾਣ-ਪੀਣ ਵਾਲੀਆਂ ਚੀਜ਼ਾਂ ਦੀ ਗੁਣਵੱਤਾ ਦੀ ਜਾਂਚ ਤੇ ਰਹੋ ਸਿਹਤਮੰਦ



ਫਾਜ਼ਿਲਕਾ, 3 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਫਾਜ਼ਿਲਕਾ ਸਿਹਤ ਵਿਭਾਗ ਵੱਲੋਂ ਫੂਡ ਸੇਫਟੀ ਬਾਰੇ ਵੀ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਲਈ ਜ਼ਿਲ੍ਹੇ ਵਿਚ ਵਿਭਾਗ ਨੇ ਇਕ ਫੂਡ ਸੇਫਟੀ ਵੈਨ ਦਿੱਤੀ ਹੈ, ਜਿੱਥੇ ਲੋਕ ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੀਆਂ ਖਾਣ ਪੀਣ ਦੀਆਂ ਵਸਤਾਂ ਨੂੰ ਫੂਡ ਸੇਫਟੀ ਵੈਨ ਰਾਹੀਂ ਟੈਸਟ ਕਰਵਾ ਸਕਦੇ ਹਨ। ਇਸ ਬਾਰੇ ਸਕੂਲਾਂ ਵਿੱਚ ਜਾਗਰੂਕਤਾ ਮੁਹਿੰਮ ਵੀ ਸ਼ੁਰੂ ਕੀਤੀ ਗਈ ਹੈ। ਅੱਜ ਬੰਨਵਾਲਾ ਹਨਵੰਤਾ ਸਕੂਲ ਵਿਖੇ ਇਸ ਸਬੰਧੀ ਬੱਚਿਆਂ ਨੂੰ ਜਾਗਰੂਕ ਕੀਤਾ ਗਿਆ। ਡਾ. ਕਵਿਤਾ ਸਿੰਘ, ਸੀਨੀਅਰ ਮੈਡੀਕਲ ਅਫਸਰ ਡੱਬਵਾਲਾ ਕਲਾਂ ਨੇ ਦੱਸਿਆ ਕਿ ਸਿਹਤ ਵਿਭਾਗ ਫਾਜ਼ਿਲਕਾ ਵੱਲੋਂ ਸਰਜਨ ਡਾਕਟਰ ਰਾਜ ਕੁਮਾਰ ਦੇ ਦਿਸ਼ਾ ਨਿਰਦੇਸ਼ ਅਧੀਨ ਇਸ ਫੂਡ ਸੇਫਟੀ ਵੈਨ ਰਾਹੀਂ ਵੱਖ ਵੱਖ ਖਾਣ ਪੀਣ ਵਾਲੀਆਂ ਚੀਜ਼ਾਂ ਦੇ ਸੈਂਪਲ ਜਿਵੇਂ ਕਿ ਦੁੱਧ, ਮਸਾਲੇ, ਪਾਣੀ, ਤੇਲ, ਘਿਓ ਆਦਿ ਦੇ ਵੱਖ ਵੱਖ ਸੈਂਪਲ ਟੈਸਟ ਕਰਵਾਏ ਜਾ ਸਕਦੇ ਹਨ। ਰੋਬਿਨ ਕਸ਼ਯਪ, ਕੰਵਰਦੀਪ ਸਿੰਘ ਫੂਡ ਸੇਫਟੀ ਅਫਸਰ ਅਤੇ ਮਾਸ ਮੀਡੀਆ ਅਫਸਰ ਦਿਵੇਸ਼ ਕੁਮਾਰ ਨੇ ਦੱਸਿਆ ਕਿ ਆਪਣੀਆਂ ਖਾਣ ਪੀਣ ਦੀਆਂ ਵਸਤੂਆਂ ਦੀ ਗੁਣਵੱਤਾ ਜਾਂਚ ਲਈ ਸਾਨੂੰ ਜ਼ਿਲ੍ਹੇ ਵਿੱਚ ਮੌਜੂਦ ਇਸ ਫੂਡ ਸੇਫਟੀ ਵੈਨ ਦੀ ਵੱਧ ਤੋਂ ਵੱਧ ਵਰਤੋਂ ਕਰਨੀ ਚਾਹੀਦੀ ਹੈ। ਇਕ ਸੈਂਪਲ ਦੀ ਕੀਮਤ 50 ਰੁਪਏ ਸਰਕਾਰ ਵੱਲੋਂ ਤੈਅ ਕੀਤੀ ਗਈ ਹੈ। ਵਧੇਰੇ ਜਾਣਕਾਰੀ ਲਈ ਕਿਸੇ ਵੀ ਕੰਮ ਕਾਜ ਵਾਲੇ ਦਿਨ ਦਫ਼ਤਰ ਸਿਵਲ ਸਰਜਨ ਫਾਜ਼ਿਲਕਾ ਦੀ ਫੂਡ ਸੇਫਟੀ ਸ਼ਾਖਾ ਫਾਜ਼ਿਲਕਾ ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਡੇਂਗੂ ਜਾਗਰੂਕਤਾ ਕੈਂਪ ਲਗਾਇਆ: ਸਿਵਲ ਸਰਜਨ ਫਾਜ਼ਿਲਕਾ ਡਾ. ਰਾਜ ਕੁਮਾਰ ਅਤੇ ਜ਼ਿਲ੍ਹਾ ਐਪੀਡੀਮੋਲੋਜਿਸਟ ਡਾ. ਸੁਨੀਤਾ ਕੰਬੋਜ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਅਤੇ ਐਸ ਐਮ ਓ ਡਾ. ਪੰਕਜ ਚੌਹਾਨ ਦੀ ਯੋਗ ਅਗਵਾਈ ਅਤੇ ਐਸ ਆਈ ਵਿਜੇ ਕੁਮਾਰ ਨਾਗਪਾਲ ਦੀ ਰਹਿਨੁਮਾਈ ਹੇਠ ਸਬ ਸੈਂਟਰ ਚੱਕ ਬੰਨ ਵਾਲਾ ਵਿਖੇ ਡੇਂਗੂ ਕੈਂਪ ਲਗਾਇਆ ਗਿਆ। ਇਸ ਮੌਕੇ ਸਿਹਤ ਕਰਮਚਾਰੀ ਵਿਕਾਸ ਕੁਮਾਰ ਨੇ ਇਕੱਠੇ ਹੋਏ ਲੋਕਾਂ ਨੂੰ ਡੇਂਗੂ ਬੁਖਾਰ ਦੇ ਲੱਛਣਾਂ ਅਤੇ ਬਚਾਅ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਏਐਨਐਮ ਕਾਂਤਾ ਰਾਣੀ, ਸੋਨਿਕਾ ਰਾਣੀ ਅਤੇ ਪਿੰਡ ਵਾਸੀ ਹਾਜ਼ਰ ਸਨ। ਇੰਝ ਰਹੋ ਡੇਂਗੂ ਤੋਂ ਸਾਵਧਾਨ: ਘਰਾਂ ਅੰਦਰ ਅਤੇ ਬਾਹਰ ਸਾਫ ਪਾਣੀ ਨਾ ਖੜ੍ਹਾ ਹੋਣ ਦਿਓ ਕਿਉਂਕਿ ਡੇਂਗੂ ਦਾ ਮੱਛਰ ਸਾਫ ਪਾਣੀ 'ਤੇ ਪਨਪਦਾ ਹੈ। ਫਰਿੱਜ ਦੀ ਟਰੇਅ, ਕੂਲਰ, ਪਾਣੀ ਦੀਆਂ ਟੈਂਕੀਆਂ, ਗਮਲਿਆਂ ਵਿੱਚ ਅਤੇ ਪੰਛੀਆਂ ਦੇ ਪੋਟ ਨੂੰ ਹਫ਼ਤੇ ਵਿਚ ਇਕ ਵਾਰ ਜ਼ਰੂਰ ਪੂਰੀ ਤਰ੍ਹਾਂ ਸਾਫ ਕਰੋ।

## ਜੇ ਬਣਨਾ ਹੈ ਅਗਨੀਵੀਰ ਤਾਂ ਸੀ-ਪਾਇਟ ਕੈਂਪ ਤੋਂ ਮੁਫ਼ਤ ਕਰੋ ਤਿਆਰੀ

ਫਾਜ਼ਿਲਕਾ, 3 ਜੁਲਾਈ (ਬਖਸ਼ੀਸ਼ ਸਿੰਘ/ਜਸਪ੍ਰੀਤ ਸਿੰਘ) : ਕੈਪਟਨ ਲਖਵਿੰਦਰ ਸਿੰਘ, ਸਿਖਲਾਈ ਅਧਿਕਾਰੀ, ਸੀ-ਪਾਈਟ ਕੈਂਪ ਕਾਲਝਰਾਣੀ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਏ.ਆਰ.ਓ. ਫਿਰੋਜ਼ਪੁਰ ਦੀ ਆਰਮੀ ਅਗਨੀਵੀਰ ਭਰਤੀ ਦਾ ਫਿਜ਼ੀਕਲ ਟੈਸਟ ਮਿਤੀ 17 ਅਗਸਤ ਤੋਂ 25 ਅਗਸਤ 2025 ਤੱਕ ਹੋ ਰਿਹਾ ਹੈ। ਜਿਸ ਕਰਕੇ ਜ਼ਿਲ੍ਹਾ ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਦੇ ਯੁਵਕਾਂ ਲਈ ਕੈਂਪ ਕਾਲਝਰਾਣੀ ਵਿਖੇ ਫਿਜ਼ੀਕਲ ਟੈਸਟ ਦੀ ਤਿਆਰੀ ਸ਼ੁਰੂ ਕਰ ਦਿੱਤੀ ਗਈ ਹੈ। ਬਠਿੰਡਾ, ਸ੍ਰੀ ਮੁਕਤਸਰ ਸਾਹਿਬ ਅਤੇ ਫਾਜ਼ਿਲਕਾ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਸੀ-ਪਾਈਟ ਕੈਂਪ ਕਾਲਝਰਾਣੀ ਵਿਖੇ ਆ ਕੇ ਫਿਜ਼ੀਕਲ ਟੈਸਟ ਦੀ ਤਿਆਰੀ ਕਰਨ। ਪਿਛਲੇ ਸਮੇਂ ਵਿੱਚ ਕੈਂਪ ਕਾਲਝਰਾਣੀ ਦੇ ਫਿਜ਼ੀਕਲ ਟੈਸਟ ਦਾ ਰਿਜ਼ਲਟ ਬਹੁਤ ਵਧੀਆ ਰਿਹਾ ਹੈ ਅਤੇ ਫਿਜ਼ੀਕਲ ਟੈਸਟ ਦੀ ਤਿਆਰੀ



ਤਜ਼ਰਬੇਕਾਰ ਇੰਨਸਟਰੱਕਟਰਾਂ ਵੱਲੋਂ ਕਰਵਾਈ ਜਾਂਦੀ ਹੈ। ਉਕਤ ਜ਼ਿਲ੍ਹਿਆਂ ਦੇ ਪੂਰਵ ਸਿਖਲਾਈ ਲੈਣ ਦੇ ਚਾਹਵਾਨ ਯੁਵਕ ਜਲਦ ਤੋਂ ਜਲਦ ਮਿਤੀ 07, ਜੁਲਾਈ 2025 ਤੋਂ ਕਿਸੇ ਵੀ ਦਿਨ ਸਵੇਰੇ 09:00 ਵਜੇ ਨਿੱਜੀ ਤੌਰ 'ਤੇ ਸੀ-ਪਾਈਟ ਕੈਂਪ, ਪਿੰਡ ਕਾਲਝਰਾਣੀ ਜ਼ਿਲ੍ਹਾ ਬਠਿੰਡਾ ਵਿਖੇ ਹੇਠ ਲਿਖੇ ਦਸਤਾਵੇਜ਼ ਸਮੇਤ ਨਿੱਜੀ ਤੌਰ 'ਤੇ ਪਹੁੰਚ ਕੇ ਰਜਿਸਟ੍ਰੇਸ਼ਨ ਕਰਵਾ ਸਕਦੇ ਹਨ:- ਦਸਵੀ/ਬਾਰਵੀਂ ਦੇ ਸਰਟੀਫਿਕੇਟ ਦੀ ਫੋਟੋ ਕਾਪੀ, ਆਨ-ਲਾਈਨ ਅਪਲਾਈ ਕੀਤੇ ਦੀ ਫੋਟੋ ਕਾਪੀ, ਅਧਾਰ ਕਾਰਡ ਦੀ ਫੋਟੋ ਕਾਪੀ, ਜਾਤੀ ਸਰਟੀਫਿਕੇਟ ਅਤੇ ਰੈਜ਼ੀਡੈਂਸੀ ਸਰਟੀਫਿਕੇਟ ਦੀ ਫੋਟੋ ਕਾਪੀ, 02 ਤਾਜ਼ਾ ਪਾਸਪੋਰਟ ਸਾਈਜ ਫੋਟੋ। ਇਸ ਤੋਂ ਇਲਾਵਾ ਕੈਂਪ ਕਾਲਝਰਾਣੀ ਵਿਖੇ ਪੰਜਾਬ ਪੁਲਿਸ ਦੇ ਫਿਜ਼ੀਕਲ ਟੈਸਟ ਦੀ ਤਿਆਰੀ ਵੀ ਚੱਲ ਰਹੀ ਹੈ। ਜਿਨ੍ਹਾਂ ਯੁਵਕਾਂ ਨੇ ਪੰਜਾਬ ਪੁਲਿਸ ਦਾ ਲਿਖਤੀ ਪੇਪਰ ਦਿੱਤਾ ਹੋਇਆ ਹੈ, ਉਹ ਵੀ ਕੈਂਪ ਕਾਲਝਰਾਣੀ ਆ ਕੇ ਫਿਜ਼ੀਕਲ ਟੈਸਟ ਦੀ ਤਿਆਰੀ ਕਰ ਸਕਦੇ ਹਨ। ਸਿਖਲਾਈ ਦੌਰਾਨ ਯੁਵਕਾਂ ਨੂੰ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਖਾਣਾ ਅਤੇ ਰਿਹਾਇਸ਼ ਮੁਫਤ ਦਿੱਤੀ ਜਾਵੇਗੀ। ਇਹ ਜਾਣਕਾਰੀ ਟ੍ਰੇਨਿੰਗ ਅਧਿਕਾਰੀ, ਕੈਪਟਨ ਲਖਵਿੰਦਰ ਸਿੰਘ ਦੁਆਰਾ ਦਿੱਤੀ ਗਈ। ਵਧੇਰੇ ਜਾਣਕਾਰੀ ਲਈ 94641-52013, 93167-13000, 94638-31615 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਸ੍ਰੀ ਹੇਮਕੁੰਟ ਸਕੂਲ ਵਿਖੇ ਮਨਾਇਆ ਪਲਾਸਟਿਕ ਫ੍ਰੀ ਅੰਤਰਰਾਸ਼ਟਰੀ ਦਿਵਸ



ਕੋਟ ਈਸੇ ਖਾਂ, 3 ਜੁਲਾਈ (ਗਾਂਧੀ/ਖੁਰਾਣਾ): ਇਲਾਕੇ ਦੀ ਨਾਮਵਰ ਸੰਸਥਾ ਸ੍ਰੀ ਹੇਮਕੁੰਟ ਸੀਨੀਅਰ ਸੈਕੰਡਰੀ ਸਕੂਲ ਕੋਟ-ਈਸੇ-ਖਾਂ ਵਿਖੇ ਸ਼੍ਰੀ ਹੇਮਕੁੰਟ ਚੇਅਰਮੈਨ ਕੁਲਵੰਤ ਸਿੰਘ ਸੰਧੂ ਦੀ ਰਹਿਨੁਮਾਈ ਹੇਠ ਵਿਦਿਆਰਥੀਆਂ ਵੱਲੋਂ ਪਲਾਸਟਿਕ ਫ੍ਰੀ ਅੰਤਰਰਾਸ਼ਟਰੀ÷ ਦਿਵਸ ਮਨਾਇਆ ਗਿਆ। ਵਿਦਿਆਰਥੀਆਂ ਵੱਲੋਂ ਇਸ ਸਬੰਧ ਵਿੱਚ ਰੈਲੀ ਕੱਢੀ ਗਈ, ਜਿਸ ਵਿੱਚ ਵਿਦਿਆਰਥੀਆਂ ਨੇ ਵੱਧ-ਚੜ੍ਹ ਕੇ ਭਾਗ ਲਿਆ। ਵਿਦਿਆਰਥੀਆਂ ਵੱਲੋਂ ਵੱਖ -ਵੱਖ ਤਰ੍ਹਾਂ ਦੇ ਚਾਰਟ ਤਿਆਰ ਕੀਤੇ ਗਏ। ਇਸ ਮੌਕੇ ਐੱਮ.ਡੀ.ਮੈਡਮ ਰਣਜੀਤ ਕੌਰ ਸੰਧੂ ਨੇ ਵਿਦਿਆਰਥੀਆਂ ਨੂੰ ਸਮਝਾਇਆ ਨਾ ਘੁਲਨਸ਼ੀਲ ਪਦਾਰਥਾਂ ਦੇ ਨਾਲ ਧਰਤੀ ਦੀ ਉਪਜਾਊ ਸ਼ਕਤੀ ਨੂੰ ਬਹੁਤ ਨੁਕਸਾਨ ਹੋ ਰਿਹਾ ਹੈ। ਜੇਕਰ ਸਮੇਂ ਰਹਿੰਦਿਆਂ ਅਸੀਂ ਪਲਾਸਟਿਕ 'ਤੇ ਕਾਬੂ ਪਾ ਲਿਆ ਤਾਂ ਆਲੇ-ਦੁਆਲੇ ਨੂੰ ਸਾਫ ਰੱਖ ਸਕਦੇ ਹਾਂ। ਵਿਦਿਆਰਥੀਆਂ ਨੇ ਆਲੇ-ਦੁਆਲੇ ਦੀ ਸਫਾਈ ਕੀਤੀ ਅਤੇ ਇਹ ਪ੍ਰਣ ਲਿਆ ਕਿ ਉਹ ਆਪਣੇ ਘਰ ਅਤੇ ਆਲੇ-ਦੁਆਲੇ ਦੀ ਸਫਾਈ ਰੱਖਣਗੇ ਅਤੇ ਘੱਟੋ ਘੱਟ ਪਲਾਸਟਿਕ ਦੀਆਂ ਬੋਤਲਾਂ ਅਤੇ ਲਿਫਾਫੇ ਦੀ ਵਰਤੋਂ ਕਰਨਗੇ। ਜੋ ਕਿ ਅੱਜ ਸਮੇਂ ਦੀ ਲੋੜ ਵੀ ਹੈ। ਪ੍ਰਿੰਸੀਪਲ ਮੈਡਮ ਰਮਨਜੀਤ ਕੌਰ ਨੇ ਵਿਦਿਆਰਥੀਆਂ ਨੂੰ ਪਲਾਸਟਿਕ ਦੀ ਘੱਟ-ਤੋਂ ਘੱਟ ਵਰਤੋਂ ਕਰਨ ਲਈ ਪ੍ਰੇਰਿਤ ਕਰਦੇ ਹੋਏ ਕਿਹਾ ਕਿ ਉਹ ਆਲੇ-ਦੁਆਲੇ ਦੇ ਲੋਕਾਂ ਨੂੰ ਵੀ ਇਸ ਸਬੰਧੀ ਜਾਗਰੂਕ ਕਰਨ।

# 1955 ਨੂੰ ਸ੍ਰੀ ਦਰਬਾਰ ਸਾਹਿਬ 'ਤੇ ਹੋਏ ਹਮਲੇ ਦੀ ਯਾਦ 'ਚ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਅੱਜ

ਅੰਮ੍ਰਿਤਸਰ, 3 ਜੁਲਾਈ (ਚ.ਨ.ਸ): ਭਾਰਤੀ ਹਕੂਮਤ ਵੱਲੋਂ ਜੁਲਾਈ 1955 ਨੂੰ ਸ੍ਰੀ ਦਰਬਾਰ ਸਾਹਿਬ 'ਤੇ ਕੀਤੇ ਹਮਲੇ ਦੀ ਯਾਦ ਵਿਚ ਹਰ ਸਾਲ ਦੀ ਤਰ੍ਹਾਂ ਆਵਾਜ਼-ਏ-ਕੌਮ ਜਥੇਬੰਦੀ ਵੱਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੇੜੇ ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਜੀ ਸ਼ਹੀਦ ਦੇ ਅਸਥਾਨ 'ਤੇ ਸ੍ਰੀ ਅਖੰਡ ਪਾਠ ਜਾਪੁ ਆਰੰਭ ਕਰਵਾਏ ਗਏ, ਜਿਸ ਦੇ ਭੋਗ 4 ਜੁਲਾਈ 2025 ਦਿਨ ਸ਼ੁੱਕਰਵਾਰ ਨੂੰ ਸਵੇਰੇ 7 ਵਜੇ ਪੈਣਗੇ। ਆਵਾਜ਼-ਏ-ਕੌਮ ਜਥੇਬੰਦੀ ਦੇ ਆਗੂਆਂ ਨੇ ਕਿਹਾ ਕਿ 1955 ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਦਰਬਾਰ ਸਾਹਿਬ 'ਤੇ ਹੋਇਆ ਹਮਲਾ ਇਤਿਹਾਸ ਵਿਚ ਬਹੁਤ ਵੱਡਾ ਘੱਲੂਘਾਰਾ ਸੀ, ਜਿਸ ਨਾਲ ਹਰ ਸਿੱਖ ਹਿਰਦਾ ਵਲੂੰਧਰਿਆ ਗਿਆ ਸੀ। ਪਰ ਅਫਸੋਸ ਕਿ ਅੱਜ ਦੇ ਦੌਰ ਵਿਚ ਸਿੱਖ ਭੁਲਾਈ ਬੈਠੇ ਹਨ। ਉਨ੍ਹਾਂ ਨੇ ਕਿਹਾ ਕਿ ਆਵਾਜ਼ ਏ ਕੌਮ ਜਥੇਬੰਦੀ ਵੱਲੋਂ ਹਰ ਸਾਲ ਇਸ ਹਮਲੇ ਦੀ ਯਾਦ ਨੂੰ ਤਾਜ਼ਾ ਕਰਨ ਲਈ ਇਹ ਪ੍ਰੋਗਰਾਮ ਉਲੀਕਿਆ ਜਾਂਦਾ ਹੈ। ਉਨ੍ਹਾਂ ਨੇ ਸੰਗਤਾਂ ਨੂੰ ਬੇਨਤੀ ਕਰਦਿਆਂ ਕਿਹਾ ਕਿ ਵੱਧ ਤੋਂ ਵੱਧ ਸੰਗਤਾਂ ਅਪਣਾ ਕੌਮੀ ਫਰਜ਼ ਅਤੇ ਜ਼ਿੰਮੇਵਾਰੀ ਸਮਝਦੇ ਹੋਏ ਇਸ ਪ੍ਰੋਗਰਾਮ ਵਿਚ ਜ਼ਰੂਰ ਪਹੁੰਚਣ। ਇਸ ਮੌਕੇ 'ਤੇ ਮਨਜੀਤ ਸਿੰਘ ਕਰਤਾਰਪੁਰ, ਪ੍ਰਭਜੋਤ ਸਿੰਘ ਨਵਾਂ ਸ਼ਹਿਰ, ਨੋਬਲਜੀਤ ਸਿੰਘ ਬੁੱਲੋਵਾਲ, ਹਰਜਿੰਦਰ ਸਿੰਘ ਜਲੰਧਰ, ਰਣਵੀਰ ਸਿੰਘ ਬੈਂਸਤਾਨੀ, ਕਰਨੈਲ ਸਿੰਘ ਘੋੜੇਬਾਹਾ, ਕਵਲ ਚਰਨਜੀਤ ਸਿੰਘ ਅਤੇ ਲਖਵੀਰ ਸਿੰਘ ਆਦਿ ਹਾਜ਼ਰ ਸਨ।




# ਗਲੋਬਲ ਸਿੱਖ ਕੌਂਸਲ ਨੇ 34 ਮੈਂਬਰੀ ਸਲਾਹਕਾਰ ਕਮੇਟੀ 'ਤੇ ਚਿੰਤਾ ਪ੍ਰਗਟਾਈ

ਚੰਡੀਗੜ੍ਹ, 3 ਜੁਲਾਈ (ਚ.ਨ.ਸ.): ਆਲਮੀ ਪੱਧਰ ਦੀਆਂ ਵੱਖ-ਵੱਖ ਸਿੱਖ ਸੰਸਥਾਵਾਂ ਦੀ ਨੁਮਾਇੰਦਗੀ ਕਰ ਰਹੀ ਗਲੋਬਲ ਸਿੱਖ ਕੌਂਸਲ (ਜੀ.ਐਸ.ਸੀ.) ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਲਈ ਸੇਵਾ ਨਿਯਮ ਬਣਾਉਣ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸਜੀਪੀਸੀ) ਵੱਲੋਂ ਹਾਲ ਹੀ ਵਿੱਚ ਬਣਾਈ ਗਈ 34 ਮੈਂਬਰੀ ਸਲਾਹਕਾਰ ਕਮੇਟੀ ਉੱਤੇ ਗੰਭੀਰ ਚਿੰਤਾ ਪ੍ਰਗਟ ਕੀਤੀ ਹੈ। ਜਥੇਦਾਰ ਸਾਹਿਬਾਨ ਲਈ ਯੋਗਤਾਵਾਂ, ਜ਼ਿੰਮੇਵਾਰੀਆਂ, ਨਿਯੁਕਤੀ ਪ੍ਰਕਿਰਿਆ ਅਤੇ ਕਾਰਜਕਾਲ ਸੰਬੰਧੀ ਇੱਕ ਸਪੱਸ਼ਟ ਅਤੇ ਪਾਰਦਰਸ਼ੀ ਢਾਂਚਾ ਸਥਾਪਤ ਕਰਨ ਲਈ ਐਸਜੀਪੀਸੀ ਦੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕੌਂਸਲ ਨੇ ਐਸਜੀਪੀਸੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਵੱਲੋਂ ਸਿੱਖ ਰਹਿਤ ਮਰਿਆਦਾ ਦੇ ਸਿਧਾਂਤ, ਗੁਰਮਤਿ-ਅਧਾਰਤ ਪਰੰਪਰਾਵਾਂ ਅਤੇ ਇੱਕ ਵਿਅਕਤੀ ਤੇ ਸਿਰਫ਼ ਇੱਕ ਹੀ ਅਹੁਦੇ 'ਤੇ ਰਹਿੰਦਿਆਂ ਪੰਥ ਦੀ ਸੇਵਾ ਨਿਭਾਉਣ ਵਾਲੇ ਪ੍ਰਗਟਾਏ ਜਨਤਕ ਭਰੋਸੇ ਦਾ ਵੀ ਸਵਾਗਤ ਕੀਤਾ ਹੈ। ਐਸਜੀਪੀਸੀ ਪ੍ਰਧਾਨ ਨੂੰ ਭੇਜੇ ਇੱਕ ਪੱਤਰ ਵਿੱਚ ਕੌਂਸਲ ਦੀ ਪ੍ਰਧਾਨ ਲੇਡੀ ਸਿੰਘ ਕੰਵਲਜੀਤ ਕੌਰ ਨੇ ਮੌਜੂਦਾ ਕਮੇਟੀ ਦੀ ਬਣਤਰ ਉੱਤੇ ਸਖ਼ਤ ਇਤਰਾਜ਼ ਜਤਾਉਂਦਿਆਂ ਕਿਹਾ ਕਿ ਇਸ ਸਮੇਂ ਕਮੇਟੀ ਦੇ ਬਹੁਤੇ ਮੈਂਬਰ ਕਥਿਤ ਤੌਰ 'ਤੇ ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੀ ਪਾਲਨਾ ਨਹੀਂ ਕਰ ਰਹੇ ਅਤੇ ਮੂਲ ਸਿੱਖ ਸਿਧਾਂਤਾਂ ਦੇ ਉਲਟ ਕਰਮ-ਕਾਂਡਾਂ ਨੂੰ ਉਤਸ਼ਾਹਿਤ ਕਰ ਰਹੇ ਹਨ। ਜੀਐਸਸੀ ਨੇ ਕਿਹਾ ਹੈ ਕਿ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਦੀ ਪਾਲਣਾ ਨਾ ਕਰਨ ਵਾਲੇ ਜਾਂ ਆਪਣੇ ਡੇਰਿਆਂ, ਬੁੰਗਿਆਂ ਅਤੇ ਠਾਠਾਂ ਵਿੱਚ ਗੈਰ-ਸਿੱਖ ਪਿਰਤਾਂ ਨੂੰ ਉਤਸ਼ਾਹਿਤ ਕਰਨ ਵਾਲੇ ਵਿਅਕਤੀਆਂ ਨੂੰ ਇਸ ਕਮੇਟੀ ਵਿੱਚ ਸ਼ਾਮਲ ਕਰਨਾ ਨਿਯਮ ਬਣਾਉਣ ਸਬੰਧੀ ਪੂਰੀ ਪ੍ਰਕਿਰਿਆ ਦੀ ਪਵਿੱਤਰਤਾ ਅਤੇ ਭਰੋਸੇਯੋਗਤਾ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਸਕਦਾ ਹੈ। ਇਸ ਤੋਂ ਇਲਾਵਾ, ਕੌਂਸਲ ਨੇ ਨਿਰਾਸ਼ਾ ਪ੍ਰਗਟਾਈ ਕਿ ਵਿਸ਼ਵਵਿਆਪੀ ਸਿੱਖ ਭਾਈਚਾਰੇ ਦੇ ਪ੍ਰਸਿੱਧ ਵਿਦਵਾਨਾਂ ਅਤੇ ਨੁਮਾਇੰਦਿਆਂ ਨੂੰ ਇਸ ਮਹੱਤਵਪੂਰਨ ਕਮੇਟੀ ਤੋਂ ਪੂਰੀ ਤਰਾਂ ਬਾਹਰ ਕਰ ਦਿੱਤਾ ਗਿਆ ਹੈ। ਕੌਂਸਲ ਨੇ ਜ਼ੋਰ ਦੇ ਕੇ ਕਿਹਾ ਹੈ ਕਿ ਅਜਿਹਾ ਵਰਤਾਰਾ ਨਾ ਸਿਰਫ਼ ਖਾਲਸਾ ਪੰਥ ਦੇ ਇੱਕ ਮਹੱਤਵਪੂਰਨ ਹਿੱਸੇ ਨੂੰ ਦੂਰ ਕਰਦਾ ਹੈ, ਬਲਕਿ ਸਮੂਹਿਕ ਪੰਥਕ ਸਲਾਹ-ਮਸ਼ਵਰੇ ਦੀ ਭਾਵਨਾ ਨੂੰ ਵੀ ਢਾਹ ਲਾਉਂਦਾ ਹੈ। ਐਸਜੀਪੀਸੀ ਪ੍ਰਧਾਨ ਨੂੰ ਲਿਖੇ ਆਪਣੇ ਪੱਤਰ ਵਿੱਚ ਗਲੋਬਲ ਸਿੱਖ ਕੌਂਸਲ ਨੇ ਮੰਗ ਕੀਤੀ ਹੈ ਕਿ ਕਮੇਟੀ ਦਾ ਪੁਨਰਗਠਨ ਕੀਤਾ ਜਾਵੇ, ਤਾਂ ਜੋ ਉਨ੍ਹਾਂ ਮੈਂਬਰਾਂ ਨੂੰ ਬਾਹਰ ਰੱਖਿਆ ਜਾ ਸਕੇ, ਜੋ ਸਿੱਖ ਰਹਿਤ ਮਰਿਆਦਾ ਦੀ ਸਖ਼ਤੀ ਨਾਲ ਪਾਲਣਾ ਨਹੀਂ ਕਰ ਰਹੇ ਹਨ। ਇਸ ਵਿੱਚ ਇਹ ਵੀ ਸੁਝਾਅ ਦਿੱਤਾ ਗਿਆ ਹੈ ਕਿ ਕਮੇਟੀ ਦੇ ਸਾਰੇ ਮੈਂਬਰਾਂ ਤੋਂ ਇੱਕ ਲਿਖਤੀ ਸਵੈ-ਘੋਸ਼ਣਾ ਪੱਤਰ ਉੱਪਰ ਦਸਤਖਤ ਕਰਵਾਏ ਜਾਣ, ਜਿਸ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਸਿੱਖਿਆਵਾਂ ਦੀ ਪਾਲਣਾ ਕਰਨਾ, ਸਿੱਖ ਰਹਿਤ ਮਰਿਆਦਾ ਵਿੱਚ ਦ੍ਰਿੜਤਾ ਭਰੋਸਾ ਤੇ ਪਾਲਣਾ ਸਮੇਤ ਖਾਲਸਾ ਪੰਥ ਦੀ ਸ਼ਾਨਾਮੱਤੀ ਵਿਰਾਸਤ ਪ੍ਰਤੀ ਆਪਣੀ ਨਿੱਜੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਜਾਵੇ। ਗਲੋਬਲ ਸਿੱਖ ਕੌਂਸਲ ਨੇ ਐਸਜੀਪੀਸੀ ਨੂੰ ਆਪਣੀ ਇਤਿਹਾਸਕ ਅਤੇ ਧਾਰਮਿਕ ਜਿੰਮੇਵਾਰੀ ਨੂੰ ਪੂਰੀ ਪਾਰਦਰਸ਼ਤਾ, ਪੰਥਕ ਅਖੰਡਤਾ ਅਤੇ ਸੁਹਿਰਦਤਾ ਨਾਲ ਨਿਭਾਉਣ ਦੀ ਵੀ ਅਪੀਲ ਕੀਤੀ। ਇਸ ਮਹੱਤਵਪੂਰਨ ਪਹਿਲਕਦਮੀ ਦਾ ਸਮੱਰਥਨ ਕਰਨ ਦੀ ਆਪਣੀ ਇੱਛਾ ਦੀ ਪੁਸ਼ਟੀ ਕਰਦਿਆਂ ਕੌਂਸਲ ਨੇ ਐਸਜੀਪੀਸੀ ਨੂੰ ਇੱਕ ਵਿਆਪਕ ਸਲਾਹਕਾਰੀ ਪਹੁੰਚ ਅਪਣਾਉਣ ਦੀ ਅਪੀਲ ਕੀਤੀ ਹੈ, ਜੋ ਦੇਸ਼ਾਂ-ਵਿਦੇਸ਼ਾਂ ਵਿੱਚ ਵਸਦੀ ਸਮੁੱਚੀ ਸਿੱਖ ਕੌਮ ਦੀਆਂ ਭਾਵਨਾਵਾਂ ਅਤੇ ਇੱਛਾਵਾਂ ਦੀ ਤਰਜ਼ਮਾਨੀ ਕਰਦੀ ਹੋਵੇ। ਜੀ.ਐਸ.ਸੀ. ਨੇ ਜ਼ੋਰ ਦੇ ਕੇ ਕਿਹਾ ਕਿ ਇਹ ਪੰਥ ਲਈ ਗੁਰਮਤਿ ਦੇ ਸਿਧਾਂਤਾਂ 'ਤੇ ਪਹਿਰਾ ਦਿੰਦਿਆਂ ਇੱਕਜੁੱਟ ਹੋਣ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨੈਤਿਕ ਅਧਿਕਾਰਾਂ ਨੂੰ ਮਜ਼ਬੂਤ ਕਰਨ ਦਾ ਵੇਲਾ ਹੈ।



# ਸਤੰਬਰ ਤੋਂ ਇੰਗਲੈਂਡ ਤੇ ਯੂਰਪ ਤੋਂ ਪਾਕਿਸਤਾਨ ਲਈ ਹਰ ਹਫਤੇ ਸਿੱਧੀਆਂ ਉਡਾਣਾਂ ਸ਼ੁਰੂ ਹੋਣਗੀਆਂ

ਲੰਡਨ, 3 ਜੁਲਾਈ (ਚ.ਨ.ਸ.): ਪਾਕਿਸਤਾਨ 'ਚ ਸਿੱਖ ਧਰਮ ਅਸਥਾਨਾਂ ਦੀ ਯਾਤਰਾ ਕਰਨ ਵਾਲੇ ਵਿਦੇਸ਼ੀ ਸਿੱਖਾਂ ਲਈ ਵੱਡੀ ਖਬਰ ਸਾਹਮਣੇ ਆਈ ਹੈ। ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਲਈ ਕੈਬਨਿਟ ਮੰਤਰੀ ਅਤੇ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀ.ਐਸ.ਜੀ.ਪੀ.ਸੀ.) ਦੇ ਪ੍ਰਧਾਨ ਰਮੇਸ਼ ਸਿੰਘ ਅਰੋੜਾ ਨੇ ਲੰਡਨ ਦੌਰੇ ਦੌਰਾਨ ਐਲਾਨ ਕੀਤਾ ਕਿ ਸਤੰਬਰ 2025 ਤੋਂ ਇੰਗਲੈਂਡ ਅਤੇ ਯੂਰਪ ਤੋਂ ਪਾਕਿਸਤਾਨ ਲਈ ਹਰ ਹਫਤੇ ਸਿੱਧੀਆਂ ਉਡਾਣਾਂ ਸ਼ੁਰੂ ਕੀਤੀਆਂ ਜਾਣਗੀਆਂ। ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਪਾਕਿਸਤਾਨ ਸਰਕਾਰ ਵਿਦੇਸ਼ੀ ਸਿੱਖ ਯਾਤਰੀਆਂ ਦੀ ਸੁੱਰਖਿਆ ਅਤੇ ਅਸਾਨ ਯਾਤਰਾ ਨੂੰ ਯਕੀਨੀ ਬਣਾਉਣ ਲਈ ਵਚਨਬੱਧ ਹੈ। ਯਾਤਰੀਆਂ ਲਈ ਨਰਮ ਵੀਜ਼ਾ ਪ੍ਰਣਾਲੀ ਲਾਗੂ ਕਰਨ 'ਤੇ ਵੀ ਕੰਮ ਜਾਰੀ ਹੈ, ਤਾਂ ਜੋ ਸਿੱਖ ਭਾਈਚਾਰਾ ਆਪਣੀ ਧਾਰਮਿਕ ਵਿਰਾਸਤ ਨਾਲ ਜੁੜ ਸਕੇ। ਇਸ ਦੌਰਾਨ ਅਰੋੜਾ ਨੇ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ (ਏ.ਪੀ.ਪੀ.ਜੀ.) ਵੱਲੋਂ ਲੰਡਨ ਪਾਰਲੀਮੈਂਟ 'ਚ ਹੋਈ ਮੀਟਿੰਗ 'ਚ ਵੀ ਸ਼ਿਰਕਤ ਕੀਤੀ, ਜਿੱਥੇ ਉਨ੍ਹਾਂ ਨੇ ਪਾਕਿਸਤਾਨ ਵਿਚ ਸਿੱਖ ਧਾਰਮਿਕ ਅਸਥਾਨਾਂ ਦੀ ਸੇਵਾ ਸੰਭਾਲ, ਯਾਤਰਾ ਵਿਵਸਥਾ ਅਤੇ ਸਿੱਖ- ਮੁਸਲਿਮ ਸਾਂਝ ਦੇ ਮਸਲੇ 'ਤੇ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਕਿਹਾ ਕਿ ਨਨਕਾਣਾ ਸਾਹਿਬ, ਕਰਤਾਰਪੁਰ ਸਾਹਿਬ, ਪੰਜਾ ਸਾਹਿਬ ਵਰਗੇ ਪਵਿੱਤਰ ਗੁਰਧਾਮ ਵਿਦੇਸ਼ੀ ਸਿੱਖਾਂ ਲਈ ਰੂਹਾਨੀ ਆਸਥਾ ਦੇ ਕੇਂਦਰ ਹਨ ਅਤੇ ਪਾਕਿਸਤਾਨੀ ਹਕੂਮਤ ਉਨ੍ਹਾਂ ਦੀ ਸੰਭਾਲ ਅਤੇ ਯਾਤਰੀਆਂ ਲਈ ਉਚਿਤ ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਅਰੋੜਾ ਨੇ ਆਪਣੇ ਦੌਰੇ ਦੌਰਾਨ ਇੰਗਲੈਂਡ ਦੀਆਂ ਕਈ ਸਿੱਖ ਸੰਸਥਾਵਾਂ ਨਾਲ ਵੀ ਮੁਲਾਕਾਤ ਕੀਤੀ, ਜਿੱਥੇ ਵਿਦੇਸ਼ੀ ਸਿੱਖ ਭਾਈਚਾਰੇ ਨੇ ਵੀ ਪਾਕਿਸਤਾਨੀ ਹਕੂਮਤ ਦੇ ਇਨ੍ਹਾਂ ਉਪਰਾਲਿਆਂ ਦੀ ਪ੍ਰਸ਼ੰਸਾ ਕੀਤੀ।

# ਸਰਬੱਤ ਖ਼ਾਲਸਾ ਟੀਮ ਜਥੇਦਾਰਾਂ ਦੀ ਨਿਯੁਕਤੀ ਦੇ ਪੁਰਾਣੇ ਤਰੀਕੇ ਦੇ ਹੱਕ ਵਿੱਚ

ਅੰਮ੍ਰਿਤਸਰ, 3 ਜੁਲਾਈ (ਚ.ਨ.ਸ): ਸਰਬੱਤ ਖਲਸਾ ਟੀਮ, ਜਿਸਨੇ ਪਰੰਪਰਾਗਤ ਪ੍ਰਕਿਰਿਆ ਰਾਹੀਂ ਤਖ਼ਤਾਂ ਦੇ ਸਮਾਨਾਂਤਰ ਜਥੇਦਾਰਾਂ ਦੀ ਨਿਯੁਕਤੀ ਕੀਤੀ ਸੀ, ਨੇ ਨਿਯੁਕਤੀਆਂ ਦੇ ਢੰਗ ਵੱਲ ਵਾਪਸ ਜਾਣ ਦੀ ਮੰਗ ਕੀਤੀ ਹੈ ਅਤੇ ਜਥੇਦਾਰਾਂ ਲਈ ਤਿਆਰ ਕੀਤੇ ਗਏ ਸੇਵਾ ਨਿਯਮਾਂ ਵਿੱਚ ਇਹ ਸ਼ਰਤ ਸ਼ਾਮਲ ਕਰਨ ਦਾ ਸੁਝਾਅ ਦਿੱਤਾ ਹੈ। ਕਿ ਕੋਈ ਮੌਜੂਦਾ ਜਾਂ ਸਾਬਕਾ ਜਥੇਦਾਰ ਸੰਸਥਾਗਤ ਮਾਮਲਿਆਂ ਦੇ ਹੱਲ ਭੌਤਿਕਵਾਦੀ ਜਾਂ ਸਿਵਲ ਅਦਾਲਤਾਂ ਰਾਹੀਂ ਨਾ ਕਰੇ। ਸਰਬੱਤ ਖ਼ਾਲਸਾ ਦੇ ਮੁੱਖ ਪ੍ਰਬੰਧਕ ਸਰਨੈਲ ਸਿੰਘ ਸਕਰੀਹ ਨੇ ਕਿਹਾ ਕਿ ਅਕਾਲ ਤਖ਼ਤ ਦੇ ਸਾਬਕਾ ਜੱਥੇਦਾਰ ਅਤੇ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਵੱਲੋਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਰਾਹੀਂ ਨੌਕਰੀ ਦੀ ਸੁਰੱਖਿਆ ਦੀ ਮੰਗ ਕਰਨ ਦੇ ਕਦਮ ਨੇ ਪੰਥ ਨੂੰ ਸ਼ਰਮਿੰਦਗੀ ਪਹੁੰਚਾਈ ਹੈ ਅਤੇ ਉਨ੍ਹਾਂ ਦਬਾਅ ਨੂੰ ਉਜਾਗਰ ਕੀਤਾ ਹੈ, ਜਿਨ੍ਹਾਂ ਹੇਠ ਧਾਰਮਿਕ ਆਗੂਆਂ ਨੂੰ ਆਪਣੇ ਫਰਜ਼ ਨਿਭਾਉਣ ਲਈ ਮਜਬੂਰ ਕੀਤਾ ਜਾਂਦਾ ਹੈ। ਸਰਬੱਤ ਖਾਲਸਾ ਟੀਮ ਦੀ ਬੁੱਧਵਾਰ ਨੂੰ ਮੀਟਿੰਗ : 10 ਨਵੰਬਰ, 2015 ਨੂੰ, ਅੰਮ੍ਰਿਤ-ਸਰ ਦੇ ਨੇੜੇ ਚੱਬਾ ਪਿੰਡ ਵਿਖੇ ਸਰਬੱਤ ਖਾਲਸਾ ਦੇ ਨਾਮ ਹੇਠ ਇੱਕ ਸਿੱਖ ਇਕੱਠ ਹੋਇਆ, ਜਿੱਥੇ ਅਕਾਲ ਤਖ਼ਤ ਅਤੇ ਹੋਰ ਤਖ਼ਤਾਂ ਦੇ ਸਮਾਨਾਂਤਰ ਜਥੇਦਾਰ ਨਿਯੁਕਤ ਕੀਤੇ ਗਏ ਸਨ। ਸਕੀਰਾ ਨੇ ਕਿਹਾ ਕਿ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਵੱਲੋਂ ਜਥੇਦਾਰਾਂ ਦੀ ਨਿਯੁਕਤੀ ਦੀ ਨਿਖੇਧੀ ਕੀਤੀ ਹੈ। ਸਰਬੱਤ ਖਾਲਸਾ ਵਿੱਚ ਸਿੱਖ ਸੰਸਥਾਵਾਂ ਅਤੇ ਬੁੱਧੀਜੀਵੀਆਂ ਦੇ ਪ੍ਰਤੀਨਿਧੀਆਂ ਦੀ ਮੌਜੂਦਗੀ ਦਾ ਵਾਅਦਾ ਕੀਤਾ। ਜਥੇਦਾਰਾਂ ਲਈ ਸੇਵਾ ਨਿਯਮ ਬਣਾਉਣ ਲਈ ਸ਼੍ਰੋਮਣੀ ਕਮੇਟੀ ਵੱਲੋਂ ਗਠਿਤ 34 ਮੈਂਬਰੀ ਕਮੇਟੀ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਸਰਬੱਤ ਖਾਲਸਾ ਟੀਮ ਨੇ ਸੁਝਾਅ ਦਿੱਤਾ ਕਿ ਸੰਸਥਾਗਤ ਮਾਮਲਿਆਂ ਦੇ ਹੱਲ ਲਈ ਸਾਬਕਾ ਜਾਂ ਮੌਜੂਦਾ ਜਥੇਦਾਰ ਜਾਂ ਮੁੱਖ ਗ੍ਰੰਥੀ ਨੂੰ ਚਲਦੀ ਅਦਾਲਤ ਤੋਂ ਰੋਕਣ ਲਈ ਪ੍ਰਬੰਧ ਕੀਤੇ ਜਾਣ। ਸ਼੍ਰੋਮਣੀ ਅਕਾਲੀ ਦਲ ਦੀ ਭਰਤੀ: ਸਮਾਂ-ਸੂਚੀ ਤੈਅ ਕਰੋ: ਪੰਜ ਮੈਂਬਰੀ ਕਮੇਟੀ, ਜੋ ਕਿ ਅਕਾਲ ਤਖ਼ਤ ਦੇ ਨਿਰਦੇਸ਼ਾਂ 'ਤੇ ਸ਼੍ਰੋਮਣੀ ਅਕਾਲ ਦਲ (ਸ਼੍ਰੋਮਣੀ ਅਕਾਲੀ ਦਲ) ਦੀ ਪੁਨਰ ਸੁਰਜੀਤੀ ਲਈ ਮੈਂਬਰਸ਼ਿਪ ਮੁਹਿੰਮ ਨੇ ਸਰਕਲ ਡੈਲੀਗੇਟਾਂ ਦੀਆਂ ਅੰਤਿਮ ਸੂਚੀਆਂ ਤਿਆਰ ਕਰਨ ਦਾ ਸਮਾਂ-ਸਾਰਣੀ ਦਾ ਐਲਾਨ ਕਰ ਦਿੱਤਾ ਹੈ। ਇਸ ਪ੍ਰਕਿਰਿਆ ਤੋਂ ਬਾਅਦ ਜ਼ਿਲ੍ਹਾ ਅਤੇ ਸੂਬਾਈ ਡੈਲੀਗੇਟਾਂ ਦੀ ਚੋਣ ਕੀਤੀ ਜਾਵੇਗੀ। (11 ਤੋਂ 14 ਜੁਲਾਈ)।

# ਮਾਲਾਬਾਰ ਗੋਲਡ ਐਂਡ ਡਾਇਮੰਡਜ਼ ਨੇ 400ਵੇਂ ਸ਼ੋਅਰੂਮ ਦੀ ਸ਼ੁਰੂਆਤ ਦੇ ਨਾਲ ਕੌਮਾਂਤਰੀ ਪੱਧਰ 'ਤੇ ਇੱਕ ਵੱਡੀ ਉਪਲਬਧੀ ਦਾ ਜਸ਼ਨ ਮਨਾਇਆ

## ☛ ਮਾਲਾਬਾਰ ਦੇ ਕਾਰੋਬਾਰ ਨੂੰ 78,000 ਕਰੋੜ ਰੁਪਏ ਕਰਨ ਦਾ ਟੀਚਾ

ਨਵੀਂ ਦਿੱਲੀ, 3 ਜੁਲਾਈ (ਚ.ਨ.ਸ.): ਦੁਨੀਆਂ ਦੀ ਸਭ ਤੋਂ ਵੱਡੇ ਜਿਊਲਰੀ ਰਿਟੇਲਰਜ਼ ਵਿੱਚੋਂ ਇੱਕ ਮਾਲਾਬਾਰ ਗੋਲਡ ਐਂਡ ਡਾਇਮੰਡਜ਼ ਨੇ ਆਪਣੇ 400ਵੇਂ ਸ਼ੋਅਰੂਮ ਦੀ ਸ਼ੁਰੂਆਤ ਦੇ ਨਾਲ ਕੌਮਾਂਤਰੀ ਪੱਧਰ 'ਤੇ ਇੱਕ ਵੱਡੀ ਉਪਲੱਬਧੀ ਦਾ ਜਸ਼ਨ ਮਨਾਇਆ। ਇਹ ਇਤਿਹਾਸਿਕ ਵਿਸਥਾਰ ਨੋਇਡਾ ਦੇ ਸੈਕਟਰ 18 'ਚ ਇਕ ਨਵੇਂ ਸ਼ੋਅਰੂਮ ਦੇ ਉਦਘਾਟਨ ਨਾਲ ਹੋਇਆ, ਜੋ ਬ੍ਰਾਂਡ ਦੇ ਤੇਜ਼ੀ ਨਾਲ ਹੋ ਰਹੇ ਕੌਮਾਂਤਰੀ ਵਿਸਥਾਰ ਨੂੰ ਹੋਰ ਮਜ਼ਬੂਤ ਕਰਦਾ ਹੈ। ਮਾਲਾਬਾਰ ਗਰੁੱਪ ਦਾ ਟੀਚਾ ਇਸ ਵਿੱਤੀ ਸਾਲ 'ਚ ਆਪਣੇ ਮਾਲੀਆ ਨੂੰ ਵਧਾ ਕੇ 78,000 ਕਰੋੜ ਰੁਪਏ ਕਰਨਾ ਹੈ। ਮਾਲਾਬਾਰ ਸਮੂਹ ਦੇ ਚੇਅਰਮੈਨ ਐਮ.ਪੀ.ਅਹਿਮਦ ਨੇ ਕਿਹਾ "ਨੋਇਡਾ 'ਚ ਸਾਡੇ 400ਵੇਂ ਸ਼ੋਅਰੂਮ ਦਾ ਉਦਘਾਟਨ ਸਾਡੇ ਲਈ ਅੱਤ ਦੀ ਖ਼ੁਸ਼ੀ ਦਾ ਵਿਸ਼ਾ ਹੈ। ਇਹ ਉਪਲੱਬਧੀ ਸਾਡੀਆਂ ਵਿਕਾਸ ਸਬੰਧੀ ਇੱਛਾਵਾਂ ਦਾ ਪ੍ਰਮਾਣ ਹੈ ਅਤੇ ਭਾਰਤ ਅਤੇ ਕੌਮਾਂਤਰੀ ਪੱਧਰ 'ਤੇ ਸਾਡੀ ਲਗਾਤਾਰ ਵਧਦੀ ਹਾਜ਼ਰੀ ਦੀ ਦਿਸ਼ਾ 'ਚ ਇਕ ਮਹੱਤਵਪੂਰਨ ਕਦਮ ਹੈ। ਮਾਲਾਬਾਰ ਸਮੂਹ ਦੇ ਉਪ ਪ੍ਰਧਾਨ ਅਬਦੁਲ ਸਲਾਮ ਕੇ ਪੀ ਨੇ ਕਿਹਾ "ਅਸੀਂ ਗਹਿਣੇ ਖਰੀਦਣ ਦੇ ਅਨੁਭਵ ਨੂੰ ਜ਼ਿੰਮੇਦਾਰ ਅਤੇ ਨੈਤਿਕ ਤਰੀਕੇ ਨਾਲ ਮੁੜ ਪਰਿਭਾਸ਼ਿਤ ਕਰਨ ਲਈ ਵਚਨਬੱਧ ਹਾਂ, ਤਾਂ ਕਿ ਹਰ ਖਰੀਦਦਾਰੀ ਦੇ ਨਾਲ ਸਾਡੇ ਗਾਹਕਾਂ ਅਤੇ ਉਨ੍ਹਾਂ ਦੇ ਹਿੱਤਾਂ ਦੀ ਪੂਰੀ ਸਾਵਧਾਨੀ ਅਤੇ ਸੁੱਰਖਿਆ ਯਕੀਨੀ ਕੀਤੀ ਜਾ ਸਕੇ। ਸਾਡਾ ਇਹ ਵਿਸਥਾਰ 3,500 ਤੋਂ ਜ਼ਿਆਦਾ ਪ੍ਰਤੱਖ ਰੋਜ਼ਗਾਰ ਦੇ ਨਵੇਂ ਮੌਕੇ ਪੈਦਾ ਕਰੇਗਾ। ਮਾਲਾਬਾਰ ਗੋਲਡ ਐਂਡ ਡਾਇਮੰਡਜ਼ ਦੇ ਮੈਨੇਜਿੰਗ ਡਾਇਰੈਕਟਰ (ਭਾਰਤ ਸੰਚਾਲਨ) ਅਸ਼ਰ.ਓ.ਨੇ ਕਿਹਾ ਮਾਲਾਬਾਰ ਗੋਲਡ ਐਂਡ ਡਾਇਮੰਡਜ਼ ਪੂਰੇ ਭਾਰਤ 'ਚ ਤੇਜ਼ੀ ਨਾਲ ਤਰੱਕੀ ਕਰ ਰਿਹਾ ਹੈ, ਜੋ ਸਾਡੇ ਲਈ ਸਭ ਤੋਂ ਵੱਡਾ ਬਾਜ਼ਾਰ ਅਤੇ ਮੌਕੇ ਬਣਿਆ ਹੋਇਆ ਹੈ। ਅਸੀਂ ਇਸ ਵਿੱਤੀ ਸਾਲ ਦੇ ਆਖਿਰ ਤਕ 22 ਰਾਜਾਂ ਅਤੇ 3 ਕੇਂਦਰ ਸ਼ਾਸਿਤ ਪ੍ਰਦੇਸ਼ਾਂ ਤਕ ਪਹੁੰਚ ਬਣਾ ਲਵਾਂਗੇ। ਮਾਲਾਬਾਰ ਗੋਲਡ ਐਂਡ ਡਾਇਮੰਡਜ਼ ਦੇ ਮੈਨੇਜਿੰਗ ਡਾਇਰੈਕਟਰ (ਅੰਤਰਰਾਸ਼ਟਰੀ ਸੰਚਾਲਨ) ਸ਼ਾਮ ਲਾਲ ਅਹਿਮਦ ਨੇ ਕਿਹਾ "ਅਸੀਂ ਦੁਨੀਆ ਦੇ ਛੇਵੇਂ ਅਤੇ ਭਾਰਤ ਤੋਂ ਵੱਡੇ ਗਹਿਣਾ ਰਿਟੇਲਰਜ਼ 'ਚੋਂ ਇਕ ਹਾਂ। ਮੌਜੂਦਾ ਸਮੇਂ 'ਚ ਅਸੀਂ 13 ਦੇਸ਼ਾਂ 'ਚ ਮੌਜੂਦ ਹਾਂ। ਇਸ ਵਿੱਤੀ ਸਾਲ 'ਚ ਨਿਊਜ਼ੀਲੈਂਡ ਅਤੇ ਆਇਰਲੈਂਡ ਵਰਗੇ ਨਵੇਂ ਦੇਸ਼ਾਂ 'ਚ ਵੀ ਵਿਸਥਾਰ ਕੀਤਾ ਜਾਵੇਗਾ, ਜਿਸ ਨਾਲ ਸਾਡੀ ਕੁਲ ਕੌਮਾਂਤਰੀ ਹਾਜ਼ਰੀ ਵੱਧ ਕੇ 15 ਦੇਸ਼ਾਂ ਤਕ ਪਹੁੰਚ ਜਾਵੇਗੀ। ਗ੍ਰੈਂਡਮਾ ਹੋਮ ਮਾਲਾਬਾਰ ਸਮੂਹ ਦੀ ਇਕ ਹੋਰ ਚੰਗੀ ਪਹਿਲ ਹੈ, ਜਿਸ ਦਾ ਉਦੇਸ਼ ਜ਼ਰੂਰਤਮੰਦ ਅਤੇ ਬੇਸਹਾਰਾ ਔਰਤਾਂ ਨੂੰ ਮੁਫ਼ਤ ਘਰ ਉਪਲੱਬਧ ਕਰਵਾਉਣਾ ਹੈ। ਫਿਲਹਾਲ ਇਹ ਸਹੂਲਤ ਬੰਗਲੂਰੂ ਤੇ ਹੈਦਰਾਬਾਦ 'ਚ ਸੰਚਾਲਿਤ ਹੋ ਰਹੀ ਹੈ।



# ਗੁ. ਮਿੱਠਾਸਰ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ



ਸ੍ਰੀ ਅਨੰਦਪੁਰ ਸਾਹਿਬ, 3 ਜੁਲਾਈ (ਤਰਲੋਚਨ ਸਿੰਘ): ਸਿੰਘ ਸਾਹਿਬ ਜਥੇਦਾਰ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਬੁੱਢਾ ਦਲ ਦੇ 96 ਕਰੋੜੀ ਦੀ ਦੇਖਰੇਖ 'ਚ ਚੱਲ ਰਹੇ ਗੁਰਦੁਆਰਾ ਮਿੱਠਾਸਰ ਸਾਹਿਬ ਵਿਖੇ ਹਰ ਸਾਲ ਦੀ ਤਰਾਂ ਇਸ ਵਾਰ ਵੀ 5 ਜੁਲਾਈ ਦਿਨ ਸ਼ਨੀਵਾਰ ਨੂੰ ਮੀਰੀ ਪੀਰੀ ਦੇ ਮਾਲਕ ਸਾਹਿਬ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਪ੍ਰਕਾਸ਼ ਦਿਹਾੜਾ ਬੜੀ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਜਿਸ ਦੇ ਸਬੰਧ ਵਿਚ ਅੱਜ ਗੁਰਦੁਆਰਾ ਮਿੱਠਾਸਰ ਸਾਹਿਬ ਵਿਖੇ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ, ਜਿਨ੍ਹਾਂ ਦੇ ਭੋਗ 5 ਜੁਲਾਈ ਨੂੰ ਪੈਣਗੇ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਗੁ:ਮਿੱਠਾਸਰ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਭਗਤ ਸਿੰਘ ਜੀ ਨੇ ਦੱਸਿਆ ਕਿ 5 ਜੁਲਾਈ ਨੂੰ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਦੀਵਾਨ ਸਜਾਏ ਜਾਣਗੇ, ਜਿਸ ਵਿਚ ਪੰਥ ਪ੍ਰਸਿੱਧ ਕੀਰਤਨੀਏ, ਢਾਡੀ ਅਤੇ ਕਵੀਸ਼ਰੀ ਜੱਥਿਆਂ ਤੋਂ ਇਲਾਵਾ ਤਖ਼ਤਾਂ ਦੇ ਜੱਥੇਦਾਰ, ਨਿਹੰਗ ਸਿੰਘ ਜੱਥੇਬੰਦੀਆਂ ਸਮੇਤ ਹੋਰ ਵੀ ਸੰਤ ਮਹਾਂਪੁਰਖ ਅਤੇ ਵੱਡੀ ਗਿਣਤੀ ਵਿਚ ਇਲਾਕੇ ਦੀਆਂ ਸੰਗਤਾਂ ਸ਼ਮੂਲੀਅਤ ਕਰਨਗੀਆਂ। ਉਨ੍ਹਾਂ ਸਮੂਹ ਸੰਗਤਾਂ ਨੂੰ ਸਮਾਗਮ ਵਿਚ ਵੱਧ ਚੜ੍ਹ ਕੇ ਹਾਜ਼ਰੀਆਂ ਭਰਨ ਦੀ ਬੇਨਤੀ ਵੀ ਕੀਤੀ। ਇਸ ਮੌਕੇ ਹਰਜਿੰਦਰ ਸਿੰਘ, ਗੁਲਜ਼ਾਰ ਸਿੰਘ, ਦਵਿੰਦਰ ਸਿੰਘ, ਜਸਵਿੰਦਰ ਸਿੰਘ ਜੋਗਾ, ਬਲਵਿੰਦਰ ਸਿੰਘ, ਜੋਗਿੰਦਰ ਸਿੰਘ, ਵਿਜੇ ਸਿੰਘ, ਅਜੇ ਸਿੰਘ, ਚੂੜ ਸਿੰਘ ਬੱਦਲ, ਪ੍ਰਿਤਪਾਲ ਸਿੰਘ, ਬੀਬੀ ਅਮਰ ਕੌਰ, ਪਰਮਜੀਤ ਸਿੰਘ, ਭਜਨ ਸਿੰਘ, ਬੰਤ ਸਿੰਘ, ਨਾਨਕ ਸਿੰਘ, ਗੁਰਮੀਤ ਸਿੰਘ, ਅਮਰੀਕ ਸਿੰਘ ਫੌਜੀ, ਰਘਬੀਰ ਸਿੰਘ ਹਰੀਵਾਲ, ਪਰਮਜੀਤ ਸਿੰਘ ਪੰਮੀ ਆਦਿ ਹਾਜ਼ਰ ਸਨ।

# ਹੋਸਟਲ ਤੋਂ ਡਿੱਗਣ ਨਾਲ ਵਿਦਿਆਰਥੀ ਦੀ ਹੋਈ ਮੌਤ

## ☛ ਦੋਸਤ ਦੇ ਕਮਰੇ 'ਚ ਪਿਆ ਸੀ ਸੁੱਤਾ

ਝਾਂਸੀ, 3 ਜੁਲਾਈ (ਚ.ਨ.ਸ.): ਉੱਤਰ ਪ੍ਰਦੇਸ਼ ਦੇ ਝਾਂਸੀ ਮੈਡੀਕਲ ਕਾਲਜ ਦੇ ਇੱਕ ਐਮਬੀਬੀਐਸ ਵਿਦਿਆਰਥੀ ਦੀ ਹੋਸਟਲ ਦੀ ਦੂਜੀ ਮੰਜ਼ਿਲ ਤੋਂ ਡਿੱਗਣ ਨਾਲ ਮੌਤ ਹੋ ਗਈ। ਉਹ ਲਖਨਊ ਦਾ ਰਹਿਣ ਵਾਲਾ ਸੀ। ਉਸ ਦੇ ਪਿਤਾ ਵੀ ਇੱਕ ਡਾਕਟਰ ਹਨ। ਉਹ ਮੰਗਲਵਾਰ ਰਾਤ ਨੂੰ ਲਖਨਊ ਤੋਂ ਝਾਂਸੀ ਆਇਆ ਸੀ। ਕਮਰੇ ਵਿੱਚ ਰੋਸ਼ਨੀ ਦੀ ਘਾਟ ਕਾਰਨ, ਉਹ ਹੋਸਟਲ ਵਿੱਚ ਆਪਣੇ ਦੋਸਤ ਦੇ ਕਮਰੇ ਵਿੱਚ ਸੌਂ ਗਿਆ। ਬੁੱਧਵਾਰ ਸਵੇਰੇ ਕਰੀਬ 7 ਵਜੇ ਉਹ ਰੇਲਿੰਗ ਵੱਲ ਗਿਆ, ਜਿੱਥੇ ਉਹ ਸ਼ੱਕੀ ਹਾਲਾਤ ਵਿੱਚ ਰੇਲਿੰਗ ਤੋਂ ਡਿੱਗ ਪਿਆ ਅਤੇ ਗੰਭੀਰ ਜ਼ਖ਼ਮੀ ਹੋ ਗਿਆ। ਇਸ ਤੋਂ ਬਾਅਦ, ਉਸ ਨੂੰ ਤੁਰੰਤ ਮੈਡੀਕਲ ਕਾਲਜ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਵਿਦਿਆਰਥੀ ਸਾਰਥਕ ਖੰਨਾ ਨੂੰ ਮ੍ਰਿਤਕ ਐਲਾਨ ਦਿੱਤਾ।

# ਹਸਪਤਾਲ ਦੀ ਰੈਨੋਵੇਸ਼ਨ ਦਾ ਕੰਮ ਲਗਭਗ ਮੁਕੰਮਲ



ਸ੍ਰੀ ਕੀਰਤਪੁਰ ਸਾਹਿਬ, 3 ਜੁਲਾਈ (ਬੀ.ਐੱਸ. ਰਾਣਾ): ਪੀ.ਐੱਚ.ਸੀ. ਸ੍ਰੀ ਕੀਰਤਪੁਰ ਸਾਹਿਬ ਦੀ ਰੈਨੋਵੇਸ਼ਨ ਤੇ ਨਵੀਂ ਇਮਾਰਤ ਬਣਨ ਦਾ ਕੰਮ ਲੱਗਭੱਗ ਮੁਕੰਮਲ ਹੋ ਚੁੱਕਿਆ ਹੈ। ਇਸ ਨੂੰ ਜਲਦ ਲੋਕ ਅਰਪਣ ਕੀਤਾ ਜਾਵੇਗਾ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸ੍ਰੀ ਕੀਰਤਪੁਰ ਸਾਹਿਬ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਸਰਬਜੀਤ ਸਿੰਘ ਭਟੋਲੀ ਸਾਬਕਾ ਪ੍ਰਧਾਨ ਟਰੱਕ ਯੂਨੀਅਨ ਕੀਰਤਪੁਰ ਸਾਹਿਬ, ਜਸਵੀਰ ਸਿੰਘ ਰਾਣਾ ਜ਼ਿਲ੍ਹਾ ਸਪੋਰਟਸ ਵਿੰਗ ਪ੍ਰਧਾਨ ਤੇ ਬਲਾਕ ਪ੍ਰਧਾਨ, ਗਫੂਰ ਮੁਹੰਮਦ ਜਨਰਲ ਸਕੱਤਰ ਘੱਟ ਗਿਣਤੀ ਸੈੱਲ ਵੱਲੋਂ ਸਾਂਝੇ ਤੌਰ 'ਤੇ ਕੀਤਾ ਗਿਆ। ਉਨ੍ਹਾਂ ਕਿਹਾ ਕਿ ਹਲਕਾ ਵਿਧਾਇਕ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਵਿਧਾਨ ਸਭਾ ਚੋਣਾਂ 2022 ਤੋਂ ਪਹਿਲਾਂ ਲੋਕਾਂ ਨਾਲ ਵਾਅਦਾ ਕੀਤਾ ਗਿਆ ਸੀ, ਕਿ ਕੀਰਤਪੁਰ ਸਾਹਿਬ ਦੇ ਹਸਪਤਾਲ ਨੂੰ ਇੱਕ ਵਧੀਆ ਹਸਪਤਾਲ ਬਣਾਇਆ ਜਾਵੇਗਾ ਤੇ ਹਸਪਤਾਲ ਦੀ ਖੰਡਰ ਬਣ ਚੁੱਕੀ ਬਿਲਡਿੰਗ ਨੂੰ ਇੱਕ ਨਵੀਂ ਦਿੱਖ ਦਿੱਤੀ ਜਾਵੇਗੀ, ਜਿਸ ਤਹਿਤ ਹਰਜੋਤ ਸਿੰਘ ਬੈਂਸ ਨੇ ਕੀਰਤਪੁਰ ਸਾਹਿਬ ਦੇ ਹਸਪਤਾਲ ਦੀ ਦਸ਼ਾ ਨੂੰ ਸੁਧਾਰਨ ਲਈ ਕਰੀਬ 2 ਕਰੋੜ ਰੁਪਏ ਹਸਪਤਾਲ 'ਤੇ ਖਰਚ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜਿੱਥੇ ਹੁਣ ਉਕਤ ਬਿਲਡਿੰਗ ਦਾ 90 ਫੀਸਦੀ ਕੰਮ ਮੁਕੰਮਲ ਹੋ ਚੁੱਕਿਆ ਹੈ, ਉੱਥੇ ਹੀ ਰਹਿੰਦਾ ਕੰਮ ਆਉਣ ਵਾਲੇ ਕੁਝ ਦਿਨਾਂ ਤੱਕ ਪੂਰਾ ਹੋ ਜਾਵੇਗਾ। ਆਪ ਆਗੂਆਂ ਨੇ ਕਿਹਾ ਕਿ ਪਿਛਲੀਆਂ ਸਰਕਾਰਾਂ ਵੱਲੋਂ ਅਣਦੇਖੇ ਕੀਤੇ ਗਏ ਕੀਰਤਪੁਰ ਸਾਹਿਬ ਦੇ ਮੁੱਢਲੇ ਸਿਹਤ ਕੇਂਦਰ ਨੂੰ ਆਖਰਕਾਰ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਲੋਕਾਂ ਦੇ ਇਲਾਜ ਕਰਨ ਯੋਗ ਬਣਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਤਾਂ ਸਿਰਫ ਆਪਣੇ ਨਾਮ ਦੇ ਉਦਘਾਟਨੀ ਪੱਥਰ ਲਗਾ ਕੇ ਇਸ ਮੁੱਢਲੇ ਸਿਹਤ ਕੇਂਦਰ ਨੂੰ 24 ਘੰਟੇ ਸਿਹਤ ਸਹੂਲਤਾਂ ਦੇਣ ਦਾ ਲੋਕ ਦਿਖਾਵਾ ਕੀਤਾ ਸੀ, ਪਰ ਉਸ ਵਿੱਚ ਜ਼ਰਾ ਵੀ ਸੱਚਾਈ ਨਹੀਂ ਸੀ ਤੇ ਇਸ ਦਾ ਪੋਲ ਜਲਦ ਹੀ ਖੁੱਲ੍ਹ ਗਿਆ ਸੀ। ਉਨ੍ਹਾਂ ਕਿਹਾ ਕਿ ਹੁਣ ਸਾਡੀ ਸਰਕਾਰ ਨੇ ਉਹ ਕਰਕੇ ਦਿਖਾਇਆ ਹੈ ਜੋ ਹਰਜੋਤ ਬੈਂਸ ਨੇ ਕੀਰਤਪੁਰ ਸਾਹਿਬ ਦੇ ਇਲਾਕੇ ਦੇ ਲੋਕਾਂ ਨਾਲ ਚੋਣਾਂ ਤੋਂ ਪਹਿਲਾਂ ਵਾਅਦਾ ਕੀਤਾ ਸੀ। ਉਨ੍ਹਾਂ ਦੱਸਿਆ ਕਿ ਜਿੱਥੇ ਹੁਣ ਹਸਪਤਾਲ ਵਿੱਚ ਆਉਣ ਵਾਲੇ ਮਰੀਜ਼ਾਂ ਲਈ ਵਧੀਆ ਬੈਠਣ ਲਈ ਫਰਨੀਚਰ ਦਾ ਪ੍ਰਬੰਧ ਕੀਤਾ ਜਾਵੇਗਾ, ਉੱਥੇ ਹੀ ਡਾਕਟਰਾਂ ਦੇ ਬੈਠਣ ਲਈ ਸਾਫ-ਸੁਥਰੇ ਕਮਰੇ ਤਿਆਰ ਕੀਤੇ ਜਾ ਰਹੇ ਹਨ। ਇਸ ਮੌਕੇ ਆਪ ਆਗੂਆਂ ਵੱਲੋਂ ਪੀ.ਐੱਚ.ਸੀ. ਸ੍ਰੀ ਕੀਰਤਪੁਰ ਸਾਹਿਬ ਦੇ ਐੱਸ.ਐੱਮ.ਓ. ਡਾ. ਜੰਗਜੀਤ ਸਿੰਘ ਨਾਲ ਵੀ ਮੁਲਾਕਾਤ ਕੀਤੀ ਤੇ ਉਨ੍ਹਾਂ ਤੋਂ ਬਾਕੀ ਰਹਿੰਦੇ ਕੰਮ ਬਾਰੇ ਜਾਣਕਾਰੀ ਹਾਸਲ ਕੀਤੀ। ਇਸ ਮੌਕੇ ਉਨ੍ਹਾਂ ਨਾਲ ਕੁਲਵਿੰਦਰ ਕੌਸ਼ਲ, ਰਜਿੰਦਰ ਸਿੰਘ ਸੈਣੀ, ਗਗਨਦੀਪ ਭਾਰਜ, ਜਸਵਿੰਦਰ ਸਿੰਘ ਵਿੱਕੀ, ਕੁਲਵੰਤ ਸਿੰਘ ਬਲਾਕ ਪ੍ਰਧਾਨ, ਜਤਿੰਦਰ ਜੋਸ਼ੀ ਆਦਿ ਹਾਜ਼ਰ ਸਨ।

# ਪੰਜਾਬ ਦੀ ਤਰੱਕੀ ਦੇ ਰਾਹ ਦੇ ਸਭ ਤੋਂ ਵੱਡੇ ਅੜਿੱਕੇ ਨਸ਼ੇ ਨੂੰ ਹਟਾਉਣ ਲਈ ਲੋਕ ਅੱਗੇ ਆਉਣ: ਵਿਧਾਇਕ ਅਮਰਪਾਲ ਸਿੰਘ



ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 3 ਜੁਲਾਈ (ਡਾ ਨਰਿੰਦਰ ਸਿੰਘ ਘੁਮਾਣ/ ਜਗੀਰ ਸਿੰਘ ਮੰਡ): ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਕਿਸ਼ਨਕੋਟ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਫੈਸਲਾਕੁੰਨ ਲੜਾਈ ਆਰੰਭੀ ਗਈ ਹੈ ਅਤੇ ਸੂਬੇ ਦੀ ਤਰੱਕੀ ਦੇ ਰਾਹ ਵਿੱਚ ਸਭ ਤੋਂ ਵੱਡੇ ਅੜਿੱਕੇ ਨਸ਼ੇ ਨੂੰ ਹਟਾਉਣ ਲਈ ਲੋਕ ਅੱਗੇ ਆਉਣ। ਇਹ ਪ੍ਰਗਟਾਵਾ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਅਪਣੇ ਦਫ਼ਤਰ ਵਿਖੇ ਲੋਕਾਂ ਦੀਆਂ ਮੁਸ਼ਕਿਲ ਸੁਣਨ ਉਪਰੰਤ ਕੀਤਾ। ਇਸ ਮੌਕੇ ਗੱਲ ਕਰਦਿਆਂ ਵਿਧਾਇਕ ਐਡਵੋਕੇਟ ਅਮਰਪਾਲ ਸਿੰਘ ਨੇ ਕਿਹਾ ਕਿ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਪੰਜਾਬ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਸੂਬੇ ਅੰਦਰ ਵਿਕਾਸ ਕਾਰਜ ਕਰਵਾਉਣ ਦੇ ਨਾਲ ਸਮਾਜਿਕ ਬੁਰਾਈ ਨਸ਼ਿਆਂ ਨੂੰ ਖਤਮ ਕਰਨ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਵਿੱਢੀ ਗਈ ਹੈ ਅਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਦੀਆਂ ਜਾਇਦਾਦਾਂ ਕੁਰਕ ਕੀਤੀਆਂ ਜਾ ਰਹੀਆਂ ਹਨ ਅਤੇ ਪੁਲਿਸ ਵਿਭਾਗ ਵੱਲੋਂ ਨਸ਼ਾ ਵੇਚਣ ਵਾਲਿਆਂ ਨਾਲ ਸਖ਼ਤੀ ਨਾਲ ਨਜਿੱਠਿਆ ਜਾ ਰਿਹਾ ਹੈ। ਇਸ ਮੌਕੇ ਪੀ ਏ ਸੁਖਦੇਵ ਸਿੰਘ ਰੋਮੀ, ਪੀ ਏ ਨਵ ਭਿੰਡਰ, ਸਰਪੰਚ ਸੁਖਰਾਜ ਸਿੰਘ ਕਾਹਲੋਂ, ਮਾ ਸੁਖਦੇਵ ਸਿੰਘ ਦਕੋਹਾ, ਸਰਪੰਚ ਗੁਰਮੀਤ ਸਿੰਘ ਪੰਨੂ, ਸਾਬਕਾ ਸਰਪੰਚ ਸਿਕੰਦਰ ਸਿੰਘ ਕਰਨਾਮਾ, ਸੋਸ਼ਲ ਮੀਡੀਆ ਇੰਚਾਰਜ ਮੁਖਤਾਰ ਸਿੰਘ ਬੋਹਜਾ, ਸੀਨੀਅਰ ਯੂਥ ਆਗੂ ਜੋਨੀ ਘੁਮਾਣ, ਬਲਾਕ ਪ੍ਰਧਾਨ ਨਰਿੰਦਰ ਸਿੰਘ ਰੰਧਾਵਾ ਮੰਡਿਆਲਾ, ਸਰਪੰਚ ਜੀਵਨ ਸਿੰਘ ਘੁਮਾਣ, ਸਰਪੰਚ ਨਿਸ਼ਾਨ ਸਿੰਘ ਮੱਲ੍ਹੀ, ਸਰਪੰਚ ਬਲਜੀਤ ਸਿੰਘ ਪੇਜੋਚੱਕ, ਸਰਪੰਚ ਨਿਸ਼ਾਨ ਸਿੰਘ ਪਾਰਸ, ਸੋਸ਼ਲ ਮੀਡੀਆ ਇੰਚਾਰਜ ਸੂਬੇਦਾਰ ਨਰਿੰਦਰ ਸਿੰਘ, ਸੰਗਠਨ ਇੰਚਾਰਜ ਗੁਰਪ੍ਰੀਤ ਸਿੰਘ ਸੋਢੀ, ਸੋਸ਼ਲ ਮੀਡੀਆ ਇੰਚਾਰਜ ਅਤੇ ਸਿਆਸੀ ਸਲਾਹਕਾਰ ਪਰਮਬੀਰ ਸਿੰਘ ਰਾਣਾ ਘੁਮਾਣ, ਸੋਸ਼ਲ ਮੀਡੀਆ ਇੰਚਾਰਜ ਸੁਖਦੇਵ ਸਿੰਘ ਸੱਖੋਵਾਲ, ਬਲਾਕ ਪ੍ਰਧਾਨ ਇਕਬਾਲ ਸਿੰਘ ਭੋਮਾ, ਸਾਬਕਾ ਸਰਪੰਚ ਨਰਿੰਦਰ ਸਿੰਘ ਘੁਮਾਣ, ਅਸ਼ਵਨੀ ਕੁਮਾਰ ਮਿੰਟਾ, ਸਰਪੰਚ ਨਿਰਵੈਰ ਸਿੰਘ ਦਕੋਹਾ, ਠੇਕੇਦਾਰ ਸਤਿੰਦਰ ਸਿੰਘ ਦਕੋਹਾ ਆਦਿ ਹਾਜ਼ਰ ਸਨ।

# ਪੱਤਰਕਾਰ 'ਤੇ ਹਮਲਾ ਕਰਨ ਵਾਲੇ ਛੇ ਪਛਾਤੇ ਤੇ ਤਿੰਨ-ਚਾਰ ਅਣ-ਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ

ਧਾਰੀਵਾਲ, 3 ਜੁਲਾਈ (ਅਸ਼ੋਕ ਕੁਮਾਰ): ਲੜਾਈ-ਝਗੜੇ ਦੀ ਕਵਰੇਜ ਕਰਨ ਗਏ ਪੱਤਰਕਾਰ ਉੱਪਰ ਜਾਨ-ਲੇਵਾ ਹਮਲਾ ਕਰਕੇ ਜਖਮੀ ਕਰਨ ਵਾਲੇ ਛੇ ਪਛਾਤੇ ਅਤੇ 3/4 ਅਣ-ਪਛਾਤੇ ਵਿਅਕਤੀਆਂ ਵਿਰੁੱਧ ਥਾਣਾ ਧਾਰੀਵਾਲ ਦੀ ਪੁਲਿਸ ਨੇ ਕੇਸ ਦਰਜ ਕਰ ਲਿਆ । ਰੋਜਾਨਾ ਪੰਜਾਬੀ ਅਖਬਾਰ ਦੇ ਧਾਰੀਵਾਲ ਤੋਂ ਪੱਤਰਕਾਰ ਨੇ ਪੁਲਿਸ ਨੂੰ ਦੱਸਿਆ ਕਿ 7 ਜੂਨ - ਰਾਤ ਕਰੀਬ 10.00 ਵਜੇ ਮੈਨੂੰ ਕਿਸੇ ਨੇ ਫੋਨ ਕੀਤਾ ਕਿ ਰਾਜੀਵ ਕਾਲੌਨੀ ਧਾਰੀਵਾਲ ਵਿਖੇ ਲੜਾਈ ਝਗੜਾ ਹੋ ਰਿਹਾ ਹੈ, ਜਦ ਮੈਂ ਝਗੜੇ ਵਾਲੇ ਸਥਾਨ ਨੇੜੇ ਪੁੱਜਾ ਤਾਂ ਲੋਕ ਆਪਸ ਵਿੱਚ ਦਸਤੀ ਹਥਿਆਰਾਂ ਨਾਲ ਲੜ ਰਹੇ ਸਨ ਤਾਂ ਮੈਂ ਥਾਣਾ ਧਾਰੀਵਾਲ ਦੀ ਪੁਲਿਸ ਨੂੰ ਸੂਚਿਤ ਕੀਤਾ, ਕਿ ਰਾਜੀਵ ਕਾਲੌਨੀ ਧਾਰੀਵਾਲ ਵਿਖੇ ਲੜਾਈ-ਝਗੜਾ ਹੋ ਰਿਹਾ ਹੈ, ਤਾਂ ਪੁਲਿਸ ਨੂੰ ਸੂਚਿਤ ਕਰਨ ਦੇ ਰੋਸ ਵੱਜੋ ਇੱਕ ਧਿਰ ਦੇ ਸੰਤੋਸ਼, ਕਲੂ, ਦਲੀਪ ਪੁੱਤਰਾਨ ਰੋਬਿਨ ਦਾਸ, ਸ਼ੰਭੂ ਪੁੱਤਰ ਹਰਵਿੰਦਰ, ਦੇਬੂ ਪੁੱਤਰ ਮੰਗਲ ਦਾਸ, ਕਰਨ ਪੁੱਤਰ ਦਲੀਪ ਦਾਸ ਵਾਸੀ ਰਾਜੀਵ ਕਾਲੌਨੀ ਧਾਰੀਵਾਲ ਅਤੇ ਹੋਰ ਤਿੰਨ-ਚਾਰ ਅਣ-ਪਛਾਤੇ ਵਿਅਕਤੀਆਂ ਨੇ ਦਸਤੀ ਹਥਿਆਰਾਂ ਨਾਲ ਪੱਤਰਕਾਰ 'ਤੇ ਹਮਲਾ ਕਰਕੇ ਜਖਮੀ ਕਰ ਦਿੱਤਾ ਅਤੇ ਪੁਲਿਸ ਵੀ ਝਗੜੇ ਵਾਲੀ ਥਾਂ 'ਤੇ ਪਹੁੰਚ ਗਈ ਅਤੇ ਕਿਸੇ ਨੇ ਮੇਰੇ ਪਰਿਵਾਰਕਿ ਮੈਂਬਰਾਂ ਨੂੰ ਸੂਚਿਤ ਕਰ ਦਿੱਤਾ ਤਾਂ ਪਰਿਵਾਰਿਕ ਮੈਂਬਰਾਂ ਨੇ ਮੈਨੂੰ ਇਲਾਜ ਲਈ ਸੀ.ਐਚ.ਸੀ.ਧਾਰੀਵਾਲ ਵਿਖੇ ਦਾਖਲ ਕਰਵਾਇਆ । ਐਸ.ਐਚ.ਓ.ਧਾਰੀਵਾਲ ਪਰਮਿੰਦਰ ਸਿੰਘ ਸਿੱਧੂ ਨੇ ਦੱਸਿਆ ਕਿ ਪੱਤਰਕਾਰ ਦੇ ਬਿਆਨਾਂ ਅਤੇ ਮੈਡੀਕਲ ਰਿਪੋਰਟ ਮੁਤਾਬਿਕ ਸੰਤੋਸ਼, ਕਾਲੂ, ਦਲੀਪ, ਸੰਭੂ, ਦੇਬੂ, ਕਰਨ ਵਾਸੀਆਂਨ ਰਾਜੀਵ ਕਾਲੌਨੀ ਧਾਰੀਵਾਲ ਅਤੇ ਤਿੰਨ-ਚਾਰ ਅਣ-ਪਛਾਤੇ ਵਿਅਕਤੀਆਂ ਵਿਰੁੱਧ ਕੇਸ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ।

# ਸੀ-ਪਾਈਟ ਕੈਂਪ ਵੱਲੋਂ ਅਗਨੀਵੀਰ ਤੇ ਪੰਜਾਬ ਪੁਲਿਸ ਦੀ ਭਰਤੀ ਲਈ ਫਿਜ਼ੀਕਲ ਸਿਖਲਾਈ ਦਾ ਕੈਂਪ ਸ਼ੁਰੂ

ਡੇਰਾ ਬਾਬਾ ਨਾਨਕ, 3 ਜੁਲਾਈ (ਹੈਪੀ ਕੋਟਲੀ): ਪੰਜਾਬ ਸਰਕਾਰ ਦੇ ਅਦਾਰੇ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵੱਲੋਂ ਜ਼ਿਲ੍ਹਾ ਗੁਰਦਾਸਪੁਰ, ਪਠਾਨਕੋਟ ਅਤੇ ਤਰਨਤਾਰਨ ਦੇ ਯੁਵਕਾਂ ਲਈ ਅਗਨੀਵੀਰ ਅਤੇ ਪੰਜਾਬ ਪੁਲਿਸ ਦੀ ਭਰਤੀ ਲਈ ਫਿਜ਼ੀਕਲ ਟੈੱਸਟ ਦੀ ਤਿਆਰੀ ਲਈ ਕੈਂਪ ਵਿੱਚ ਦਾਖਲਾ ਸ਼ੁਰੂ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਦੇ ਇੰਚਾਰਜ ਗੁਰਨਾਮ ਸਿੰਘ ਨੇ ਦੱਸਿਆ ਕਿ ਜਿਨ੍ਹਾਂ ਨੌਜਵਾਨਾਂ ਨੇ ਭਾਰਤੀ ਫ਼ੌਜ ਵਿੱਚ ਅਗਨੀਵੀਰ ਅਤੇ ਪੰਜਾਬ ਪੁਲਿਸ ਦੀ ਲਿਖਤੀ ਪ੍ਰੀਖਿਆ ਦਿੱਤੀ ਹੈ ਉਨ੍ਹਾਂ ਲਈ ਸਰੀਰਕ ਸਿਖਲਾਈ ਦਾ ਬੈਚ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵਿਖੇ ਸ਼ੁਰੂ ਹੋ ਗਿਆ ਹੈ। ਉਨ੍ਹਾਂ ਕਿਹਾ ਕਿ ਇਹ ਸਿਖਲਾਈ ਪੰਜਾਬ ਸਰਕਾਰ ਵੱਲੋਂ ਬਿਲਕੁਲ ਮੁਫ਼ਤ ਦਿੱਤੀ ਜਾਵੇਗੀ ਅਤੇ ਸਿਖਲਾਈ ਹਾਸਲ ਕਰਨ ਵਾਲੇ ਨੌਜਵਾਨਾਂ ਲਈ ਮੁਫ਼ਤ ਰਿਹਾਇਸ਼ ਤੇ ਖਾਣੇ ਦਾ ਪ੍ਰਬੰਧ ਵੀ ਸਰਕਾਰ ਵੱਲੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜਿਹੜੇ ਨੌਜਵਾਨ ਇਸ ਸਿਖਲਾਈ ਵਿੱਚ ਭਾਗ ਲੈਣਾ ਚਾਹੁੰਦੇ ਹਨ, ਉਹ ਆਪਣੇ ਸਾਰੇ ਅਸਲ ਸਰਟੀਫਿਕੇਟ ਤੇ ਉਨ੍ਹਾਂ ਦੀਆਂ 2-2 ਫ਼ੋਟੋ ਕਾਪੀਆਂ ਸਮੇਤ ਆਨ-ਲਾਈਨ ਰਜਿਸਟ੍ਰੇਸ਼ਨ ਦੀ ਕਾਪੀ ਅਤੇ 4 ਪਾਸਪੋਰਟ ਸਾਈਜ਼ ਫ਼ੋਟੋਆਂ ਲੈ ਕੇ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ (ਗੁਰਦਾਸਪੁਰ) ਵਿੱਚ ਰਿਪੋਰਟ ਕਰ ਸਕਦੇ ਹਨ।

# 9 ਨੂੰ ਚੰਡੀਗੜ੍ਹ ਮੁੱਖ ਦਫਤਰ ਮਿਲਕਫੈਡ ਤੇ ਚੇਅਰਮੈਨ ਦੀ ਕੋਠੀ ਦਾ ਘਿਰਾਓ



ਬਟਾਲਾ, 3 ਜੁਲਾਈ (ਸੁਖਦੇਵ ਸਿੰਘ ਰੰਧਾਵਾ/ਬਲਬੀਰ ਸੋਹਲ): ਵੇਰਕਾ ਕੈਟਲ ਫੀਲ ਪਲਾਂਟ ਘਣੀਆਂ ਕੇ ਬਾਂਗਰ ਆਊਟਸੋਰਸ ਯੂਨੀਅਨ ਵੱਲੋਂ ਗੇਟ ਰੈਲੀ ਕੀਤੀ ਗਈ। ਗੱਲਬਾਤ ਕਰਦਿਆਂ ਪ੍ਰਧਾਨ ਜਗਜੀਤ ਸਿੰਘ ਨੇ ਦੱਸਿਆ ਕਿ ਪਿਛਲੇ ਦਿਨਾਂ ਮਿਲਕਫੈਡ ਐਮ ਡੀ ਰਾਹੁਲ ਗੁਪਤਾ ਨੂੰ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਮੰਗ ਪੱਤਰ ਸੌਂਪਿਆ ਸੀ ਅਜੇ ਤੱਕ ਉਸ ਮੰਗਾਂ ਦੇ ਉੱਤੇ ਕੋਈ ਸੁਣਵਾਈ ਨਹੀਂ ਹੋਈ ਅਤੇ ਸੂਬਾ ਕਮੇਟੀ ਨੇ ਮੀਟਿੰਗ ਕਰਕੇ ਐਲਾਨ ਕਰ ਦਿੱਤਾ 9 ਜੁਲਾਈ ਨੂੰ ਮਿਲਕ ਫੈਡ ਚੇਅਰਮੈਨ ਦੀ ਕੋਠੀ ਦਾ ਘਿਰਾਓ ਤੇ ਚੰਡੀਗੜ੍ਹ ਮੁੱਖ ਦਫਤਰ ਮਿਲਕਫੈਡ ਦਾ ਘਿਰਾਓ ਕੀਤਾ ਜਾਵੇਗਾ। ਸਮੂਹ ਪੰਜਾਬ ਦੇ ਪਲਾਂਟਾਂ ਦੇ ਵਰਕਰ 100% ਗਿਣਤੀ ਦੇ ਨਾਲ ਮਿਲਕਫੈਡ ਚੇਅਰਮੈਨ ਦੀ ਕੋਠੀ ਦਾ ਘਿਰਾਓ ਕਰਨਗੇ, ਤੇ ਪਲਾਂਟਾਂ ਦਾ ਜੋ ਵੀ ਨੁਕਸਾਨ ਹੋਊਗਾ ਉਸ ਦੀ ਜਿੰਮੇਵਾਰੀ ਮੈਨੇਜਮੈਂਟ ਅਤੇ ਮਿਲਕਫੈਡ ਚੇਅਰਮੈਨ ਦੀ ਹੋਵੇਗੀ। ਵੇਰਕਾ ਕੈਟਲ ਫੀਡ ਪਲਾਂਟ ਘਣੀਏ ਕੇ ਬਾਂਗਰ ਤੋਂ ਵੀ ਵੱਡੇ ਕਾਫਲੇ ਦੇ ਨਾਲ ਵਰਕਰ ਚੰਡੀਗੜ੍ਹ ਨੂੰ ਰਵਾਨਾ ਹੋਣਗੇ। ਇਸ ਮੌਕੇ 'ਤੇ ਹਰਚਰਨ ਸਿੰਘ ਕਲਸੀ ਗੁਰਪਾਲ ਸਿੰਘ ਜਨਰਲ ਸਕੱਤਰ ਨਵਤੇਜ ਸਿੰਘ ਜਸਦੇਵ ਸਿੰਘ ਮਲਕੀਤ ਸਿੰਘ ਬਲਜੀਤ ਸਿੰਘ ਅਮਨਦੀਪ ਸਿੰਘ ਗੁਰਵਿੰਦਰ ਸਿੰਘ ਤ੍ਰਲੋਕ ਸਿੰਘ ਰਾਹੁਲ ਕੁਮਾਰ ਗੁਰਦੀਪ ਸਿੰਘ ਅਰਜਿੰਦਰ ਸਿੰਘ ਸੁਖਜਿੰਦਰ ਸਿੰਘ ਮਨਜੀਤ ਸਿੰਘ ਜਸਵਿੰਦਰ ਸਿੰਘ ਬਲਵਿੰਦਰ ਸਿੰਘ ਅਮਰਜੀਤ ਸਿੰਘ ਮੈਡਮ ਦਵਿੰਦਰ ਕੌਰ ਮਨਿੰਦਰ ਕੌਰ ਪਲਕਪ੍ਰੀਤ ਕੌਰ ਗੁਰਪ੍ਰੀਤ ਕੌਰ ਪ੍ਰਭਜੋਤ ਕੌਰ ਕਵਲਜੀਤ ਕੌਰ ਮੈਡਮ ਮਿੰਦੋ ਮੈਡਮ ਚਰਨਜੀਤ ਕੌਰ ਮੈਡਮ ਰਾਜਵਿੰਦਰ ਕੌਰ ਗੁਰਵਿੰਦਰ ਕੌਰ ਕਿਰਨਦੀਪ ਕੌਰ ਆਦਿ ਹਾਜਰ ਸਨ।

# ਰੁੱਤ ਦੇ ਪਹਿਲੇ ਮੀਂਹ ਨੇ ਕੀਤੀ ਜਲ ਥਲ, ਸੜਕਾਂ ਨੇ ਧਾਰਿਆ ਨਹਿਰਾਂ ਦਾ ਰੂਪ



ਚੌਂਕ ਮਹਿਤਾ, 3 ਜੁਲਾਈ (ਬਲਜਿੰਦਰ ਸਿੰਘ ਰੰਧਾਵਾ): ਇਸ ਵਰ੍ਹੇ ਦੀ ਮਾਨਸੂਨ ਦੇ ਪਹਿਲੇ ਮੀਂਹ ਨੇ ਇਲਾਕੇ ਵਿੱਚ ਜਲ ਥਲ ਕਰ ਦਿੱਤੀ। ਭਾਵੇਂ ਕਿ ਇਸ ਮੀਂਹ ਨਾਲ ਕਿਸਾਨਾਂ ਨੂੰ ਝੋਨੇ ਦੀ ਲਵਾਈ ਵਿੱਚ ਸੌਖ ਮਹਿਸੂਸ ਹੋਈ ਅਤੇ ਬਿਜਲੀ ਬੋਰਡ ਨੇ ਵੀ ਸੁੱਖ ਦਾ ਸਾਹ ਲਿਆ ਹੈ, ਪਰ ਅੱਜ ਸਵੇਰੇ ਕੁੱਝ ਮਿੰਟਾਂ ਦੀ ਪਹਿਲੀ ਬਰਸਾਤ ਨੇ ਰੰਗ ਦਿਖਾਇਆ ਅਤੇ ਮਹਿਤਾ ਚੌਕ ਕਸਬੇ ਦੀਆਂ ਸੜਕਾਂ ਨੇ ਨਹਿਰਾਂ ਦਾ ਰੂਪ ਧਾਰਨ ਕਰ ਲਿਆ। ਜ਼ੋਰਦਾਰ ਮੀਂਹ ਕਾਰਨ ਇਸ ਕਸਬੇ ਦੀਆਂ ਮੁੱਖ ਸੜਕਾਂ ਦੇ ਨਾਲ ਨਾਲ ਗਲੀਆਂ ਬਜ਼ਾਰਾਂ ਵਿੱਚ ਪਿਆ ਸੀਵਰੇਜ਼ ਮੀਂਹ ਦੇ ਪਾਣੀ ਦਾ ਵਹਾਅ ਸਹਿਣ ਨਹੀਂ ਕਰ ਸਕਿਆ ਅਤੇ ਸਾਰੇ ਪਾਸੇ ਪਾਣੀ ਹੀ ਪਾਣੀ ਨਜ਼ਰ ਆ ਰਿਹਾ ਸੀ। ਵਰਨਣਯੋਗ ਹੈ ਕਿ ਪਿਛਲੇ ਦਿਨੀਂ ਸਰਕਾਰ ਵੱਲੋਂ ਇਸ ਕਸਬੇ ਦੀਆਂ ਮੁੱਖ ਸੜਕਾਂ ਤੋਂ ਨਜਾਇਜ਼ ਕਬਜ਼ੇ ਅਤੇ ਸੜਕ ਵਿਚਕਾਰ ਬਣੇ ਡੀਵਾਈਡਰ ਨੂੰ ਹਟਾ ਕੇ ਸੜਕ ਨੂੰ ਵਾਹਨਾਂ ਦੀ ਆਵਾਜਾਈ ਲਈ ਖੁੱਲ੍ਹਾ ਕੀਤਾ ਗਿਆ ਸੀ, ਪਰ ਸ਼ਾਇਦ ਸਰਕਾਰ ਸੜਕ ਦੇ ਕਿਨਾਰਿਆਂ 'ਤੇ ਪਾਣੀ ਦੇ ਨਿਕਾਸ ਲਈ ਸੀਵਰੇਜ਼ ਦੇ ਹੋਲ ਪਾਉਣਾ ਭੁੱਲ ਗਈ। ਸਰਕਾਰ ਦੀ ਇਸ ਗਲਤੀ ਦੇ ਨਾਲ ਨਾਲ ਬਹੁਤੇ ਦੁਕਾਨਦਾਰਾਂ ਵੱਲੋਂ ਆਪਣੀਆਂ ਦੁਕਾਨਾਂ ਅੱਗੇ ਉਸਾਰੇ ਵਡੇ ਵਡੇ ਥੜ੍ਹੇ ਵੀ ਪਾਣੀ ਦਾ ਨਿਕਾਸ ਨਹੀਂ ਹੋਣ ਦੇਣ ਰਹੇ । ਇਸ ਬਾਰੇ ਪਿੰਡ ਦੇ ਸਰਪੰਚ ਸ੍ਰੀ ਅਜੇ ਗਾਂਧੀ ਦਾ ਕਹਿਣਾ ਹੈ ਕਿ ਜਲਦੀ ਹੀ ਸੜਕਾਂ ਦੇ ਕਿਨਾਰਿਆਂ ਦੇ ਨਾਲ ਨਾਲ ਪਾਣੀ ਦੇ ਨਿਕਾਸ ਲਈ ਸੀਮੇਂਟ ਦੇ ਚੈਨਲ ਅਤੇ ਲੋਕਿੰਗ ਟਾਈਲਾਂ ਲਾ ਕੇ ਪੈਦਲ ਚੱਲਣ ਵਾਲਿਆਂ ਲਈ ਫੁਟਪਾਥ ਬਣਾ ਦਿੱਤਾ ਜਾਵੇਗਾ। ਇੱਧਰ ਸਥਾਨਕ ਲੋਕਾਂ ਦੀ ਮੰਗ ਹੈ ਕਿ ਸੜਕ ਦੇ ਪਾਣੀ ਦੇ ਨਿਕਾਸ ਲਈ ਜਲਦੀ ਤੋਂ ਜਲਦੀ ਪੁੱਖਤਾ ਪ੍ਰਬੰਧ ਕੀਤੇ ਜਾਣ, ਤਾਂ ਜੋ ਨਵੀਂ ਬਣੀ ਸੜਕ 'ਤੇ ਪਾਣੀ ਨਾ ਇੱਕਠਾ ਹੋ ਸਕੇ।

# ਸਿਵਲ ਸਰਜਨ ਵੱਲੋਂ ਸਰਕਾਰੀ ਹਸਪਤਾਲ ਦਾ ਅਚਨਚੇਤ ਦੌਰਾ

ਫਤਹਿਗੜ੍ਹ ਚੂੜੀਆਂ, 3 ਜੁਲਾਈ (ਰਾਜਨ ਸ਼ਰਮਾ): ਸਿਵਲ ਸਰਜਨ ਗੁਰਦਾਸਪੁਰ ਡਾਕਟਰ ਜਸਵਿੰਦਰ ਸਿੰਘ ਜੀ ਵੱਲੋਂ ਸੀ ਐਚ ਸੀ ਫਤਹਿਗੜ੍ਹ ਚੂੜੀਆਂ ਦਾ ਅਚਨਚੇਤ ਦੌਰਾ ਕੀਤਾ ਅਤੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ 'ਤੇ ਉਨ੍ਹਾਂ ਮਰੀਜ਼ਾਂ ਨੂੰ ਦਿੱਤੀਆਂ ਜਾ ਰਹੀਆਂ ਸਿਹਤ ਸਹੂਲਤਾਂ ਦੀ ਸਮੀਖਿਆ ਕੀਤੀ ਅਤੇ ਜ਼ਰੂਰੀ ਦਿਸ਼ਾ ਨਿਰਦੇਸ਼ ਜਾਰੀ ਕੀਤੇ ਅਤੇ ਓਟ ਸੈਂਟਰ ਤੇ ਐਮ ਸੀ ਐਚ ਸੇਵਾਵਾਂ ਦਾ ਜਾਇਜ਼ਾ ਲਿਆ। ਉਨ੍ਹਾਂ ਸਿਹਤ ਸੰਸਥਾ ਵੱਲੋਂ ਕੀਤੇ ਪ੍ਰਬੰਧਾਂ 'ਤੇ ਤਸੱਲੀ ਪ੍ਰਗਟ ਕੀਤੀ। ਉਨ੍ਹਾਂ ਸਮੂਹ ਸਟਾਫ ਨੂੰ ਹਦਾਇਤ ਕੀਤੀ ਕਿ ਦਵਾਈਆਂ ਦਾ ਪੂਰਾ ਸਟਾਕ ਰੱਖਿਆ ਜਾਵੇ ਜ਼ਰੂਰੀ ਟੈਸਟ ਕਿੱਟਾਂ, ਐਮਰਜੈਂਸੀ ਕਿੱਟਾਂ ਸਟਾਕ ਵਿੱਚ ਰੱਖੀਆਂ ਜਾਣ। ਇਸ ਮੌਕੇ 'ਤੇ ਡਾਕਟਰ ਸੁਖਪ੍ਰੀਤ ਸਿੰਘ, ਡਾਕਟਰ ਮਨਦੀਪ ਸਿੰਘ ਸਿੱਧੂ, ਡਾਕਟਰ ਗੁਰਪਾਲ ਸਿੰਘ, ਡਾਕਟਰ ਨਵਨੀਤ ਕੌਰ, ਜੋਗਾ ਸਿੰਘ ਬੀ, ਈ, ਈ ਅਰੁਣ ਕੁਮਾਰ, ਸੁਮੀਤ ਪਾਲ ਕੌਰ, ਸਤਿੰਦਰਪਾਲ ਕੌਰ ਸੁਖਜੀਤ ਕੌਰ, ਨਵਦੀਪ ਕੌਰ ਫਾਰਮੇਸੀ ਅਫ਼ਸਰ, ਅਤੇ ਸਮੂਹ ਸੀਐਚਸੀ ਦਾ ਸਟਾਫ ਹਾਜ਼ਰ ਸੀ।



# ਭਾਸ਼ਾ ਵਿਭਾਗ ਵੱਲੋਂ ਉਰਦੂ ਕੋਰਸ ਦਾ ਨਵਾਂ ਸੈਸ਼ਨ ਆਰੰਭ

ਸ਼ਹੀਦ ਭਗਤ ਸਿੰਘ ਨਗਰ, 3 ਜੁਲਾਈ (ਸੁਖਦੇਵ ਸਿੰਘ ਉੜਾਪੜ): ਪੰਜਾਬ ਸਰਕਾਰ ਦਾ ਅਦਾਰਾ ਭਾਸ਼ਾ ਵਿਭਾਗ ਪੰਜਾਬ ਜਿੱਥੇ ਪੰਜਾਬੀ ਭਾਸ਼ਾ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਅਨੇਕ ਤਰ੍ਹਾਂ ਦੇ ਉਪਰਾਲੇ ਕਰਦਾ ਹੈ, ਉੱਥੇ ਹੀ ਹੋਰ ਭਾਸ਼ਾਵਾਂ ਦੇ ਕਲਾਸਕੀ ਸਾਹਿਤ ਦੇ ਪੰਜਾਬੀ ਅਨੁਵਾਦ ਰਾਹੀਂ ਪੰਜਾਬੀ ਪਾਠਕਾਂ ਦੀ ਸਾਂਝ ਵਿਸ਼ਵ ਸਾਹਿਤ ਨਾਲ ਵੀ ਪਵਾਉਂਦਾ ਹੈ। ਭਾਸ਼ਾ ਵਿਭਾਗ ਦੁਆਰਾ ਪੰਜਾਬ ਵਿੱਚ ਸਾਹਿਤਿਕ ਅਤੇ ਦਫ਼ਤਰੀ ਲੋੜਾਂ ਲਈ ਉਰਦੂ ਭਾਸ਼ਾ ਦੇ ਗਿਆਨ ਦੇ ਮਹੱਤਵ ਨੂੰ ਧਿਆਨ ਵਿੱਚ ਰੱਖਦੇ ਹੋਏ, ਜ਼ਿਲ੍ਹਾ ਭਾਸ਼ਾ ਦਫ਼ਤਰਾਂ ਵਿੱਚ ਉਰਦੂ ਦੀ ਸਿੱਖਿਆ ਦਾ ਪ੍ਰਬੰਧ ਕੀਤਾ ਗਿਆ ਹੈ। ਵਿਭਾਗ ਦੁਆਰਾ ਉਰਦੂ ਸਿੱਖਣ ਦੇ ਚਾਹਵਾਨ ਵਿਅਕਤੀਆਂ ਲਈ ਸ਼ਹੀਦ ਭਗਤ ਸਿੰਘ ਨਗਰ ਵਿਖੇ ਉਰਦੂ ਕੋਰਸ ਦਾ ਅਗਲਾ ਸ਼ੈਸ਼ਨ ਜੁਲਾਈ 2025 ਤੋਂ ਸ਼ੁਰੂ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੰਦੀਪ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਰਦੂ ਦੇ ਇਸ ਕੋਰਸ ਲਈ ਕੋਈ ਟਿਊਸ਼ਨ ਫੀਸ ਨਹੀਂ ਲਈ ਜਾਂਦੀ। ਇਸ ਕੋਰਸ ਦੀ ਮਿਆਦ 6 ਮਹੀਨੇ ਹੈ। ਕਿਸੇ ਵੀ ਉਮਰ ਵਰਗ ਦਾ ਵਿਅਕਤੀ ਇਸ ਕੋਰਸ ਵਿੱਚ ਦਾਖਲਾ ਲੈ ਸਕਦਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਸਮੇਂ ਦੌਰਾਨ ਕੇਂਦਰ ਦੇ ਅਨੇਕ ਸਿਖਿਆਰਥੀਆਂ ਨੇ ਉਰਦੂ ਭਾਸ਼ਾ ਦੀ ਸਿੱਖਿਆ ਹਾਸਿਲ ਕੀਤੀ ਹੈ। ਇਸ ਕਲਾਸ ਲਈ ਵਿਭਾਗ ਵੱਲੋਂ ਕਾਬਿਲ ਉਰਦੂ ਅਧਿਆਪਕ ਦਾ ਪ੍ਰਬੰਧ ਕੀਤਾ ਗਿਆ ਹੈ।

# ਅਧੂਰੇ ਪਏ ਕੰਮ ਜਲਦ ਹੋਣਗੇ ਪੂਰੇ: ਪਵਨ ਟੀਨੂ

ਭੋਗਪੁਰ, 3 ਜੁਲਾਈ (ਅਮਰਜੀਤ ਸਿੰਘ ਸੈਣੀ ਜੰਡੀਰ): ਆਮ ਆਦਮੀ ਪਾਰਟੀ ਦੀ ਖਾਸ ਮੀਟਿੰਗ ਪੰਜਾਬ ਸਟੇਟ ਐਗਰੀਕਲਚਰ ਡਿਪਾਰਟਮੈਂਟ ਦੇ ਚੇਅਰਮੈਨ ਪਵਨ ਕੁਮਾਰ ਟੀਨੂ ਨੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਜਲੰਧਰ ਦੇ ਪ੍ਰਸ਼ਾਸਨਿਕ ਅਧਿਕਾਰੀਆਂ ਅਤੇ ਹੋਰ ਵੀ ਕਈ ਵਿਭਾਗਾਂ ਦੇ ਅਧਿਕਾਰੀਆਂ ਦੇ ਨਾਲ ਮੁਲਾਕਾਤ ਕੀਤੀ। ਉਨ੍ਹਾਂ ਕਿਹਾ ਕਿ ਆਦਮਪੁਰ ਫਲਾਈਓਵਰ ਦਾ ਕੰਮ ਜੋ ਕਿ ਪਿਛਲੇ 6 ਸਾਲ ਤੋਂ ਰੁਕਿਆ ਹੋਇਆ ਹੈ ਨੂੰ ਜਲਦ ਤੋਂ ਜਲਦ ਸ਼ੁਰੂ ਕਰਨਾ ਹੈ। ਉਹਨਾਂ ਕਿਹਾ ਕਾਂਗਰਸ ਦੇ ਰਾਜ ਵਿੱਚ ਸਿਆਸੀ ਕਾਰਨਾ ਕਰਕੇ ਪੁਲ ਦਾ ਕੰਮ ਰੋਕ ਦਿੱਤਾ ਗਿਆ ਸੀ ਅਤੇ ਠੇਕੇਦਾਰ ਕੰਮ ਛੱਡ ਕੇ ਚਲੇ ਗਏ ਸਨ। ਉਹਨਾਂ ਦੱਸਿਆ ਕਿ ਪੁਲ 'ਤੇ ਕੰਮ ਸਬੰਧੀ ਪੰਜਾਬ ਸਰਕਾਰ ਨੂੰ ਪੱਤਰ ਵੀ ਲਿਖਿਆ ਗਿਆ ਹੈ। ਪੁੱਲ ਦੇ ਅਧੂਰੇ ਪਏ ਕੰਮ ਕਰਕੇ ਸਿਰਫ ਆਦਮਪੁਰ ਦੇ ਲੋਕਾਂ ਨੂੰ ਹੀ ਨਹੀਂ ਪੂਰੇ ਦੇਸ਼ ਦੇ ਰਾਹਗੀਰਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪਵਨ ਕੁਮਾਰ ਟੀਨੂ ਨੇ ਕਿਹਾ ਕੇ ਫਲਾਈਓਵਰ ਦਾ ਕੰਮ ਸ਼ੁਰੂ ਹੋ ਜਾਣਾ ਬਹੁਤ ਜ਼ਰੂਰੀ ਹੈ ਅਤੇ ਇਸ ਦੇ ਸਬੰਧੀ ਸੈਂਟਰ ਸਰਕਾਰ ਨਾਲ ਵੀ ਮੁਲਾਕਾਤ ਕੀਤੀ ਜਾਵੇਗੀ ਅਤੇ ਜਲਦ ਹੀ ਕੰਮ ਨੂੰ ਸ਼ੁਰੂ ਕਰ ਦਿੱਤਾ ਜਾਵੇਗਾ। ਉਹਨਾਂ ਕਿਹਾ ਕਿ ਭੋਗਪੁਰ ਵਿੱਚ ਵੀ ਸੀਵਰੇਜ ਪਾਉਣ ਦਾ ਕੰਮ ਸ਼ੁਰੂ ਕੀਤਾ ਗਿਆ ਸੀ ਜੋ ਕਿ ਅੱਧ ਵਿਚਾਲੇ ਰੁਕਿਆ ਹੋਇਆ ਹੈ। ਉਸ ਨੂੰ ਵੀ ਜਲਦ ਮੁਕੰਮਲ ਕਰ ਦਿੱਤਾ ਜਾਵੇਗਾ।



# ਸ਼ਰਾਬ ਸਮੇਤ ਵਿਅਕਤੀ ਕਾਬੂ

ਕਾਹਨੂੰਵਾਨ, 3 ਜੁਲਾਈ (ਕੁਲਜੀਤ ਸਿੰਘ ਖੋਖਰ): 'ਯੁੱਧ ਨਸ਼ਿਆਂ ਵਿਰੁੱਧ' ਦੇ ਤਹਿਤ ਅਤੇ ਐਸ ਐਸ ਪੀ ਗੁਰਦਾਸਪੁਰ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਨਾਕਾ ਬੰਧੀ ਕਰਕੇ ਜਸਵੰਤ ਸਿੰਘ ਨੂੰ ਕਾਬੂ ਕਰਕੇ ਉਸ ਕੋਲੋਂ 7500ਐਮ ਐਲ ਸ਼ਰਾਬ ਨਜਾਇਜ਼ ਬਰਾਮਦ ਕੀਤੀ ਗਈ। ਜਿਸ 'ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਜੁਰਮ 61=1=14 ਆਬਕਾਰੀ ਐਕਟ ਤਹਿਤ ਥਾਣਾ ਭੈਣੀ ਮੀਆਂ ਖਾਂ ਵਿਖੇ ਰਜਿਸਟਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਐਸ ਐਸ ਪੀ ਗੁਰਦਾਸਪੁਰ ਸ੍ਰੀ ਅਦਿੱਤਿਆ ਨੇ ਵਸਨੀਕਾਂ ਨੂੰ ਅਪੀਲ ਕੀਤੀ ਕੇ ਗੈਰ / ਕਨੂੰਨੀ ਨਸ਼ਿਆਂ ਦਾ ਕਾਰੋਬਾਰ ਕਰਨ ਵਾਲੇ ਵਿਅਕਤੀਆਂ ਦੀ ਇਤਲਾਹ ਪੁਲਿਸ ਨੂੰ ਦਿੱਤੀ ਜਾਵੇ ਤਾਂ ਜੋ ਕੇ ਉਹਨਾਂ ਖਿਲਾਫ਼ ਕਨੂੰਨੀ ਕਾਰਵਾਈ ਕੀਤੀ ਜਾ ਸਕੇ ਅਗੇ ਉਹਨਾਂ ਕਿਹਾ ਕੇ ਪੁਲਿਸ ਹਮੇਸ਼ਾ ਲੋਕਾਂ ਦੇ ਨਾਲ ਹੈ ਤੇ ਵਚਨ ਬੱਧ ਹੈ।



# ਸਿਰਲੇਖਵਾਰ ਇਸ਼ਤਿਹਾਰ /Classified Advertisement

**(U/o 5 Rule 20 CPC)**
**In the Court of Ms. Lavleen Sandhu Civil Judge Junior Division-2, Moga**
CNR No.PBMO02-002100-2024
Next Date:18.07.2025
CS/1103/2024
State Bank of India
Versus
Sarbjit Singh
Notice to: 1. Sarbjit Singh Father:- Kapoor Singh R/o Patti Sandhu Village Ajitwal, District Moga. 2. Ajmer Singh S/o Kapoor Singh R/o Patti Sandhu, Village Ajitwal District Moga.
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **18.07.2025** at 10:00 A.M. For details logon to https://highcourtchd.gov.in/?mod=district_notice&district=mogacourt
Dated, this day of 02-07-2025
**Sd/- Civil Judge Junior Division-2, Moga**

**(U/o 5 Rule 20 CPC)**
**In the Court of Sh. Pritpal Singh Principal Judge Family Court, Gurdaspur**
CNR No. PBGD01-007739-2024
Next Date:-14-07-2025
HMA-576-2024
Kajal
Versus
Vikram Singh
Notice to: Vikram Singh Father:- Kuldip Singh r/o Village pur Hiran Tehsil and District Hoshiarpur
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **14.07.2025** at 10:00 A.M. For details logon to https://highcourtchd.gov.in/?mod=district_notice&district=Gurdaspur
Dated this day of 30-06-2025
**Sd/- Principal Judge Family Court, Gurdaspur**

**In the Court of Sh. Bikramdeep Singh Judicial Magistrate - Ist Class -2, Patiala**
CNR No.PBPT03-004423-2022
Next Date: 14.08.2025
Detail of offence:- 138 NI Act
Onkar Singh Kasbiha
Versus
Gurpreet Singh
Notice to: Gurpreet Singh Son of Sh. Balvir Singh Resident of HNO.34, New Green Park Colony, Patiala, Tehsil and District Patiala
In above titled Petition the accused could not be served. It is ordered that accused should appear in person or through counsel on **14.08.2025** at 10:00 A.M. For details logon to https://highcourtchd.gov.in/?mod=district_notice&district=patiala
Dated, this day of 01-07-2025
**Sd/- Judicial Magistrate - Ist Class -2, Patiala**

**In the Court of Sh. Sukhmandeep Singh Judicial Magistrate First Class-3, Abohar**
CNR No.PBFZE1-0038782024
Next Date: 12.08.2025
NACT/1166/2024
Detail of offence:- 138 NI Act
Krishan Lal
Versus
M/s Chawla Crops Science Etc
Notice to: Amit Kumar Chawla S/o Kewal Krishan Chawla Proprietor of M/s Chawla Crop Science R/o House No. 1769 Street No. 14-15 Backside Wear-Well Tehsil Abohar Distt. Fazilka
In above titled Petition the accused could not be served. It is ordered that accused should appear in person or through counsel on **12.08.2025** at 10:00 A.M. For details logon to https://highcourtchd.gov.in/?mod=district_notice&district=mogacourt
Dated, this day of 02-07-2025
**Sd/- Judicial Magistrate First Class-3, Abohar**

**Civil Courts Ludhiana**
**In the Court of Ms. Dazy Bangarh Civil Judge (Senior Division), Ludhiana**
CNR No.PBLD02-007372-2024
Peshi : 04.08.2025
**Publication Notice (App For Restoration)**
State Bank of India
Versus
Dalip Kumar & Ors.
Notice to: 1. Shri Dalip Kumar, Prop M/s Vasan Electric CO., Lakkar Bazar, Kesar Ganj Manji, Opp. State Bank of India, Ludhiana 2. M/s Vasan Electric CO., Lakkar Bazar, Kesar Ganj Manji, OPP. State Bank of India Ludhiana Through its pro. Shri Dalip Kumar
In above titled Petition it has been proved to the satisfaction of the court that the the defendant(s)/respondent(s) above named could not be served in the ordinary way of service. Hence this proclamation under order 5 Rule 20 CPC is hereby issued against him/them and should appear in personally or through their counsel on **04.08.2025** at 09:30 a.m. Take notice that, in default of his/their appearance on the day before mentioned, the above said case will be heard and determined in his/their absence.
Given under my hand and the seal of the court, this 09.05.2025
For details logon to https://highcourtchd.gov.in/?mod=district_notice&district=ludhiana
**Sd/- Civil Judge (Senior Division), Ludhiana**

**(U/o 5 Rule 20 CPC)**
**(Under Guardian and Ward Act)**
**In the Court of Sh. Vijay Kumar Principal Judge Family Court, Amloh (P)**
CNR No.Pbfgf2-000066-2025
Next Date: 06.08.2025
Kuldeep Singh
Versus
General Public
Petition under Section 8 of Guardian and Wards Act, 1890 read with Section 6 of Hindu Minority and Guardian Act
Notice to: General Public
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **06.08.2025** at 10:00 A.M. For details logon to https://highcourtchd.gov.in/?mod=district_notice&district=mogacourt
Dated, this day of 02-07-2025
**Sd/- Principal Judge Family Court, Amloh (P)**

**(U/o 5 Rule 20 CPC)**
**In the Court of Sh. Lavdeep Hundal Civil Judge (Senior Division), Faridkot**
CNR No.PBFD02-000596-2025
Next Date:02.08.2025
Sukhmander Kaur
Versus
General Public
Application u/s 8 of Hindu Minority and Guardianship Act 1956 for the permission to sell the land relating to the minors Mehakpreet Kaur and Navkaranpreet Kaur
Notice to: General Public, Faridkot
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **02.08.2025** at 10:00 A.M. For details logon to https://highcourtchd.gov.in/?mod=district_notice&district=mogacourt
Dated, this day of 02-07-2025
**Sd/- Civil Judge (Senior Division), Faridkot**

**(U/o 5 Rule 20 CPC)**
**(Succession Case)**
**In the Court of Sh. Sachin Yadav Addl.Civil Judge (Sr. Divn.), Chandigarh**
CNR No. CHCH02-001874-2025
Next Date:-12-08-2025
Gaganpreet Singh
Versus
General Public
Petition u/s 372 of Indian Succession Act
Notice to: General Public
In above titled case the defendant(s)/respondent(s) could not be served. It is ordered that defendant(s)/respondent(s) should appear in person or through counsel on **12.08.2025** at 10:00 A.M. For details logon to https://highcourtchd.gov.in/?trs=district_notice&district=Chandigarh
Dated this day of 10-06-2025
**Sd/- Addl.Civil Judge (Sr. Divn.), Chandigarh**

**(U/o 5 Rule 20 CPC)**
**In the Court of Sh. Ajay Pal Singh Additional Civil Judge (Senior Division), Hoshiarpur**
CNR No.PBHO02-002201-2024
Next Date: 18.07.2025
State Bank of India Branch at Bullowal District Hoshiarpur Amongst other Places, Through its Branch Manager and Principal Officer
Versus
Bikram Singh S/o Sh. Paramjit Singh R/o Village Fattowal, P.O Bullowal, Tehsil and District Hoshiarpur
Notice to: Bikram Singh Son:- Sh. Paramjit Singh R/o Village Fattowal, P.O Bullowal, Tehsil and District Hoshiarpur
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **18.07.2025** at 10:00 A.M. For details logon to https://highcourtchd.gov.in/?trs=district_notice&district=Hoshiarpur
Dated, this day of 02-07-2025
**Sd/- Additional Civil Judge (Senior Division),Hoshiarpur**

**(U/o 5 Rule 20 CPC)**
**In the Court of Sh. Rajinder Singh Teji Additional Civil Judge Senior Division-1, Ferozepur**
CNR No.PBFZ02-000797-2024
Next Date: 22.07.2025
CS/443/2024
State Bank of India
Versus
M/s Love Karyana Store
Notice to: 1. M/s Love Karyana Store:- Village Habib Wala Post office Khai Pheme Ke Tehsil and District Ferozepur through its Partners Satnam Singh (Since deceased) S/o Gurdev Singh, through its LR/s i) Saroj Kaur Wife ii) Lovepreet Singh S/o Late Satnam Singh, both R/o Village Habib Wala, Post Office Khai Pheme Ke, Tehsil and District Ferozepur. 2) Saroj Kaur Wife 3.) Lovepreet Singh S/o Late Satnam Singh (Since Deceased), Proprietor of M/s love Karyana Store, both R/o Village Habib Wala, Post Office Khai Pheme Ke, Tehsil and District Ferozepur
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **22.07.2025** at 10:00 A.M. For details logon to https://highcourtchd.gov.in/?mod=district_notice&district=ferozepur
Dated, this day of 12-06-2025
**Sd/- Additional Civil Judge Senior Division-1, Ferozepur**

**(U/o 5 Rule 20 CPC)**
**In the Court of Sh. Kuldeep Singh Civil Judge Jr. Div., Chandigarh**
CNR No.CHCH02-001789-2025
Next Date: 30.07.2025
Saroj Gupta Alias Saroj Goyal
Versus
Vinod Kumar Gupta
Notice to: General Public Chandigarh
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **30.07.2025** at 10:00 A.M. For details logon to https://highcourtchd.gov.in/?trs=district_notice&district=Chandigarh
Dated, this day of 16-06-2025
**Sd/- Civil Judge Jr. Div., Chandigarh**

**(U/o 5 Rule 20 CPC)**
**In the Court of Sh. Kuldeep Singh Civil Judge Jr. Div., Chandigarh**
CNR No.CHCH02-001790-2025
Next Date: 30.07.2025
Vinod Kumar Gupta
Versus
Saroj Gupta Alias Saroj Goyal
Notice to: General Public Chandigarh
In above titled Petition the defendant(s)/respondent(s) could not be served. It is ordered that defendant(s)/respondent(s) should appear in person or through counsel on **30.07.2025** at 10:00 A.M. For details logon to https://highcourtchd.gov.in/?trs=district_notice&district=Chandigarh
Dated, this day of 16-06-2025
**Sd/- Civil Judge Jr. Div., Chandigarh**

## Change of Name

I, Sony D/o Satpal Bhargave VPO Sahri Distt. Hoshiarpur have changed my name From Sony to Sony Bhargave. Concerned Note.,

## ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

---

ਮਿਸਲ ਨੰਬਰ 417/ਟੀ. ਰਜੂਆ 22.08.2024 ਪਿੰਡ ਦਾ ਨਾਮ ਧੂਰਾ ਕਿਸਮ ਕੇਸ ਤਕਸੀਮ
1. ਬਲਵਿੰਦਰ ਸਿੰਘ ਉਮਰ ਕਰੀਬ 55 ਸਾਲ ਪੁੱਤਰ ਜੋਗਿੰਦਰ ਸਿੰਘ ਪੁੱਤਰ ਹਰਚੰਦ ਸਿੰਘ ਵਾਸੀ ਵਾਰਡ ਨੰਬਰ 8 ਬੀ, ਮਕਾਨ ਨੰਬਰ 402, ਧੂਰੀ, ਖੇਵਟਦਾਰ ਪਿੰਡ ਧੂਰਾ, ਤਹਿਸੀਲ ਧੂਰੀ ਜ਼ਿਲ੍ਹਾ ਸੰਗਰੂਰ .....ਸਾਇਲ

ਬਨਾਮ

1.ਗੁਰਨਾਮ ਕੌਰ ਪਤਨੀ ਚਤਿੰਨ ਸਿੰਘ ਪੁੱਤਰ ਸੁੱਚਾ ਸਿੰਘ 2.ਰਵਿੰਦਰ ਸਿੰਘ ਪੁੱਤਰ ਜਸਪਾਲ ਸਿੰਘ ਪੁੱਤਰ ਗੁਰਦੇਵ ਸਿੰਘ 3.ਪਰਮਜੀਤ ਸਿੰਘ ਪੁੱਤਰ ਹਰਦੇਵ ਸਿੰਘ ਪੁੱਤਰ ਗੱਜਨ ਸਿੰਘ 4.ਗੁਰਜੀਤ ਸਿੰਘ ਪੁੱਤਰ ਹਰਦੇਵ ਸਿੰਘ ਪੁੱਤਰ ਗੱਜਨ ਸਿੰਘ 5. ਮੁਖਤਿਆਰ ਸਿੰਘ ਪੁੱਤਰ ਗੱਜਨ ਸਿੰਘ ਪੁੱਤਰ ਸਾਧੂ ਸਿੰਘ 6.ਗੁਰਦੀਪ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਹੌਸਲ ਸਿੰਘ 7 ਹਰਚੰਦ ਸਿੰਘ ਪੁੱਤਰ ਅਰਜਨ ਸਿੰਘ ਪੁੱਤਰ ਹੌਸਲ ਸਿੰਘ 8.ਰਨਜੀਤ ਸਿੰਘ ਪੁੱਤਰ ਮੁਖਤਿਆਰ ਸਿੰਘ ਪੁੱਤਰ ਗੱਜਨ ਸਿੰਘ 9.ਕੁਲਦੀਪ ਸਿੰਘ ਪੁੱਤਰ ਮੁਖਤਿਆਰ ਸਿੰਘ ਪੁੱਤਰ ਗੱਜਨ ਸਿੰਘ 10.ਗੁਰਮੁਖ ਸਿੰਘ ਪੁੱਤਰ ਬਘੇਲ ਸਿੰਘ ਪੁੱਤਰ ਬੰਤ ਸਿੰਘ 11.ਦਵਿੰਦਰ ਸਿੰਘ ਪੁੱਤਰ ਸਤਵਿੰਦਰ ਸਿੰਘ ਪੁੱਤਰ ਹਰਦੇਵ ਸਿੰਘ 12.ਦਲਜੀਤ ਸਿੰਘ ਪੁੱਤਰ ਛੋਟਾ ਸਿੰਘ ਪੁੱਤਰ ਭਗਵਾਨ ਸਿੰਘ 13. ਅਨੀਤਾ ਬਾਂਸਲ ਪਤਨੀ ਬਲੈਤੀ ਰਾਮ ਪੁੱਤਰ ਹਰੀ ਰਾਮ 14. ਮੈਸ.ਐਚ.ਆਰ ਬਾਂਸਲ ਰਾਈਸ ਟਰੇਡਰਜ ਧੂਰਾ,ਧੂਰੀ 15.ਗੁਰਮਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ ਪੁੱਤਰ ਸੁੱਚਾ ਸਿੰਘ 16.ਸੁਖਦੇਵ ਸਿੰਘ ਪੁੱਤਰ ਹਰਵਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ 17.ਅਮਨਜੀਤ ਕੌਰ ਪੁੱਤਰੀ ਹਰਮਿੰਦਰ ਸਿੰਘ ਪੁੱਤਰ ਗੁਰਬਚਨ ਸਿੰਘ 18. ਭੁਪਿੰਦਰ ਕੌਰ ਪੁੱਤਰੀ ਸੁਰਜੀਤ ਸਿੰਘ ਪੁੱਤਰ ਸੁੱਚਾ ਸਿੰਘ 19.ਨਰਿੰਦਰ ਕੌਰ ਪੁੱਤਰੀ ਸੁਰਜੀਤ ਸਿੰਘ ਪੁੱਤਰ ਸੁੱਚਾ ਸਿੰਘ 20.ਨਪਿੰਦਰ ਕੌਰ ਪੁੱਤਰੀ ਸੁਰਜੀਤ ਸਿੰਘ ਪੁੱਤਰ ਸੁੱਚਾ ਸਿੰਘ 21.ਬਲਜਿੰਦਰ ਕੌਰ ਪੁੱਤਰੀ ਸੁਰਜੀਤ ਸਿੰਘ ਪੁੱਤਰ ਸੁੱਚਾ ਸਿੰਘ 22.ਗੁਰਮੀਤ ਕੌਰ ਪਤਨੀ ਪਰਮਜੀਤ ਸਿੰਘ ਪੁੱਤਰ ਹਰਦੇਵ ਸਿੰਘ 23. ਦਲਵੀਰ ਕੌਰ ਪੁੱਤਰੀ ਗੁਰਚਰਨ ਸਿੰਘ ਹਾਲ ਪਤਨੀ ਜਸਵੀਰ ਸਿੰਘ 24. ਮੁਖਤਿਆਰ ਕੌਰ ਪਤਨੀ ਗੁਰਚਰਨ ਸਿੰਘ ਪੁੱਤਰ ਗੱਜਨ ਸਿੰਘ 25.ਬਲਵੀਰ ਕੌਰ ਪੁੱਤਰੀ ਗੁਰਚਰਨ ਸਿੰਘ ਹਾਲ ਪਤਨੀ ਜਸਵੀਰ ਸਿੰਘ 26. ਰਨਪ੍ਰੀਤ ਕੌਰ ਪੁੱਤਰੀ ਪ੍ਰੀਤਮ ਸਿੰਘ ਪੁੱਤਰ ਹਜੂਰਾ ਸਿੰਘ 27. ਅਮਨਦੀਪ ਸਿੰਘ ਪੁੱਤਰ ਪਰਮਜੀਤ ਸਿੰਘ ਪੁੱਤਰ ਹਰਦੇਵ ਸਿੰਘ 28.ਦਰਸ਼ਨ ਸਿੰਘ ਸੰਧੂ ਪੁੱਤਰ ਚਤਿੰਨ ਸਿੰਘ ਪੁੱਤਰ ਸੁੱਚਾ ਸਿੰਘ 29.ਸੁੱਚਾ ਸਿੰਘ ਪੁੱਤਰ ਸਾਧੂ ਸਿੰਘ 30. ਜਸਵਿੰਦਰ ਸਿੰਘ ਪੁੱਤਰਾਨ ਚਤਿੰਨ ਸਿੰਘ ਪੁੱਤਰ ਸੁੱਚਾ ਸਿੰਘ 31. ਹਰਭਜਨ ਕੌਰ ਪੁੱਤਰੀ ਚਤਿੰਨ ਸਿੰਘ ਪੁੱਤਰ ਸੁੱਚਾ ਸਿੰਘ 32. ਮਨਜੀਤ ਕੌਰ ਪਤਨੀ ਜਸਵੀਰ ਸਿੰਘ ਪੁੱਤਰ ਹਰੀ ਸਿੰਘ 33. ਜਗਸੀਰ ਸਿੰਘ ਪੁੱਤਰ ਰਾਜਿੰਦਰ ਸਿੰਘ ਪੁੱਤਰ ਸੇਰ ਸਿੰਘ 34. ਮਨਜੀਤ ਕੌਰ ਪਤਨੀ ਜਸਵਿੰਦਰ ਸਿੰਘ ਪੁੱਤਰ ਚਤਿੰਨ ਸਿੰਘ 35. ਅਮਨਦੀਪ ਗਰਗ ਪੁੱਤਰ ਪ੍ਰੇਮ ਚੰਦ ਪੁੱਤਰ ਚਿਮਨ ਲਾਲ 36. ਸੁਖਵਿੰਦਰ ਸਿੰਘ ਪੁੱਤਰ ਰਾਮ ਸਿੰਘ ਪੁੱਤਰ ਅਮਰ ਸਿੰਘ 37. ਹਰਵਿੰਦਰ ਸਿੰਘ ਪੁੱਤਰ ਰਾਮ ਸਿੰਘ ਪੁੱਤਰ ਅਮਰ ਸਿੰਘ 38. ਰਘਵੀਰ ਸਿੰਘ ਪੁੱਤਰ ਗੁਰਬਚਨ ਸਿੰਘ ਪੁੱਤਰ ਅਮਰ ਸਿੰਘ 39. ਲਖਵੀਰ ਸਿੰਘ ਪੁੱਤਰ ਗੁਰਬਚਨ ਸਿੰਘ ਪੁੱਤਰ ਅਮਰ ਸਿੰਘ 40. ਦਰਸ਼ਨ ਸਿੰਘ ਪੁੱਤਰ ਗੁਰਬਚਨ ਸਿੰਘ ਪੁੱਤਰ ਅਮਰ ਸਿੰਘ ਸਾਰੇ ਵਾਸੀਆਨ ਪਿੰਡ ਧੂਰਾ, ਤਹਿਸੀਲ ਧੂਰੀ, ਜ਼ਿਲ੍ਹਾ ਸੰਗਰੂਰ 41. ਪੰਜਾਬ ਗ੍ਰਾਮੀਣ ਬੈਂਕ, ਬ੍ਰਾਂਚ ਧੂਰੀ (ਰੂਰਲ) 42 ਪੰਜਾਬ ਨੈਸ਼ਨਲ ਬੈਂਕ(ਓਵੀਸੀ) ਧੂਰੀ, ਰਾਹੀਂ ਬ੍ਰਾਂਚ ਮੈਨੇਜਰ, 43.ਐਸ ਬੀ ਆਈ, ਬਰਾਂਚ ਬੇਨੜਾ, ਰਾਹੀਂ ਮੈਨੇਜਰ 44.ਐਕਸਿਸ ਬੈਂਕ,ਬਰਾਂਚ ਧੂਰੀ ਰਾਹੀਂ ਮੈਨੇਜਰ ........ਮਸੂਲਾਨ

ਦਰਖਾਸਤ ਤਕਸੀਮ ਜੇਰ ਧਾਰਾ 111 ਆਫ ਪੰਜਾਬ ਲੈਂਡ ਰੈਵਨਿਊ ਐਕਟ 1887 ਬਾਬਤ ਕੀਤੇ ਜਾਣੇ ਤਕਸੀਮ ਅਰਾਜੀ ਤੈਦਾਦੀ 189 ਬਿੱਘੇ 14 ਬਿੱਸਵੇ ਮਨਦਰਜਾ ਖਾਤਾ ਨੰਬਰ 47/74 ਤੋਂ 87 ਵਾਕਾ ਰਕਬਾ ਪਿੰਡ ਧੂਰਾ ਤਹਿਸੀਲ ਧੂਰੀ ਜ਼ਿਲ੍ਹਾ ਸੰਗਰੂਰ ਬਰੂਏ ਜਮਾਬੰਦੀ ਸਾਲ 2018-2019 ਜਿੱਥੋਂ ਤੱਕ ਇਸ ਅਦਾਲਤ ਨੂੰ ਗਿਆਤ ਹੋ ਸਕਿਆ ਹੈ ਕਿ ਇਸ ਕੇਸ ਵਿਚ ਮਸੂਲਾਨ ਦੀ ਤਲਬੀ ਸਰਸਰੀ ਤਰੀਕੇ ਨਾਲ ਨਹੀਂ ਹੋ ਰਹੀ। ਇਸ ਲਈ ਉਕਤ ਕੇਸ ਵਿੱਚ ਉੱਪਰ ਲਿਖੇ ਮਸੂਲਾਨ ਖੁਦ ਆਪ ਜਾਂ ਉਸ ਵੱਲੋਂ ਕੋਈ ਪੈਰਵੀ ਕਰਨੀ ਚਾਹੁੰਦਾ ਹੈ ਤਾਂ ਕੇਸ ਦੀ ਮੁਕੱਰਰ ਮਿਤੀ 05.08.2025 ਨੂੰ ਸਵੇਰੇ 10:00 ਵਜੇ ਅਸਾਲਤਨ ਜਾਂ ਵਕਾਲਤਨ ਨਿਮਨਹਸਤਾਖਰ ਦੀ ਅਦਾਲਤ ਵਿੱਚ ਮੇਰੇ ਰੂਬਰੂ ਪੇਸ਼ ਹੋ ਕੇ ਪੈਰਵੀ ਕਰ ਸਕਦੇ ਹਨ। ਇਸ ਮਿਤੀ ਤੋਂ ਬਾਅਦ ਕੋਈ ਵੀ ਇਤਰਾਜ ਕਾਬਲੇ ਸਮਾਇਤ ਨਹੀਂ ਹੋਵੇਗਾ। ਅਗਲੀ ਕਾਰਵਾਈ ਹਸਬ ਜਾਬਤਾ ਅਮਲ ਵਿਚ ਲਿਆਂਦੀ ਜਾਵੇਗੀ। ਇਹ ਨੋਟਿਸ ਅੱਜ ਮਿਤੀ 02.07.2025 ਨੂੰ ਮੇਰੇ ਦਸਤਖਤ/ਮੋਹਰ ਰਾਹੀਂ ਜਾਰੀ ਕੀਤਾ ਗਿਆ।
**ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ ਤਹਿਸੀਲਦਾਰ ਧੂਰੀ।**

## ਆਮ ਸੂਚਨਾ

ਮੈਂ, ਹਰਜਿੰਦਰ ਸਿੰਘ ਪੁੱਤਰ ਜਗਜੀਤ ਸਿੰਘ ਵਾਸੀ ਮਕਾਨ ਨੰਬਰ 315 ਗਲੀ ਨੰਬਰ 2-ਜੇ ਵਿਦਿਆ ਨਗਰ ਡਾਕਖਾਨਾ ਪੰਜਾਬੀ ਯੂਨੀਵਰਸਿਟੀ ਕਰ ਹੇੜੀ ਪਟਿਆਲਾ ਸੂਚਿਤ ਕਰਦਾ ਹਾਂ ਕਿ ਮੈਨੂੰ ਹਰਜਿੰਦਰ ਸਿੰਘ ਅਤੇ ਹਰਜਿੰਦਰ ਸਿੰਘ ਰਾਏ ਦੋਵੇਂ ਨਾਵਾਂ ਨਾਲ ਜਾਣਿਆ ਜਾਂਦਾ ਹੈ। ਇਹ ਦੋਵੇਂ ਨਾਮ ਇਕੋ ਹੀ ਵਿਅਕਤੀ ਦੇ ਹਨ।

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

## ਭਰਤੀ ਸੂਚਨਾ
### ਸਥਾਨਕ ਸਰਕਾਰ, ਪੰਜਾਬ
### ਪੀਐਮਆਈਡੀਸੀ

ਭਰਤੀ ਸੂਚਨਾ ਹਵਾਲਾ ਨੰਬਰ : ਪੀਐਮਆਈਡੀਸੀ/07/2025
- ਠੇਕਾ ਆਧਾਰ 'ਤੇ 01 ਸਹਾਇਕ ਪ੍ਰਬੰਧਕ (ਐਚਆਰ) ਅਤੇ 01 ਪ੍ਰਬੰਧਕ (ਐਚਆਰ) ਦੇ ਅਹੁਦਿਆਂ ਅਧੀਨ ਅਰਜ਼ੀਆਂ ਦੀ ਮੰਗ ਕੀਤੀ ਜਾਂਦੀ ਹੈ।
- ਅਰਜ਼ੀਆਂ ਜਮ੍ਹਾਂ ਕਰਨ ਲਈ ਆਖ਼ਰੀ ਮਿਤੀ : 23.07.2025 ਨੂੰ ਸ਼ਾਮ 05.00 ਵਜੇ ਤੱਕ।
- ਵੇਰਵਿਆਂ ਲਈ **https://pmidc.punjab.gov.in** 'ਤੇ ਲਾਗ ਆਨ ਕਰੋ।

ਨੋਟ : ਭਰਤੀ ਸੂਚਨਾ ਵਿਚ ਕੋਈ ਵੀ ਵਾਧਾ/ਸੋਧ (ਾਂ) ਕੇਵਲ ਉਕਤ ਵੈਬਸਾਈਟ 'ਤੇ ਹੀ ਪਾਈ ਜਾਵੇਗੀ।

**ਪ੍ਰਬੰਧਕੀ ਅਧਿਕਾਰੀ**
**ਪੀਐਮਆਈਡੀਸੀ**
**RO. No. PR-Advt.No.: 3743/12/2025-26/843/Dated CHD : 03/07/2025**

ਫਾਰਮ ਨੰ. 3
**[ਦੇਖੋ ਨਿਯਮ-13 (1)(ਏ)]**

**ਕਰਜ਼ ਵਸੂਲੀ ਟ੍ਰਿਬਿਊਨਲ ਮੁੰਬਈ (ਡੀਆਰਟੀ 3)**
**ਪਹਿਲੀ ਮੰਜ਼ਿਲ, ਐਮਟੀਐਨਐਲ ਟੈਲੀਫੋਨ ਐਕਸਚੇਂਜ ਬਿਲਡਿੰਗ, ਸੈਕਟਰ 30-ਏ,**
**ਵਾਸ਼ੀ, ਨਵੀ ਮੁੰਬਈ-400703**
**ਕੇਸ ਨੰ. ਓ ਏ/1612/2024**

**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**

**ਈਐਕਸਐਚ ਨੰ:**

**ਕੇਨਰਾ ਬੈਂਕ**
**ਬਨਾਮ**
**ਜੈਰਥ ਕੋਸਮੇਟਾਲੋਜੀ ਕਲੀਨਿਕ ਪ੍ਰਾਈਵੇਟ ਲਿਮਟਿਡ**

**ਵੱਲ,**
(1) **ਜੈਰਥ ਕੋਸਮੇਟਾਲੋਜੀ ਕਲੀਨਿਕ ਪ੍ਰਾਈਵੇਟ ਲਿਮਟਿਡ**, 14 ਲਿੰਕ ਰੋਡ, ਜਲੰਧਰ-144003, ਪੰਜਾਬ-144001, ਜਲੰਧਰ, ਪੰਜਾਬ-144003 ਵਿਖੇ।
(2) **ਗੀਟਾ ਜੈਰਥ**, 180 ਗਲੀ ਨੰ. 4, ਸੈਂਟਰਲ ਟਾਊਨ ਜਲੰਧਰ, ਜਲੰਧਰ ਸ਼ਹਿਰ ਪੰਜਾਬ ਜਲੰਧਰ, ਪੰਜਾਬ-144001
(3) **ਪ੍ਰਸ਼ਾਂਤ ਜੈਰਥ**, ਮਕਾਨ ਨੰ. 299-300, ਐਲਡੈਕੋ ਗ੍ਰੀਨਜ਼ ਜਲੰਧਰ, ਜਲੰਧਰ ਸ਼ਹਿਰ, ਪੰਜਾਬ ਜਲੰਧਰ, ਪੰਜਾਬ-144001

**ਸੰਮਨ**

ਜਿੱਥੇ ਕਿ, **ਓ ਏ/1612/2024, 16.12.2024** ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।
ਜਿੱਥੇ ਕਿ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁਪਏ** 5,23,58,322.82/- ਦੇ ਕਰਜ਼ੇ ਦੀ ਵਸੂਲੀ ਲਈ ਤੁਹਾਡੇ ਖਿਲਾਫ਼ ਦਾਇਰ (ਓ ਏ) ਕਾਨੂੰਨ ਦੀ ਧਾਰਾ 19 (4) ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾਂਦੀ ਹੈ। (ਦਸਤਾਵੇਜ਼ਾਂ ਆਦਿ ਦੇ ਉਤਾਰਿਆਂ ਸਮੇਤ ਅਰਜ਼ੀ ਨੱਥੀ ਹੈ)
ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿੱਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤੇ ਜਾਂਦੇ ਹਨ:-
(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸੋ ਕਿ ਬਿਨੈ ਕੀਤੀ ਰਾਹਤ ਕਿਉਂ ਜਾਰੀ ਨਾ ਕੀਤੀ ਜਾਵੇ,
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰੋ,
(3) ਤੁਹਾਨੂੰ ਸੁੱਰਖਿਅਤ ਸੰਪੱਤੀਆਂ ਜਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ, ਸੰਪੱਤੀਆਂ ਨੂੰ ਨੱਥੀ ਕਰਨ ਲਈ ਅਰਜ਼ੀ ਦੀ ਲੰਬਿਤ ਸੁਣਵਾਈ ਅਤੇ ਨਿਪਟਾਰੇ ਵਾਲੀਆਂ ਸੰਪੱਤੀਆਂ ਦਾ ਲੈਣ-ਦੇਣ ਜਾਂ ਨਿਪਟਾਰਾ ਕਰਨ ਦੀ ਮਨਾਹੀ ਕੀਤੀ ਜਾਂਦੀ ਹੈ,
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੇ ਜਾਂ ਹੋਰ ਅਸਾਸਿਆਂ ਅਤੇ ਦਰਸਾਈਆਂ ਸੰਪੱਤੀਆਂ ਅਤੇ / ਜਾਂ ਅਸਾਸਿਆਂ ਜਿਨ੍ਹਾਂ ਉਪਰ ਸੁੱਰਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿੱਚੋਂ ਕਿਸੇ ਵੀ ਅਸਾਸੇ ਦਾ ਵਿਕਰੀ, ਲੀਜ਼ ਜਾਂ ਕਿਸੇ ਹੋਰ ਢੰਗ ਦੁਆਰਾ ਵਪਾਰ ਦੇ ਸਧਾਰਣ ਢੰਗ ਤੋਂ ਬਿਨਾਂ ਤਬਾਦਲਾ ਨਹੀਂ ਕਰੋਗੇ,
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿੱਚ ਸੁੱਰਖਿਅਤ ਸੰਪੱਤੀਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਵਸੂਲ ਪਾਈ ਗਈ ਵਿਕਰੀ ਰਕਮ ਦੇ ਖਾਤੇ ਲਈ ਜਵਾਬਦੇਹ ਹੋਵੋਗੇ ਅਤੇ ਅਜਿਹੀ ਵਿਕਰੀ ਵਸੂਲੀ ਦੀ ਰਕਮ ਦਾ ਖਾਤਾ ਅਜਿਹੇ ਅਸਾਸਿਆਂ 'ਤੇ ਸੁਰੱਖਿਆ ਵਿਆਜ ਦੇ ਧਾਰਕ ਬੈਂਕ ਜਾਂ ਵਿੱਤੀ ਸੰਸਥਾਵਾਂ ਵਿੱਚ ਰੱਖੋਗੇ।
ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਲਈ ਪੇਸ਼ ਉਤਾਰੇ ਸਮੇਤ ਲਿਖਤੀ ਬਿਆਨ ਦਰਜ ਕਰਵਾਓ ਅਤੇ 04.08.2025 ਨੂੰ **ਸਵੇਰੇ 10.30 ਵਜੇ** ਰਜਿਸਟਰਾਰ ਕੋਲ ਪੇਸ਼ ਹੋਵੋ, ਜਿਸ ਤੋਂ ਅਸਫ਼ਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿੱਚ ਹੋਵੇਗਾ।
ਪੇਪਰ ਬੁੱਕ ਲਈ ਨਿਮਨਲਿਖਤ ਯੂਆਰਐਲ ਦੇਖੋ : **https://cis.drt.gov.in/drtlive/paperbook.php?ri=202559060626**
ਮਿਤੀ 26.06.2025 ਨੂੰ ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਹੇਠ ਜਾਰੀ।

**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖ਼ਰ**
**(ਸੰਜੀਵ ਜੈਸਵਾਲ)**
**ਰਜਿਸਟਰਾਰ,**
**ਡੀਆਰਟੀ-3, ਮੁੰਬਈ**

ਮੋਹਰ

ਨੋਟ: ਕੱਟ ਦਿਓ, ਜੋ ਵੀ ਲਾਗੂ ਨਾ ਹੋਵੇ।

ਅਸਟੇਟ ਦਫ਼ਤਰ, ਯੂ.ਟੀ., ਚੰਡੀਗੜ੍ਹ
### ਜਨਤਕ ਸੂਚਨਾ
ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਤੋਂ ਪਹਿਲਾਂ।




ਵਿਸ਼ਾ: ਵਪਾਰਕ ਬੈਂਕ ਸਾਈਟ ਨੰਬਰ 272, ਸੈਕਟਰ 32-ਸੀ ਐਂਡ ਡੀ, ਚੰਡੀਗੜ੍ਹ (ਸੀਪੀਐਲ 5813) ਦੇ ਸੰਬੰਧ ਵਿੱਚ ਲੀਜ਼ ਹੋਲਡ ਅਧਿਕਾਰਾਂ ਦਾ ਤਬਾਦਲਾ ਸਵਰਗੀ ਫੂਲ ਚੰਦ ਧੀਮਾਨ ਦੀ ਗੈਰ-ਵਸਨੀ ਮੌਤ ਦੇ ਆਧਾਰ 'ਤੇ 10.00% ਹਿੱਸੇ ਦੀ ਹੱਦ ਤੱਕ।
ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀ/ਸ਼੍ਰੀਮਤੀ ਫੂਲ ਚੰਦ ਧੀਮਾਨ ਵਪਾਰਕ ਬੈਂਕ ਸਾਈਟ ਨੰਬਰ 272, ਸੈਕਟਰ 32-ਸੀ ਐਂਡ ਡੀ, ਚੰਡੀਗੜ੍ਹ ਦੇ 20.00% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹਨ। ਸੋਨਾ ਦੇਵੀ, ਰਾਜੀਵ ਧੀਮਾਨ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀ/ਸ਼੍ਰੀਮਤੀ ਫੂਲ ਚੰਦ ਧੀਮਾਨ ਦੀ ਮੌਤ 28/08/2023 ਨੂੰ ਹੋ ਗਈ ਸੀ ਅਤੇ ਉਹਨਾਂ/ਉਨ੍ਹਾਂ ਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:-

| ਲ.ਨੰ. | ਕਾਨੂੰਨੀ ਵਾਰਸ ਦੇ ਨਾਮ | ਮ੍ਰਿਤਕ ਨਾਲ ਸਬੰਧ |
|---|---|---|
| 1. | ਨੀਰਜ ਧੀਮਾਨ | ਪੁੱਤਰ |
| 2. | ਰਾਜੀਵ ਧੀਮਾਨ | ਪੁੱਤਰ |
| 3. | ਸੰਦੀਪ ਧੀਮਾਨ | ਪੁੱਤਰ |
| 4. | ਸੋਨੇ ਦੇਵੀ | ਪਤਨੀ |

ਹੁਣ, ਸੋਨਾ ਦੇਵੀ, ਰਾਜੀਵ ਧੀਮਾਨ ਨੇ ਵਪਾਰਕ ਬੈਂਕ ਸਾਈਟ ਨੰਬਰ 272, ਸੈਕਟਰ 32-ਸੀ ਐਂਡ ਡੀ, ਚੰਡੀਗੜ੍ਹ ਦੇ ਸੰਬੰਧ ਵਿੱਚ, ਸਵਰਗੀ ਫੂਲ ਚੰਦ ਧੀਮਾਨ ਦੁਆਰਾ ਆਪਣੇ/ਆਪਣੇ/ਆਪਣੇ ਹੱਕ ਵਿੱਚ ਰੱਖੇ ਗਏ 10.00% ਹਿੱਸੇ ਦੀ ਹੱਦ ਤੱਕ ਲੀਜ਼ ਅਧਿਕਾਰਾਂ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ/ਦੇ ਦਿੱਤੀ ਹੈ, ਜੋ ਕਿ ਅਣਵੰਡੀ ਮੌਤ ਦੇ ਆਧਾਰ 'ਤੇ ਹੈ। ਜੇਕਰ ਕਿਸੇ ਕੋਲ ਮ੍ਰਿਤਕ ਦੇ ਉਪਰੋਕਤ ਦੱਸੇ ਗਏ ਤੋਂ ਇਲਾਵਾ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਉਸਨੂੰ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਸੂਚਿਤ ਕੀਤਾ ਜਾ ਸਕਦਾ ਹੈ।
ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ/ਉਹ/ਉਹ ਇਸ ਨੂੰ ਲਿਖਤੀ ਰੂਪ ਵਿੱਚ ਪੇਸ਼ ਕਰ ਸਕਦੇ ਹਨ (ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ ਮੈਜਿਸਟ੍ਰੇਟ ਨੋਟਰੀ ਦੁਆਰਾ ਤਸਦੀਕ ਕੀਤੇ ਹਲਫ਼ਨਾਮੇ ਨਾਲ ਸਮਰਥਤ), ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸਾ ਉਪਰੋਕਤ ਲਾਭਪਾਤਰੀਆਂ ਦੇ ਨਾਮ 'ਤੇ ਇੰਤਕਾਲ ਕੀਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।
**ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਦੀਆਂ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ**

**ਵਸੂਲੀ ਅਧਿਕਾਰੀ-I/II ਦਾ ਦਫ਼ਤਰ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)**
**ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017**

### ਮੰਗ ਸੂਚਨਾ
### ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਨ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ ਸੂਚਨਾ

ਆਰ.ਸੀ./701/2022 31.05.2025

## ਪੰਜਾਬ ਐਂਡ ਸਿੰਧ ਬੈਂਕ ਬਨਾਮ ਸ੍ਰੀਮਤੀ ਅਮਨਦੀਪ ਕੌਰ

**ਵੱਲ,**
(ਸੀਡੀ 1) ਸ੍ਰੀਮਤੀ ਅਮਨਦੀਪ ਕੌਰ ਪਤਨੀ ਸ੍ਰੀ ਅਮਰਦੀਪ ਬਰਾੜ, ਵਾਸੀ ਫਲੈਟ ਨੰ. 214, ਦੂਜੀ ਮੰਜ਼ਿਲ, ਬਲਾਕ-ਬੀ, ਵੈਲਿੰਗਟਨ ਅਸਟੇਟ, ਢਕੋਲੀ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਮੋਹਾਲੀ
(ਸੀਡੀ 2) ਸ੍ਰੀ ਅਮਰਦੀਪ ਬਰਾੜ ਪੁੱਤਰ ਸ੍ਰੀ ਜਸਵਿੰਦਰ ਸਿੰਘ, ਵਾਸੀ ਫਲੈਟ ਨੰ. 214, ਦੂਜੀ ਮੰਜ਼ਿਲ, ਬਲਾਕ-ਬੀ, ਵੈਲਿੰਗਟਨ ਅਸਟੇਟ, ਢਕੋਲੀ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਮੋਹਾਲੀ
(ਸੀਡੀ 3) ਸ੍ਰੀ ਸੰਦੀਪ ਕੁਮਾਰ ਪੁੱਤਰ ਸ੍ਰੀ ਸਤਨਾਮ ਦਾਸ, ਵਾਸੀ ਮਕਾਨ ਨੰ. 166, ਕ੍ਰਿਸ਼ਨਾ ਐਨਕਲੇਵ, ਢਕੋਲੀ, ਐਨਏਸੀ ਜ਼ੀਰਕਪੁਰ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਮੋਹਾਲੀ
ਹੋਰ ਪਤਾ : ਦੁਕਾਨ ਨੰ.9, ਅਨੰਦ ਵਿਹਾਰ, ਬਲਟਾਣਾ
(ਸੀਡੀ 4) ਸ੍ਰੀ ਬਲਜੀਤ ਸਿੰਘ ਸਪੁੱਤਰ ਸ੍ਰੀ ਰਾਮ ਸਿੰਘ ਰੂਪ, ਵਾਸੀ ਫਲੈਟ ਨੰ. 414, ਪੰਜਵੀਂ ਮੰਜ਼ਿਲ, ਬਲਾਕ-ਬੀ, ਵੈਲਿੰਗਟਨ ਅਸਟੇਟ, ਢਕੋਲੀ, ਤਹਿਸੀਲ ਡੇਰਾਬਸੀ, ਜ਼ਿਲ੍ਹਾ ਮੋਹਾਲੀ

ਇਹ ਸੂਚਿਤ ਕੀਤਾ ਜਾਂਦਾ ਹੈ ਕਿ **ਓਏ**/1887/2018 ਵਿਚ ਪ੍ਰਧਾਨਗੀ ਅਧਿਕਾਰੀ, **ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)** ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ 30.07.2018 ਤੋਂ ਪ੍ਰਭਾਵੀ ਸਧਾਰਨ ਸਲਾਨਾ ਵਿਆਜ 10.00% **ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇਬਾਜ਼ੀ ਸਮੇਤ ਰੁ.** 3700716.50 **(ਰੁਪਏ ਸੈਂਤੀ ਲੱਖ ਸੱਤ ਸੌ ਸੋਲਾਂ ਅਤੇ ਪੰਜਾਹ ਪੈਸੇ ਕੇਵਲ) ਦੀ ਰਕਮ ਅਤੇ ਰੁ.** 84000/- **(ਰੁਪਏ ਚੁਰਾਸੀ ਹਜ਼ਾਰ ਕੇਵਲ) ਦੀਆਂ ਲਾਗਤਾਂ ਤੁਹਾਡੇ ਖਿਲਾਫ਼ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।**
2. **ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ** ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਜਿਥੇ ਕਿ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਢੰਗ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ, ਇਸ ਲਈ ਇਸ ਪ੍ਰਕਾਸ਼ਨ ਦੁਆਰਾ ਇਹ ਸੂਚਨਾ ਦੇ ਕੇ ਤੁਹਾਨੂੰ ਨਿਰਦੇਸ਼ ਦਿੱਤਾ ਜਾਂਦਾ ਹੈ ਕਿ **11.11.2025 ਨੂੰ ਸਵੇਰੇ 10.30 ਵਜੇ ਇਸ ਟ੍ਰਿਬਿਊਨਲ ਕੋਲ ਹਾਜ਼ਰ ਹੋਵੋ।**
4. **ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ** ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ:
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
**ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਮਿਤੀ 31.05.2025 ਨੂੰ ਜਾਰੀ।**

**ਵਸੂਲੀ ਅਧਿਕਾਰੀ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ-3)**

**ਸੈਂਟਰਲ ਬੈਂਕ ਆਫ ਇੰਡੀਆ** Central Bank of India CENTRAL TO YOU SINCE 1911
**ਰਿਜਨਲ ਦਫਤਰ, ਕੇ.ਪੀ., ਕੰਪਲੈਕਸ, ਨੇੜੇ ਹੋਟਲ ਪਾਰਕ ਪਲਾਜ਼ਾ ਫਿਰੋਜ਼ਪੁਰ ਰੋਡ, ਲੁਧਿਆਣਾ-141001**

## ਅੰਤਿਕਾ 4 [ਦੇਖੋ ਨਿਯਮ 8 (1)] ਕਬਜ਼ਾ ਸੂਚਨਾ ਸੰਕੇਤਕ ਕਬਜ਼ਾ (ਅਚੱਲ ਸੰਪੱਤੀ ਦੇ ਲਈ)

ਜਿਥੇ ਕਿ, **ਸੈਂਟਰਲ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਨੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਐਕਟ-2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ **ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ (ਾਂ)** ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਮੰਗ ਸੂਚਨਾ ਜਾਰੀ ਕੀਤੀ ਸੀ।
**ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ (ਾਂ)** ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ **ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ (ਾਂ)** ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਉਨ੍ਹਾਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ 2002 ਦੇ ਨਾਲ ਪੜ੍ਹੇ ਜਾਣ ਵਾਲੇ ਦਰਸਾਏ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ/ਆਂ ਦਾ ਕਬਜ਼ਾ ਲੈ ਲਿਆ ਹੈ।
**ਕਰਜ਼ਦਾਰ(ਾਂ)/ਜ਼ਾਮਨ(ਾਂ)/ਗਿਰਵੀਕਾਰ (ਾਂ)** ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ/ਆਂ ਦੀ ਕੋਈ ਵੀ ਸੌਦੇਬਾਜ਼ੀ ਰਕਮ ਅਤੇ ਵਿਆਜ ਦੇ ਲਈ **ਸੈਂਟਰਲ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ(ਾਂ)/ਜ਼ਾਮਨ(ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ ਅਤੇ ਕਰਜ਼ਦਾਰ (ਾਂ)/ ਜ਼ਾਮਨ (ਾਂ) ਦਾ ਨਾਮ | ਸੰਪੱਤੀਆਂ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| **ਸ੍ਰੀਮਤੀ ਜਸਵਿੰਦਰ ਕੌਰ ਸੁਪਤਨੀ ਸ੍ਰੀ ਲਖਵਿੰਦਰ ਸਿੰਘ ਅਤੇ ਜ਼ਾਮਨ ਸ੍ਰੀ ਕ੍ਰਿਸ਼ਨ ਸਿੰਘ ਸਪੁੱਤਰ ਸ੍ਰੀ ਨੱਥੂ ਸਿੰਘ। ਬੀ/ਓ : ਬਾਘਾਪੁਰਾਣਾ** | ਗੋਬਿੰਦ ਨਗਰੀ, ਨੇੜੇ ਖਵਾਜਾ ਪੀਰ ਬਾਘਾਪੁਰਾਣਾ-2, ਜ਼ਿਲ੍ਹਾ ਮੋਗਾ ਵਿਖੇ ਸਥਿਤ ਜਮ੍ਹਾਂਬੰਦੀ ਨੰ. 2008-09 ਦੇ ਅਨੁਸਾਰ ਖਸਰਾ ਨੰ. 141//9 (8-8), ਖੇਵਟ ਨੰ. 402, ਖਤੌਨੀ ਨੰ. 621 ਦੇ ਅਧੀਨ 8 ਕਨਾਲ-0 ਮਰਲੇ ਜ਼ਮੀਨ ਦੇ 4-160 ਹਿੱਸੇ ਵਜੋਂ 4 ਮਰਲੇ ਮਾਪ ਵਾਲਾ ਰਿਹਾਇਸ਼ੀ ਮਕਾਨ। ਸੰਪੱਤੀ ਦੀ ਹੱਦਬੰਦੀ ਨਿਮਨ ਅਨੁਸਾਰ : ਉੱਤਰ : ਕਸ਼ਮੀਰਾ ਸਿੰਘ, ਦੱਖਣ : ਡਾ. ਸਿੰਬਲ ਦੀ ਸੰਪੱਤੀ, ਪੂਰਬ : ਗਲੀ 17' 9", ਪੱਛਮ : ਅਜਮੇਰ ਸਿੰਘ। ਵਿਕਰੀ ਡੀਡ ਨੰ. 3741 ਮਿਤੀ 15.01.2014 ਦੇ ਅਨੁਸਾਰ ਸੰਪੱਤੀ ਦੇ ਮਾਲਕ ਸ੍ਰੀਮਤੀ ਜਸਵਿੰਦਰ ਕੌਰ ਸੁਪਤਨੀ ਸ੍ਰੀ ਲਖਵਿੰਦਰ ਸਿੰਘ (ਰਕਬਾ 121 ਵਰਗ ਗਜ਼) | 01/02/2025 | 01/07/2025 | Rs. 2,76,391.00 31.01.2025 ਤੋਂ ਗਿਣੇ ਜਾਣ ਵਾਲੇ ਮਹੀਨਵਾਰ ਵਿਰਾਮਾਂ 'ਤੇ ਟੀਐਲ-9.35% ਦੀ ਦਰ 'ਤੇ ਵਿਆਜ ਅਤੇ ਖਰਚਿਆਂ ਸਮੇਤ |
| **ਸ੍ਰੀ ਅਮਨਦੀਪ ਸਿੰਘ ਸਪੁੱਤਰ ਸ੍ਰੀ ਮਹਿੰਦਰ ਸਿੰਘ ਅਤੇ ਸ੍ਰੀਮਤੀ ਕ੍ਰਿਸ਼ਨਾ ਦੇਵੀ ਸੁਪਤਨੀ ਸਵ. ਸ੍ਰੀ ਮਹਿੰਦਰ ਸਿੰਘ ਅਤੇ ਜ਼ਾਮਨ ਸ੍ਰੀ ਕੁਲਦੀਪ ਕੁਮਾਰ ਸਪੁੱਤਰ ਸ੍ਰੀ ਦਰਸ਼ਨ ਕੁਮਾਰ। ਬੀ/ਓ : ਬਾਘਾਪੁਰਾਣਾ** | ਬਾਘਾਪੁਰਾਣਾ, ਜ਼ਿਲ੍ਹਾ ਮੋਗਾ, ਪੰਜਾਬ ਵਿਖੇ ਸਥਿਤ ਸਾਲ 2008-09 ਦੇ ਲਈ ਜਮ੍ਹਾਂਬੰਦੀ ਅਨੁਸਾਰ ਖਸਰਾ ਨੰ. 497 (7-10), ਖੇਵਟ ਨੰ. 907, ਖਤੌਨੀ ਨੰ. 1334 ਦੇ ਅਧੀਨ 7 ਕਨਾਲ-10 ਮਰਲੇ ਜ਼ਮੀਨ ਦੇ 45/1350 ਹਿੱਸੇ ਵਜੋਂ 5 ਮਰਲੇ ਮਾਪ ਵਾਲੀ ਸੰਪੱਤੀ (ਮਕਾਨ)। ਹੱਦਬੰਦੀ ਨਿਮਨ ਅਨੁਸਾਰ : ਪੂਰਬ : ਰਜਿੰਦਰ ਸਿੰਘ, ਪੱਛਮ : ਗਲੀ, ਉੱਤਰ : ਨੀਲਮ ਰਾਣੀ, ਦੱਖਣ : ਬਿਸ਼ਨ ਲਾਲ। ਪੰਜੀਕ੍ਰਿਤ ਵਿਕਰੀ ਡੀਡ ਮਿਤੀ 22.02.2011 ਵਸੀਕਾ ਨੰ. 3856 ਦੇ ਅਨੁਸਾਰ ਸੰਪੱਤੀ ਦੇ ਮਾਲਕ ਸ੍ਰੀਮਤੀ ਕ੍ਰਿਸ਼ਨਾ ਦੇਵੀ ਸੁਪਤਨੀ ਸਵ. ਸ੍ਰੀ ਮਹਿੰਦਰ ਸਿੰਘ। | 01/02/2025 | 01/07/2025 | Rs. 3,42,834.75 31.01.2025 ਤੋਂ ਗਿਣੇ ਜਾਣ ਵਾਲੇ ਮਹੀਨਵਾਰ ਵਿਰਾਮਾਂ 'ਤੇ ਟੀਐਲ-9.80% ਦੀ ਦਰ 'ਤੇ ਵਿਆਜ ਅਤੇ ਖਰਚਿਆਂ ਸਮੇਤ |

ਮਿਤੀ : 01.07.2025 ਸਥਾਨ: ਲੁਧਿਆਣਾ ਸਹੀ/- ਅਧਿਕਾਰਤ ਅਧਿਕਾਰੀ

**ਬੈਂਕ ਆਫ ਬੜੌਦਾ** Bank of Baroda
**ਐਮਐਸਐਮਈ ਸ਼ਾਖਾ ਲੁਧਿਆਣਾ**

### ਮੰਗ ਸੂਚਨਾ
### ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ ਐਕਟ) ਦੀ ਧਾਰਾ 13 (2) ਦੇ ਅਧੀਨ

ਸਾਰੇ ਨਿਮਨਲਿਖਤ ਕਰਜ਼ਦਾਰਾਂ/ਜ਼ਾਮਨਾਂ/ਸਹਿ-ਦੇਣਦਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਖਾਤੇ ਅਧੀਨ ਦਰਸਾਏ ਵੇਰਵਿਆਂ ਦੇ ਅਨੁਸਾਰ ਕਰਜ਼ਦਾਰਾਂ ਦੁਆਰਾ ਲਈ ਗਈ ਵਿੱਤੀ ਸਹਾਇਤਾ/ਕਰਜ਼ੇ ਐਨਪੀਏ ਬਣ ਚੁੱਕੇ ਹਨ। **ਬੈਂਕ ਵੱਲੋਂ ਸਰਫਾਇਸੀ ਐਕਟ 2002 ਦੀ ਧਾਰਾ 13(2) ਦੇ ਅਧੀਨ ਮੰਗ ਸੂਚਨਾ ਅਣਸੌਂਪੀ ਪਰਤ ਆਈ।** ਜੇਕਰ ਤੁਸੀਂ ਸੂਚਨਾ/ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਖਾਤੇ ਅਧੀਨ ਦਰਸਾਏ ਸੰਖੇਪ ਵੇਰਵਿਆਂ ਅਨੁਸਾਰ ਬੈਂਕ ਨੂੰ ਰਕਮ ਅਦਾ ਕਰਨ ਵਿਚ ਅਸਫ਼ਲ ਰਹਿੰਦੇ ਹੋ, ਤਾਂ ਬੈਂਕ ਦਰਸਾਏ ਕਾਨੂੰਨ ਦੀਆਂ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਅਤੇ ਧਾਰਾ 13 ਦੀ ਉਪ-ਧਾਰਾ (4) ਦੇ ਅਧੀਨ ਦਰਸਾਏ ਸਾਰੇ ਜਾਂ ਕਿਸੇ ਵੀ ਅਧਿਕਾਰ ਦੀ ਵਰਤੋਂ ਕਰੇਗਾ।

| ਸ਼ਾਖਾ, ਕਰਜ਼ਦਾਰਾਂ/ਜ਼ਾਮਨ/ ਭਾਈਵਾਲਾਂ/ਗਿਰਵੀਕਾਰਾਂ ਦਾ ਨਾਮ | ਸੰਪੱਤੀ/ਵਾਹਨ ਦੇ ਵੇਰਵੇ | ਬਕਾਇਆ ਰਕਮ | ਐਨਪੀਏ ਦੀ ਮਿਤੀ / ਮੰਗ ਸੂਚਨਾ ਦੀ ਮਿਤੀ |
|---|---|---|---|
| **ਕਰਜ਼ਦਾਰ: ਮੈਸਰਜ਼ ਕਥੂਰੀਆ ਸਟੀਲ ਪ੍ਰਾਈਵੇਟ ਲਿਮਟਿਡ, ਆਪਣੇ ਡਾਇਰੈਕਟਰਾਂ ਸ੍ਰੀ ਪਰਮਜੀਤ ਸਿੰਘ ਅਤੇ ਸ੍ਰੀਮਤੀ ਤਜਿੰਦਰ ਕੌਰ # 591, ਓਵਰਲਾਕ ਰੋਡ, ਮਿਲਰਗੰਜ, ਬੀ-21-14316-ਏ, 14377, 14313 (ਪੁਰਾਣਾ 14313/1584) ਰਾਹੀਂ, ਪ੍ਰਭਾਤ ਨਗਰ ਚੌਕ, ਜੀ.ਟੀ. ਰੋਡ, ਲੁਧਿਆਣਾ-141003, ਮੋਬਾਈਲ ਨੰਬਰ 9814022013, ਸੀਆਈਐਨ ਯੂ27104ਪੀਬੀ1993ਪੀਟੀਸੀ012965 (2) ਸ੍ਰੀ ਪਰਮਜੀਤ ਸਿੰਘ ਪੁੱਤਰ ਸਰਦਾਰਾ ਸਿੰਘ, # 441-ਐਲ, ਮਾਡਲ ਟਾਊਨ, ਲੁਧਿਆਣਾ-141001 (3) ਸ੍ਰੀਮਤੀ ਤਜਿੰਦਰ ਕੌਰ ਪਤਨੀ ਪਰਮਜੀਤ ਸਿੰਘ, # 441-ਐਲ, ਮਾਡਲ ਟਾਊਨ, ਲੁਧਿਆਣਾ-141001।** | **ਜਾਇਦਾਦ ਨੰਬਰ 1:** ਉਦਯੋਗਿਕ ਜਾਇਦਾਦ ਦੀ ਬਰਾਬਰੀ ਵਾਲੀ ਗਿਰਵੀਨਾਮਾ ਜਿਸ ਵਿੱਚ 14 ਵਿਕਰੀ ਡੀਡ ਸ਼ਾਮਲ ਹਨ ਜੋ ਪ੍ਰਭਾਤ ਨਗਰ, ਢੋਲੇਵਾਲ, ਜੀ.ਟੀ. ਰੋਡ, ਲੁਧਿਆਣਾ ਵਿਖੇ (ਐਮ.ਸੀ. ਨੰ. ਬੀ-21-14316-ਏ, 14377, 14313 (ਪੁਰਾਣਾ 14313/1584) ਵਿਖੇ ਸਥਿਤ 14 ਵਿਕਰੀ ਡੀਡਾਂ ਵਿਚ ਸ਼ਾਮਲ 2778 ਵਰਗ ਗਜ਼ ਮਾਪ ਵਾਲੀ ਉਦਯੋਗਿਕ ਸੰਪੱਤੀ ਦੀ ਨਿਆਂਸੰਗਤ ਗਿਰਵੀ, 14 ਵਿਕਰੀ ਡੀਡਾਂ ਦੇ ਵੇਰਵੇ : (1) ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ ਦੀ 298-1/2 ਵਰਗ ਗਜ਼ ਦਾ ਰਕਬਾ, ਜਿਸਦੀ ਮਲਕੀਅਤ ਵਾਸੀਕਾ ਨੰ. 11867 ਮਿਤੀ 13.12.2007 (2) ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਕਥੂਰੀਆ ਦੀ ਮਾਲਕੀ ਹੇਠ 336 ਵਰਗ ਗਜ਼ ਦਾ ਰਕਬਾ, ਜਿਸਦੀ ਮਲਕੀਅਤ ਵਾਸੀਕਾ ਨੰ. 3116 ਮਿਤੀ 16.05.2006 (3) ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਕਥੂਰੀਆ, 295 ਵਰਗ ਗਜ਼ ਦਾ ਰਕਬਾ, ਜਿਸਦੀ ਮਲਕੀਅਤ ਵਾਸੀਕਾ ਨੰ. 16041 ਮਿਤੀ 07.03.2008 (4) ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਕਥੂਰੀਆ ਦੀ ਮਲਕੀਅਤ ਵਸੀਕਾ 3243 ਮਿਤੀ 17.05.2006 ਦੇ ਅਧੀਨ 168 ਵਰਗ ਗਜ਼ ਦਾ ਰਕਬਾ (5) ਮਿਸ ਡੇਜ਼ੀ ਕਥੂਰੀਆ ਸਪੁੱਤਰੀ ਸ਼੍ਰੀ ਪਰਮਜੀਤ ਕਥੂਰੀਆ ਦੀ ਮਲਕੀਅਤ ਵਸੀਕਾ 3247 ਮਿਤੀ 17.05.2006 ਦੇ ਅਧੀਨ 168 ਵਰਗ ਗਜ਼ ਦਾ ਰਕਬਾ (6) ਸ਼੍ਰੀ ਪਰਮਜੀਤ ਸਿੰਘ ਪੁੱਤਰ ਸ਼੍ਰੀ ਸਰਦਾਰਾ ਸਿੰਘ ਦੀ ਮਲਕੀਅਤ ਵਸੀਕਾ ਨੰ. 8880 ਮਿਤੀ 08.09.2009 ਦੇ ਅਧੀਨ 93.33 ਵਰਗ ਗਜ਼ ਦਾ ਖੇਤਰਫਲ, (7) ਮੈਸਰਜ਼ ਕਥੂਰੀਆ ਸਟੀਲ ਪ੍ਰਾਈਵੇਟ ਲਿਮਟਿਡ ਦੀ ਮਲਕੀਅਤ 167.22 ਵਰਗ ਗਜ਼ ਦਾ ਰਕਬਾ, ਵਸੀਕਾ ਨੰ. 15882 ਮਿਤੀ 22.01.2010, (8) ਮੈਸਰਜ਼ ਕਥੂਰੀਆ ਸਟੀਲ ਪ੍ਰਾਈਵੇਟ ਲਿਮਟਿਡ ਦੀ ਮਲਕੀਅਤ 653.45 ਵਰਗ ਗਜ਼ ਦਾ ਰਕਬਾ ਵਸੀਕਾ ਨੰ.19036 ਮਿਤੀ 09.03.2010, (9) ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਕਥੂਰੀਆ ਦੀ ਮਲਕੀਅਤ, 138 ਵਰਗ ਗਜ਼ ਦਾ ਰਕਬਾ, ਵਸੀਕਾ ਨੰ.12061 ਮਿਤੀ 19.10.2006, (10) ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਸਿੰਘ ਪੁੱਤਰ ਸ਼੍ਰੀ ਸਰਦਾਰਾ ਸਿੰਘ ਦੀ ਮਲਕੀਅਤ, 1ਵਾਸੀਕਾ ਨੰ.12585 ਮਿਤੀ 31.10.2006 ਦੇ ਅਧੀਨ 100 ਵਰਗ ਗਜ਼ ਮਾਪ ਵਾਲਾ ਰਕਬਾ (11) ਵਸੀਕਾ ਨੰ.9724 ਮਿਤੀ 26.07.2012 ਦੇ ਅਧੀਨ 132 ਵਰਗ ਗਜ਼ ਮਾਪ ਵਾਲਾ ਰਕਬਾ (12) ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ ਦੀ ਮਾਲਕੀ ਹੇਠ ਵਸੀਕਾ ਨੰ. 7457 ਮਿਤੀ 14.07.2008 ਦੇ ਅਧੀਨ 131 ਵਰਗ ਗਜ਼ ਮਾਪ ਵਾਲਾ ਰਕਬਾ 131 ਵਰਗ ਗਜ਼ ਦਾ ਰਕਬਾ (13) ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ ਦੀ ਮਾਲਕੀ ਹੇਠ ਵਸੀਕਾ ਨੰਬਰ 7988 ਮਿਤੀ 10.08.2010 ਦੇ ਅਧੀਨ 52 ਵਰਗ ਗਜ਼ ਮਾਪ ਵਾਲਾ ਰਕਬਾ (14) ਸ੍ਰੀਮਤੀ ਤੇਜਿੰਦਰ ਕੌਰ ਸੁਪਤੀ ਸ੍ਰੀ ਪਰਮਜੀਤ ਸਿੰਘ ਦੀ ਮਾਲਕੀ ਹੇਠ ਵਸੀਕਾ ਨੰਬਰ 7988 ਮਿਤੀ 10.08.2010 ਦੇ ਅਧੀਨ 45 ਵਰਗ ਗਜ਼ ਮਾਪ ਵਾਲਾ ਰਕਬਾ **ਜਾਇਦਾਦ ਨੰ. 2:** 2754 ਵਰਗ ਗਜ਼ ਉਦਯੋਗਿਕ ਜਾਇਦਾਦ ਦੀ ਬਰਾਬਰ ਗਿਰਵੀਨਾਮਾ ਜਿਸ ਵਿੱਚ ਪਿੰਡ ਜਸਪਾਲ ਬਾਂਗਰ, ਹਡਬਸਟ ਨੰ. 259 ਆਬਾਦੀ, ਜਿਸਨੂੰ ਬੈਕਸਾਈਡ ਕੈਪਸਨ ਕੰਪਿਊਟਰ ਕੰਡਾ, ਜਸਪਾਲ ਬਾਂਗਰ ਰੋਡ, ਗ੍ਰੇਜ਼ਨ ਇੰਡਸਟਰੀਅਲ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਵਿੱਚ ਸਥਿਤ 03 ਵਿਕਰੀ ਡੀਡ ਸ਼ਾਮਲ ਹਨ। ਮਾਲਕ (1) 1678 ਵਰਗ ਗਜ਼ ਦਾ ਖੇਤਰਫਲ ਜਿਸਦੀ ਮਲਕੀਅਤ ਵਾਸੀਕਾ ਨੰ.7057 ਮਿਤੀ 19.10.2016 ਮੈਸਰਜ਼ ਕਥੂਰੀਆ ਸਟੀਲ ਪੀ. ਲਿਮਟਿਡ ਹੈ। (2) 645 ਵਰਗ ਗਜ਼ ਦਾ ਖੇਤਰਫਲ ਜਿਸਦੀ ਮਲਕੀਅਤ ਵਾਸੀਕਾ ਨੰ.2112 ਮਿਤੀ 07.06.2018 ਮੈਸਰਜ਼ ਕਥੂਰੀਆ ਸਟੀਲ ਪੀ. ਲਿਮਟਿਡ ਹੈ। (3) 431 ਵਰਗ ਗਜ਼ ਦਾ ਖੇਤਰਫਲ ਜਿਸਦੀ ਮਲਕੀਅਤ ਵਾਸੀਕਾ ਨੰ.7066 ਮਿਤੀ 19.10.2016 ਮੈਸਰਜ਼ ਕਥੂਰੀਆ ਸਟੀਲ ਪੀ. ਲਿਮਟਿਡ ਹੈ। ਜਾਇਦਾਦ ਨੰ.3: 02ਕਨਾਲ-19-1/2ਮਰਲੇ ਮਾਪ ਵਾਲੀ ਜਾਇਦਾਦ ਦੀ ਬਰਾਬਰੀ ਵਾਲੀ ਗਿਰਵੀਨਾਮਾ ਯਾਨੀ 1800 ਵਰਗ ਗਜ਼ ਜੋ ਕਿ ਖੱਟਾ ਨੰ.39/53, 530/644, ਖਸਰਾ ਨੰ. 1112, 1110 ਵਿੱਚ ਸਥਿਤ ਹੈ। ਪਿੰਡ ਬੱਡੋਵਾਲ, ਹੈਡਬਸਟ ਨੰ. 294, ਬੱਦੋਵਾਲ ਪੁਲ ਅਤੇ ਚਰਚ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ, ਮਾਲਕ: ਸ਼੍ਰੀ ਪ੍ਰਿਤੀਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ | Rs. 11,87,99,000/- 10.02.2023 ਦੇ ਅਨੁਸਾਰ (01.07.2025 ਤੱਕ ਵਿਆਜ ਸਮੇਤ) | 26.06.2025 / 01.07.2025 |

ਤੁਹਾਨੂੰ ਇਹ ਵੀ ਸੂਚਨਾ ਦਿੱਤੀ ਜਾਂਦੀ ਹੈ ਕਿ ਧਾਰਾ 13 ਦੀ ਉਪ-ਧਾਰਾ 13 ਦੇ ਸਬੰਧ ਵਿਚ ਤੁਸੀਂ ਬੈਂਕ ਦੀ ਲਿਖਤੀ ਸਹਿਮਤੀ ਲਏ ਬਿਨਾਂ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਵਿਕਰੀ, ਲੀਜ਼ ਜਾਂ ਕਿਸੇ ਵੀ ਹੋਰ ਢੰਗ ਦੁਆਰਾ ਤਬਾਦਲਾ ਨਹੀਂ ਕਰੋਗੇ।
ਬੈਂਕ ਕੋਲ ਬਕਾਇਆ ਰਿਆਇਤੀ ਬਿਲਾਂ, ਬੈਂਕ ਜ਼ਾਮਨੀਆਂ ਅਤੇ ਜਾਰੀ ਲੈਟਰ ਆਫ਼ ਕ੍ਰੈਡਿਟ ਅਤੇ ਤੁਹਾਡੇ ਵੱਲੋਂ ਸਥਾਪਤ ਦੇ ਨਾਲ ਨਾਲ ਹੋਰ ਅਚਨਚੇਤੀ ਦੇਣਦਾਰੀਆਂ ਦੇ ਤਹਿਤ ਪੈਦਾ ਹੋਈਆਂ ਕੋਈ ਵੀ ਦੇਣਦਾਰੀਆਂ ਨੂੰ ਅਦਾ ਕਰਨ ਲਈ ਤੁਹਾਨੂੰ ਸੱਦਾ ਦੇਣ ਦਾ ਹੱਕ ਰਾਖਵਾਂ ਹੈ। ਇਹ ਸੂਚਨਾ ਕਾਨੂੰਨ ਦੀਆਂ ਕਿਸੇ ਵੀ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਜ਼ਰੂਰੀ ਸਮਝੀ ਜਾਂਦੀ ਕੋਈ ਹੋਰ ਕਾਰਵਾਈ ਜਾਂ ਕਾਨੂੰਨੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਦੇ ਬੈਂਕ ਦੇ ਅਧਿਕਾਰ ਨਾਲ ਬਿਨਾਂ ਪੱਖਪਾਤ ਤੋਂ ਹੈ। ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਤੁਹਾਨੂੰ ਸੰਬੋਧਿਤ ਅਤੇ ਵਧੇਰੇ ਅਤੇ ਮੁਕੰਮਲ ਵੇਰਵਿਆਂ ਦੇ ਲਈ ਡਾਕ ਅਧਿਕਾਰੀਆਂ ਵੱਲੋਂ ਮੋੜੀ ਹੋਈ ਮੂਲ ਸੂਚਨਾ/ਪਤਾ ਲਿਖਿਆ ਹੋਇਆ ਲਿਫਾਫਾ ਇਕੱਤਰ ਕਰੋ ਅਤੇ **ਸਰਫਾਇਸੀ ਐਕਟ** ਦੇ ਅਧੀਨ ਅਗਲੇਰੀ ਕਾਰਵਾਈ ਨੂੰ ਟਾਲਣ ਲਈ ਉਕਤ ਦਰਸਾਈ ਸੂਚਨਾ/ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬੈਂਕ ਦੇ ਬਕਾਏ ਅਦਾ ਕਰ ਦੇਣ।

**ਮਿਤੀ : 04.07.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ**

**ਬੈਂਕ ਆਫ ਬੜੌਦਾ** Bank of Baroda
**ਐਮਐਸਐਮਈ ਸ਼ਾਖਾ ਲੁਧਿਆਣਾ**

### ਮੰਗ ਸੂਚਨਾ
### ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (ਸਰਫਾਇਸੀ ਐਕਟ) ਦੀ ਧਾਰਾ 13 (2) ਦੇ ਅਧੀਨ

ਸਾਰੇ ਨਿਮਨਲਿਖਤ ਕਰਜ਼ਦਾਰਾਂ/ਜ਼ਾਮਨਾਂ/ਸਹਿ-ਦੇਣਦਾਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨ ਖਾਤੇ ਅਧੀਨ ਦਰਸਾਏ ਵੇਰਵਿਆਂ ਦੇ ਅਨੁਸਾਰ ਕਰਜ਼ਦਾਰਾਂ ਦੁਆਰਾ ਲਈ ਗਈ ਵਿੱਤੀ ਸਹਾਇਤਾ/ਕਰਜ਼ੇ ਐਨਪੀਏ ਬਣ ਚੁੱਕੇ ਹਨ। **ਬੈਂਕ ਵੱਲੋਂ ਸਰਫਾਇਸੀ ਐਕਟ 2002 ਦੀ ਧਾਰਾ 13(2) ਦੇ ਅਧੀਨ ਮੰਗ ਸੂਚਨਾ ਅਣਸੌਂਪੀ ਪਰਤ ਆਈ।** ਜੇਕਰ ਤੁਸੀਂ ਸੂਚਨਾ/ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਖਾਤੇ ਅਧੀਨ ਦਰਸਾਏ ਸੰਖੇਪ ਵੇਰਵਿਆਂ ਅਨੁਸਾਰ ਬੈਂਕ ਨੂੰ ਰਕਮ ਅਦਾ ਕਰਨ ਵਿਚ ਅਸਫ਼ਲ ਰਹਿੰਦੇ ਹੋ, ਤਾਂ ਬੈਂਕ ਦਰਸਾਏ ਕਾਨੂੰਨ ਦੀਆਂ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਅਤੇ ਧਾਰਾ 13 ਦੀ ਉਪ-ਧਾਰਾ (4) ਦੇ ਅਧੀਨ ਦਰਸਾਏ ਸਾਰੇ ਜਾਂ ਕਿਸੇ ਵੀ ਅਧਿਕਾਰ ਦੀ ਵਰਤੋਂ ਕਰੇਗਾ।

| ਸ਼ਾਖਾ, ਕਰਜ਼ਦਾਰਾਂ/ਜ਼ਾਮਨ/ ਭਾਈਵਾਲਾਂ/ਗਿਰਵੀਕਾਰਾਂ ਦਾ ਨਾਮ | ਸੰਪੱਤੀ/ਵਾਹਨ ਦੇ ਵੇਰਵੇ | ਬਕਾਇਆ ਰਕਮ | ਐਨਪੀਏ ਦੀ ਮਿਤੀ / ਮੰਗ ਸੂਚਨਾ ਦੀ ਮਿਤੀ |
|---|---|---|---|
| **ਉਧਾਰ ਲੈਣ ਵਾਲਾ: ਮੈਸਰਜ਼ ਨੇਹਲ ਸਟੀਲ ਪ੍ਰਾਈਵੇਟ ਲਿਮਟਿਡ, ਆਪਣੇ ਡਾਇਰੈਕਟਰਾਂ ਸ਼੍ਰੀ ਪ੍ਰਿਤਪਾਲ ਸਿੰਘ, ਸ਼੍ਰੀਮਤੀ ਤਜਿੰਦਰ ਕੌਰ ਅਤੇ ਸੁਮੀਤ ਕੌਰ ਰਾਹੀਂ, # 14376, ਜੀ.ਟੀ. ਰੋਡ, ਗੁਰੂ ਗੋਬਿੰਦ ਸਿੰਘ ਟਾਵਰ ਦੇ ਨੇੜੇ, ਲੁਧਿਆਣਾ-141003, ਮੋਬਾਈਲ ਨੰਬਰ 9876201300 CIN U27100PBAIIEPTC016543 (2) ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਪਰਮਜੀਤ ਸਿੰਘ, # 441-L, ਮਾਡਲ ਟਾਊਨ, ਲੁਧਿਆਣਾ-141001 (3) ਸ਼੍ਰੀਮਤੀ ਤਜਿੰਦਰ ਕੌਰ ਪਤਨੀ ਪਰਮਜੀਤ ਸਿੰਘ, # 441-L, ਮਾਡਲ ਟਾਊਨ, ਲੁਧਿਆਣਾ-141001 (4) ਸ਼੍ਰੀਮਤੀ ਸੁਮੀਤ ਕੌਰ ਪਤਨੀ ਪ੍ਰਿਤਪਾਲ ਸਿੰਘ, # 441-L, ਮਾਡਲ ਟਾਊਨ, ਲੁਧਿਆਣਾ-141001** | ਜਾਇਦਾਦ ਨੰਬਰ 1: ਉਦਯੋਗਿਕ ਜਾਇਦਾਦ ਦੀ ਬਰਾਬਰੀ ਵਾਲੀ ਗਿਰਵੀਨਾਮਾ 2778 ਵਰਗ ਗਜ਼ ਦੀ ਜਾਇਦਾਦ ਜਿਸ ਵਿੱਚ 14 ਵਿਕਰੀ ਡੀਡ ਸ਼ਾਮਲ ਹਨ ਜੋ ਪ੍ਰਭਾਤ ਨਗਰ, ਢੋਲੇਵਾਲ, ਜੀ.ਟੀ. ਰੋਡ, ਲੁਧਿਆਣਾ ਵਿਖੇ ਸਥਿਤ (ਐਮ.ਸੀ. ਨੰ. ਬੀ-21-14316-ਏ, 14377, 14313 (ਪੁਰਾਣਾ 14313/1584), 14 ਵਿਕਰੀ ਡੀਡਾਂ ਦੇ ਵੇਰਵੇ: (1) 298-1/2 ਵਰਗ ਗਜ਼ ਦਾ ਖੇਤਰਫਲ, ਜਿਸਦੀ ਮਲਕੀਅਤ ਵਾਸੀਕਾ ਨੰ. 11867 ਮਿਤੀ 13.12.2007 ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ (2) 336 ਵਰਗ ਗਜ਼ ਦਾ ਖੇਤਰਫਲ, ਜਿਸਦੀ ਮਲਕੀਅਤ ਵਾਸੀਕਾ ਨੰ. 3116 ਮਿਤੀ 16.05.2006 ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਕਥੂਰੀਆ, (3) 295 ਵਰਗ ਗਜ਼ ਦਾ ਖੇਤਰਫਲ, ਜਿਸਦੀ ਮਲਕੀਅਤ ਵਾਸੀਕਾ ਨੰ. 16041 ਮਿਤੀ 07.03.2008 ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਕਥੂਰੀਆ, (4) 168 ਵਰਗ ਗਜ਼ ਦਾ ਖੇਤਰਫਲ, ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਕਥੂਰੀਆ ਦੀ ਮਲਕੀਅਤ, (5) 168 ਵਰਗ ਗਜ਼ ਦਾ ਖੇਤਰਫਲ, ਸ਼੍ਰੀਮਤੀ ਡੇਜ਼ੀ ਕਥੂਰੀਆ ਪਤਨੀ ਸ਼੍ਰੀ ਪਰਮਜੀਤ ਕਥੂਰੀਆ ਦੀ ਮਲਕੀਅਤ, (6) 93.33 ਵਰਗ ਗਜ਼ ਦਾ ਖੇਤਰਫਲ, ਸ਼੍ਰੀ ਪਰਮਜੀਤ ਸਿੰਘ ਪੁੱਤਰ ਸ਼੍ਰੀ ਸਰਦਾਰਾ ਸਿੰਘ ਦੀ ਮਲਕੀਅਤ, (7) 167.22 ਵਰਗ ਗਜ਼ ਦਾ ਖੇਤਰਫਲ, ਸ਼੍ਰੀ ਵਾਸਿ ?ਕਾ ਨੰ. 15882 ਮਿਤੀ 22.01.2010, ਮੈਸਰਜ਼ ਕਥੂਰੀਆ ਸਟੀਲ ਪ੍ਰਾਈਵੇਟ ਲਿਮਟਿਡ ਦੀ ਮਲਕੀਅਤ, (8) 653.45 ਵਰਗ ਗਜ਼ ਦਾ ਖੇਤਰਫਲ, ਵਾਸੀਕਾ ਨੰ.19036 ਮਿਤੀ 09.03.2010, ਮੈਸਰਜ਼ ਕਥੂਰੀਆ ਸਟੀਲ ਪ੍ਰਾਈਵੇਟ ਲਿਮਟਿਡ ਦੀ ਮਲਕੀਅਤ, (9) 138 ਵਰਗ ਗਜ਼ ਦਾ ਖੇਤਰਫਲ, ਵਾਸੀਕਾ ਨੰ.12061 ਮਿਤੀ 19.10.2006, ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਕਥੂਰੀਆ ਦੀ ਮਲਕੀਅਤ, (10) 100 ਵਰਗ ਗਜ਼ ਦਾ ਖੇਤਰਫਲ, ਵਾਸੀਕਾ ਨੰ.12585 ਮਿਤੀ 31.10.2006, ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਸਿੰਘ ਪੁੱਤਰ ਸ਼੍ਰੀ ਸਰਦਾਰਾ ਸਿੰਘ ਦੀ ਮਲਕੀਅਤ, (11) 132 ਵਰਗ ਗਜ਼ ਦਾ ਖੇਤਰਫਲ, ਵਾਸੀਕਾ ਨੰ.9724 ਮਿਤੀ 26.07.2012, (12) 131 ਵਰਗ ਗਜ਼ ਦਾ ਖੇਤਰਫਲ ਵਰਗ ਗਜ਼, ਜਿਸਦੀ ਮਲਕੀਅਤ ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ, (13) 52 ਵਰਗ ਗਜ਼ ਖੇਤਰਫਲ ਹੈ, ਜਿਸਦੀ ਮਲਕੀਅਤ ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ, (14) 45 ਵਰਗ ਗਜ਼ ਖੇਤਰਫਲ ਹੈ, ਜਿਸਦੀ ਮਲਕੀਅਤ ਸ਼੍ਰੀ ਪ੍ਰਿਤਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ, (14) 45 ਵਰਗ ਗਜ਼ ਖੇਤਰਫਲ ਹੈ, ਜਿਸਦੀ ਮਲਕੀਅਤ ਸ਼੍ਰੀਮਤੀ ਤੇਜਿੰਦਰ ਕੌਰ ਪਤਨੀ ਸ਼੍ਰੀ ਪਰਮਜੀਤ ਸਿੰਘ ਹੈ। ਜਾਇਦਾਦ ਨੰ. 2: 2754 ਵਰਗ ਗਜ਼ ਉਦਯੋਗਿਕ ਜਾਇਦਾਦ ਦੀ ਬਰਾਬਰ ਗਿਰਵੀਨਾਮਾ ਜਿਸ ਵਿੱਚ ਪਿੰਡ ਜਸਪਾਲ ਬਾਂਗਰ, ਹਡਬਸਟ ਨੰ. 259 ਆਬਾਦੀ, ਜਿਸਨੂੰ ਬੈਕਸਾਈਡ ਕੈਪਸਨ ਕੰਪਿਊਟਰ ਕੰਡਾ, ਜਸਪਾਲ ਬਾਂਗਰ ਰੋਡ, ਗ੍ਰੇਜ਼ਨ ਇੰਡਸਟਰੀਅਲ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਜੋਂ ਜਾਣਿਆ ਜਾਂਦਾ ਹੈ, ਵਿੱਚ ਸਥਿਤ 03 ਵਿਕਰੀ ਡੀਡ ਸ਼ਾਮਲ ਹਨ। ਮਾਲਕ (1) 1678 ਵਰਗ ਗਜ਼ ਦਾ ਖੇਤਰਫਲ ਜਿਸਦੀ ਮਲਕੀਅਤ ਵਾਸੀਕਾ ਨੰ.7057 ਮਿਤੀ 19.10.2016 ਮੈਸਰਜ਼ ਕਥੂਰੀਆ ਸਟੀਲ ਪੀ. ਲਿਮਟਿਡ ਹੈ। (2) 645 ਵਰਗ ਗਜ਼ ਦਾ ਖੇਤਰਫਲ ਜਿਸਦੀ ਮਲਕੀਅਤ ਵਾਸੀਕਾ ਨੰ.2112 ਮਿਤੀ 07.06.2018 ਮੈਸਰਜ਼ ਕਥੂਰੀਆ ਸਟੀਲ ਪੀ. ਲਿਮਟਿਡ ਹੈ। (3) 431 ਵਰਗ ਗਜ਼ ਦਾ ਖੇਤਰਫਲ ਜਿਸਦੀ ਮਲਕੀਅਤ ਵਾਸੀਕਾ ਨੰ.7066 ਮਿਤੀ 19.10.2016 ਮੈਸਰਜ਼ ਕਥੂਰੀਆ ਸਟੀਲ ਪੀ. ਲਿਮਟਿਡ ਹੈ। ਜਾਇਦਾਦ ਨੰ.3: 02K-19-1/2M ਮਾਪ ਵਾਲੀ ਜਾਇਦਾਦ ਦੀ ਬਰਾਬਰੀ ਵਾਲੀ ਗਿਰਵੀਨਾਮਾ ਯਾਨੀ 1800 ਵਰਗ ਗਜ਼ ਜੋ ਕਿ ਖਾਤਾ ਨੰ.39/53, 530/644, ਖਸਰਾ ਨੰ. 1112, 1110 ਵਿੱਚ ਸਥਿਤ ਹੈ। ਪਿੰਡ ਬੱਦੋਵਾਲ, ਹੈਦਬਸਟ ਨੰ. 294, ਬੱਦੋਵਾਲ ਪੁਲ ਅਤੇ ਚਰਚ ਦੇ ਨੇੜੇ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ, ਮਾਲਕ: ਸ਼੍ਰੀ ਪ੍ਰਿਤੀਪਾਲ ਸਿੰਘ ਪੁੱਤਰ ਸ਼੍ਰੀ ਪਰਮਜੀਤ ਸਿੰਘ | Rs. 14,34,46,000/- 10.02.2023 ਦੇ ਅਨੁਸਾਰ (01.07.2025 ਤੱਕ ਵਿਆਜ ਸਮੇਤ) | 25.06.2025 / 01.07.2025 |

ਤੁਹਾਨੂੰ ਇਹ ਵੀ ਸੂਚਨਾ ਦਿੱਤੀ ਜਾਂਦੀ ਹੈ ਕਿ ਧਾਰਾ 13 ਦੀ ਉਪ-ਧਾਰਾ 13 ਦੇ ਸਬੰਧ ਵਿਚ ਤੁਸੀਂ ਬੈਂਕ ਦੀ ਲਿਖਤੀ ਸਹਿਮਤੀ ਲਏ ਬਿਨਾਂ ਦਰਸਾਈਆਂ ਸੁਰੱਖਿਅਤ ਸੰਪੱਤੀਆਂ ਦੀ ਵਿਕਰੀ, ਲੀਜ਼ ਜਾਂ ਕਿਸੇ ਵੀ ਹੋਰ ਢੰਗ ਦੁਆਰਾ ਤਬਾਦਲਾ ਨਹੀਂ ਕਰੋਗੇ।
ਬੈਂਕ ਕੋਲ ਬਕਾਇਆ ਰਿਆਇਤੀ ਬਿਲਾਂ, ਬੈਂਕ ਜ਼ਾਮਨੀਆਂ ਅਤੇ ਜਾਰੀ ਲੈਟਰ ਆਫ਼ ਕ੍ਰੈਡਿਟ ਅਤੇ ਤੁਹਾਡੇ ਵੱਲੋਂ ਸਥਾਪਤ ਦੇ ਨਾਲ ਨਾਲ ਹੋਰ ਅਚਨਚੇਤੀ ਦੇਣਦਾਰੀਆਂ ਦੇ ਤਹਿਤ ਪੈਦਾ ਹੋਈਆਂ ਕੋਈ ਵੀ ਦੇਣਦਾਰੀਆਂ ਨੂੰ ਅਦਾ ਕਰਨ ਲਈ ਤੁਹਾਨੂੰ ਸੱਦਾ ਦੇਣ ਦਾ ਹੱਕ ਰਾਖਵਾਂ ਹੈ। ਇਹ ਸੂਚਨਾ ਕਾਨੂੰਨ ਦੀਆਂ ਕਿਸੇ ਵੀ ਹੋਰ ਲਾਗੂ ਵਿਵਸਥਾਵਾਂ ਦੇ ਅਧੀਨ ਜ਼ਰੂਰੀ ਸਮਝੀ ਜਾਂਦੀ ਕੋਈ ਹੋਰ ਕਾਰਵਾਈ ਜਾਂ ਕਾਨੂੰਨੀ ਪ੍ਰਕਿਰਿਆ ਨੂੰ ਸ਼ੁਰੂ ਕਰਨ ਦੇ ਬੈਂਕ ਦੇ ਅਧਿਕਾਰ ਨਾਲ ਬਿਨਾਂ ਪੱਖਪਾਤ ਤੋਂ ਹੈ। ਤੁਹਾਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਤੁਹਾਨੂੰ ਸੰਬੋਧਿਤ ਅਤੇ ਵਧੇਰੇ ਅਤੇ ਮੁਕੰਮਲ ਵੇਰਵਿਆਂ ਦੇ ਲਈ ਡਾਕ ਅਧਿਕਾਰੀਆਂ ਵੱਲੋਂ ਮੋੜੀ ਹੋਈ ਮੂਲ ਸੂਚਨਾ/ਪਤਾ ਲਿਖਿਆ ਹੋਇਆ ਲਿਫਾਫਾ ਇਕੱਤਰ ਕਰੋ ਅਤੇ **ਸਰਫਾਇਸੀ ਐਕਟ** ਦੇ ਅਧੀਨ ਅਗਲੇਰੀ ਕਾਰਵਾਈ ਨੂੰ ਟਾਲਣ ਲਈ ਉਕਤ ਦਰਸਾਈ ਸੂਚਨਾ/ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਬੈਂਕ ਦੇ ਬਕਾਏ ਅਦਾ ਕਰ ਦੇਣ।

**ਮਿਤੀ : 04.07.2025 ਸਥਾਨ : ਲੁਧਿਆਣਾ ਅਧਿਕਾਰਤ ਅਧਿਕਾਰੀ**

**pnb ਪੰਜਾਬ ਨੈਸ਼ਨਲ ਬੈਂਕ** ....ਬਿਹਤਰੀ ਲਈ ਸਾਂਝ
**ਸ਼ਾਖਾ ਦਫਤਰ : ਫਾਜ਼ਿਲਕਾ ਮੇਨ (017400)**

## ਕਬਜ਼ਾ ਸੂਚਨਾ (ਚੱਲ/ਅਚੱਲ ਸੰਪੱਤੀ ਦੇ ਲਈ)

ਜਿਥੇ ਕਿ ਨਿਮਨ ਹਸਤਾਖ਼ਰੀ ਨੇ **ਪੰਜਾਬ ਨੈਸ਼ਨਲ ਬੈਂਕ** ਦੇ **"ਅਧਿਕਾਰਤ ਅਧਿਕਾਰੀ"** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਇਸ ਉਪਰੰਤ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ(ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਸੱਦਾ ਦਿੰਦੇ ਹੋਏ ਧਾਰਾ 2002 ਦੇ ਅਧੀਨ ਸਰਫਾਇਸੀ ਐਕਟ 13 (2) ਅਧੀਨ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਹੈ।
ਕਰਜ਼ਦਾਰ(ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਸੁਰੱਖਿਆ ਵਿਆਜ ਲਾਗੂਕਰਨ ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (4) ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ(ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਏ ਵੇਰਵਿਆਂ ਅਧੀਨ ਦਰਸਾਈ ਰਕਮ ਦੇ ਲਈ **ਪੰਜਾਬ ਨੈਸ਼ਨਲ ਬੈਂਕ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ(ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਦਾ ਧਿਆਨ ਸੁਰੱਖਿਅਤ ਸੰਪੱਤੀ (ਆਂ) ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਸ਼ਾਖਾ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ(ਾਂ) ਦਾ ਨਾਮ | ਗਿਰਵੀ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| ਕਰਜ਼ਦਾਰ : 1. ਸ੍ਰੀ ਕਪਿਲ ਸਚਦੇਵਾ ਪੁੱਤਰ ਸ੍ਰੀ ਸ਼ਗਨ ਲਾਲ ਸਚਦੇਵਾ 2. ਸ੍ਰੀ ਵਿਕਾਸ ਸਚਦੇਵਾ ਪੁੱਤਰ ਸ੍ਰੀ ਸ਼ਗਨ ਲਾਲ ਸਚਦੇਵਾ | ਜਮ੍ਹਾਂਬੰਦੀ ਸਾਲ 2009-10 ਦੇ ਅਨੁਸਾਰ ਲੜੀ ਨੰ. 4156 'ਤੇ ਇੰਤਕਾਲ, ਆਰ.ਟੀ.ਡੀ. ਨੰ. 2606 ਮਿਤੀ 31.08.2007 ਦੇ ਅਧੀਨ ਸ੍ਰੀ ਕਪਿਲ ਸਚਦੇਵਾ ਸਪੁੱਤਰ ਸ੍ਰੀ ਸ਼ਗਨ ਲਾਲ ਸਚਦੇਵਾ, ਅਤੇ ਸ੍ਰੀਮਾਨ ਵਿਕਾਸ ਸਚਦੇਵਾ ਸਪੁੱਤਰ ਸ੍ਰੀ ਸ਼ਗਨ ਲਾਲ ਸਚਦੇਵਾ ਦੀ ਸਾਂਝੀ ਮਾਲਕੀ ਹੇਠ ਉਪਲਬਧ ਬੈਂਕ ਰਿਕਾਰਡ ਦੇ ਅਨੁਸਾਰ ਸੀ-437, ਅਬਾਦੀ ਸੁਲਤਾਨਪੁਰਾ, ਚਾਵਲਾ ਕਲੋਨੀ, ਸੰਗਮ ਐਜੂਕੇਸ਼ਨ ਵੈਲਫੇਅਰ ਸੁਸਾਇਟੀ, ਨੇੜੇ ਡਾ. ਨਵਦੀਪ ਹਸਪਤਾਲ, ਫਾਜ਼ਿਲਕਾ, ਵਿਖੇ ਸਥਿਤ ਸਾਲ 2019-20 ਦੀ ਜਮ੍ਹਾਂਬੰਦੀ ਅਨੁਸਾਰ ਖਸਰਾ ਨੰਬਰ 36(0-11) (ਪੁਰਾਣੀ ਖੇਵਟ ਨੰ: 234 ਖਤੌਨੀ ਨੰ: 532 ਜਮ੍ਹਾਂਬੰਦੀ ਸਾਲ 2004-05) ਨਵੀਂ ਖੇਵਟ ਨੰ. 266 ਖਤੌਨੀ ਨੰਬਰ 572, ਵਿਚ ਸ਼ਾਮਲ 11 ਮਰਲੇ ਮਾਪ ਵਾਲੀ ਕੁੱਲ ਜ਼ਮੀਨ ਦੇ 1/2 ਹਿੱਸੇ ਭਾਵ 5-1/2 ਮਰਲੇ (1464 ਵਰਗ ਫੁੱਟ) ਮਾਪ ਵਾਲੇ ਰਿਹਾਇਸ਼ੀ ਮਕਾਨ ਦੇ ਸਾਰੇ ਭਾਗ ਅਤੇ ਹਿੱਸੇ। ਹੱਦਬੰਦੀ:- ਪੂਰਬ ਵੱਲ: ਗਲੀ, ਉੱਤਰ ਵੱਲ: ਸੁਨੀਲ ਖੁੰਗਰ ਦੇ ਮਕਾਨ, ਪੱਛਮ ਵੱਲ: ਸਮਾਧ, ਦੱਖਣ ਵੱਲ: ਖਾਲੀ ਪਲਾਟ । | 12.01.2024 | 27.06.2025 | Rs. 9,32,379.74 (ਰੁ. ਨੌਂ ਲੱਖ ਬੱਤੀ ਹਜ਼ਾਰ ਤਿੰਨ ਸੌ ਉਣਾਸੀ ਅਤੇ ਚੁਹੱਤਰ ਪੈਸੇ ਕੇਵਲ) 31.12.2023 ਅਨੁਸਾਰ ਅਗਲੇਰੇ ਵਿਆਜ ਅਤੇ ਲਾਗਤਾਂ |

ਮਿਤੀ : 27.06.2025 ਸਥਾਨ: ਫਾਜ਼ਿਲਕਾ ਅਧਿਕਾਰਤ ਅਧਿਕਾਰੀ

**SBI ਸਟੇਟ ਬੈਂਕ ਆਫ ਇੰਡੀਆ** ਸਟਰੈਸਡ ਅਸੈਸਟਸ ਵਸੂਲੀ ਸ਼ਾਖਾ
ਐਸਸੀਓ 15, ਪਹਿਲੀ ਮੰਜ਼ਿਲ, ਸੈਕਟਰ 7ਸੀ, ਮਧਿਆ ਮਾਰਗ, ਚੰਡੀਗੜ੍ਹ, ਫੋਨ: 0172-4568244, 4568249, **Email : sbi.05179@sbi.co.in**

## [ਨਿਯਮ (8-1)] ਭੌਤਿਕ ਕਬਜ਼ਾ ਸੂਚਨਾ (ਅਚੱਲ/ਚੱਲ ਸੰਪੱਤੀ ਦੇ ਲਈ)

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਸਟੇਟ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸਬੰਧਤ ਮੰਗ ਸੂਚਨਾ ਵਿਚ ਦਰਸਾਈ ਰਕਮ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ ਦਰਸਾਈ ਮਿਤੀ ਨੂੰ ਕਰਜ਼ਦਾਰ (ਾਂ) ਨੂੰ ਮੰਗ ਸੂਚਨਾ ਜਾਰੀ ਕੀਤੀ ਸੀ।
ਕਰਜ਼ਦਾਰ(ਾਂ)/ਜ਼ਾਮਨ(ਾਂ) ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਅਤੇ ਆਮ ਜਨਤਾ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖ਼ਰੀ ਨੇ ਨਿਮਨ ਖਾਤਿਆਂ ਅਧੀਨ ਦਰਸਾਈ ਮਿਤੀ ਨੂੰ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 (4) ਦੇ ਅਧੀਨ ਉਨ੍ਹਾਂ ਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈਆਂ ਸੰਪੱਤੀਆਂ ਦਾ **ਕਬਜ਼ਾ** ਲੈ ਲਿਆ ਹੈ।
ਕਰਜ਼ਦਾਰ(ਾਂ)/ਜ਼ਾਮਨ(ਾਂ) ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚੇਤਾਵਨੀ ਦਿੱਤੀ ਜਾਂਦੀ ਹੈ ਕਿ ਸੰਪੱਤੀ/ਆਂ ਦੀ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ **ਸਟੇਟ ਬੈਂਕ ਆਫ ਇੰਡੀਆ** ਦੇ ਚਾਰਜ ਨਾਲ ਸਬੰਧਤ ਹੋਵੇਗੀ।
**ਕਰਜ਼ਦਾਰ ਦਾ ਧਿਆਨ ਸੁਰੱਖਿਅਤ ਸੰਪੱਤੀਆਂ ਦੀ ਪੁਨਰ ਪ੍ਰਾਪਤੀ ਲਈ ਉਪਲਬਧ ਸਮੇਂ ਦੇ ਸੰਬੰਧ ਵਿੱਚ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (8) ਦੀਆਂ ਵਿਵਸਥਾਵਾਂ ਵੱਲ ਦੁਆਇਆ ਜਾਂਦਾ ਹੈ।**

| ਕਰਜ਼ਦਾਰ (ਾਂ) /ਜ਼ਾਮਨ (ਾਂ) ਦੇ ਨਾਮ | ਚੱਲ/ਅਚੱਲ ਸੰਪੱਤੀ ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਬਕਾਇਆ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| (1) ਮੈਸ. ਸਤਕਾਰ ਇੰਡਸਟਰੀਜ਼ (ਪ੍ਰੋਪਰਾਈਟਰ - ਸ੍ਰੀ ਮਹੇਸ਼ ਕੁਮਾਰ), ਸੰਗਰੂਰ-ਬਰਨਾਲਾ ਹਾਈਵੇ, ਐਨਐਚ-7, ਮਸਤੂਆਣਾ ਸਾਹਿਬ ਨੇੜੇ, ਪਿੰਡ ਅਤੇ ਡਾਕਖਾਨਾ ਬਹਾਦਰਪੁਰ, ਜ਼ਿਲ੍ਹਾ ਸੰਗਰੂਰ, ਪੰਜਾਬ 148001 (2) ਸ੍ਰੀ ਮਹੇਸ਼ ਕੁਮਾਰ ਪੁੱਤਰ ਸ੍ਰੀ ਸੇਵਾ ਰਾਮ, ਪਿੰਡ ਬਡਬਰ, ਜ਼ਿਲ੍ਹਾ ਬਰਨਾਲਾ, ਪੰਜਾਬ - 148106 | **ਚੱਲ:-** ਸੰਗਰੂਰ, ਬਰਨਾਲਾ ਹਾਈਵੇਅ, ਐਨਐਚ-7, ਮਸਤੂਆਣਾ ਸਾਹਿਬ ਦੇ ਨੇੜੇ, ਪਿੰਡ ਅਤੇ ਡਾਕਖਾਨਾ ਬਹਾਦਰਪੁਰ, ਜ਼ਿਲ੍ਹਾ ਸੰਗਰੂਰ, ਪੰਜਾਬ - 148001 'ਤੇ ਸਥਿਤ ਫੈਕਟਰੀ ਸਾਈਟ 'ਤੇ ਬੈਂਕ ਨੂੰ ਪਲਾਂਟ ਅਤੇ ਮਸ਼ੀਨਰੀ ਗਿਰਵੀ ਰੱਖੀ ਗਈ। **ਅਚੱਲ:-** ਵਿਕਰੀ ਡੀਡ ਨੰਬਰ 2022-23/128/1/2627 ਮਿਤੀ 16.11.2022 ਅਤੇ ਗਿਫਟ ਡੀਡ ਨੰਬਰ 2023-24/128/1/1454 ਮਿਤੀ 18.07.2023 ਨੂੰ ਸਬ-ਰਜਿਸਟਰਾਰ ਸੰਗਰੂਰ ਦੇ ਦਫ਼ਤਰ ਵਿੱਚ ਸਥਿਤ ,ਖੇਵਟ/ਖਤੌਨੀ ਨੰਬਰ 44/81, ਖਸਰਾ ਨੰਬਰ 148//9/2/1-3-10, 10/2/1/3-8-6, 11/2/1/1-14-3 ਵਾਲੀ 6 ਬਿੱਘਾ 5 ਬਿਸਵਾ 19 ਬਿਸਵਾਸੀ ਜ਼ਮੀਨ ਅਤੇ ਇਮਾਰਤ ਦਾ ਸਮਾਨ ਗਿਰਵੀਨਾਮਾ ਸ੍ਰੀ ਮਹੇਸ਼ ਕੁਮਾਰ ਪੁੱਤਰ ਸ੍ਰੀ ਸੇਵਾ ਰਾਮ ਦੇ ਨਾਮ 'ਤੇ ਸਾਲ 2020-21 ਲਈ ਜਮ ?ਾਂਬੰਦੀ ਅਨੁਸਾਰ। ਸੰਗਰੂਰ, ਬਰਨਾਲਾ ਹਾਈਵੇਅ, ਐਨਐਚ-7, ਮਸਤੂਆਣਾ ਸਾਹਿਬ ਦੇ ਨੇੜੇ, ਪਿੰਡ ਅਤੇ ਡਾਕਖਾਨਾ ਬਹਾਦਰਪੁਰ, ਜ਼ਿਲ੍ਹਾ ਸੰਗਰੂਰ, ਪੰਜਾਬ - 148001 ਰਜਿਸਟਰਡ ਅਤੇ ਜਿਸਦੀ ਹੱਦਬੰਦੀ ਹੇਠ ਲਿਖੇ ਅਨੁਸਾਰ ਹੈ:- ਸਾਈਟ ਦੇ ਮਾਪ - ਜਾਇਦਾਦ ਦੀਆਂ ਹੱਦਾਂ:-ਉੱਤਰ: 463'-0" ਅਤੇ 14'-3" ਦਾ ਮੋੜ - ਹਾਕਮ ਸਿੰਘ ਦੀ ਖੇਤੀਬਾੜੀ ਜ਼ਮੀਨ; ਦੱਖਣ: 371'-0" - ਦਰਸ਼ਨ ਸਿੰਘ ਦੀ ਖੇਤੀਬਾੜੀ ਜ਼ਮੀਨ; ਪੂਰਬ: 40'-10" ਅਤੇ 85'-0" - ਪਾਹੀ ਪਾਸੇ; ਪੱਛਮ: 60'-3" ਅਤੇ 88'-3.75" - ਹਰਦੇਵ ਸਿੰਘ ਦੀ ਖੇਤੀਬਾੜੀ ਜ਼ਮੀਨ। | 05.02.2025 & Rs. 3,71,17,610/- | Rs. 3,71,17,610/- (ਰੁ. ਤਿੰਨ ਕਰੋੜ ਇਕਹੱਤਰ ਲੱਖ ਸਤਾਰਾਂ ਹਜ਼ਾਰ ਛੇ ਸੌ ਦਸ ਕੇਵਲ) 04.02.2025 ਅਨੁਸਾਰ ਅਗਲੇਰੇ ਵਿਆਜ ਅਤੇ ਅਚਨਚੇਤੀ ਖਰਚਿਆਂ, ਲਾਗਤਾਂ ਆਦਿ ਸਮੇਤ | 02.07.2025 |

ਮਿਤੀ : 03.07.2025 ਸਥਾਨ: ਚੰਡੀਗੜ੍ਹ ਅਧਿਕਾਰਤ ਅਧਿਕਾਰੀ

# ਖੇਡ ਸੰਸਾਰ

## ਜਦੋਂ ਇੰਗਲੈਂਡ ਦੀਆਂ ਤੇਜ਼ ਪਿੱਚਾਂ ਉੱਤੇ ਭਾਰਤ ਦੇ ਫਿਰਕੀ ਗੇਂਦਬਾਜ਼ਾਂ ਨੇ ਆਪਣੇ ਦਮ 'ਤੇ ਭਾਰਤ ਨੂੰ ਪਹਿਲੀ ਜਿੱਤ ਦਿਵਾਈ ਸੀ



ਆਬਿਦ ਅਲੀ ਦੇ ਬੱਲੇ ਤੋਂ ਨਿਕਲੀ ਗੇਂਦ ਬਾਊਂਡਰੀ ਵੱਲ ਵਧ ਰਹੀ ਸੀ ਤੇ ਇਸੀ ਦੌਰਾਨ ਦਰਸ਼ਕਾਂ ਦਾ ਹਜੂਮ ਕੁਰਸੀਆਂ ਤੋਂ ਉੱਠ ਬੈਰੀਅਰ ਪਾਰ ਕਰਕੇ ਮੈਦਾਨ ਵਿੱਚ ਆ ਵੜਿਆ। ਇਸੇ ਦੌਰਾਨ ਇੰਗਲੈਂਡ ਦੇ ਖਿਡਾਰੀ ਪਵੇਲੀਅਨ ਵੱਲ ਭੱਜੇ ਤੇ ਅੰਪਾਇਰ ਨੇ ਉਦੋਂ ਹੀ ਸਟੰਪ ਪੁੱਟ ਲਈਆਂ ਤਾਂ ਜੋ ਕੋਈ ਖੋਹ ਨਾ ਲਵੇ। ਉੱਧਰ ਇਸ ਭੀੜ ਨੇ ਭਾਰਤੀ ਬੱਲੇਬਾਜ਼ਾਂ ਨੂੰ ਮੋਢਿਆਂ 'ਤੇ ਚੁੱਕ ਲਿਆ ਤੇ ਗਲਾਂ ਵਿੱਚ ਹਾਰ ਪਾਏ। ਇਹ ਸਭ ਵਾਪਰਿਆ 24 ਅਗਸਤ 1971 ਦੇ ਦਿਨ, ਉਹ ਦਿਨ ਜਦੋਂ ਭਾਰਤ ਦੀ ਕ੍ਰਿਕਟ ਟੀਮ ਨੇ ਇਤਿਹਾਸ ਰਚਿਆ। ਭਾਰਤ ਦੇ ਨਾਮ ਇੰਗਲੈਂਡ ਦੀ ਧਰਤੀ ਉਪਰ ਪਹਿਲੀ ਟੈਸਟ ਸੀਰੀਜ਼ ਜਿੱਤਣ ਦਾ ਖ਼ਿਤਾਬ। ਓਵਲ ਦੇ ਮੈਦਾਨ ਵਿੱਚ ਦਰਜ ਕੀਤੀ ਇਸ ਇਤਿਹਾਸਕ ਜਿੱਤ ਤੋਂ ਬਾਅਦ ਭਾਰਤੀ ਕ੍ਰਿਕਟ ਦੇ ਨਵੇਂ ਅਧਿਆਏ ਦੀ ਸ਼ੁਰੂਆਤ ਹੋਈ। ਭਾਰਤੀ, ਖ਼ਾਸਕਰ ਕ੍ਰਿਕਟ ਪ੍ਰੇਮੀ 1983 ਦੇ ਵਿਸ਼ਵ ਕੱਪ ਜਿੱਤਣ ਨੂੰ ਹੀ ਭਾਰਤ ਕ੍ਰਿਕਟ ਦਾ ਚੰਗਾ ਦੌਰ ਮੰਨਦੇ ਹੋਣਗੇ ਪਰ ਉਸ ਤੋਂ 12 ਸਾਲ ਪਹਿਲਾਂ ਵੀ ਕੁਝ ਅਜਿਹਾ ਵਾਪਰਿਆ ਸੀ, ਜਿਸ ਨੇ ਖੇਡ ਪ੍ਰੇਮੀਆਂ ਵਿੱਚ ਕ੍ਰਿਕਟ ਲਈ ਇੱਕ ਥਾਂ ਬਣਾ ਦਿੱਤੀ ਸੀ। ਇਸ ਰਿਪੋਰਟ ਵਿੱਚ ਜਾਣਦੇ ਹਾਂ ਕਿ ਆਖਿਰ 54 ਸਾਲ ਪਹਿਲਾਂ ਭਾਰਤੀ ਖਿਡਾਰੀਆਂ ਨੇ ਅਜਿਹਾ ਕੀ ਕਮਾਲ ਕੀਤਾ ਕਿ ਇੰਗਲੈਂਡ ਵਿੱਚ ਟੈਸਟ ਸੀਰੀਜ਼ ਜਿੱਤ ਕੇ ਇਤਿਹਾਸ ਰਚ ਦਿੱਤਾ, ਇਸ ਦੇ ਨਾਲ ਹੀ ਉਸ ਦਿਨ ਮੈਦਾਨ ਵਿੱਚ ਕੀ ਕੁਝ ਵਾਪਰਿਆ ਉਸ ਬਾਰੇ ਵੀ ਜਾਣਾਂਗੇ।

### ਲੰਬੇ ਸੰਘਰਸ਼ ਮਗਰੋਂ ਭਾਰਤ ਦੀ ਇੰਗਲੈਂਡ 'ਤੇ ਫ਼ਤਿਹ

ਕ੍ਰਿਕਟ ਦੇ ਆਪਣੇ ਸ਼ੁਰੂਆਤੀ ਦੌਰ ਵਿੱਚ ਬੇਸ਼ੱਕ ਭਾਰਤੀ ਟੀਮ ਨੂੰ ਸੰਘਰਸ਼ ਕਰਨਾ ਪਿਆ। ਇਹ ਸਿਲਸਿਲਾ ਲੰਬਾ ਚੱਲਿਆ ਤੇ ਭਾਰਤੀ ਟੀਮ ਨੂੰ ਇਸ ਖੇਡ ਵਿੱਚ ਨਿਖਰਨ ਲਈ ਸਮਾਂ ਲੱਗਿਆ। ਪਰ ਸਾਲ ਦਰ ਸਾਲ ਭਾਰਤੀ ਕ੍ਰਿਕਟ ਟੀਮ ਕੌਮਾਂਤਰੀ ਪੱਧਰ 'ਤੇ ਆਪਣੀ ਮੌਜੂਦਗੀ ਦਰਜ ਕਰਵਾਉਂਦੀ ਰਹੀ ਅਤੇ ਮਜ਼ਬੂਤ ਬਣ ਉਭਰਨ ਲੱਗੀ। ਈਐੱਸਪੀਐੱਨ ਕ੍ਰਿਕਇਨਫੋ ਦੇ ਅਨੁਸਾਰ ਭਾਰਤ ਨੇ ਇੰਗਲੈਂਡ ਦੇ ਖ਼ਿਲਾਫ਼ ਪਹਿਲੀ ਟੈਸਟ ਸੀਰੀਜ਼ ਸਾਲ 1932 ਵਿੱਚ ਖੇਡੀ। ਇਹ ਟੈਸਟ ਸੀਰੀਜ਼ ਇੰਗਲੈਂਡ ਦੀ ਟੀਮ ਨੇ 1-0 ਨਾਲ ਆਪਣੇ ਨਾਮ ਕੀਤੀ। ਇਸ ਤੋਂ ਬਾਅਦ ਟੈਸਟ ਸੀਰੀਜ਼ ਵਿੱਚ ਭਾਰਤ ਖ਼ਿਲਾਫ਼ ਇੰਗਲੈਂਡ ਦੀ ਜਿੱਤ ਦਾ ਇਹ ਸਿਲਸਿਲਾ ਲਗਾਤਾਰ ਜਾਰੀ ਰਿਹਾ। ਹਾਲਾਂਕਿ 1951-52 ਅਤੇ 1963-64 ਦੌਰਾਨ ਟੈਸਟ ਸੀਰੀਜ਼ ਡਰਾਅ ਰਹੀ। ਫਿਰ ਸਾਲ ਆਉਂਦਾ 1971 ਜੋ ਭਾਰਤੀ ਕ੍ਰਿਕਟ ਲਈ ਨਵਾਂ ਯੁੱਗ ਮੰਨਿਆ ਗਿਆ। ਇਸ ਸਾਲ ਦੀ ਸ਼ੁਰੂਆਤ ਵਿੱਚ ਭਾਰਤ ਆਪਣੇ ਕੈਰੀਬਿਅਨ ਦੌਰੇ 'ਤੇ ਸੀ, ਜਿੱਥੇ ਭਾਰਤ ਨੇ ਵੈਸਟ ਇੰਡੀਜ਼ ਨੂੰ ਹਰਾ ਕੇ ਆਪਣਾ ਲੋਹਾ ਮੰਨਵਾਇਆ। ਵੈਸਟ ਇੰਡੀਜ਼ ਨੂੰ ਹਰਾ ਕੇ ਸ਼ਾਨਦਾਰ ਜੇਤੂ ਦੌਰੇ ਦਾ ਅਨੰਦ ਮਾਣਦੀ ਹੋਈ ਭਾਰਤੀ ਟੀਮ ਦਾ ਸਾਹਮਣਾ ਹੁਣ ਇੰਗਲੈਂਡ ਨਾਲ ਹੋਣਾ ਸੀ। ਇਸ ਤੋਂ ਪਹਿਲਾਂ ਇੰਗਲੈਂਡ ਭਾਰਤ ਨੂੰ ਲਗਾਤਾਰ 19 ਟੈਸਟ ਮੈਚ ਹਰਾ ਚੁੱਕੀ ਸੀ। ਪਰ ਭਾਰਤ ਦੀ ਟੀਮ ਵੀ ਉਤਸ਼ਾਹ ਨਾਲ ਭਰੀ ਇਸ ਵਾਰ ਆਪਣੇ ਵੱਖਰੇ ਰੰਗ ਵਿੱਚ ਸੀ। ਇੰਗਲੈਂਡ ਨਾਲ ਭਾਰਤ ਦੀ ਟੈਸਟ ਸੀਰੀਜ਼ ਦੇ ਪਹਿਲੇ ਦੋ ਮੁਕਾਬਲੇ ਮੀਂਹ ਕਾਰਨ ਡਰਾਅ ਰਹੇ। ਇਸ ਮਗਰੋਂ ਤੀਜਾ ਮੁਕਾਬਲਾ 19 ਅਗਸਤ ਤੋਂ 24 ਅਗਸਤ ਵਿਚਾਲੇ ਖੇਡਿਆ ਗਿਆ। ਇਸ ਮੁਕਾਬਲੇ ਦੇ ਖੇਡਣ ਤੋਂ ਪਹਿਲਾਂ ਦੋਵੇਂ ਦੇਸ਼ਾਂ ਵਿੱਚ ਇਸ ਦੀ ਕੋਈ ਬਹੁਤੀ ਚਰਚਾ ਨਹੀਂ ਸੀ ਪਰ ਤੀਜੇ ਟੈਸਟ ਮੈਚ ਦਾ ਨਤੀਜਾ ਹਰ ਅਖ਼ਬਾਰ ਦੀ ਸੁਰਖੀ ਬਣਿਆ। ਬੀਸੀਸੀਆਈ ਦੇ ਅਨੁਸਾਰ ਇਸ ਮੈਚ ਵਿੱਚ ਇੰਗਲੈਂਡ ਨੇ ਪਹਿਲਾਂ ਬੱਲੇਬਾਜ਼ੀ ਕਰਦੇ ਹੋਏ 355 ਦੌੜਾਂ ਬਣਾਈਆਂ ਅਤੇ ਭਾਰਤ ਨੇ ਜਵਾਬ ਵਿੱਚ ਦਿਲੀਪ ਸਰਦੇਸਾਈ ਅਤੇ ਫਾਰੂਖ਼ ਇੰਜੀਨੀਅਰ ਦੇ ਅਰਧ ਸੈਂਕੜਿਆਂ ਅਤੇ ਵਾਡੇਕਰ ਤੇ ਏਕਨਾਥ ਸੋਲਕਰ ਦੀਆਂ ਕੀਮਤੀ 40-40 ਦੌੜਾਂ ਦੀ ਬਦੌਲਤ 284 ਸਕੋਰ ਬਣਾਇਆ। ਦੂਜੀ ਪਾਰੀ ਵਿੱਚ ਭਾਗਵਤ ਚੰਦਰਸ਼ੇਖਰ ਨੇ ਛੇ ਵਿਕਟਾਂ ਲਈਆਂ ਤੇ ਭਾਰਤ ਨੇ ਇੰਗਲੈਂਡ ਨੂੰ 101 ਦੌੜਾਂ 'ਤੇ ਆਊਟ ਕੀਤਾ। ਇਸ ਤੋਂ ਬਾਅਦ ਭਾਰਤ ਨੇ ਹਾਰ ਦੇ ਚਾਰ ਦਹਾਕਿਆਂ ਦੇ ਸੋਕੇ ਨੂੰ ਤੋੜਦਿਆਂ ਇੰਗਲੈਂਡ ਨੂੰ ਚਾਰ ਵਿਕਟਾਂ ਨਾਲ ਹਰਾ ਕੇ ਇਹ ਟੈਸਟ ਸੀਰੀਜ਼ ਆਪਣੇ ਨਾਮ ਕੀਤੀ।



### ਕਪਤਾਨ ਅਜੀਤ ਵਾਡੇਕਰ ਤੇ ਭਾਰਤੀ ਬੱਲੇਬਾਜ਼

ਸਾਲ 1969-70 ਦੌਰਾਨ ਭਾਰਤੀ ਟੀਮ ਸੰਘਰਸ਼ ਵਿੱਚੋਂ ਲੰਘ ਰਹੀ ਸੀ। ਉਸ ਸਮੇਂ ਭਾਰਤੀ ਟੈਸਟ ਕ੍ਰਿਕਟ ਦੇ ਕਪਤਾਨ ਮਨਸੂਰ ਅਲੀ ਖਾਨ ਪਟੌਦੀ ਉਰਫ ਟਾਈਗਰ ਪਟੌਦੀ ਸਨ। ਸਾਲ 1971 ਵਿੱਚ ਭਾਰਤੀ ਟੀਮ ਨੇ ਦੋ ਵਿਦੇਸ਼ੀ ਦੌਰਿਆਂ 'ਤੇ ਜਾਣਾ ਸੀ, ਪਹਿਲੀ ਵੈਸਟ ਇੰਡੀਜ਼ ਅਤੇ ਦੂਜੀ ਟੈਸਟ ਸੀਰੀਜ਼ ਇੰਗਲੈਂਡ ਖ਼ਿਲਾਫ਼। ਇਸ ਦੌਰਾਨ ਭਾਰਤੀ ਸਲੈਕਟਰਾਂ ਨੇ ਟੀਮ ਵਿੱਚ ਕੁਝ ਬਦਲਾਅ ਕੀਤੇ। ਸਭ ਤੋਂ ਵੱਡਾ ਬਦਲਾਅ ਇਹ ਕਿ ਟੀਮ ਦਾ ਕਪਤਾਨ ਬਦਲਿਆ ਗਿਆ। ਅਜੀਤ ਵਾਡੇਕਰ ਨੂੰ ਭਾਰਤੀ ਟੀਮ ਦੀ ਕਮਾਨ ਸੌਂਪੀ ਗਈ। ਫਿਰ ਲਿਖੀ ਜਾਂਦੀ ਹੈ ਭਾਰਤੀ ਕ੍ਰਿਕਟ ਦੀ ਨਵੀਂ ਕਹਾਣੀ। ਅਜੀਤ ਵਾਡੇਕਰ ਦੀ ਅਗਵਾਈ ਵਿੱਚ ਖੇਡਦਿਆਂ ਭਾਰਤੀ ਟੀਮ ਨੇ ਵੈਸਟ ਇੰਡੀਜ਼ ਨੂੰ ਉਸ ਦੀ ਹੀ ਜ਼ਮੀਨ 'ਤੇ ਹਰਾ ਕੇ ਇਤਿਹਾਸ ਸਿਰਜਣ ਦੀ ਨੀਂਹ ਰੱਖ ਦਿੱਤੀ ਸੀ। ਭਾਰਤ ਟੈਸਟ ਕ੍ਰਿਕਟ ਦੀ ਇਹ ਟੀਮ ਸ਼ਾਨਦਾਰ ਸਪਿਨਰਾਂ ਤੇ ਇੱਕ ਮਜ਼ਬੂਤ ਬੱਲੇਬਾਜ਼ਾਂ ਨਾਲ ਸਜੀ ਹੋਈ ਸੀ। ਵੈਸਟ ਇੰਡੀਜ਼ ਖ਼ਿਲਾਫ਼ ਟੈਸਟ ਸੀਰੀਜ਼ ਖੇਡਦਿਆਂ ਸੁਨੀਲ ਗਾਵਸਕਰ ਨੇ ਆਪਣੇ ਅੰਤਰਰਾਸ਼ਟਰੀ ਕਰੀਅਰ ਦੀ ਸ਼ੁਰੂਆਤ ਕੀਤੀ। ਇਹ ਸ਼ੁਰੂਆਤ ਇੰਨੀ ਜਬਰਦਸਤ ਸੀ ਕਿ ਸੁਨੀਲ ਗਾਵਸਕਰ ਨੇ ਸ਼ਾਨਦਾਰ ਬੱਲੇਬਾਜ਼ੀ ਕਰਦਿਆਂ ਸਾਰਿਆਂ ਦਾ ਧਿਆਨ ਆਪਣੇ ਵੱਲ ਖਿੱਚਿਆ। ਪਰ ਉਹ ਇੰਗਲੈਂਡ ਖ਼ਿਲਾਫ਼ ਕੁਝ ਖ਼ਾਸ ਕਮਾਲ ਨਾ ਕਰ ਸਕੇ। ਪਰ ਭਾਰਤ ਦੀ ਟੀਮ ਦੀ ਇੱਕ ਮਜ਼ਬੂਤ ਬੱਲੇਬਾਜ਼ੀ ਲਾਈਨ-ਅਪ ਸੀ, ਜਿਸ ਦੇ ਦਮ 'ਤੇ ਟੀਮ ਇੰਗਲੈਂਡ ਦੇ ਗੇਂਦਬਾਜ਼ਾਂ ਅੱਗੇ ਟਿਕੀ ਦਿਖਾਈ ਦਿੱਤੀ। ਸਾਲ 2002 ਵਿੱਚ ਅਜੀਤ ਵਾਡੇਕਰ ਨੇ ਇਸ ਸੀਰੀਜ਼ ਬਾਰੇ ਖ਼ਾਸ ਗੱਲਬਾਤ ਕੀਤੀ ਸੀ।

**ਬਰਿੰਦਰ ਸਿੰਘ**

### ਸੀਰੀਜ਼ ਤੋਂ ਪਹਿਲਾਂ ਅਜੀਤ ਵਾਡੇਕਰ ਦੀ ਕੀ ਮਨੋਦਸ਼ਾ ਸੀ?

ਇਸ ਦੌਰਾਨ ਜਦੋਂ ਉਨ੍ਹਾਂ ਤੋਂ ਪੁੱਛਿਆ ਗਿਆ ਸੀ ਕਿ ਜਦੋਂ ਭਾਰਤੀ ਟੀਮ 1971 ਵਿੱਚ ਵੈਸਟ ਇੰਡੀਜ਼ ਨੂੰ ਹਰਾ ਕੇ ਇੰਗਲੈਂਡ ਦੌਰੇ 'ਤੇ ਪਹੁੰਚੀ ਤਾਂ ਉਨ੍ਹਾਂ ਦੀ ਕੀ ਮਨੋਦਸ਼ਾ ਸੀ? ਇਸ ਦੇ ਜਵਾਬ ਵਿੱਚ ਅਜੀਤ ਨੇ ਕਿਹਾ, "ਬੇਸ਼ੱਕ ਅਸੀ ਉਤਸ਼ਾਹਿਤ ਸੀ ਪਰ ਥੋੜ੍ਹੇ ਸੁਚੇਤ ਵੀ ਸੀ। ਇੰਗਲਿਸ਼ ਟੀਮ ਆਸਟਰੇਲੀਆ ਤੋਂ ਜਿੱਤ ਕੇ ਪਰਤੀ ਹੀ ਸੀ ਅਤੇ ਤੇਜ਼ ਗੇਂਦਬਾਜ਼ ਜੌਨ ਸਨੋ ਸ਼ਾਨਦਾਰ ਫ਼ੋਰਮ ਵਿੱਚ ਸਨ। ਵੈਸਟ ਇੰਡੀਜ਼ ਨੂੰ ਪਹਿਲੀ ਵਾਰ ਹਰਾਉਣ ਨਾਲ ਸਾਡਾ ਆਤਮਵਿਸ਼ਵਾਸ ਵਧਿਆ ਅਤੇ ਅਸੀ ਇੰਗਲੈਂਡ ਵਿੱਚ ਵੀ ਚੰਗਾ ਪ੍ਰਦਰਸ਼ਨ ਕਰਨ ਲਈ ਉਤਸੁਕ ਸੀ।" ਬੀਸੀਸੀਆਈ ਅਨੁਸਾਰ ਇਸ ਮੈਚ ਵਿੱਚ ਭਾਰਤ ਨੂੰ ਜਿੱਤਣ ਲਈ 173 ਦੌੜਾਂ ਦੀ ਜ਼ਰੂਰਤ ਸੀ ਪਰ ਵਾਡੇਕਰ, ਸਰਦੇਸਾਈ, ਗੁੰਡੱਪਾ ਵਿਸ਼ਵਾਨਾਥ ਅਤੇ ਇੰਜਨੀਅਰ ਨੇ ਕ੍ਰਮਵਾਰ 45,40,33 ਅਤੇ 28 ਦੌੜਾਂ ਬਣਾ ਕੇ ਇਤਿਹਾਸਿਕ ਜਿੱਤ ਦਰਜ ਕੀਤੀ। ਈਐੱਸਪੀਐੱਨ ਕ੍ਰਿਕਇਨਫੋ ਦੇ ਲੇਖ ਅਨੁਸਾਰ ਇਸ ਮੈਚ ਬਾਰੇ ਕਪਤਾਨ ਅਜੀਤ ਵਾਡੇਕਰ ਨੇ ਕਿਹਾ ਸੀ, "ਮੈਨੂੰ ਟਾਰਗੇਟ ਤੱਕ ਪਹੁੰਚਣ ਦਾ ਪੂਰਾ ਭਰੋਸਾ ਸੀ। ਇਲੰਗਵਰਥ ਦੀ ਸੋਚ ਇਹ ਸੀ ਕਿ ਅਸੀ ਉਨ੍ਹਾਂ ਦੀ ਤੇਜ਼ ਗੇਂਦਬਾਜ਼ੀ ਅੱਗੇ ਜ਼ਿਆਦਾ ਚੰਗੇ ਨਹੀ ਹਾਂ ਅਤੇ ਉਥੇ ਹੀ ਉਹ ਡਗਮਗਾ ਗਏ। ਫਿਰ ਆਪਣੇ ਗੇਂਦਬਾਜ਼ ਅੰਡਰਵੁੱਡ 'ਤੇ ਬਹੁਤ ਜ਼ਿਆਦਾ ਨਿਰਭਰ ਹੋ ਗਏ। ਮੈਂ ਆਪਣੇ ਬੱਲੇਬਾਜ਼ਾਂ ਨੂੰ ਕਿਹਾ ਕਿ ਉਹ ਇੰਤਜ਼ਾਰ ਕਰਨ ਅਤੇ ਦੇਖਣ ਤੇ ਫਿਰ ਦੌੜਾਂ ਬਣਾਉਣ।" ਕਪਤਾਨ ਅਜੀਤ ਵਾਡੇਕਰ ਨੇ ਇਸ ਸੀਰੀਜ਼ ਵਿੱਚ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦਿਆਂ 204 ਦੌੜਾਂ ਬਣਾਈਆਂ ਸੀ। ਬੀਸੀਸੀਆਈ ਅਨੁਸਾਰ ਜਦੋਂ 2021 ਵਿੱਚ ਇਸ ਜਿੱਤ ਦੇ 50 ਸਾਲ ਮਨਾਏ ਗਏ ਤਾਂ ਰਵੀ ਸ਼ਾਸਤਰੀ ਨੇ ਕਿਹਾ ਸੀ, "ਇੰਗਲੈਂਡ ਵਿੱਚ 1971 ਦੀ ਜਿੱਤ ਨੇ ਭਾਰਤੀ ਕ੍ਰਿਕਟ ਦਾ ਮਨੋਬਲ ਬਹੁਤ ਉੱਚਾ ਕੀਤਾ ਸੀ। ਇਸ ਜਿੱਤ ਨੇ ਉਨ੍ਹਾਂ ਨੂੰ ਇਹ ਵਿਸ਼ਵਾਸ ਦਿਵਾਇਆ ਕਿ ਉਹ ਵਿਦੇਸ਼ ਜਾ ਕੇ ਵੀ ਜਿੱਤ ਸਕਦੇ ਹਨ। ਅਤੇ ਇੰਗਲੈਂਡ ਵਿੱਚ ਅਜਿਹਾ ਕਰਨਾ ਹਮੇਸ਼ਾ ਇਤਿਹਾਸਕ ਹੁੰਦਾ ਹੈ। ਉਨ੍ਹਾਂ ਸਾਰੇ ਖਿਡਾਰੀਆਂ ਨੂੰ ਸਲਾਮ।"

### ਭਾਗਵਤ ਚੰਦਰਸ਼ੇਖਰ ਦੀ 'ਨਾਟਕੀ' ਗੇਂਦਬਾਜ਼ੀ ਤੇ ਟੀਮ ਦੇ ਚਾਰ ਸਪਿਨਰ

1971 ਵਿਚਲੀ ਇਸ ਭਾਰਤੀ ਟੈਸਟ ਕ੍ਰਿਕਟ ਟੀਮ ਦੀ 'ਜਾਨ' ਕਹੇ ਜਾਣ ਵਾਲੇ, ਉਹ ਸੀ ਚਾਰ ਸਪਿਨਰ ਗੇਂਦਬਾਜ਼ਾਂ ਦੀ ਚੌਕੜੀ। ਭਾਰਤ ਕੋਲ ਬਿਸ਼ਨ ਬੇਦੀ, ਸ੍ਰੀਨਿਵਾਸ ਵੇਂਕਟਰਾਘਵਨ, ਇਰਾਪੱਲੀ ਪ੍ਰਸੰਨਾ ਅਤੇ ਭਾਗਵਤ ਚੰਦਰਸ਼ੇਖਰ ਵਰਗੇ ਦਿੱਗਜ ਗੇਂਦਬਾਜ਼ ਸਨ। ਇੰਗਲੈਂਡ ਖ਼ਿਲਾਫ਼ ਟੈਸਟ ਸੀਰੀਜ਼ ਵਿੱਚ ਆਪਣੀ ਪਹਿਲੀ ਇਤਿਹਾਸਕ ਜਿੱਤ ਜੇ ਭਾਰਤ ਨੇ ਦਰਜ ਕੀਤੀ ਹੈ ਤਾਂ ਉਸ ਵਿੱਚ ਭਾਗਵਤ ਚੰਦਰਸ਼ੇਖਰ ਦਾ ਨਾਮ ਬਹੁਤ ਅਹਿਮੀਅਤ ਰੱਖਦਾ ਹੈ। ਜਦੋਂ ਇੰਗਲੈਂਡ ਦੇ ਖਿਡਾਰੀ ਇਸ ਮੈਚ ਦੀ ਦੂਜੀ ਪਾਰੀ ਕਰਨ ਉੱਤਰੇ ਤਾਂ ਉਹ 71 ਦੌੜਾਂ ਨਾਲ ਮਜ਼ਬੂਤ ਸਥਿਤੀ ਵਿੱਚ ਸਨ। ਈਐੱਸਪੀਐੱਨ ਕ੍ਰਿਕਇਨਫੋ ਅਨੁਸਾਰ ਜਦੋਂ ਚੰਦਰਸ਼ੇਖਰ ਗੇਂਦਬਾਜ਼ੀ ਕਰ ਰਹੇ ਸਨ ਤਾਂ ਮੈਦਾਨ ਵਿੱਚ ਉਨ੍ਹਾਂ ਦੇ ਸਾਥੀਆਂ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਮਿੱਲ ਰੀਫ ਦੀ ਤਰ੍ਹਾਂ ਤੇਜ਼ ਗੇਂਦਬਾਜ਼ੀ ਕਰਨ। ਮਿੱਲ ਰੀਫ ਉਸ ਸਮੇਂ ਸਭ ਤੋਂ ਜ਼ਿਆਦਾ ਰੇਸਾਂ ਜਿੱਤਣ ਵਾਲਾ ਘੋੜਾ ਸੀ। ਇਸ ਦੌਰਾਨ ਸਾਹਮਣੇ ਇੰਗਲੈਂਡ ਦਾ ਬੱਲੇਬਾਜ਼ ਜੌਨ ਐਡਰਿਚ ਸੀ। ਚੰਦਰਸ਼ੇਖਰ ਨੇ ਕਿਹਾ ਸੀ, "ਮੈਂ ਕੁਝ ਹੋਰ ਤਰ੍ਹਾਂ ਦੀ ਗੇਂਦਬਾਜ਼ੀ ਕਰਨ ਬਾਰੇ ਸੋਚ ਰਿਹਾ ਸੀ ਪਰ ਰਨ-ਅੱਪ ਵਿਚਾਲੇ ਜਿਵੇਂ ਉਨ੍ਹਾਂ ਨੇ ਮੈਨੂੰ ਕਿਹਾ ਤਾਂ ਮੈਂ ਤੇਜ਼ ਗੇਂਦਬਾਜ਼ੀ ਕੀਤੀ।" ਇਸ ਮੈਚ ਵਿੱਚ ਭਾਗਵਤ ਚੰਦਰਸ਼ੇਖਰ ਨੇ ਬੇਮਿਸਾਲ ਗੇਂਦਬਾਜ਼ੀ ਕਰਦਿਆਂ 38 ਦੌੜਾਂ ਦੇ ਕੇ ਛੇ ਵਿਕਟਾਂ ਹਾਸਲ ਕੀਤੀਆਂ। ਭਾਰਤ ਦੀ ਸ਼ਾਨਦਾਰ ਗੇਂਦਬਾਜ਼ੀ ਅੱਗੇ ਇੰਗਲੈਂਡ ਦੇ ਬੱਲੇਬਾਜ਼ ਢਹਿ-ਢੇਰੀ ਹੋ ਗਏ ਤੇ ਇਸ ਪਾਰੀ ਵਿੱਚ ਇੰਗਲੈਂਡ ਸਿਰਫ 101 ਦੌੜਾਂ ਹੀ ਬਣਾ ਸਕੀ। 2002 ਵਿੱਚ ਦਿੱਤੇ ਇੰਟਰਵਿਊ ਵਿੱਚ ਭਾਰਤੀ ਕਪਤਾਨ ਅਜੀਤ ਵਾਡੇਕਰ ਨੇ ਕਿਹਾ ਸੀ ਕਿ, "ਮੈਨੂੰ ਲੱਗਦਾ ਹੈ ਕਿ ਉਸ ਦਿਨ ਚੰਦਰਾ ਨੂੰ ਖੇਡਣਾ ਅਸੰਭਵ ਸੀ, ਦੁਨੀਆ ਦਾ ਕੋਈ ਵੀ ਬੱਲੇਬਾਜ਼ ਆਸਾਨੀ ਨਾਲ ਉਨ੍ਹਾਂ ਦਾ ਸਾਹਮਣਾ ਨਹੀ ਕਰ ਸਕਦਾ ਸੀ। ਪਿੱਚ ਵੀ ਉਨ੍ਹਾਂ ਦੇ ਹਿਸਾਬ ਦੀ ਸੀ, ਜਿੱਥੇ ਥੋੜ੍ਹਾ ਉਛਾਲ ਤੇ ਟਰਨ ਸੀ। ਉਨ੍ਹਾਂ ਨੇ ਉਸ ਪਾਰੀ ਵਿੱਚ ਸ਼ਾਇਦ ਹੀ ਕੋਈ ਢਿੱਲੀ ਗੇਂਦ ਸੁੱਟੀ ਹੋਵੇ ਅਤੇ ਬੱਲੇਬਾਜ਼ ਇਸ ਉਲਝਣ ਵਿੱਚ ਸੀ ਕਿ ਉਹ ਨਾ ਤਾਂ ਉਸ ਦਾ ਬਚਾਅ ਕਰ ਸਕਦੇ ਨੇ ਤੇ ਨਾ ਹੀ ਉਨ੍ਹਾਂ ਦੀ ਗੇਂਦ 'ਤੇ ਸ਼ੌਟ ਮਾਰ ਸਕਦੇ ਹਨ।"

### ਮੈਦਾਨ ਵਿੱਚ ਜਦੋਂ ਫੈਨਜ਼ ਹਾਥੀ ਲੈ ਆਏ

ਬੱਲੇ ਤੇ ਗੇਂਦ ਦੀ ਇਹ ਦਿਲਚਸਪ ਖੇਡ ਭਾਰਤੀਆਂ ਲਈ ਕਿਸੇ ਸਿਨੇਮਾ ਨਾਲੋਂ ਘੱਟ ਨਹੀ ਹੈ। ਇਸ ਵਿੱਚ ਕੋਈ ਅਤਿਕਥਨੀ ਨਹੀ ਹੋਵੇਗੀ ਜੇ ਕਹੀਏ ਕਿ ਕ੍ਰਿਕਟ ਵਿੱਚ ਭਾਰਤ ਦੀ ਜਿੱਤ ਕਿਸੇ ਤਿਉਹਾਰ ਨਾਲੋਂ ਤੇ ਹਾਰ ਕਿਸੇ ਸਦਮੇ ਨਾਲੋਂ ਘੱਟ ਹੈ। ਅਜਿਹਾ ਹੀ ਕੁਝ ਓਵਲ ਦੇ ਮੈਦਾਨ ਵਿੱਚ ਵੀ ਦੇਖਣ ਨੂੰ ਮਿਲਿਆ। ਦਰਅਸਲ 24 ਅਗਸਤ 1971 ਵਾਲੇ ਦਿਨ ਜਿੱਥੇ ਭਾਰਤ ਇਤਿਹਾਸ ਬਣਾਉਣ ਵੱਲ ਕਦਮ ਧਰ ਰਿਹਾ ਸੀ, ਉਸੇ ਦਿਨ ਗਣੇਸ਼ ਚਤੁਰਥੀ ਵੀ ਸੀ। ਹਿੰਦੂ ਧਰਮ ਵਿੱਚ ਇਸ ਤਿਉਹਾਰ ਦੀ ਬਹੁਤ ਮਾਨਤਾ ਹੈ। ਸਟੇਡੀਅਮ ਵਿੱਚ ਭਾਰਤੀ ਪ੍ਰਸ਼ੰਸਕ ਉਤਸ਼ਾਹ ਨਾਲ ਭਰੇ ਹੋਏ ਸੀ ਤੇ ਭਾਰਤੀ ਟੀਮ ਵੀ ਜਿੱਤ ਵੱਲ ਵਧ ਰਹੀ ਸੀ। ਈਐੱਸਪੀਐੱਨ ਕ੍ਰਿਕਇਨਫੋ ਮੁਤਾਬਕ ਉਸ ਸਮੇਂ ਸਟੇਡੀਅਮ ਵਿੱਚ ਮੌਜੂਦ ਭਾਰਤੀ ਪ੍ਰਸ਼ੰਸਕਾਂ ਨੇ ਚੈਸਿੰਗਟਨ ਚਿੜੀਆਘਰ ਤੋਂ ਇੱਕ ਹਾਥੀ ਲਿਆਉਣ ਦੀ ਸੋਚੀ। ਉਸ ਦਾ ਨਾਮ ਬੇਲਾ ਸੀ, ਜੋ ਤਿੰਨ ਸਾਲ ਦਾ ਸੀ। ਇਸ ਦੌਰਾਨ ਜਦੋਂ ਮੈਦਾਨ ਵਿੱਚ ਇੱਕ ਹਾਥੀ ਦੌੜਦਾ ਦਿਖਾਈ ਦਿੱਤਾ ਤਾਂ ਸਭ ਹੈਰਾਨ ਰਹਿ ਗਏ ਤੇ ਕਈ ਭਾਰਤੀ ਪ੍ਰਸ਼ੰਸਕ ਮੰਤਰਮੁਗਧ ਹੋ ਗਏ। ਭਾਰਤ ਦੀ ਇਤਿਹਾਸਿਕ ਜਿੱਤ ਦਾ ਦਿਨ ਜਿੱਥੇ ਯਾਦਗਾਰ ਬਣਿਆ, ਉੱਥੇ ਹੀ ਇਹ ਹਾਥੀ ਵੀ ਇਸ ਮੈਚ ਦੀ ਨਾਲ ਹਮੇਸ਼ਾ ਯਾਦਗਾਰ ਬਣ ਗਿਆ।



### ਏਕਨਾਥ ਦਾ ਉਹ ਕੈਚ


ਈਐੱਸਪੀਐੱਨ ਕ੍ਰਿਕਇਨਫੋ ਮੁਤਾਬਕ ਭਾਰਤ ਦੇ ਸਾਬਕਾ ਕ੍ਰਿਕਟਰ ਏਕਨਾਥ ਸੋਲਕਰ ਨੇ ਸਿਰਫ 27 ਮੈਚ ਖੇਡੇ ਪਰ ਇਨ੍ਹਾਂ ਮੈਚਾਂ ਵਿੱਚ ਉਨ੍ਹਾਂ ਨੇ 53 ਕੈਚ ਫੜੇ। ਸੋਲਕਰ ਆਪਣੀ ਸ਼ਾਨਦਾਰ ਫਿਲਡਿੰਗ ਲਈ ਜਾਣੇ ਜਾਂਦੇ ਸਨ ਪਰ 1971 ਵਿੱਚ ਓਵਲ ਦੇ ਮੈਦਾਨ 'ਚ ਇੰਗਲੈਂਡ ਖਿਲਾਫ ਖੇਡੇ ਮੈਚ ਵਿੱਚ ਫੜਿਆ ਕੈਚ ਕ੍ਰਿਕਟ ਦੇ ਇਤਿਹਾਸ ਵਿੱਚ ਯਾਦਗਾਰ ਬਣ ਗਿਆ। ਇੰਗਲੈਂਡ ਦੇ ਬੱਲੇਬਾਜ਼ ਐਲਨ ਨੌਟ ਆਫ ਸਪਿਨ ਗੇਂਦਬਾਜ਼ੀ ਖਿਲਾਫ ਮਜ਼ਬੂਤ ਬੱਲੇਬਾਜ਼ ਮੰਨੇ ਜਾਂਦੇ ਸਨ। ਐਲਨ ਨੌਟ ਦੇ ਸਾਹਮਣੇ ਭਾਰਤੀ ਸਪਿਨਰ ਐੱਸ ਵੈਂਕਟਰਾਘਵਨ ਸਨ।

ਵੈਂਕਟਰਾਘਵਨ ਨੇ ਜਦੋਂ ਗੇਂਦ ਕਰਵਾਈ ਤਾਂ ਨੌਟ ਨੇ ਉਸ ਬਾਲ ਨੂੰ ਕਾਰਨਰ ਤੋਂ ਖੇਡਣ ਦੀ ਕੋਸ਼ਿਸ਼ ਕੀਤੀ ਤੇ ਏਕਨਾਥ ਸੋਲਕਰ ਫੌਰਵਰਡ ਸ਼ੋਰਟ ਲੈੱਗ ਪੁਜ਼ੀਸ਼ਨ 'ਤੇ ਖੜ੍ਹੇ ਸਨ, ਜਿਨ੍ਹਾਂ ਨੇ ਲੰਬੀ ਡਰਾਈਵ ਲਗਾਈ ਤੇ ਜ਼ਮੀਨ 'ਤੇ ਪੂਰਾ ਵਿੱਛ ਕੇ ਇਹ ਕੈਚ ਫੜ ਲਿਆ। ਇਹੀ ਕੈਚ ਇਸ ਮੈਚ ਦਾ ਟਰਨਿੰਗ ਪੁਆਇੰਟ ਵੀ ਸਾਬਤ ਹੋਇਆ। ਟੋਨੀ ਗ੍ਰੇਗ ਨੇ ਇੱਕ ਵਾਰ ਕਿਹਾ ਸੀ ਕਿ ਸੋਲਕਰ ਫਾਰਵਰਡ ਸ਼ਾਰਟ-ਲੈੱਗ ਪੋਜੀਸ਼ਨ 'ਤੇ ਹੁਣ ਤੱਕ ਦੇ ਸਭ ਤੋਂ ਬਿਹਤਰੀਨ ਫਿਲਡਰ ਹਨ। ਇਹ ਭਾਰਤੀ ਕੈਚਿੰਗ ਦੇ ਮਾਸਟਰ ਲਈ ਇੱਕ ਸ਼ਾਨਦਾਰ ਮਾਨਤਾ ਸੀ ਕਿਉਂਕਿ ਮਹਾਨ ਸਰ ਗਾਰਫੀਲਡ ਸੋਬਰਸ ਵੀ ਉਸ ਪੋਜੀਸ਼ਨ 'ਤੇ ਇੱਕ ਮਾਸਟਰ ਸਨ।



## ਪੋਲ ਵਾਲਟ ਦਾ ਰਾਕਟ ਆਰਮੰਡ ਡੁਪਲਾਂਟਿਸ

ਆਰਮੰਡ ਡੁਪਲਾਂਟਿਸ ਪੋਲ ਵਾਲਟ ਦਾ ਮੌਜੂਦਾ ਓਲੰਪਿਕ ਚੈਂਪੀਅਨ ਤੇ ਵਿਸ਼ਵ ਚੈਂਪੀਅਨ ਹੈ। ਓਲੰਪਿਕ ਖੇਡਾਂ ਤੇ ਵਰਲਡ ਚੈਂਪੀਅਨਸ਼ਿਪਸ ਦੇ ਵਿਸ਼ਵ ਰਿਕਾਰਡ ਵੀ ਉਹਦੇ ਨਾਂ ਹਨ। ਉਸ ਨੂੰ ਸਾਲ 2025 ਦਾ ਬਿਹਤਰੀਨ ਖਿਡਾਰੀ ਤੇ ਲੌਰੀਅਸ ਅਥਲੀਟ ਮੰਨਿਆ ਗਿਐ। ਉਸ ਤੋਂ ਪਹਿਲਾਂ ਪੋਲ ਵਾਲਟ ਦੀ ਝੰਡੀ ਸਰਗੀ ਬੁਬਕਾ ਦੇ ਹੱਥ ਸੀ। ਵੀਹਵੀਂ ਸਦੀ 'ਚ ਉਹਦੀ ਗੁੱਡੀ ਅਸਮਾਨੀ ਚੜ੍ਹੀ ਰਹੀ। ਉਸ ਨੂੰ 'ਫਲਾਈਂਗ ਬਰਡ' ਕਿਹਾ ਜਾਂਦਾ ਰਿਹਾ। ਉਹ ਦੁਨੀਆ ਦਾ ਪਹਿਲਾ ਪੋਲ ਵਾਲਟਰ ਹੋਇਆ ਜਿਸ ਨੇ 6 ਮੀਟਰ ਤੋਂ ਉੱਚਾ ਟੱਪਣ ਦੀ ਹੱਦ ਪਹਿਲੀ ਵਾਰ ਤੋੜੀ। ਉਸ ਨੇ ਪੋਲ ਵਾਲਟ ਦੇ ਵਿਸ਼ਵ ਰਿਕਾਰਡ 17 ਵਾਰ ਨਵਿਆਏ ਤੇ ਆਪਣੇ ਖੇਡ ਕਰੀਅਰ ਦੌਰਾਨ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਵਿੱਚੋਂ 6 ਗੋਲਡ ਮੈਡਲ ਜਿੱਤੇ ਸਨ ਜੋ ਆਪਣੇ ਆਪ 'ਚ ਅਨੋਖਾ ਰਿਕਾਰਡ ਹੈ। ਉਹਦਾ ਜਨਮ 4 ਦਸੰਬਰ 1963 ਨੂੰ ਸੋਵੀਅਤ ਰੂਸ ਵਿੱਚ ਹੋਇਆ ਸੀ। ਉਸ ਦਾ 31 ਜੁਲਾਈ 1991 ਨੂੰ ਰੱਖਿਆ 6.14 ਮੀਟਰ ਦਾ ਵਿਸ਼ਵ ਰਿਕਾਰਡ 2015 ਤੱਕ ਕਾਇਮ ਰਿਹਾ। ਆਖ਼ਰ ਉਹ ਰਿਕਾਰਡ ਸਵੀਡਨ ਦੇ ਆਰਮੰਡ ਡੁਪਲਾਂਟਿਸ ਉਰਫ਼ 'ਮੋਡੋ' ਨੇ 24 ਸਾਲਾਂ ਬਾਅਦ 6.15 ਮੀਟਰ ਉੱਚੀ ਛਾਲ ਲਾ ਕੇ ਤੋੜਿਆ। ਸਵੀਡਿਸ਼-ਅਮਰੀਕਨ ਅਥਲੀਟ, ਆਰਮਡ ਗੁਸਤਾਵ ਡੁਪਲਾਂਟਿਸ ਦਾ ਜਨਮ 10 ਨਵੰਬਰ 1999 ਨੂੰ ਅਮਰੀਕਾ ਵਿੱਚ ਹੋਇਆ ਸੀ, ਪਰ ਉਹ ਸਵੀਡਨ ਦੀ ਪ੍ਰਤੀਨਿਧਤਾ ਕਰਦਾ ਹੈ। ਹੁਣ ਉਸ ਨੂੰ ਸਰਬ ਸਮਿਆਂ ਦਾ ਸਭ ਤੋਂ ਮਹਾਨ ਪੋਲ ਵਾਲਟਰ ਕਿਹਾ ਜਾ ਰਿਹੈ। ਉਸ ਨੇ 6.27 ਮੀਟਰ ਯਾਨੀ 20 ਫੁੱਟ 7 ਇੰਚ ਉੱਚੀ ਛਾਲ ਲਾਉਣ ਦਾ ਵਿਸ਼ਵ ਰਿਕਾਰਡ ਰੱਖਿਆ ਤੇ ਗਲੋਬ ਦੇ 7 ਸੀਨੀਅਰ ਟਾਈਟਲ ਜਿੱਤੇ ਹਨ। ਓਲੰਪਿਕ ਖੇਡਾਂ ਦੇ 2 ਗੋਲਡ ਮੈਡਲ, ਆਊਟਡੋਰ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਦੇ ਵੀ 2 ਗੋਲਡ ਮੈਡਲ ਤੇ ਤਿੰਨ ਵਾਰ ਇਨਡੋਰ ਵਿਸ਼ਵ ਅਥਲੈਟਿਕਸ ਚੈਂਪੀਅਨਸ਼ਿਪਾਂ ਜਿੱਤੀਆਂ ਹਨ। ਯੂਰਪੀਨ ਤੇ ਹੋਰ ਚੈਂਪੀਅਨਸ਼ਿਪਾਂ ਜਿੱਤਣੀਆਂ ਤਾਂ ਮਾਮੂਲੀ ਗੱਲ ਸਨ। ਅਜੇ ਉਹ ਭਰ ਜੁਆਨ ਹੈ। ਕੀ ਪਤਾ ਪੋਲ ਵਾਲਟ ਦੀ ਬਾਰ ਹੋਰ ਕਿੰਨੀ ਉੱਚੀ ਕਰਾ ਜਾਵੇ? 'ਮੋਡੋ' ਡੁਪਲਾਂਟਿਸ ਲਈ 5 ਅਗਸਤ 2024 ਦਾ ਦਿਨ ਸਭ ਤੋਂ ਵੱਧ ਕਰਮਾਂ ਵਾਲਾ ਸਿੱਧ ਹੋਇਆ। ਉਸ ਦਿਨ ਪੈਰਿਸ ਦੀਆਂ ਓਲੰਪਿਕ ਖੇਡਾਂ ਵਿੱਚ ਪੋਲ ਵਾਲਟ ਦਾ ਫਾਈਨਲ ਮੁਕਾਬਲਾ ਹੋਣਾ ਸੀ। 2020 ਦੀਆਂ ਓਲੰਪਿਕ ਖੇਡਾਂ ਜੋ ਕੋਵਿਡ ਕਾਰਨ 2021 'ਚ ਟੋਕੀਓ ਵਿਖੇ ਹੋਈਆਂ, ਉਨ੍ਹਾਂ 'ਚੋਂ ਡੁਪਲਾਂਟਿਸ ਪੋਲ ਵਾਲਟ ਦਾ ਗੋਲਡ ਮੈਡਲ ਜਿੱਤ ਚੁੱਕਾ ਸੀ। ਜੇਕਰ ਉਹ ਪੈਰਿਸ ਤੋਂ ਵੀ ਗੋਲਡ ਮੈਡਲ ਜਿੱਤਦਾ ਤਾਂ ਅਨੋਖੀ ਗੱਲ ਹੋਣੀ ਸੀ ਕਿਉਂਕਿ 1896 ਤੋਂ ਸਿਵਾਏ ਇੱਕ ਪੋਲ ਵਾਲਟਰ ਦੇ ਕੋਈ ਹੋਰ ਪੋਲ ਵਾਲਟਰ ਦੂਜੀ ਵਾਰ ਓਲੰਪਿਕ ਖੇਡਾਂ ਦਾ ਗੋਲਡ ਮੈਡਲ ਨਹੀ ਸੀ ਜਿੱਤ ਸਕਿਆ। ਇੱਥੋਂ ਤੱਕ ਕਿ ਯੂਕਰੇਨ ਦਾ 'ਫਲਾਈਂਗ ਬਰਡ' ਸਰਗੀ ਬੁਬਕਾ ਵੀ ਨਹੀ ਜਿੱਤਿਆ। ਪੈਰਿਸ ਦੇ ਫਾਈਨਲ ਮੁਕਾਬਲੇ ਸਮੇਂ ਸਥਿਤੀ ਇਹ ਬਣੀ ਕਿ 5.95 ਮੀਟਰ ਦੀ ਉਚਾਈ ਕਿਸੇ ਪੋਲ ਵਾਲਟਰ ਤੋਂ ਪਾਰ ਨਾ ਹੋਈ। ਰਹਿ ਗਿਆ 'ਕੱਲਾ ਡੁਪਲਾਂਟਿਸ ਜੋ ਪਹਿਲੇ ਹੱਲੇ ਹੀ 6 ਮੀਟਰ ਦੀ ਉਚਾਈ ਪਾਰ ਗਿਆ। ਇੰਜ ਗੋਲਡ ਮੈਡਲ ਤਾਂ ਉਸ ਦਾ ਬਣ ਗਿਆ, ਪਰ ਓਲੰਪਿਕ ਖੇਡਾਂ ਦਾ ਰਿਕਾਰਡ ਨਾ ਟੁੱਟਿਆ ਜੋ 2016 ਦੀਆਂ ਓਲੰਪਿਕ ਖੇਡਾਂ ਦੇ ਪੋਲ ਵਾਲਟ ਜੇਤੂ ਠਿਆਗੋ ਬਰਾਜ਼ ਦੇ ਨਾਂ ਸੀ। ਉਹਦਾ ਰਿਕਾਰਡ ਤੋੜਨ ਲਈ ਉਸ ਨੇ ਬਾਰ



6.10 ਮੀਟਰ ਉੱਚੀ ਕਰਵਾਈ ਤੇ ਸਫਲ ਛਾਲ ਲਾ ਕੇ ਗੋਲਡ ਮੈਡਲ ਨਾਲ ਓਲੰਪਿਕ ਖੇਡਾਂ ਦਾ ਨਵਾਂ ਰਿਕਾਰਡ ਵੀ ਆਪਣੇ ਨਾਂ ਕਰ ਲਿਆ। ਫਿਰ ਉਸ ਨੇ ਬਾਰ 5 ਜਾਂ 10 ਸੈਂਟੀਮੀਟਰ ਉੱਚੀ ਕਰਵਾਉਣ ਦੀ ਥਾਂ 'ਕੱਠੀ 15 ਸੈਂਟੀਮੀਟਰ ਉੱਚੀ ਕਰਵਾ ਕੇ 6.24 ਮੀਟਰ ਦਾ ਆਪਣਾ ਹੀ ਰੱਖਿਆ ਵਿਸ਼ਵ ਰਿਕਾਰਡ ਨਵਿਆਉਣ ਦਾ ਫ਼ੈਸਲਾ ਕੀਤਾ। ਉਹਦੇ ਕਹਿਣ 'ਤੇ ਬਾਰ 6.25 ਮੀਟਰ ਉੱਚੀ ਕਰ ਦਿੱਤੀ ਗਈ। ਅਨਾਊਂਸਮੈਂਟ ਹੋਈ ਤਾਂ ਸਟੇਡੀਅਮ 'ਚ ਮੌਜੂਦ ਸਾਰੇ ਦਰਸ਼ਕਾਂ ਦੀਆਂ ਨਜ਼ਰਾਂ ਪੋਲ ਵਾਲਟ ਦੇ ਸਟੈਂਡ ਵੱਲ ਮੁੜ ਗਈਆਂ। ਗੋਰੇ ਨਿਛੋਹ ਰੰਗ, ਭੂਰੇ ਵਾਲ ਤੇ ਬਿੱਲੀਆਂ ਅੱਖਾਂ ਵਾਲੇ ਛੇ ਫੁੱਟੇ ਸਵੀਡਨੀਏ ਨੇ ਫਾਈਬਰ ਗਲਾਸ ਦਾ ਪੋਲ ਹੱਥਾਂ 'ਚ ਫੜ ਕੇ ਜੋਹਿਆ ਤੇ ਤੇਜ਼ ਦੌੜਨਾ ਸ਼ੁਰੂ ਕੀਤਾ। ਦੌੜ ਕੇ ਛਾਲ ਲਾਈ ਤਾਂ ਬਾਰ ਉਹਦੇ ਨਾਲ ਹੀ ਹੇਠਾਂ ਜਾ ਡਿੱਗੀ। ਸਾਹਮਣੇ ਬੈਠੀ ਉਹਦੀ ਗਰਲ ਫਰੈਂਡ ਨੇ ਲੰਮਾ ਹਉਕਾ ਭਰਿਆ। ਫਿਰ ਉਸ ਨੇ ਦੁਬਾਰਾ ਛਾਲ ਲਾਈ ਜੋ ਸਫਲ ਨਾ ਹੋ ਸਕੀ। ਸਭ ਨੂੰ ਨਿਰਾਸ਼ਾ ਹੋਈ। ਤੀਜੀ ਛਾਲ ਉਹਦਾ ਆਖ਼ਰੀ ਮੌਕਾ ਸੀ। ਉਸ ਨੇ ਪ੍ਰਸ਼ੰਸਕਾਂ 'ਚ ਬੈਠੀ ਆਪਣੀ ਪ੍ਰੇਮਿਕਾ ਵੱਲ ਫਿਰ ਵੇਖਿਆ ਜਿਸ ਨੇ ਹੌਸਲਾ ਵਧਾਊ ਚੁੰਮਣ ਹਵਾ 'ਚ ਸੁੱਟਿਆ ਜੋ ਪ੍ਰੇਮੀ ਨੇ ਬੋਚਣ ਦਾ ਸੰਕੇਤ ਦਿੱਤਾ। ਮੋਡੋ ਮੁੜ ਰਨ ਵੇਅ ਵੱਲ ਵਧਿਆ। ਆਰ ਜਾਂ ਪਾਰ ਚਿਤਵ ਕੇ ਰਨ ਵੇਅ 'ਤੇ ਦੌੜਿਆ। ਬਕਸੇ ਵਿੱਚ ਪੋਲ ਠੀਕ ਲੱਗਾ, ਫਾਈਬਰ ਗਲਾਸ ਪੋਲ ਦਾ ਪੂਰਾ ਹੁਲਾਰਾ ਮਿਲਿਆ, ਬਾਰ ਕਰਾਸ ਕਰਦਿਆਂ ਮੋਡੋ ਨੇ ਐਸੀ ਟਪੂਸੀ ਮਾਰੀ ਕਿ ਬਾਰੇ ਥਾਏਂ ਖੜ੍ਹੀ ਰਹੀ। ਸਫਲ ਛਾਲ ਦੀ ਝੰਡੀ ਵੇਖੇ ਬਿਨਾਂ ਉਹ ਪਿੱਚ ਤੋਂ ਸਟੈਂਡਾਂ ਵੱਲ ਦੌੜਿਆ ਤੇ ਆਪਣੀ ਪ੍ਰੇਮਿਕਾ ਨੂੰ ਲਿਪਟ ਗਿਆ। ਕੈਮਰਿਆਂ ਨੇ ਉਹ ਦ੍ਰਿਸ਼ ਸਦਾ ਲਈ ਸੰਭਾਲ ਲਿਆ। ਓਲੰਪਿਕ ਖੇਡਾਂ ਦੇ ਰਿਕਾਰਡ ਨਾਲ ਨਵਾਂ ਵਿਸ਼ਵ ਰਿਕਾਰਡ ਵੀ ਰੱਖਿਆ ਗਿਆ: 6.25 ਮੀਟਰ! ਮੋਡੋ ਨੇ ਟਰੈਕ 'ਤੇ ਜੇਤੂ ਗੇੜੀ ਦਿੱਤੀ ਤਾਂ ਤਾੜੀਆਂ ਦਾ ਸ਼ੋਰ ਲਗਾਤਾਰ ਗੂੰਜਦਾ ਰਿਹਾ। ਮੋਡੋ ਦੀ ਇਸ ਜਿੱਤ ਤੋਂ ਪਹਿਲਾਂ ਓਲੰਪਿਕ ਖੇਡਾਂ ਦੇ ਇਤਿਹਾਸ ਵਿੱਚ ਕੇਵਲ ਬੌਬ ਰਿਚਰਡ ਹੀ ਸੀ ਜਿਸ ਨੇ 1952 ਵਿੱਚ ਹੈਲਸਿੰਕੀ ਤੇ 1956 ਵਿੱਚ ਮੈਲਬਰਨ ਦੀਆਂ ਓਲੰਪਿਕ ਖੇਡਾਂ 'ਚੋਂ ਪੋਲ ਵਾਲਟ ਦੇ ਦੋ ਗੋਲਡ ਮੈਡਲ ਜਿੱਤੇ ਸਨ। 68 ਸਾਲਾਂ ਬਾਅਦ ਮੋਡੋ ਡੁਪਲਾਂਟਿਸ ਦੀ ਜਿੱਤ ਨਾਲ ਸਾਰੀ ਦੁਨੀਆ ਵਿੱਚ ਉਹਦੀ ਜੈ ਜੈ ਕਾਰ ਹੋ ਗਈ। ਉਹ ਐਸਾ ਪੋਲ ਵਾਲਟਰ ਹੈ ਜਿਸ ਨੇ ਯੂਥ, ਜੂਨੀਅਰ ਤੇ ਸੀਨੀਅਰ ਵਿਸ਼ਵ ਚੈਂਪੀਅਨਸ਼ਿਪਾਂ ਦੇ ਤਿੰਨੇ ਵਿਸ਼ਵ ਰਿਕਾਰਡ ਆਪਣੇ ਨਾਂ ਕੀਤੇ। ਆਰਮੰਡ ਡੁਪਲਾਂਟਿਸ ਪੋਲ ਵਾਲਟਰ ਪਿਓ ਦਾ ਪੁੱਤਰ ਹੈ ਜੋ ਚਾਰ ਸਾਲਾਂ ਦੀ ਉਮਰ ਤੋਂ ਹੀ ਪੋਲ ਵਾਲਟ ਨਾਲ ਪੰਗੇ ਲੈਣ ਲੱਗ ਪਿਆ ਸੀ। ਇਹ ਸਮਝ ਲਓ ਕਿ ਉਹ ਤੁਰਨ ਹੀ ਨਿੱਕੇ ਜਿਹੇ ਪੋਲ ਨਾਲ ਲੱਗਾ ਸੀ। ਉਸ ਨੇ 15 ਸਾਲ ਦੀ ਉਮਰ ਤੋਂ ਵੱਖ ਵੱਖ ਉਮਰ ਵਰਗਾਂ ਦੇ ਨਵੇਂ ਵਿਸ਼ਵ ਰਿਕਾਰਡ ਰੱਖਣੇ ਸ਼ੁਰੂ ਕਰ ਲਏ ਤੇ ਆਪਣੇ ਕੋਚ ਬਾਪ ਦੇ ਸੁਪਨੇ ਸਾਕਾਰ ਕਰਨ ਲੱਗ ਪਿਆ ਸੀ। ਮੋਡੋ ਨੇ 2015 ਵਿੱਚ ਹੀ 5.30 ਮੀਟਰ ਦੀ ਉਚਾਈ ਪਾਰ ਕਰ ਲਈ। 2016 ਵਿੱਚ 5.51 ਮੀਟਰ, 2017 'ਚ 5.90, 2018 'ਚ 6.05, 2020 'ਚ 6.15, 2022 ਵਿੱਚ 6.21, 2023 'ਚ 6.23, 2024 'ਚ 6.25 ਅਤੇ 2025 ਵਿੱਚ 6.27 ਮੀਟਰ ਦਾ ਨਵਾਂ ਵਿਸ਼ਵ ਰਿਕਾਰਡ ਰੱਖਿਆ। ਉਹ ਵਿਸ਼ਵ ਦਾ ਪਹਿਲਾ ਪੋਲ ਵਾਲਟਰ ਹੈ ਜਿਸ ਨੇ 6.20 ਮੀਟਰ ਦੀ ਹੱਦ ਪਹਿਲੀ ਵਾਰ ਤੋੜੀ। ਉਹ ਹੁਣ 26ਵੇਂ ਸਾਲ ਵਿੱਚ ਹੈ ਤੇ ਉਹਦਾ ਨਿਸ਼ਾਨਾ 6.30 ਮੀਟਰ ਦੀ ਹੱਦ ਪਾਰ ਕਰਨਾ ਹੈ। ਮੋਡੋ ਡੁਪਲਾਂਟਿਸ ਦਾ ਜਨਮ ਖਿਡਾਰੀਆਂ ਦੇ ਪਰਿਵਾਰ 'ਚ ਅਮਰੀਕਾ ਦੀ ਸਟੇਟ ਲੁਸਿਆਨਾ ਦੇ ਸ਼ਹਿਰ ਲਾਫਾਯੈਟ ਵਿੱਚ ਹੋਇਆ। ਉਹਦਾ ਪਿਉ ਗ੍ਰੈਗ ਡੁਪਲਾਂਟਿਸ ਅਮਰੀਕਨ ਹੈ ਤੇ ਮਾਂ ਹਲੇਨਾ ਡੁਪਲਾਂਟਿਸ ਸਵੀਡਿਸ਼ ਮੂਲ ਦੀ ਹੈ। ਗ੍ਰੈਗ ਡੁਪਲਾਂਟਿਸ ਖ਼ੁਦ ਅੰਤਰਰਾਸ਼ਟਰੀ ਪੱਧਰ ਦਾ ਪੋਲ ਵਾਲਟਰ ਰਿਹਾ। ਉਸ ਨੇ 5.80 ਮੀਟਰ ਯਾਨੀ 19 ਫੁੱਟ ਅੱਧਾ ਇੰਚ ਉੱਚੀ ਛਾਲ ਲਾਈ ਹੋਈ ਹੈ। ਮੋਡੋ ਦੀ ਮਾਂ ਹੈਪਟੱਥਲੀਟ ਤੇ ਵਾਲੀਬਾਲ ਦੀ ਵਧੀਆ ਖਿਡਾਰਨ ਰਹੀ ਹੈ। ਮੋਡੋ ਅਮਰੀਕਾ 'ਚ ਜੰਮਿਆ ਹੋਣ ਕਰਕੇ ਅੰਗਰੇਜ਼ੀ ਉਸ ਦੀ ਪਹਿਲੀ ਭਾਸ਼ਾ ਹੈ ਤੇ ਸਵੀਡਿਸ਼ ਦੂਜੀ ਭਾਸ਼ਾ। ਉਹ ਛੁੱਟੀਆਂ ਵਿੱਚ ਆਪਣੀ ਮਾਂ ਨਾਲ ਤੇ ਫਿਰ ਇਕੱਲਾ ਸਵੀਡਨ ਆਪਣੇ ਨਾਨਕੀ ਚਲਾ ਜਾਂਦਾ ਜਿੱਥੇ ਉਹਦੇ ਨਾਨੇ-ਨਾਨੀ ਦਾ ਪਰਿਵਾਰ ਸੀ। ਇੰਜ ਉਹ ਅਮਰੀਕਾ ਦਾ ਵੀ ਸਿਟੀਜ਼ਨ ਹੈ ਤੇ ਸਵੀਡਨ ਦਾ ਵੀ। 28 ਫਰਵਰੀ 2025 ਦਾ ਦਿਨ ਪੋਲ ਵਾਲਟ ਦੇ ਇਤਿਹਾਸ ਦਾ ਯਾਦਗਾਰੀ ਦਿਵਸ ਹੋ ਨਿੱਬੜਿਆ। ਫਰਾਂਸ ਦੀ ਧਰਤੀ 'ਤੇ ਹੋਈ ਆਲ ਸਟਾਰ ਮੀਟ ਵਿੱਚ ਮੋਡੋ ਨੇ 6.27 ਮੀਟਰ ਉੱਚੀ ਛਾਲ ਲਾ ਕੇ 11ਵੀਂ ਵਾਰ ਵਿਸ਼ਵ ਰਿਕਾਰਡ ਨਵਿਆਇਆ। ਉਸ ਖ਼ੁਸ਼ੀ ਵਿੱਚ ਉਹਦਾ ਗੀਤ 'ਬੌਪ' ਰਿਲੀਜ਼ ਕੀਤਾ ਗਿਆ। ਕਈਆਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਮੋਡੋ ਗੀਤਕਾਰ ਵੀ ਹੈ। ਮੋਡੋ ਨੇ ਇੱਥੋਂ ਤੱਕ ਕਹਿ ਦਿੱਤਾ ਕਿ 6.30 ਮੀਟਰ ਟੱਪਣਾ ਤਾਂ ਮੇਰੀ ਪਹੁੰਚ ਵਿੱਚ ਹੀ ਹੈ, ਹੋ ਸਕਦੈ ਮੈਂ ਵਿਸ਼ਵ ਰਿਕਾਰਡ 6.40 ਮੀਟਰ ਤੱਕ ਲੈ ਜਾਵਾਂ! ਜੁਲਾਈ 2020 ਵਿੱਚ ਮੋਡੋ ਨੂੰ ਖਿਡਾਰੀਆਂ ਲਈ ਸਭ ਤੋਂ ਵੱਡਾ ਸਨਮਾਨ ਵਿਕਟੋਰੀਆ ਐਵਾਰਡ ਮਿਲਿਆ। 2025 ਤੱਕ ਸਪੋਰਟਸ ਦਾ ਸ਼ਾਇਦ ਹੀ ਕੋਈ ਐਵਾਰਡ ਹੋਵੇ ਜੋ ਉਸ ਨੂੰ ਨਾ ਮਿਲਿਆ ਹੋਵੇ। ਸਣੇ ਵਰਲਡ ਅਥਲੈਟਿਕਸ ਐਵਾਰਡ ਦੇ ਤੇ ਸਪੋਰਟਸ ਪਰਸਨੈਲਿਟੀ ਵਰਲਡ ਸਪੋਰਟ ਸਟਾਰ ਦੇ। ਮੋਡੋ ਜਿਹੇ ਸਪੋਰਟਸ ਸਟਾਰ ਨਿੱਤ ਨਿੱਤ ਨਹੀ ਜੰਮਦੇ।

## ਟੈਨਿਸ ਦਾ ਅਸਤਰ ਆਂਦਰੇ ਅਗਾਸੀ







ਆਂਦਰੇ ਅਗਾਸੀ ਦੀ ਸ਼ਖ਼ਸੀਅਤ ਇਕਹਿਰੀ ਨਹੀਂ, ਦੂਹਰੀ ਤੀਹਰੀ ਹੈ। ਉਹ ਟੈਨਿਸ ਦਾ ਸ਼ਿੰਗਾਰ ਖਿਡਾਰੀ ਸੀ ਜੀਹਦੇ ਡਿੱਗ ਕੇ ਉੱਠਣ ਤੇ ਲੇਖ ਹੋ ਰਿਹਾ ਹੁੰਦਾ ਰਿਹਾ। ਉਹਦੀ ਜੀਵਨ ਕਹਾਣੀ ਚਾਨਣ ਤੋਂ ਹਨੇਰੇ ਵੱਲ ਪਰਤਣ ਤੇ ਹਨੇਰੇ 'ਚੋਂ ਮੁੜ ਚਾਨਣ ਵੱਲ ਵਧਣ ਦੀ ਵਾਰਤਾ ਹੈ। ਉਹ ਆਰਮੀਨੀਅਨ-ਇਰਾਨੀ ਮੂਲ ਦਾ ਅਮਰੀਕੀ ਹੈ। ਉਹਦਾ ਜੀਵਨ ... ਉਸ ਦੀ ... ਰਹੀਆਂ ... ਘੋੜ ਅ... ਪਰ ... ਉਸ ਦਾ ਪਿਤਾ ਬੌਕਸਰ ਹੋਣ ਦੇ ਬਾਵਜੂਦ ਟੈਨਿਸ ਦੀ ਖੇਡ ਦਾ ਦੀਵਾਨਾ ਸੀ। ਉਸ ਨੇ ਪੁੱਤਰ ਦੀ ਇੱਛਾ ਦੇ ਉਲਟ ਉਸ ਨੂੰ ਟੈਨਿਸ ਖੇਡਣ ਲਾਇਆ। ਉਹ ਫਿਰ ਸਖ਼ਤ ਅਨੁਸ਼ਾਸਨ ਤੇ ਸਖ਼ਤ ਮਿਹਨਤ ਨਾਲ ਟੈਨਿਸ ਦਾ ਵਿਸ਼ਵ ਦਾ ਨੰਬਰ 1 ਖਿਡਾਰੀ, ਐਟਲਾਂਟਾ-1996 ਦੀਆਂ ਓਲੰਪਿਕ ਖੇਡਾਂ ਦਾ ਚੈਂਪੀਅਨ ਤੇ ਚਾਰੇ ਗਰੈਂਡ ਸਲੈਮਾਂ ਦਾ ਜੇਤੂ ਬਣਿਆ। ਖੇਡ ਤੋਂ ਰਿਟਾਇਰ ਹੋ ਕੇ 2009 ਵਿੱਚ ਉਸ ਨੇ 'ਓਪਨ' ਨਾਂ ਦੀ ਸਵੈਜੀਵਨੀ ਰਿਲੀਜ਼ ਕੀਤੀ ਜੋ ਸਭ ਤੋਂ ਵੱਧ ਵਿਕਣ ਵਾਲੀ ਪੁਸਤਕ ਬਣੀ। ਉਹਦੇ 'ਚ ਉਸ ਨੇ ਕਈ ਗੁੱਝੇ ਭੇਤ ਸਾਂਝੇ ਕੀਤੇ। 1992 ਵਿੱਚ ਉਸ ਨੇ ਟੈਨਿਸ ਦਾ ਪਹਿਲਾ ਗ੍ਰੈਂਡ ਸਲੈਮ ਵਿੰਬਲਡਨ ਜਿੱਤਿਆ ਸੀ। ਉਹ ਗ੍ਰੈਂਡ ਸਲੈਮ ਪਹਿਲਾਂ ਵੀ ਖੇਡਦਾ ਰਿਹਾ ਸੀ, ਪਰ ਕਦੇ ਟਾਈਟਲ ਜਿੱਤਣ ਤੱਕ ਨਹੀ ਸੀ ਪਹੁੰਚਿਆ। ਉਸ ਦੀਆਂ ਅਨੇਕ ਹਾਰਾਂ ਤੋਂ ਬਾਅਦ ਇਹ ਵੱਡੀ ਜਿੱਤ ਮਸੀਂ ਉਹਦੇ ਹੱਥ ਆਈ ਸੀ। ਸਮਝ ਲਓ ਹਨੇਰੇ 'ਚੋਂ ਚਾਨਣ ਵਿੱਚ ਵੱਡੀ ਛਾਲ ਵੱਜੀ ਸੀ। 1994 ਵਿੱਚ ਉਹ ਯੂਐੱਸਏ ਓਪਨ ਜਿੱਤਿਆ, 1995 ਵਿੱਚ ਆਸਟਰੇਲੀਅਨ ਓਪਨ ਤੇ 1996 'ਚ ਐਟਲਾਂਟਾ ਦੀਆਂ ਓਲੰਪਿਕ ਖੇਡਾਂ ਦਾ ਗੋਲਡ ਮੈਡਲ। ਉਦੋਂ ਉਹ 'ਕਰੀਅਰ ਗੋਲਡਨ ਸਲੈਮ' ਦਾ ਖ਼ਿਤਾਬ ਜਿੱਤਣ ਵਾਲਾ ਦੁਨੀਆ ਦਾ ਪਹਿਲਾ ਮਰਦ ਖਿਡਾਰੀ ਐਲਾਨਿਆ ਗਿਆ। ਲਗਾਤਾਰ ਤਿੰਨ ਸਾਲ ਸ਼ਾਨਾਂ ਮੱਤੀਆਂ ਜਿੱਤਾਂ ਜਿੱਤਣ ਮਗਰੋਂ ਉਹ ਦੁਬਾਰਾ ਦੋ ਸਾਲ ਹਨੇਰਿਆਂ 'ਚ ਗੁਆਚ ਗਿਆ ਸੀ। ਉਸ ਦਾ ਪੂਰਾ ਨਾਂ ਆਂਦਰੇ ਕਰਕੋਰੀਅਨ ਅਗਾਸੀ ਹੈ। ਉਹਦਾ ਜਨਮ 29 ਅਪਰੈਲ 1970 ਨੂੰ ਅਮਰੀਕਾ ਦੀ ਨੇਵਾਡਾ ਸਟੇਟ ਦੇ ਸ਼ਹਿਰ ਲਾਸ ਵੇਗਾਸ ਵਿੱਚ ਇਮਾਨੂਏਲ ਮਾਈਕ ਆਗਾਸੀ ਦੇ ਘਰ ਐਲਜ਼ਾਬੈੱਥ ਬੈਟੀ ਅਗਾਸੀ ਦੀ ਕੁੱਖੋਂ ਹੋਇਆ ਸੀ। ਉਹਦਾ ਪਿਤਾ ਮਾਈਕ ਅਗਾਸੀ ਸਾਬਕਾ ਓਲੰਪਿਕ ਬੌਕਸਰ ਸੀ ਤੇ ਮਾਂ 'ਬੈਟੀ' ਸਟਾਫ ਨਰਸ ਸੀ। ਉਨ੍ਹਾਂ ਦੇ ਵੱਡ ਵਡੇਰੇ ਆਰਮੀਨੀਅਨ ਅਸੀਰੀਅਨ ਇਰਾਨੀ ਮੂਲ ਦੇ ਸਨ। ਮਾਈਕ ਤੇ ਬੈਟੀ 1959 ਵਿੱਚ ਸ਼ਿਕਾਗੋ ਵਿਖੇ ਡੇਟਿੰਗ ਕਰਨ ਉਪਰੰਤ ਉਸੇ ਸਾਲ ਲਾਸ ਵੇਗਾਸ ਆ ਗਏ ਸਨ। ਉੱਥੇ ਉਨ੍ਹਾਂ ਦੇ ਚਾਰ ਬੱਚੇ ਪੈਦਾ ਹੋਏ। ਆਂਦਰੇ ਸਭ ਤੋਂ ਛੋਟਾ ਹੈ। ਪਿਤਾ ਨੇ ਬੌਕਸਰ ਹੋਣ ਦੇ ਬਾਵਜੂਦ ਆਪਣੇ ਪੁੱਤਰ ਨੂੰ ਬੌਕਸਿੰਗ ਦੀ ਥਾਂ ਟੈਨਿਸ ਦੀ ਖੇਡ 'ਚ ਪਾਉਣਾ ਬਿਹਤਰ ਸਮਝਿਆ।

ਆਂਦਰੇ ਦੀ ਟੈਨਿਸ ਖੇਡਣ ਵਿੱਚ ਰੁਚੀ ਨਹੀਂ ਸੀ। ਸਖ਼ਤ ਮਿਜ਼ਾਜ ਬਾਪ ਵੱਲੋਂ ਮਿਲਦੀ ਸਿਖਲਾਈ ਉਸ ਨੂੰ ਸਖ਼ਤ ਸਜ਼ਾ ਜਾਪਦੀ। ਬੇਟਾ ਟਾਲ ਵੱਟਦਾ ਤਾਂ ਬਾਪ ਹੋਰ ਸਖ਼ਤੀ ਕਰਦਾ। ... ਜੇ ਆਂਦਰੇ ਹੱਡ-ਤੋੜ ਕੇ ਬੜੀ ਮੁਸ਼ਕਿਲ ਨਾਲ ਪੂਰੀ ਕਰਦਾ। ਐਸੀ ਪ੍ਰੈਕਟਿਸ ਨੇ ਆਂਦਰੇ ਨੂੰ ਟੈਨਿਸ ਨਾਲ ਨਫ਼ਰਤ ਕਰਵਾ ਦਿੱਤੀ ਸੀ, ਪਰ ਉਹਦੀ ਬਾਪ ਅੱਗੇ ਕੋਈ ਪੇਸ਼ ਨਹੀ ਸੀ ਜਾਂਦੀ। 13 ਸਾਲ ਦੀ ਕਿਸ਼ੋਰ ਉਮਰੇ ਆਂਦਰੇ ਨੂੰ ਕੋਚ ਨਿਕ ਬੋਲਟੇਰੀ ਦੀ ਫਲੋਰੀਡਾ ਦੇ ਸ਼ਹਿਰ ਬ੍ਰੈਡੈਂਟਨ ਵਿਖੇ ਸਥਾਪਿਤ ਕੀਤੀ ਅਕੈਡਮੀ 'ਚ ਭੇਜ ਦਿੱਤਾ ਗਿਆ। ਉੱਥੇ ਘਰ ਦੇ ਕੋਰਟ ਤੋਂ ਵੀ ਵੱਧ ਸਖ਼ਤ ਸਿਖਲਾਈ ਹੁੰਦੀ ਸੀ। ਉਹ ਅਕੈਡਮੀ ਉਸ ਨੂੰ ਜੇਲ੍ਹ ਵਰਗੀ ਲੱਗਦੀ। ਆਂਦਰੇ ਨੇ ਲਿਖਿਆ ਕਿ ਉੱਥੇ ਉਹ ਆਪਣੇ ਜੀਵਨ ਦੇ ਸਭ ਤੋਂ ਔਖੇ ਦਿਨਾਂ 'ਚੋਂ ਗੁਜ਼ਰਿਆ। ਉੱਥੇ ਉਸ ਨੇ ਕਈ ਵਾਰ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਭੱਜ ਨਾ ਸਕਿਆ। ਅੱਗੋਂ ਬਾਪ ਦਾ ਡਰ ਸੀ। ਸਿੱਟੇ ਵਜੋਂ ਉੱਥੇ ਉਹ ਕਮਾਲ ਦੀ ਸੇਵਿੰਗ, ਐਗ੍ਰੈਸਿਵ ਗੇਮ ਅਤੇ ਰਿਟਰਨ ਆਫ਼ ਸਰਵਿਸ ਦਾ ਬਾਦਸ਼ਾਹ ਬਣ ਗਿਆ ਤੇ ਅਕੈਡਮੀ 'ਚੋਂ ਪ੍ਰੋਫੈਸ਼ਨਲ ਖਿਡਾਰੀ ਬਣ ਕੇ ਨਿਕਲਿਆ। ਆਂਦਰੇ ਨੇ 16 ਸਾਲ ਦੀ ਉਮਰੇ 1986 ਵਿੱਚ ਪੇਸ਼ਾਵਰ ਟੈਨਿਸ ਦੀ ਦੁਨੀਆ 'ਚ ਪਹਿਲਾ ਕਦਮ ਰੱਖਿਆ। ਅੱਗੇ ਸਖ਼ਤ ਤੋਂ ਸਖ਼ਤ ਮੁਕਾਬਲਿਆਂ ਦਾ ਪੈਂਡਾ ਸੀ। ਉਹ ਉਚਾਣਾਂ ਨਿਵਾਣਾਂ ਵਿੱਚ ਦੀ ਲੰਘਦਾ ਅੱਗੇ ਤੋਂ ਅੱਗੇ ਵਧਦਾ ਗਿਆ। 1987 ਦੇ ਮੁੱਕਣ ਤੱਕ ਉਹ ਦਰਸ਼ਕਾਂ ਦਾ ਪਸੰਦੀਦਾ ਖਿਡਾਰੀ ਬਣ ਗਿਆ। ਉਸ ਦੇ ਗੋਰੇ ਨਿਸ਼ੋਹ ਰੰਗ, ਤਿੱਖੇ ਨੈਣ ਨਕਸ਼, ਬਲੌਰੀ ਅੱਖਾਂ, ਨਵੇਂ ਫੈਸ਼ਨੀ ਕੱਪੜੇ, ਲੰਮੇ ਮਸਨੂਈ ਵਾਲ ਤੇ ਰੀਬੌਕ ਬੂਟਾਂ ਨੇ ਟੈਨਿਸ ਦੀ ਪਰੰਪਰਾਵਾਦੀ ਦੁਨੀਆ ਵਿੱਚ ਨਵੀਂ ਹਲਚਲ ਛੇੜ ਦਿੱਤੀ। 1987 ਵਿੱਚ ਉਸ ਨੇ ਪਹਿਲਾ ਪ੍ਰੋਫੈਸ਼ਨਲ ਟੂਰਨਾਮੈਂਟ ਤੇ 1988 ਵਿੱਚ 6 ਹੋਰ ਪ੍ਰੋਫੈਸ਼ਨਲ ਟੂਰਨਾਮੈਂਟ ਜਿੱਤੇ, ਪਰ 1989 ਵਿੱਚ ਉਹ ਕਿਤੇ ਵੀ ਨਾ ਰੜਕਿਆ। 1990-91 ਵਿੱਚ ਉਹ ਤਿੰਨ ਫਾਈਨਲ ਖੇਡਿਆ ਤੇ ਤਿੰਨੇ ਗ੍ਰੈਂਡ ਸਲੈਮ ਹਾਰਿਆ। 1992-93 ਫਿਰ ਖਾਲੀ ਹੱਥ ਰਿਹਾ। 1994 ਵਿੱਚ ਉਹਦੇ ਕੋਚ ਨਿੱਕ ਬੋਲਟੇਰੀ ਨੇ ਉਸ ਤੋਂ ਮੁੱਖ ਮੋੜ ਲਿਆ। ਆਂਦਰੇ ਨੇ ਫਿਰ ਬ੍ਰਾਡ ਗਿਲਬਰਟ ਨੂੰ ਆਪਣਾ ਨਵਾਂ ਗੁਰੂ ਧਾਰ ਲਿਆ। 1995 'ਚ ਉਸ ਨੇ ਆਸਟਰੇਲੀਅਨ ਓਪਨ ਦਾ ਫਾਈਨਲ ਜਿੱਤਿਆ ਤਾਂ ਉਸ ਦੀ ਗੁੱਡੀ ਐਸੀ ਚੜ੍ਹੀ ਕਿ 1996 'ਚ ਐਟਲਾਂਟਾ ਓਲੰਪਿਕਸ ਵਿੱਚੋਂ ਵੀ ਉਹ ਸਿੰਗਲਜ਼ ਦਾ ਗੋਲਡ ਮੈਡਲ ਜਿੱਤ ਗਿਆ। ਆਪਣੀ ਸਵੈਜੀਵਨੀ ਵਿੱਚ ਉਸ ਨੇ ਤੇ ਖੋਲ੍ਹੇ ਕਿ ਕਿਵੇਂ ਉਸ ਨੇ ਦੋ ਵਿਆਹ ਕਰਵਾਏ। ਓਲੰਪਿਕ ਚੈਂਪੀਅਨ ਬਣਨ ਪਿੱਛੋਂ 1997 ਵਿੱਚ ਉਹਦਾ ਪਹਿਲਾ ਵਿਆਹ ਅਭਿਨੇਤਰੀ ਬਰੁੱਕ ਸ਼ੀਲਡਜ਼ ਨਾਲ ਹੋਇਆ। ... ਤੋੜ ਵਿਛੋੜੇ ਦੇ ਲੇਖੇ ਲੱਗ ਗਿਆ। ਬਾਲ-ਬੱਚਾ ਅਜੇ ਕੋਈ ਨਹੀ ਸੀ ਹੋਇਆ। ਅਭਿਨੇਤਰੀ ਨੇ ਤਲਾਕ ਲੈ ਕੇ ਦੂਜਾ ਵਿਆਹ ਕਰਵਾ ਲਿਆ। ਉਸ ਵਿਆਹ ਦੇ ਬਾਲ ਬੱਚੇ ਹੋਏ ਜੋ ਹੁਣ ਜੁਆਨ ਹਨ। ਫਿਲਮੀ ਅਭਿਨੇਤਰੀ ਨਾਲ ਵਿਆਹ ਕਰਾ ਕੇ ਆਂਦਰੇ ਕਈ ਤਰ੍ਹਾਂ ਦੇ ਨਸ਼ਿਆਂ ਦਾ ਸ਼ਿਕਾਰ ਹੋ ਗਿਆ ਸੀ। ਵਿਆਹ ਦੇ ਦੋ ਸਾਲ ਡਿਪ੍ਰੈਸ਼ਨ ਵਿੱਚ ਬੀਤੇ। ਵਿਆਹ ਟੁੱਟਣ ਦਾ ਕਾਰਨ ਉਹਦੇ ਮੈਕੀ ਨਸ਼ੇ ਹੀ ਬਣੇ। ਜਿਵੇਂ ਕਿਵੇਂ ਉਸ ਨੇ ਨਸ਼ਿਆਂ

**ਪ੍ਰਿੰਸੀਪਲ ਸਰਵਣ ਸਿੰਘ**
principalsarwansingh@gmail.com

ਤੋਂ ਛੁਟਕਾਰਾ ਪਾਇਆ ਤੇ ਮੁੜ ਟੈਨਿਸ ਲਈ ਜੁੱਸਾ ਫਿੱਟ ਰੱਖਣ ਦੇ ਰਾਹ ਪੈ ਗਿਆ। ਤਦੇ ਤਾਂ ਕਿਹਾ ਜਾਂਦੈ ਕਿ ਉਹਦੀ ਸ਼ਖ਼ਸੀਅਤ ਦੀਆਂ ਕਈ ਪਰਤਾਂ ਹਨ। ਪਹਿਲਾਂ ਚਾਨਣ 'ਚੋਂ ਹਨੇਰੇ 'ਚ ਗੁਆਚਣਾ, ਫਿਰ ਹਨੇਰੇ 'ਚੋਂ ਮੁੜ ਚਾਨਣ ਵੱਲ ਵਧਣਾ। ਨਸ਼ਿਆਂ ਨਾਲ ਡਿਪ੍ਰੈਸ਼ਨ 'ਚ ਗਿਆ ਉਹੀ ਆਂਦਰੇ ਫਿਰ ਨਸ਼ੇ ਤੇ ਵਿਆਹ ਦੇ ਖਲਜਗਣ 'ਚੋਂ ਨਿਕਲ ਗਿਆ। 1999 'ਚ ਉਸ ਨੇ ਫਰੈਂਚ ਓਪਨ ਦੀ ਜਿੱਤ ਸਮੇਤ ਟੈਨਿਸ ਦੇ ਚਾਰੇ ਗ੍ਰੈਂਡ ਸਲੈਮ ਹੀ ਆਪਣੇ ਨਾਂ ਕਰ ਲਏ। ਜਦੋਂ ਫਿਲਮ ਅਭਿਨੇਤਰੀ ਨੇ ਦੂਜਾ ਵਿਆਹ ਕਰਵਾ ਲਿਆ ਤਾਂ ਟੈਨਿਸ ਦੇ ਅਸਤਰ ਆਂਦਰੇ ਦਾ ਝੁਕਾਅ ਟੈਨਿਸ ਦੀ ਮਲਿਕਾ ਸਟੈਫੀ ਗ੍ਰਾਫ ਵੱਲ ਹੋ ਗਿਆ। ਉਹ ਟੈਨਿਸ ਦੇ ਟੂਰਨਾਮੈਂਟਾਂ 'ਚ ਜਾਂਦੇ ਆਉਂਦੇ ਇੱਕ ਦੂਜੇ ਨੂੰ ਹੈਲੋ-ਹਾਏ ਤਾਂ ਪਹਿਲਾਂ ਹੀ ਕਹਿੰਦੇ ਸਨ, ਪਰ ਉਨ੍ਹਾਂ ਵਿਚਕਾਰ ਡੇਟਿੰਗ 1999 ਦੇ ਅਖ਼ੀਰ ਵਿੱਚ ਸ਼ੁਰੂ ਹੋਈ। ਪੱਛਮੀ ਮੁਲਕਾਂ ਵਿੱਚ ਡੇਟਿੰਗ ਨੂੰ ਜਾਂਚਣ ਪਰਖਣ ਦਾ ਸਮਾਂ ਸਮਝਿਆ ਜਾਂਦੈ। ਉਦੋਂ ਤੱਕ ਆਂਦਰੇ ਦੀ ਉਮਰ 31 ਸਾਲ ਦੀ ਹੋ ਗਈ ਸੀ ਤੇ ਸਟੈਫੀ ਦੀ 32 ਸਾਲ। ਸਟੈਫੀ ਗ੍ਰਾਫ ਦਾ ਪਹਿਲਾ ਤੇ ਅਗਾਸੀ ਦਾ ਇਹ ਦੂਜਾ ਵਿਆਹ 23 ਅਕਤੂਬਰ 2001 ਨੂੰ ਉਨ੍ਹਾਂ ਦੇ ਘਰ 'ਚ ਹੀ ਹੋਇਆ। ਵਿਆਹ ਦੀ ਗਵਾਹੀ ਦੋਹਾਂ ਦੀਆਂ ਮਾਵਾਂ ਨੇ ਪਾਈ। ਉਨ੍ਹਾਂ ਦਾ ਪਹਿਲਾ ਬੱਚਾ 26 ਅਕਤੂਬਰ 2001 ਨੂੰ ਲਾਸ ਵੇਗਾਸ ਦੇ ਹਸਪਤਾਲ ਵਿੱਚ ਹੋਇਆ। ... ਦੋਵੇਂ ਬੱਚੇ ਬੜੀਆਂ ਰੀਝਾਂ ਨਾਲ ਪਾਲੇ ਜੋ ਹੁਣ ਜੁਆਨ ਹਨ। ਆਂਦਰੇ 2000 ਵਿੱਚ ਕੋਈ ਵੱਡਾ ਟਾਈਟਲ ਨਾ ਜਿੱਤ ਸਕਿਆ। 2001 ਵਿੱਚ ਉਹ ਆਸਟਰੇਲੀਅਨ ਓਪਨ 'ਚ ਤੀਜੇ ਥਾਂ ਰਿਹਾ। 2002 'ਚ ਉਸ ਨੂੰ ਗੁੱਟ ਦੀ ਚੋਟ ਲੈ ਬੈਠੀ। 2003 ਵਿੱਚ ਉਸ ਨੇ ਚੌਥੀ ਆਸਟਰੇਲੀਅਨ ਓਪਨ ਚੈਂਪੀਅਨਸ਼ਿਪ ਜਿੱਤ ਲਈ। 2005 'ਚ ਯੂਐੱਸ ਓਪਨ ਦਾ ਫਾਈਨਲ ਉਹ ਰੌਜਰ ਫੈਡਰਰ ਹੱਥੋਂ ਹਾਰ ਗਿਆ। 2006 ਵਿੱਚ ਯੂਐੱਸ ਓਪਨ ਖੇਡਣ ਪਿੱਛੋਂ ਉਹ ਮੁਕਾਬਲੇ ਦੀ ਖੇਡ 'ਚੋਂ ਬਾਹਰ ਹੋ ਗਿਆ। ਰਿਟਾਇਰ ਹੋਣ ਸਮੇਂ ਵਿਸ਼ਵ ਭਰ 'ਚ ਉਹਦਾ 10ਵਾਂ ਰੈਂਕ ਸੀ। 2011 ਵਿੱਚ ਉਸ ਦਾ ਨਾਂ ਇੰਟਰਨੈਸ਼ਨਲ ਟੈਨਿਸ ਹਾਲ ਔਫ ਫੇਮ ਵਿੱਚ ਸ਼ਾਮਿਲ ਕੀਤਾ ਗਿਆ। 2017-18 ਵਿੱਚ ਉਸ ਨੇ ਨੋਵਾਕ ਜੋਕੋਵਿਕ ਨੂੰ ਗੁਰੂ ਧਾਰ ਕੇ ਟੈਨਿਸ ਤੋਂ ਪੱਕੀ ਛੁੱਟੀ ਕਰ ਲਈ ਅਤੇ ਸ਼ੌਕ ਵਜੋਂ ਟੈਨਿਸ ਵਰਗੀ ਖੇਡ ਪਿੱਕਬਾਲ ਖੇਡਣ ਲੱਗ ਪਿਆ। ਪਿੱਕਬਾਲ ਦਾ ਗਰਾਊਂਡ ਟੈਨਿਸ ਦੇ ਗਰਾਊਂਡ ਤੋਂ ਆਕਾਰ ਵਿੱਚ ਕੁੱਝ ਛੋਟਾ ਹੁੰਦਾ ਹੈ। ਰੈਕਿਟ ਟੇਬਲ ਟੈਨਿਸ ਦੇ ਰੈਕਿਟ ਵਰਗਾ, ਪਰ ਆਕਾਰ ਵਿੱਚ ਉਸ ਤੋਂ ਵੱਡਾ ਹੁੰਦਾ ਹੈ। ਬਾਲ ਪਲਾਸਟਿਕ ਦੀ ਹੁੰਦੀ ਹੈ, ਪਰ ਟੇਬਲ ਟੈਨਿਸ ਦੀ ਬਾਲ ਤੋਂ ਵੱਡੀ ਹੁੰਦੀ ਹੈ। ਆਪਣੀ ਆਤਮ ਕਥਾ 'ਓਪਨ: ਐਨ ਆਟੋਗਰਾਫੀ' ਵਿੱਚ ਉਸ ਨੇ ਲਿਖਿਆ ਕਿ 1997 ਵਿੱਚ ਉਹ ਡਰੱਗ ਦੇ ਨਸ਼ੇ ਵਿੱਚ ਖਚਤ ਹੋ ਗਿਆ ਸੀ ਜਿਸ ਦੇ ਫਲਸਰੂਪ ਉਪਰਾਮਤਾ ਵਿੱਚ ਚਲਾ ਗਿਆ ਸੀ। ਡਿਪ੍ਰੈਸ਼ਨ ਵਿੱਚ ਉਹ ਇੱਥੋਂ ਤੱਕ ਲਿਖ ਗਿਆ, "ਮੈਂ ਟੈਨਿਸ ਨੂੰ ਨਫ਼ਰਤ ਕਰਦਾ ਹਾਂ।" ਉਹ ਅਕਸਰ ਕਹਿੰਦਾ ਰਿਹਾ ਕਿ ਉਹ ਆਪਣੇ ਪਿਤਾ ਦੀ ਸਖ਼ਤੀ ਕਰਕੇ ਟੈਨਿਸ ਖੇਡ ਰਿਹਾ ਸੀ ਨਾ ਕਿ ਆਪਣੇ ਮਨ ਨਾਲ। ਆਤਮ ਕਥਾ ਵਿੱਚ ਉਸ ਨੇ ਆਪਣੀਆਂ ਕਮਜ਼ੋਰੀਆਂ ਮੰਨਣ 'ਚ ਕੋਈ ਝਿਜਕ ਨਹੀ ਵਿਖਾਈ। ਇਹ ਵੀ ਦੱਸ ਦਿੱਤਾ ਕਿ ਉਸ ਦੀ ਮਾਤਾ-ਪਿਤਾ ਨਾਲ ਰੂਹਾਨੀ ਦੂਰੀ ਸੀ ਅਤੇ ਉਹ ਮਾਨਸਿਕ ਗੁੰਝਲਾਂ ਨਾਲ ਲੜ ਰਿਹਾ ਸੀ। ਸ਼ਾਇਦ ਇਹੋ ਕਾਰਨ ਹੈ ਕਿ ਆਂਦਰੇ ਤੇ ਸਟੈਫੀ ਨੇ ਆਪਣੇ ਦੋਹਾਂ ਬੱਚਿਆਂ ਨੂੰ ਮੱਲੋ-ਮੱਲੀ ਟੈਨਿਸ ਦੀ ਖੇਡ ਵਿੱਚ ਨਹੀਂ ਪਾਇਆ ਅਤੇ ਆਪਣੀ ਮਨ ਮਰਜ਼ੀ ਦੀ ਖੇਡ ਚੁਣਨ ਦਿੱਤਾ। ਆਂਦਰੇ ਨੇ ਵਿਆਹ ਕਰਵਾਉਣ ਤੋਂ ਪਹਿਲਾਂ ਹੀ 'ਆਂਦਰੇ ਅਗਾਸੀ ਫਾਊਂਡੇਸ਼ਨ ਫਾਰ ਐਜੂਕੇਸ਼ਨ' ਸ਼ੁਰੂ ਕਰ ਦਿੱਤੀ ਸੀ। ਫਿਰ ਆਂਦਰੇ-ਸਟੈਫੀ ਦੀ ਜੋੜੀ ਨੇ ਲਾਸ ਵੇਗਾਸ ਵਿੱਚ ਇੱਕ ਚਾਰਟਰ ਸਕੂਲ ਸ਼ੁਰੂ ਕੀਤਾ ਜੋ ਗਰੀਬ ਬੱਚਿਆਂ ਨੂੰ ਮੁਫ਼ਤ ਸਿੱਖਿਆ ਦਿੰਦਾ ਹੈ। ਆਂਦਰੇ ਮੰਨਦਾ ਹੈ, "ਸਿੱਖਿਆ ਇੱਕ ਐਸਾ ਹਥਿਆਰ ਹੈ ਜਿਸ ਨਾਲ ਤੁਸੀ ਹਰੇਕ ਬੱਚੇ ਦੇ ਸੁੱਤੇ ਭਾਗ ਜਗਾ ਸਕਦੇ ਹੋ।" ਆਂਦਰੇ ਦੀ ਸ਼ਖ਼ਸੀਅਤ ਦੇ ਦਿਲਚਸਪ ਪਹਿਲੂਆਂ ਵਿੱਚ ਇਹ ਤੱਥ ਵੀ ਸ਼ਾਮਿਲ ਹੈ ਕਿ ਉਸ ਨੇ ਫੈਸ਼ਨਵੱਸ ਆਪਣਾ ਸਿਰ ਘੋਨ ਮੋਨ ਨਹੀ ਸੀ ਕਰਵਾਇਆ। ਉਹ ਉਜ ਹੀ ਚੜ੍ਹਦੀ ਜੁਆਨੀ 'ਚ ਗੰਜਾ ਹੋ ਗਿਆ ਸੀ, ਪਰ ਲੋਕ ਸਮਝਦੇ ਰਹੇ, ਉਹ ਜਾਣ ਬੁੱਝ ਕੇ ਸਫਾ-ਚੱਟ ਕੀਤੇ ਸਿਰ ਨਾਲ ਖੇਡਦਾ ਸੀ ਤਾਂ ਕਿ ਦਰਸ਼ਕਾਂ ਦਾ ਧਿਆਨ ਉਹਦੇ ਲਾਟੂ ਵਾਂਗ ਜਗਦੇ ਸਿਰ ਵੱਲ ਹੀ ਰਹੇ। ਇਹ ਸਹੀ ਹੈ ਕਿ ਜੋ ਹੋਰਨਾਂ ਤੋਂ ਨਿਆਰਾ ਦਿਸੇ ਉਹ ਧਿਆਨ ਖਿੱਚਦਾ ਹੀ ਹੈ। ਦੂਜਾ ਪਹਿਲੂ ਇਹ ਸੀ ਕਿ ਉਹ ਆਪਣੇ ਮੈਚ ਸਮੇਂ ਚੀਨਿਆਂ ਤੇ ਜੈਜ਼ ਦਾ ਮਿਊਜ਼ਕ ਚਲਾਉਣਾ ਪਸੰਦ ਕਰਦਾ ਸੀ। ਆਪਣੇ ਦੋਸਤਾਂ ਵਿੱਚ ਉਹ 'ਦਿ ਪੁਨਿਸ਼ਰ' ਨਾਂ ਨਾਲ ਵੀ ਜਾਣਿਆ ਜਾਂਦਾ ਸੀ। ਆਂਦਰੇ ਅਗਾਸੀ ਨੂੰ 1992 ਦੀ 'ਓਵਰਸੀਜ਼ ਸਪੋਰਟਸ ਪਰਸਨੈਲਟੀ ਆਫ਼ ਦਾ ਯੀਅਰ' ਐਲਾਨਿਆ ਸੀ ਤੇ ਸਪੋਰਟਸ ਇਲੱਸਟ੍ਰੇਟਿਡ ਨੇ ਸਰਬ ਸਮਿਆਂ ਦਾ 7ਵਾਂ ਸਰਬੋਤਮ ਪੁਰਸ਼ ਖਿਡਾਰੀ ਕਿਹਾ ਸੀ। ਉਸ ਦਾ ਨਾਂ 9 ਜੁਲਾਈ 2011 ਨੂੰ ਇੰਟਰਨੈਸ਼ਨਲ ਹਾਲ ਆਫ਼ ਫੇਮ ਵਿੱਚ ਫਰੇਮ ਕੀਤਾ ਗਿਆ ਸੀ। ਆਂਦਰੇ ਅਗਾਸੀ ਇੱਕ ਐਸਾ ਅਦਾਕਾਰ ਖਿਡਾਰੀ ਹੈ ਜੋ ਆਪਣੀ ਖੇਡ ਨਾਲ ਹੀ ਨਹੀ ਸਗੋਂ ਆਪਣੀ ਆਤਮਿਕ ਯਾਤਰਾ ਨਾਲ ਵੀ ਜੁੜਿਆ ਆ ਰਿਹੈ। ਜਿੱਥੇ ਉਸ ਨੇ ਓਲੰਪਿਕ ਖੇਡਾਂ ਦਾ ਗੋਲਡ ਮੈਡਲ, 8 ਗ੍ਰੈਂਡ ਸਲੈਮ ਤੇ 60 ਹੋਰ ਖ਼ਿਤਾਬ ਜਿੱਤੇ, ਉੱਥੇ ਲੱਖਾਂ ਲੋਕਾਂ ਦੇ ਦਿਲ ਵੀ ਜਿੱਤੇ। ਉਹ ਵਰ੍ਹਿਆਂ-ਬੱਧੀ ਨੌਜਵਾਨ ਖਿਡਾਰੀਆਂ ਦਾ ਪ੍ਰੇਰਨਾ ਸਰੋਤ ਬਣਿਆ ਰਿਹਾ। ਉਸ ਦੀ ਜੀਵਨ ਕਹਾਣੀ ਦੱਸਦੀ ਹੈ ਕਿ ਜਿੱਤ ਸਿਰਫ਼ ਕੱਪ ਜਿੱਤਣ ਤੱਕ ਹੀ ਸੀਮਤ ਨਹੀ ਹੁੰਦੀ, ਸਗੋਂ ਉਹ ਸੰਘਰਸ਼ਮਈ ਯਾਤਰਾ ਹੈ ਜਿਸ ਵਿੱਚ ਅਸੀ ਆਪਣੇ ਆਪ ਨੂੰ ਪਛਾਣਦੇ ਹਾਂ। ਆਂਦਰੇ ਦੀ ਖੇਡ, ਹਾਰਾਂ ਤੇ ਜਿੱਤਾਂ, ਉਹਦੀ ਆਤਮ ਕਥਾ ਅਤੇ ਚੈਰਿਟੀ ਦੇ ਕਾਰਜ ਦੇਰ ਤੱਕ ਦਿਲਾਂ ਨੂੰ ਟੁੰਬਦੇ ਰਹਿਣਗੇ।

# ਦੋ ਖਿਡਾਰੀਆਂ ਦੀ ਭਾਰਤੀ ਕਬੱਡੀ ਟੀਮ ਦੇ ਕੈਂਪ ਲਈ ਚੋਣ

ਸ੍ਰੀ ਕੀਰਤਪੁਰ ਸਾਹਿਬ, 3 ਜੁਲਾਈ (ਬੀ ਐਸ ਰਾਣਾ) : ਸਕੂਲ ਆਫ ਐਮੀਨੈਂਸ ਸ੍ਰੀ ਕੀਰਤਪੁਰ ਸਾਹਿਬ ਵਿੱਚ 11ਵੀਂ ਜਮਾਤ ਵਿਚ ਪੜ੍ਹਦੀ ਵਿਦਿਆਰਥਣ ਭਵਿਕਤਾ ਰਾਣਾ ਦੀ ਚੋਣ ਭਾਰਤੀ ਕਬੱਡੀ ਟੀਮ ਦੇ ਕੈਂਪ ਲਈ ਹੋਈ ਹੈ। ਇਹ ਕੈਂਪ ਬਹਿਰੀਨ ਵਿੱਚ ਹੋਣ ਵਾਲੇ ਏਸ਼ੀਆ ਕੱਪ ਲਈ ਭਾਰਤ ਦੀ ਟੀਮ ਨੂੰ ਤਿਆਰ ਕਰਨ ਲਈ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਸਕੂਲ ਆਫ ਐਮੀਨੈਂਸ ਕੀਰਤਪੁਰ ਸਾਹਿਬ ਦੇ ਡੀ.ਪੀ.ਈ ਅਤੇ ਕਬੱਡੀ ਕੋਚ ਭੁਪਿੰਦਰ ਸਿੰਘ ਮਿੱਟੂ ਨੇ ਦੱਸਿਆ ਕਿ ਇਹ ਸਾਡੇ ਇਲਾਕੇ ਲਈ ਮਾਣ ਵਾਲੀ ਗੱਲ ਹੈ ਕਿ ਸਾਡੇ ਦੋ ਵਿਦਿਆਰਥੀਆਂ ਦੀ ਚੋਣ ਭਾਰਤੀ ਕਬੱਡੀ ਟੀਮ ਦੇ ਕੈਂਪ ਲਈ ਹੋਈ ਹੈ। ਇਨ੍ਹਾਂ ਵਿਦਿਆਰਥੀਆਂ ਵਿੱਚ ਭਵਿਕਤਾ ਰਾਣਾ ਪਿੰਡ ਦੋਲੋਵਾਲ ਤੋਂ ਇਲਾਵਾ ਜਯਜੀਤ ਸਿੰਘ ਪਿੰਡ ਤਰਫ ਮਜਾਰੀ ਵੀ ਸ਼ਾਮਲ ਹੈ। ਇਨ੍ਹਾਂ ਦੋਨੋਂ ਖਿਡਾਰੀਆਂ ਦੀ ਚੋਣ 18 ਸਾਲ ਤੋਂ ਘੱਟ ਉਮਰ ਦੇ ਨੈਸ਼ਨਲ ਖੇਡ ਮੁਕਾਬਲਿਆਂ ਜੋ ਕਿ ਉੱਤਰਾਖੰਡ ਵਿਚ ਹੋਏ ਸਨ ਦੇ ਵਿੱਚ ਸ਼ਾਨਦਾਰ ਪ੍ਰਦਰਸ਼ਨ ਦੇ ਆਧਾਰ 'ਤੇ ਕੀਤੀ ਗਈ ਹੈ। ਕੋਚ ਭੁਪਿੰਦਰ ਸਿੰਘ ਨੇ ਦੱਸਿਆ ਕਿ ਇਨ੍ਹਾਂ ਖਿਡਾਰੀਆਂ ਨੇ ਆਪਣੀ ਖੇਡ ਨਾਲ ਸਭ ਨੂੰ ਪ੍ਰਭਾਵਿਤ ਕੀਤਾ ਹੈ। ਉਹਨਾਂ ਦੱਸਿਆ, ਕਿ ਭਾਰਤੀ ਟੀਮ ਦੇ ਕੈਂਪ ਦੇ ਲਈ ਪੰਜਾਬ ਸੂਬੇ ਦੇ ਸਿਰਫ ਦੋ ਖਿਡਾਰੀ ਚੁਣੇ ਗਏ ਹਨ ਅਤੇ ਇਹ ਦੋਨੋਂ ਖਿਡਾਰੀ ਰੂਪਨਗਰ ਜ਼ਿਲ੍ਹੇ ਦੇ ਰਹਿਣ ਵਾਲੇ ਹਨ। ਉਹਨਾਂ ਹੋਰ ਦੱਸਿਆ, ਕਿ ਉੱਤਰਾਖੰਡ ਵਿੱਚ ਹੋਈ ਪਹਿਲੀ ਯੂਥ ਚੈਂਪੀਅਨਸ਼ਿਪ ਅੰਡਰ 18 ਸਾਲ ਵਿੱਚ ਭਾਗ ਲੈਣ ਵਾਲੀ ਪੰਜਾਬ ਦੀ ਟੀਮ ਦੇ ਖੇਡਣ ਵਾਲੇ ਸੱਤ ਵਿੱਚ ਪੰਜ ਖਿਡਾਰਨਾਂ ਸਕੂਲ ਆਫ ਐਮੀਨੈਂਸ ਦੀਆਂ ਵਿਦਿਆਰਥਣਾਂ ਸਨ, ਜੋ ਕਿ ਇਲਾਕੇ ਲਈ ਬਹੁਤ ਮਾਣ ਵਾਲੀ ਗੱਲ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਨ੍ਹਾਂ ਦੀ ਸਫਲਤਾ ਵਿੱਚ ਪੰਜਾਬ ਕਬੱਡੀ ਐਸੋਸੀਏਸ਼ਨ ਦੇ ਪ੍ਰਧਾਨ ਗੁਰਲਾਲ ਸਿੰਘ ਘਨੌਰ ਅਤੇ ਜਨਰਲ ਸੈਕਟਰੀ ਤੇਜਿੰਦਰ ਸਿੰਘ ਮਿੱਡੂਖੇੜਾ ਵੱਲੋਂ ਕੀਤੀ ਗਈ ਹੌਸਲਾ ਅਫਜਾਈ ਅਤੇ ਮਾਰਗ ਦਰਸ਼ਨ ਦਾ ਵੱਡਾ ਯੋਗਦਾਨ ਹੈ। ਇਸ ਮੌਕੇ ਸਕੂਲ ਪ੍ਰਿੰਸੀਪਲ ਸ਼ਰਨਜੀਤ ਸਿੰਘ ਤੇ ਲੈਕਚਰਾਰ ਅਮਰਜੀਤ ਸਿੰਘ ਲਾਡੀ ਨੇ ਵਿਦਿਆਰਥੀਆਂ ਅਤੇ ਕੋਚ ਭੁਪਿੰਦਰ ਸਿੰਘ ਮਿੱਟੂ ਨੂੰ ਵਧਾਈ ਦਿੱਤੀ। ਇਸ ਮੌਕੇ ਉਹਨਾਂ ਖੁਸ਼ੀ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਸਾਡੇ ਸਾਰੇ ਜ਼ਿਲ੍ਹੇ ਅਤੇ ਇਲਾਕੇ ਲਈ ਮਾਣ ਵਾਲੀ ਗੱਲ ਹੈ ਕਿ ਸਾਡੀ ਸਕੂਲ ਦੀਆਂ ਵਿਦਿਆਰਥਣਾਂ ਭਾਰਤੀ ਟੀਮ ਦੇ ਕੈਂਪ ਲਈ ਚੁਣੀ ਗਈ ਹੈ।

# ਜ਼ਿਲ੍ਹਾ ਪ੍ਰਸ਼ਾਸਨ ਗੁਰਦਾਸਪੁਰ ਨੇ ਨੌਜਵਾਨਾਂ ਲਈ ਸ਼ੁਰੂ ਕੀਤਾ ਮਿਸ਼ਨ ਉਮੀਦ

ਗੁਰਦਾਸਪੁਰ, 3 ਜੁਲਾਈ ( ਜਗੀਰ ਸਿੰਘ ਮੰਡ (ਕੁਲਜੀਤ ਖੋਖਰ) : ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੌਜਵਾਨਾਂ ਦੇ ਸੁਪਨਿਆਂ ਨੂੰ ਉਡਾਣ ਦੇਣ ਲਈ ਮਿਸ਼ਨ ਉਮੀਦ ਸ਼ੁਰੂ ਕੀਤਾ ਗਿਆ ਹੈ। ਮਿਸ਼ਨ ਉਮੀਦ ਤਹਿਤ ਜ਼ਿਲ੍ਹਾ ਪ੍ਰਸ਼ਾਸਨ, ਗੁਰਦਾਸਪੁਰ ਵੱਲੋਂ ਚੇਤਨ ਭਾਰਤ ਲਰਨਿੰਗ ਦੇ ਸਹਿਯੋਗ ਨਾਲ ਜ਼ਿਲ੍ਹਾ ਰੁਜ਼ਗਾਰ ਬਿਊਰੋ ਰਾਹੀਂ ਮਿਸ਼ਨ ਉਮੀਦ - ਯੁੱਧ ਨਸ਼ਿਆਂ ਵਿਰੁੱਧ ਪਹਿਲਕਦਮੀ ਤਹਿਤ ਨੌਜਵਾਨਾਂ ਲਈ ਯੂ.ਪੀ.ਐੱਸ.ਸੀ. ਤੇ ਪੀ.ਸੀ.ਐੱਸ. ਦੀ ਤਿਆਰੀ ਲਈ ਮੁਫ਼ਤ ਕੋਰਸ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਇਹ ਪ੍ਰੋਗਰਾਮ ਜ਼ਿਲ੍ਹੇ ਦੇ ਨੌਜਵਾਨਾਂ ਨੂੰ ਯੂ.ਪੀ.ਐੱਸ.ਸੀ. ਸਿਵਲ ਸੇਵਾਵਾਂ ਤੇ ਪੀ.ਸੀ.ਐੱਸ. ਪ੍ਰੀਖਿਆਵਾਂ ਦੀ ਤਿਆਰੀ ਲਈ ਪੂਰੀ ਤਰ੍ਹਾਂ ਮੁਫ਼ਤ, ਉੱਚ-ਗੁਣਵੱਤਾ ਅਤੇ ਢਾਂਚਾਗਤ ਕੋਚਿੰਗ ਪ੍ਰਦਾਨ ਕਰਨ ਲਈ ਤਿਆਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਲਈ ਲਾਈਵ ਇੰਡਕਸ਼ਨ ਕਲਾਸ ਸ਼ੁੱਕਰਵਾਰ, 04 ਜੁਲਾਈ 2025 ਨੂੰ ਆਯੋਜਿਤ ਕੀਤੀ ਜਾਵੇਗੀ ਅਤੇ ਨਿਯਮਤ ਕਲਾਸਾਂ ਸੋਮਵਾਰ 07 ਜੁਲਾਈ 2025 ਤੋਂ ਸ਼ੁਰੂ ਹੋਣਗੀਆਂ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਨ੍ਹਾਂ ਕੋਚਿੰਗ ਕਲਾਸਾਂ ਵਿੱਚ ਰੋਜ਼ਾਨਾ ਜਨਰਲ ਸਟੱਡੀਜ਼, ਲੈਕਚਰ, ਸਵਾਲਾਂ ਦੇ ਉੱਤਰ ਲਿਖਣ ਦਾ ਅਭਿਆਸ ਅਤੇ ਮੁਲਾਂਕਣ ਵਾਲੇ ਸੈਸ਼ਨ, ਪ੍ਰੀਲਿਮ ਅਤੇ ਮੇਨ ਪ੍ਰੀਖਿਆ ਦੋਵਾਂ ਲਈ ਨਿਯਮਤ ਤਿਆਰੀ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਇਸ ਪਹਿਲਕਦਮੀ ਦਾ ਉਦੇਸ਼ ਵਿਦਿਆਰਥੀਆਂ ਨੂੰ 2026, 2027 ਅਤੇ 2028 ਦੀਆਂ ਯੂ.ਪੀ.ਐੱਸ.ਸੀ. ਤੇ ਪੀ.ਸੀ.ਐੱਸ. ਪ੍ਰੀਖਿਆਵਾਂ ਲਈ ਵਿਆਪਕ ਤੌਰ 'ਤੇ ਤਿਆਰ ਕਰਨਾ ਹੈ। ਉਨ੍ਹਾਂ ਦੱਸਿਆ ਕਿ ਪੀ.ਸੀ.ਐੱਸ. ਦਾ ਕਰੈਸ਼ ਕੋਰਸ ਪਹਿਲਾਂ ਹੀ ਜ਼ਿਲ੍ਹਾ ਰੁਜ਼ਗਾਰ ਬਿਊਰੋ ਦੇ ਕਮਰਾ ਨੰਬਰ 218, ਪਹਿਲੀ ਮੰਜ਼ਿਲ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਗੁਰਦਾਸਪੁਰ ਵਿਖੇ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਮੰਗ ਦੇ ਆਧਾਰ 'ਤੇ ਇਹ ਫਾਊਂਡੇਸ਼ਨ ਬੈਚ ਹੁਣ ਉਸੇ ਸਥਾਨ 'ਤੇ ਸ਼ੁਰੂ ਕੀਤਾ ਜਾ ਰਿਹਾ ਹੈ, ਜੋ ਯੂ.ਪੀ.ਐੱਸ.ਸੀ. ਤੇ ਪੀ.ਸੀ.ਐੱਸ. ਦੀ ਤਿਆਰੀ ਕਰਾਏਗਾ। ਉਨ੍ਹਾਂ ਕਿਹਾ ਕਿ ਚਾਹਵਾਨ ਨੌਜਵਾਨ ਮੁਫ਼ਤ ਕੋਚਿੰਗ ਲਈ ਰਜਿਸਟ੍ਰੇਸ਼ਨ ਕਰਵਾਉਣ ਅਤੇ ਹੋਰ ਪੁੱਛਗਿੱਛ ਲਈ ਪਰਮਿੰਦਰ ਸਿੰਘ ਸੈਣੀ, ਕੋਆਰਡੀਨੇਟਰ ਅਤੇ ਗਾਈਡੈਂਸ ਕਾਉਂਸਲਰ ਗੁਰਦਾਸਪੁਰ ਦੇ ਨੰਬਰ 7888592634 'ਤੇ ਸੰਪਰਕ ਕਰ ਸਕਦੇ ਹਨ।

# ਤਿੰਨ ਰੋਜ਼ਾ ਵਿਸ਼ਾਲ ਸਾਲਾਨਾ ਗੁਰਮਤਿ ਸਮਾਗਮ




ਬੜੂ ਸਾਹਿਬ, 3 ਜੁਲਾਈ (ਐਮਪ੍ਰੀਤਪਾਲ ਸਿੰਘ): ਕਲਗੀਧਰ ਟਰੱਸਟ, ਬੜੂ ਸਾਹਿਬ ਵੱਲੋਂ 20ਵੀਂ ਸਦੀ ਦੇ ਮਹਾਨ ਸਿੱਖ ਧਾਰਮਿਕ ਵਿਦਵਾਨ, ਰਾਜਯੋਗੀ ਅਤੇ ਬਾਣੀ-ਬਾਣਾ ਦੇ ਪ੍ਰਤੀਕ ਅਤੇ ਬੜੂ ਸਾਹਿਬ ਦੇ ਸੰਸਥਾਪਕ ਸੰਤ ਬਾਬਾ ਤੇਜਾ ਸਿੰਘ ਜੀ ਦੀ 60ਵੀਂ ਸਾਲਾਨਾ ਬਰਸੀ ਦੇ ਸਬੰਧ ਵਿੱਚ ਤਿੰਨ ਰੋਜ਼ਾ ਵਿਸ਼ਾਲ ਸਾਲਾਨਾ ਗੁਰਮਤਿ ਸਮਾਗਮ ਗੁਰਦੁਆਰਾ ਬੜੂ ਸਾਹਿਬ ਵਿਖੇ ਬੜੀ ਸ਼ਰਧਾ, ਪ੍ਰੇਮ ਤੇ ਰੂਹਾਨੀ ਚੇਤਨਾ ਨਾਲ ਮਨਾਇਆ ਗਿਆ। ਇਸ ਸਮਾਗਮ ਵਿੱਚ ਪੰਥ ਦੇ ਪ੍ਰਸਿੱਧ ਕੀਰਤਨੀ ਜਥੇ ਅਤੇ ਕਥਾਵਾਚਕਾਂ ਨੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਮਿਤੀ 1 ਜੁਲਾਈ ਮੰਗਲਵਾਰ ਨੂੰ ਸਵੇਰੇ 12:20 ਵਜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ, ਵਾਹਿਗੁਰੂ ਗੁਰਮੰਤਰ ਦਾ ਜਾਪ, ਨਿਤਨੇਮ, ਸੁਖਮਨੀ ਸਾਹਿਬ ਅਤੇ ਆਸਾ ਦੀ ਵਾਰ ਦਾ ਕੀਰਤਨ ਕੀਤਾ ਗਿਆ। ਇਸ ਤੋਂ ਇਲਾਵਾ ਪੁਰਾਤਨ ਆਰੰਭਕ ਗੁ: ਸਾਹਿਬ ਵਿਖੇ, ਗੁ: ਅੰਗੀਠਾ ਸਾਹਿਬ ਸੰਤ ਬਾਬਾ ਇਕਬਾਲ ਸਿੰਘ ਜੀ, ਸੰਤ ਕੁਟੀਆ ਸੰਤ ਬਾਬਾ ਇਕਬਾਲ ਸਿੰਘ ਜੀ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤਾ ਗਏ। ਮਿਤੀ 2 ਜੁਲਾਈ ਨੂੰ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਉਪਰੰਤ ਜਾਪ ਵਾਹਿਗੁਰੂ ਗੁਰਮੰਤਰ, ਨਿਤਨੇਮ, ਸੁਖਮਨੀ ਸਾਹਿਬ, ਆਸਾ ਦੀ ਵਾਰ ਦਾ ਕੀਤਾ ਗਿਆ ਅਤੇ ਮੇਨ ਦਰਬਾਰ ਸਾਹਿਬ ਵਿਖੇ ਭੋਗ ਉਪਰੰਤ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤਾ ਗਿਆ। ਇਸ ਤੋਂ ਇਲਾਵਾ ਦੇਸ਼ ਵਿਦੇਸ਼ ਦੀ ਸੰਗਤ, ਵਟਸ-ਐਪ ਗਰੁੱਪ ਅਤੇ ਦੇਸ਼ ਵਿਦੇਸ਼ ਦੀ ਸੰਗਤ ਵੱਲੋਂ ਸਹਿਜ ਪਾਠ ਦੀ ਸੇਵਾ ਕੀਤੀ ਗਈ। ਜਿਸ ਵਿੱਚ 101 ਸਹਿਜ ਪਾਠਾਂ ਦਾ ਭੋਗ ਪਾਇਆ ਗਿਆ। ਇਸ ਦੇ ਉਪਰੰਤ ਭਾਈ ਵਾਰਾਂ, ਸ਼ਬਦ ਕੀਰਤਨ ਅਤੇ ਕਥਾ ਕੀਰਤਨ ਦੀਵਾਨ ਉਪਰੰਤ ਦੂਸਰੇ ਦਿਨ ਦੀ ਸਮਾਪਤੀ ਕੀਤੀ ਗਈ। ਇਸ ਤੋਂ ਇਲਾਵਾ ਮਿਤੀ 1 ਅਤੇ 2 ਜੁਲਾਈ ਨੂੰ ਸ਼ਾਮ ਸਮੇਂ ਸ੍ਰੀ ਸੁਖਮਨੀ ਸਾਹਿਬ ਦਾ ਪਾਠ, ਸ਼ਬਦ ਕੀਰਤਨ, ਰਹਿਰਾਸ ਸਾਹਿਬ ਅਤੇ ਆਰਤੀ ਗਾਇਨ ਕੀਤੀ ਗਈ। ਸਮਾਗਮ ਦੇ ਅਖੀਰਲੇ ਦਿਨ 3 ਜੁਲਾਈ ਦਿਨ ਵੀਰਵਾਰ ਨੂੰ ਪੁਰਾਤਨ ਆਰੰਭਕ ਗੁ: ਸਾਹਿਬ, ਗੁ: ਅੰਗੀਠਾ ਸਾਹਿਬ ਸੰਤ ਬਾਬਾ ਇਕਬਾਲ ਸਿੰਘ ਜੀ ਅਤੇ ਸੰਤ ਕੁਟੀਆ ਸੰਤ ਬਾਬਾ ਇਕਬਾਲ ਸਿੰਘ ਨਿਵਾਸ ਸਥਾਨ ਜੀ ਵਿਖੇ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਗਏ। ਇਸ ਮੌਕੇ 'ਤੇ ਭਾਈ ਸ਼ੁਭਦੀਪ ਸਿੰਘ ਜੀ (ਹਜ਼ੂਰੀ ਰਾਗੀ ਦਰਬਾਰ ਸਾਹਿਬ, ਅੰਮ੍ਰਿਤਸਰ) ਅਤੇ ਸੰਤ ਬਾਬਾ ਬੂਟਾ ਸਿੰਘ ਜੀ (ਗੁੜਥਲੀ ਵਾਲੇ) ਵੱਲੋਂ ਹਾਜ਼ਰੀ ਭਰੀ ਗਈ। ਸਮਾਗਮ ਦੇ ਅੰਤ ਵਿੱਚ ਬੜੂ ਸਾਹਿਬ ਟਰੱਸਟ ਦੇ ਮੁੱਖ ਸੇਵਾਦਾਰ ਡਾ. ਦਵਿੰਦਰ ਸਿੰਘ ਜੀ ਵੱਲੋਂ ਸਮੂਹ ਸੰਗਤ ਨਾਲ ਗੁਰਮਤਿ ਬਚਨਾ ਦੀ ਸਾਂਝ ਪਾਈ ਗਈ। ਉਹਨਾਂ ਨੇ ਅੱਜ ਦੇ ਦੌਰ ਵਿੱਚ ਪੜ੍ਹਾਈ ਦੀ ਮਹੱਤਤਾ ਨੂੰ ਦਰਸਾਉਂਦਿਆਂ ਕਿਹਾ ਕਿ ਅਸੀਂ ਜੀਵਨ ਵਿੱਚ ਤਾਂ ਹੀ ਅੱਗੇ ਜਾ ਸਕਦੇ ਹਾਂ।ਜੇਕਰ ਅਸੀਂ ਸੁਚਾਰੂ ਸਿੱਖਿਆ ਲੈ ਸਕੀਏ ਅਤੇ ਨਾਲ ਨਾਲ ਗੁਰਬਾਣੀ ਦੇ ਅਨੁਸਾਰ ਜੀਵਨ ਨੂੰ ਢਾਲ ਸਕੀਏ। ਉਹਨਾਂ ਵੱਲੋਂ ਸੰਤ ਤੇਜਾ ਸਿੰਘ ਜੀ ਮਹਾਰਾਜ ਦੇ ਜੀਵਨ ਬਾਰੇ ਜਾਣੂ ਕਰਵਾਉਂਦਿਆਂ ਕਿਹਾ, ਕਿ ਨਾਮ ਜਪਣਾ ਹੀ ਹਰ ਪ੍ਰਾਣੀ ਦਾ ਧਰਮ ਹੈ। ਇਸੇ ਤਰ੍ਹਾਂ ਹਰ ਸਿੱਖ ਆਪਣੇ ਮਨ ਬਿਰਤੀ ਅਤੇ ਸਵਾਸਾ ਨੂੰ ਨਾਮ ਨਾਲ ਜੋੜੀ ਰੱਖੇ ਸੰਤਾਂ ਦੇ ਇਸ ਬਚਨ ਨੂੰ ਮੁੱਖ ਰੱਖਦੇ ਹੋਏ, ਇਸ ਤਹਿਤ ਅਕਾਲ ਅਕੈਡਮੀ ਦੇ ਵਿਦਿਆਰਥੀਆਂ ਨੂੰ ਨਾਮ ਬਾਣੀ ਦੇ ਨਾਲ-ਨਾਲ ਅਜੋਕੇ ਦੌਰ ਦੀ ਸੰਸਾਰੀ ਵਿੱਦਿਆ ਵੀ ਦਿੱਤੀ ਜਾਂਦੀ ਹੈ।ਅੰਤ ਵਿੱਚ ਡਾ. ਦਵਿੰਦਰ ਸਿੰਘ ਅਤੇ ਭਾਈ ਜਗਜੀਤ ਸਿੰਘ (ਕਾਕਾ ਵੀਰ ਜੀ) ਵੱਲੋਂ ਇਸ ਸਮਾਗਮ ਵਿੱਚ ਹਾਜ਼ਰੀ ਭਰਨ ਵਾਲੀਆਂ ਸਾਰੀਆਂ ਸੰਗਤਾਂ ਦਾ ਧੰਨਵਾਦ ਕੀਤਾ।


## ਉੱਤਰ ਰੇਲਵੇ

ਇਲੈਕਟ੍ਰੋਨਿਕ ਨਿਵਿਦਾ ਈ-ਪ੍ਰਣਾਲੀ ਦੇ ਤਹਿਤ ਮਦਾਂ ਦੀ ਸਪਲਾਈ ਲਈ ਨਿਵਿਦਾ ਸੱਦਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਤੋਂ ਉਪ ਮੁੱਖ ਸਮਗਰੀ ਪ੍ਰਬੰਧਕ ਉਤਰ ਰੇਲਵੇ ਜਗਾਧਰੀ ਵਰਕਸ਼ਾਪ-135002 ਦੁਆਰਾ ਫਰਮਾਂ ਤੋਂ ਹੇਠਾਂ ਲਿਖਤ ਮਦਾਂ ਦੇ ਲਈ ਈ-ਨਿਵਿਦਾਵਾਂ ਦੇ ਮਾਧਿਅਮ ਨਾਲ ਮੰਗ ਕੀਤੀ ਜਾਂਦੀ ਹੈ:-

| ਲ.ਨੰ. | ਨਿਵਿਦਾ ਨੰਬਰ | ਸੰਖੇਪ ਵੇਰਵਾ | ਮਾਤਰਾ | ਬੰਦ ਹੋਣ ਦੀ ਮਿਤੀ |
|---|---|---|---|---|
| 1 | 61255977 | ਕੈਸਨਬ-22 ਐਚ.ਐਸ ਕਾਸਟ ਸਟੀਲ ਬੋਗੀ | 40 ਨਗ | 31 ਜੁਲਾਈ 2025 |
| 2 | 61255978 | ਕਾਸਟ ਸਟੀਲ ਬੋਗੀ ਫਾਰ ਬੀ.ਐਲ.ਸੀ.ਏ. ਅਤੇ ਬੀ.ਐਲ.ਸੀ.ਬੀ. | 20 ਨਗ | 31 ਜੁਲਾਈ 2025 |
| 3 | 61255979 | ਫ੍ਰਿਕਸ਼ਨ ਵੈਜ | 4296 ਨਗ | 31 ਜੁਲਾਈ 2025 |

ਨਿਵਿਦਾ ਸ਼ਰਤਾਂ 1. ਵਿਸਤ੍ਰਿਤ ਜਾਣਕਾਰੀ IREPS ਵੈਬਸਾਈਟ ਯਾਨੀ www.ireps.gov.in 'ਤੇ ਦੇਖੀ ਜਾ ਸਕਦੀ ਹੈ। 2. ਮੈਨੂੰਅਲ ਆਫਰ ਸਵੀਕ੍ਰਿਤ ਨਹੀਂ ਕੀਤੀ ਜਾਵੇਗੀ।
ਟੈਂਡਰ ਨੋਟਿਸ ਨੰਬਰ:- 61255977, 61255978, 61255979 2006/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ


# ਪਿਛਲੇ ਤਿੰਨ ਸਾਲਾਂ ਤੋਂ ਆਊਟਸੋਰਸਿਸ 'ਤੇ ਕੰਮ ਕਰ ਰਹੇ ਕਾਮਿਆਂ ਨੂੰ ਪੱਕਾ ਕਰਕੇ ਠੇਕੇਦਾਰੀ ਸਿਸਟਮ ਨੂੰ ਬੰਦ ਕਰਕੇ ਰੈਗੂਲਰ ਭਰਤੀ ਕੀਤੀ ਜਾਵੇ : ਜਥੇਦਾਰ ਭਗੜਾਣਾ



ਫਤਹਿਗੜ੍ਹ ਸਾਹਿਬ, 3 ਜੁਲਾਈ (ਹਰਪ੍ਰੀਤ ਕੌਰ ਟਿਵਾਣਾ) : ਫਤਹਿਗੜ੍ਹ ਸਾਹਿਬ ਵਿਖੇ ਹੋਈ ਕਰਮਚਾਰੀ ਦਲ ਪੰਜਾਬ ਭਗੜਾਣਾ ਦੀ ਸੂਬਾ ਪੱਧਰੀ ਦੀ ਸੂਬਾ ਪ੍ਰਧਾਨ ਜਥੇਦਾਰ ਕਰਮਜੀਤ ਸਿੰਘ ਭਗੜਾਣਾ ਦੀ ਅਗਵਾਈ ਵਿੱਚ ਹੋਈ ਮੀਟਿੰਗ ਵਿੱਚ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਗਈ ਕਿ ਜਿੱਥੇ ਵੱਖ-ਵੱਖ ਮਹਿਕਮਿਆਂ ਵਿੱਚ ਪਿਛਲੇ ਤਿੰਨ ਸਾਲਾਂ ਤੋਂ ਆਊਟਸੋਰਸਿਸ 'ਤੇ ਕੰਮ ਕਰ ਰਹੇ ਕਾਮਿਆਂ ਨੂੰ ਪੱਕਾ ਕੀਤਾ ਜਾਵੇ, ਉੱਥੇ ਹੀ ਅੱਗੇ ਤੋਂ ਠੇਕੇਦਾਰੀ ਸਿਸਟਮ ਨੂੰ ਬੰਦ ਕਰਕੇ ਰੈਗੂਲਰ ਭਰਤੀ ਕੀਤੀ ਜਾਵੇ, ਤਾਂ ਜੋ ਮੁਲਾਜ਼ਮਾਂ ਦਾ ਸ਼ੋਸ਼ਣ ਨਾ ਹੋ ਸਕੇ। ਕਰਮਚਾਰੀ ਦਲ ਪੰਜਾਬ ਭਗੜਾਣਾ ਦੇ ਸੂਬਾ ਪ੍ਰਧਾਨ ਜਥੇਦਾਰ ਕਰਮਜੀਤ ਸਿੰਘ ਭਗੜਾਣਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਦੀ ਪੰਜਾਬ ਸਰਕਾਰ ਵੱਲੋਂ ਕੇਸ ਪਾ ਕੇ ਕੀਤੀ ਗਈ ਗ੍ਰਿਫਤਾਰੀ ਦੀ ਵੀ ਨਿਖੇਧੀ ਕੀਤੀ ਹੈ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਬਦਲੇ ਦੀ ਭਾਵਨਾ ਨਾਲ ਮਜੀਠੀਆ 'ਤੇ ਕੇਸ ਦਰਜ ਕੀਤਾ ਗਿਆ ਹੈ, ਜਿਸ ਤੋਂ ਲੋਕ ਭਲੀ ਭਾਂਤੀ ਜਾਣੂੰ ਹਨ। ਉਹਨਾਂ ਕਿਹਾ ਕਿ 16-5-23 ਦੀ ਪੋਲਿਸੀ ਪਰਸੋਨਲ ਵਿਭਾਗ ਵੱਲੋਂ ਐਡਹੋਕ ਕਾਮੇ, ਕੰਟਰੈਕਚਰ ਕਾਮੇ, ਡੇਲੀ ਬੇਸਿਸ ਕਾਮੇ, ਵਰਕਚਾਰਜ ਅਤੇ ਟੈਂਪਰੇਰੀ ਕਾਮਿਆਂ ਲਈ ਬਣਾਈ ਗਈ ਹੈ, ਜਿਸ ਵਿੱਚ ਕਲਾਸ-ਸੀ ਅਤੇ ਕਲਾਸ-ਡੀ ਦੇ ਕਰਮਚਾਰੀਆਂ ਲਈ ਪੇਅ ਫਿਕਸੇਸ਼ਨ ਲਮਸਮ ਦੇ ਆਧਾਰ 'ਤੇ ਕੀਤੀ ਗਈ ਹੈ, ਇਹੀ ਪੋਲਿਸੀ ਪੰਜਾਬ ਸਰਕਾਰ ਦੇ ਵੱਖ-ਵੱਖ ਮਹਿਕਮਿਆਂ ਵਿੱਚ ਕੰਮ ਕਰਦੇ ਮੁਲਾਜ਼ਮਾਂ 'ਤੇ ਵੀ ਲਾਗੂ ਕੀਤੀ ਜਾਵੇ। ਉਹਨਾਂ ਕਿਹਾ ਕਿ ਰੈਗੂਲਰ ਮੁਲਾਜ਼ਮਾਂ ਦਾ ਜੋ ਪੇਅ ਫਿਕਸੇਸ਼ਨ ਦਾ ਬਕਾਇਆ ਸਰਕਾਰ ਨੇ ਜੋ ਲੰਬੀਆਂ ਕਿਸਤਾਂ ਵਿੱਚ ਦੇਣ ਬਾਰੇ ਕਿਹਾ ਹੈ ਉਹ ਕਿਸਤਾਂ ਘਟਾ ਕੇ ਦਿੱਤਾ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਜਨ ਸਿੰਘ ਖੋਖਰ ਕਾਰਜਕਾਰੀ ਪ੍ਰਧਾਨ ਯੂਨਾਈਟਡ ਟੈਕਨੀਕਲ ਇਮਪਲਾਈਜ਼ ਯੂਨੀਅਨ, ਸੁਸ਼ੀਲ ਚੋਪੜਾ ਸਕੱਤਰ ਪੰਜਾਬ, ਮਲਕੀਤ ਸਿੰਘ ਰੈਲੋ ਸੀਨੀਅਰ ਮੀਤ ਪ੍ਰਧਾਨ, ਗੁਰਚਰਨ ਸਿੰਘ ਸੀਨੀਅਰ ਮੀਤ ਪ੍ਰਧਾਨ, ਗੁਰਬਚਨ ਸਿੰਘ ਸੀਨੀਅਰ ਮੀਤ ਪ੍ਰਧਾਨ, ਉਜਾਗਰ ਸਿੰਘ ਦੁਭਾਲੀ ਸੀਨੀਅਰ ਮੀਤ ਪ੍ਰਧਾਨ, ਕੇਸਰ ਸਿੰਘ ਪ੍ਰਧਾਨ ਮੋਹਾਲੀ, ਸੁਰਿੰਦਰ ਸਿੰਘ ਪ੍ਰਧਾਨ ਯੂਨਾਈਟਡ ਟੈਕਨੀਕਲ ਇਮਪਲਾਈਜ ਯੂਨੀਅਨ, ਅਸ਼ੋਕ ਕੁਮਾਰ ਸੰਘੋਲ ਪ੍ਰਧਾਨ ਫਤਿਹਗੜ੍ਹ ਸਾਹਿਬ, ਹਿੰਮਤ ਸਿੰਘ ਪ੍ਰਧਾਨ ਘਨੌਰ, ਤਰਵਿੰਦਰ ਸਿੰਘ ਉਪ ਪ੍ਰਧਾਨ ਘਨੌਰ, ਰਾਜ ਕੁਮਾਰ ਜਨਰਲ ਸਕੱਤਰ ਘਨੌਰ, ਬਲਵੀਰ ਸਿੰਘ ਪ੍ਰਧਾਨ ਬਰਾਂਚ ਪਟਿਆਲਾ, ਜਰਨੈਲ ਸਿੰਘ ਮੀਤ ਪ੍ਰਧਾਨ ਬਰਾਂਚ ਪਟਿਆਲਾ, ਪੱਪੂ ਪ੍ਰਿਥਵੀ ਚੇਅਰਮੈਨ ਬਰਾਂਚ ਪਟਿਆਲਾ, ਅਮਿਤ ਕੁਮਾਰ ਜ਼ਿਲ੍ਹਾ ਪ੍ਰਧਾਨ ਪਟਿਆਲਾ, ਰੂਪ ਸਿੰਘ ਸਮਾਣਾ ਜਰਨਲ ਸਕੱਤਰ ਪੰਜਾਬ, ਪਰਵਿੰਦਰ ਸਿੰਘ ਪ੍ਰਧਾਨ ਰਾਜਪੁਰਾ, ਰਣਵੀਰ ਸਿੰਘ ਪ੍ਰਧਾਨ ਫਤਹਿਗੜ੍ਹ ਸਾਹਿਬ, ਜੰਗ ਸਿੰਘ ਸੀਨੀਅਰ ਮੀਤ ਪ੍ਰਧਾਨ ਸ੍ਰੀ ਫਤਹਿਗੜ੍ਹ ਸਮੇਤ ਹੋਰ ਆਗੂ ਵੀ ਹਾਜ਼ਰ ਸਨ।

# ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਰਿਆ ਨੇ ਪਿੰਡ ਸ਼ਹੀਦਗੜ੍ਹ ਦੇ ਗੁਰਦੁਆਰਾ ਸਾਹਿਬ ਲਈ ਬਰਤਨਾਂ ਦੀ ਬੇਲ ਭੇਟ ਕੀਤੀ



ਫਤਹਿਗੜ੍ਹ ਸਾਹਿਬ, 3 ਜੁਲਾਈ (ਹਰਪ੍ਰੀਤ ਕੌਰ ਟਿਵਾਣਾ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਅਵਤਾਰ ਸਿੰਘ ਰਿਆ ਸਾਬਕਾ ਮੀਤ ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਸ਼ਹੀਦਗੜ੍ਹ ਦੇ ਗੁਰਦੁਆਰਾ ਸਾਹਿਬ ਵਿਖੇ ਲੰਗਰ ਦੀ ਸੇਵਾ ਲਈ ਬਰਤਨਾਂ ਦੀ ਬੇਲ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਆਗੂਆਂ ਨੂੰ ਭੇਂਟ ਕੀਤੀ। ਇਸ ਮੌਕੇ ਬੋਲਦਿਆਂ ਜਥੇਦਾਰ ਅਵਤਾਰ ਸਿੰਘ ਰਿਆ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਿੱਥੇ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਜਾਂਦੇ ਹਨ, ਉੱਥੇ ਹੀ ਲੋੜਵੰਦ ਪਰਿਵਾਰਾਂ ਦੀ ਮੱਦਦ ਕੀਤੀ ਜਾਂਦੀ ਹੈ। ਲੋੜਵੰਦ ਪਰਿਵਾਰਾਂ ਦੇ ਬੱਚਿਆਂ ਦੀਆਂ ਫੀਸਾਂ ਭਰਨ ਦੇ ਨਾਲ ਨਾਲ ਵੱਖੋ ਵੱਖ ਪਿੰਡਾਂ ਵਿੱਚ ਧਾਰਮਿਕ ਕੈਂਪ ਲਗਾ ਕੇ ਬੱਚਿਆਂ ਨੂੰ ਗੁਰਮਤਿ ਨਾਲ ਜੋੜਿਆ ਜਾਂਦਾ ਹੈ। ਉਨ੍ਹਾਂ ਕਿਹਾ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਸਿੱਖ ਧਰਮ ਦੇ ਪ੍ਰਚਾਰ ਪ੍ਰਸਾਰ ਵਿਚ ਬਣਦੀ ਭੂਮਿਕਾ ਨਿਭਾਉਣੀ ਚਾਹੀਦੀ ਹੈ ਅਤੇ ਧਾਰਮਿਕ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਇਸ ਮੌਕੇ ਗੁਰਦੁਆਰਾ ਕਮੇਟੀ ਦੇ ਮੀਤ ਪ੍ਰਧਾਨ ਜੋਗਾ ਸਿੰਘ ਨੇ ਸ਼੍ਰੋਮਣੀ ਕਮੇਟੀ ਅਤੇ ਜਥੇਦਾਰ ਅਵਤਾਰ ਸਿੰਘ ਰਿਆ ਦਾ ਧੰਨਵਾਦ ਕੀਤਾ। ਇਸ ਮੌਕੇ ਤਰਨਜੀਤ ਸਿੰਘ ਚੀਮਾ, ਜਤਿੰਦਰਪਾਲ ਸਿੰਘ ਕਹਾਲੋਂ, ਪਰਮਿੰਦਰ ਸਿੰਘ, ਬਾਬਾ ਚਰਨਜੀਤ ਸਿੰਘ, ਬੀਰ ਦਵਿੰਦਰ ਸਿੰਘ, ਅਮਰਜੀਤ ਸਿੰਘ ਸਰਪੰਚ, ਜਸਵੀਰ ਸਿੰਘ, ਹਰਨੇਕ ਸਿੰਘ, ਜੋਗਾ ਸਿੰਘ, ਜਗਤਾਰ ਸਿੰਘ, ਮੋਹਣ ਸਿੰਘ, ਮੇਜਰ ਸਿੰਘ, ਇੰਤਰਜੀਤ ਸਿੰਘ ਆਦਿ ਹਾਜ਼ਰ ਸਨ।


## ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਿਟਡ

(Regd. Office PSEB Head Office, The Mall, Patiala)
Corporate Identity Number U40109PB2010SGC033813
website (www.pspcl.in)
Contact Number : 96461-18773

ਟੈਂਡਰ ਇਨਕੁਆਇਰੀ ਨੰ. 6/CCM/LDH/2025-26 Dated : 03.07.2025

**ਦਫ਼ਤਰ** : ਸੀਨੀਅਰ ਕਾਰਜਕਾਰੀ ਇੰਜੀਨੀਅਰ ਸਿਵਲ ਨਿਰਮਾਣ ਅਤੇ ਸੰਭਾਲ ਮੰਡਲ, ਕੋਠੀ ਨੰ: ਏ-2, ਪਾਵਰ ਕਲੋਨੀ ਨੰ.-1, ਫ਼ਿਰੋਜ਼ਪੁਰ ਰੋਡ, ਸਰਾਭਾ ਨਗਰ, ਪੀ.ਐਸ.ਪੀ.ਸੀ.ਐਲ., ਲੁਧਿਆਣਾ ਦੇ ਦਫ਼ਤਰ ਵੱਲੋਂ Construction of PCC Road at 66 KV S/S Bhagrana ਦਾ ਟੈਂਡਰ ਭਰਨ ਵਾਸਤੇ ਸੱਦਾ ਦਿੱਤਾ ਜਾ ਰਿਹਾ ਹੈ। ਇਸ ਦੀ ਵਧੇਰੀ ਜਾਣਕਾਰੀ ਵਾਸਤੇ ਸੀਨੀਅਰ ਕਾਰਜਕਾਰੀ ਇੰਜੀਨੀਅਰ ਸਿਵਲ ਨਿਰਮਾਣ ਅਤੇ ਸੰਭਾਲ ਮੰਡਲ ਲੁਧਿਆਣਾ, ਕੋਠੀ ਨੰ. ਏ-2 ਪਾਵਰ ਕਲੋਨੀ ਨੰ.-1 ਫ਼ਿਰੋਜ਼ਪੁਰ ਰੋਡ, ਸਰਾਭਾ ਨਗਰ, ਪੀ.ਐਸ.ਪੀ.ਸੀ.ਐਲ., ਲੁਧਿਆਣਾ ਨੂੰ ਸੰਪਰਕ ਕੀਤਾ ਜਾਵੇ।

**ਨੋਟ : ਕੋਰੀਜ਼ੰਡਮ ਅਤੇ ਜੋੜ (ਜੇਕਰ ਕੋਈ ਹੈ)**, https://https://pspcl.in/Otherlinks/e-tender-notices-2024.aspx **'ਤੇ ਅਪਲੋਡ ਕੀਤਾ ਜਾਵੇਗਾ।**

C 464 / 25

Ro No. PR-Advt. No. 1079 / 12 / 2025-26 / 850 / Dated CHD : 03.07.2025



## IDBI BANK — BANK AISA DOST JAISA

### ਗੁਰਦਾਸਪੁਰ, ਪੰਜਾਬ ਵਿੱਚ ਆਫਸਾਈਟ ਏਟੀਐਮ ਪ੍ਰੀਮਿਸ ਦੀ ਲੋੜ

ਬੈਂਕ ਗੁਰਦਾਸਪੁਰ, ਪੰਜਾਬ - 143521 ਵਿਖੇ ਆਫਸਾਈਟ ਏਟੀਐਮ ਪ੍ਰੀਮਿਸ ਨੂੰ ਲੰਬੇ ਸਮੇਂ ਲਈ ਲੀਜ਼ 'ਤੇ ਲੈਣਾ ਚਾਹੁੰਦਾ ਹੈ, ਤਰਜੀਹੀ ਤੌਰ 'ਤੇ ਗਰਾਊਂਡ ਫਲੋਰ 'ਤੇ ਜਿਸ ਵਿੱਚ ਲਗਭਗ 100-150 ਵਰਗ ਫੁੱਟ ਦਾ ਕਾਰਪੇਟ ਏਰੀਆ ਹੋਵੇ, ਤਰਜੀਹੀ ਤੌਰ 'ਤੇ ਮੇਨ ਰੋਡ 'ਤੇ ਸਥਿਤ ਹੋਵੇ ਜਿੱਥੇ ਸੰਭਾਵੀ ਵਪਾਰਕ ਅਤੇ ਰਿਹਾਇਸ਼ੀ ਖੇਤਰਾਂ ਵਿੱਚ ਵਧੀਆ ਫਰੰਟੇਜ, ਵਿਜ਼ੀਬਿਲਟੀ, ਲੋੜੀਂਦੀ ਬਿਜਲੀ ਸਪਲਾਈ ਅਤੇ ਪਾਰਕਿੰਗ ਸਹੂਲਤ ਹੋਵੇ।

ਢੁਕਵੀਂ ਜਗ੍ਹਾ ਦੇ ਮਾਲਕ ਦਿਲਚਸਪੀ ਰੱਖਣ ਵਾਲੀਆਂ ਧਿਰਾਂ 10 **ਦਿਨਾਂ ਦੇ ਅੰਦਰ (ਇਸ਼ਤਿਹਾਰ ਦੀ ਮਿਤੀ ਨੂੰ ਛੱਡ ਕੇ) ਖੇਤਰੀ ਮੁਖੀ, ਅੰਮ੍ਰਿਤਸਰ ਖੇਤਰ** ਨੂੰ ਹੇਠਾਂ ਦਿੱਤੇ ਪਤੇ 'ਤੇ **ਖੇਤਰੀ ਮੁਖੀ, RBG, IDBI BNK LTD., ਪਲਾਟ ਨੰਬਰ 2 ਅਤੇ 3, ਅੰਜਲੀ ਸਾੜੀ ਦੀ ਦੁਕਾਨ ਦੇ ਸਾਹਮਣੇ, ਅੰਮ੍ਰਿਤਸਰ, ਪੰਜਾਬ** - 143001 ਨੂੰ ਅਰਜ਼ੀ ਦੇ ਸਕਦੀਆਂ ਹਨ। **14 ਜੁਲਾਈ**, 2025 ਨੂੰ ਜਾਂ ਇਸ ਤੋਂ ਪਹਿਲਾਂ ਸ਼ਾਮ 6:00 ਵਜੇ ਤੱਕ ਪ੍ਰਾਪਤ ਹੋਣ ਵਾਲੀਆਂ ਅਰਜ਼ੀਆਂ ਹੀ ਸਵੀਕਾਰ ਕੀਤੀਆਂ ਜਾਣਗੀਆਂ। ਪ੍ਰਦਰਸ਼ਨ ਅਤੇ ਹੋਰ ਵੇਰਵੇ ਸਾਡੀ ਵੈੱਬਸਾਈਟ **www.idbibank.in** ਤੋਂ ਨੋਟਿਸ-ਟੈਂਡਰ ਅਧੀਨ ਡਾਊਨਲੋਡ ਕੀਤੇ ਜਾ ਸਕਦੇ ਹਨ ਜਾਂ ਸਾਡੀ ਕਿਸੇ ਵੀ ਸ਼ਾਖਾ ਤੋਂ ਇਕੱਠੇ ਕੀਤੇ ਜਾ ਸਕਦੇ ਹਨ। ਕੋਈ ਵੀ ਹੋਰ ਜੋੜ / ਸੋਧ / ਤਾਰੀਖਾਂ ਦਾ ਵਾਧਾ / ਸਪਸ਼ਟੀਕਰਨ / ਬਿਨੈਕਾਰਾਂ ਦੇ ਸਵਾਲਾਂ ਦੇ ਜਵਾਬ ਆਦਿ ਸਿਰਫ਼ ਬੈਂਕ ਦੀ ਵੈੱਬਸਾਈਟ 'ਤੇ ਪੋਸਟ ਕੀਤੇ ਜਾਣਗੇ। ਅਰਜ਼ੀਆਂ "ਪੇਸ਼ਕਸ਼ ਜਮ੍ਹਾਂ ਕਰਨ ਲਈ ਨਿਰਦੇਸ਼ / ਦਿਸ਼ਾ-ਨਿਰਦੇਸ਼" ਦੇ ਅਨੁਸਾਰ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਅਹਾਤੇ ਦੀ ਪੇਸ਼ਕਸ਼ ਕਰਨ ਵਾਲੇ ਜਾਇਦਾਦ ਏਜੰਟਾਂ ਨੂੰ ਮਕਾਨ ਮਾਲਕਾਂ ਤੋਂ ਅਧਿਕਾਰ ਪੱਤਰਾਂ ਦੇ ਨਾਲ ਪੂਰੇ ਵੇਰਵਿਆਂ ਦੇ ਨਾਲ ਆਪਣੀਆਂ ਪੇਸ਼ਕਸ਼ਾਂ ਜਮ੍ਹਾਂ ਕਰਾਉਣੀਆਂ ਚਾਹੀਦੀਆਂ ਹਨ। ਬੈਂਕ ਦੁਆਰਾ ਕੋਈ ਦਲਾਲੀ ਦਾ ਭੁਗਤਾਨ ਨਹੀਂ ਕੀਤਾ ਜਾਵੇਗਾ। IDBI ਬੈਂਕ ਲਿਮਟਿਡ ਬਿਨਾਂ ਕਿਸੇ ਕਾਰਨ ਦੱਸੇ ਸਾਰੀਆਂ ਪੇਸ਼ਕਸ਼ਾਂ ਨੂੰ ਸਵੀਕਾਰ ਜਾਂ ਰੱਦ ਕਰਨ ਦਾ ਅਧਿਕਾਰ ਰਾਖਵਾਂ ਰੱਖਦਾ ਹੈ। ਪੇਸ਼ਕਸ਼ ਜਮ੍ਹਾਂ ਕਰਨ ਲਈ ਨਿਰਦੇਸ਼ / ਦਿਸ਼ਾ-ਨਿਰਦੇਸ਼ ਸਾਡੀ ਕਿਸੇ ਵੀ ਸ਼ਾਖਾ ਤੋਂ ਵੀ ਇਕੱਠੇ ਕੀਤੇ ਜਾ ਸਕਦੇ ਹਨ। **ਸਹੀ/-**

ਮਿਤੀ: 04.07.2025 **ਸਥਾਨ: ਗੁਰਦਾਸਪੁਰ** **ਜ਼ੋਨਲ ਹੈੱਡ ਅਤੇ ਸੀਜੀਐਮ, ਚੰਡੀਗੜ੍ਹ ਜ਼ੋਨ**


# ਆਖ਼ਿਰ ਕਦੋਂ ਰੁਕਣਗੇ ਔਰਤਾਂ 'ਤੇ ਹੋ ਰਹੇ ਅੱਤਿਆਚਾਰ



ਸੰਜੀਵ ਸਿੰਘ ਸੈਣੀ
7888966168

ਹਾਲ ਹੀ ਵਿੱਚ ਕੋਲਕੱਤਾ ਦੇ ਇੱਕ ਲਾਅ ਕਾਲਜ ਵਿੱਚ 25 ਜੂਨ ਨੂੰ ਜਬਰ ਜਨਾਹ ਦੀ ਘਟਨਾ ਨੇ ਇੱਕ ਵਾਰ ਫਿਰ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਹੈ। ਤਕਰੀਬਨ ਸਾਢੇ ਤਿੰਨ ਘੰਟੇ ਦਰਿੰਦਿਆਂ ਨੇ ਇਹ ਘਿਨੌਣੇ ਘਟਨਾਕ੍ਰਮ ਨੂੰ ਅੰਜਾਮ ਦਿੱਤਾ। ਇੰਨੀ ਬੁਰੀ ਤਰ੍ਹਾਂ ਉਸ ਨਾਲ ਮਾਰ ਕੁਟਾਈ ਵੀ ਕੀਤੀ ਗਈ। ਮਾਰ ਕੁਟਾਈ, ਘੜੀਸਦੇ ਹੋਏ ਉਸ ਕੁੜੀ ਨਾਲ ਜਬਰ ਜ਼ਨਾਹ ਦੀਆਂ ਵੀਡੀਓਜ਼ ਵੀ ਬਣਾਈਆਂ ਗਈਆਂ। ਦੋਸ਼ੀ ਵੱਲੋਂ ਕੁੜੀ ਸਾਹਮਣੇ ਵਿਆਹ ਦੀ ਤਜਵੀਜ਼ ਰੱਖੀ ਗਈ ਸੀ। ਲੜਕੀ ਦੀ ਮਨਾਹੀ ਕਰਨ ਤੋਂ ਬਾਅਦ ਉਸ ਨਾਲ ਦੋਸ਼ੀਆਂ ਨੇ ਇਹ ਗਲਤ ਕੰਮ ਕੀਤਾ। ਵੱਖ-ਵੱਖ ਥਾਵਾਂ 'ਤੇ ਔਰਤਾਂ ਦੇ ਹੱਕਾਂ ਬਾਰੇ ਗੱਲ ਕੀਤੀ ਜਾਂਦੀ ਹੈ। ਆਜ਼ਾਦੀ ਦੇ ਇੰਨੇ ਸਾਲ ਬੀਤ ਜਾਣ ਬਾਅਦ ਵੀ ਔਰਤਾਂ ਆਖ਼ਿਰ ਸੁੱਰਖਿਅਤ ਕਿਉਂ ਨਹੀਂ ਹਨ? ਅਗਸਤ 2024 ਕੋਲਕੱਤਾ ਦੇ ਆਰ ਜੀ ਕਰ ਮੈਡੀਕਲ ਕਾਲਜ ਦੀ ਜੂਨੀਅਰ ਡਾਕਟਰ ਦੀ ਡਿਊਟੀ ਸਮੇਂ ਆਪਣੇ ਹੀ ਕਾਲਜ ਵਿੱਚ ਬਲਾਤਕਾਰ ਤੋਂ ਬਾਅਦ ਹੱਤਿਆ ਕਰਨ ਦੀ ਘਟਨਾ ਨੇ ਸਮੁੱਚੇ ਦੇਸ਼ ਵਿੱਚ ਸਨਸਨੀ ਫੈਲਾ ਦਿੱਤੀ ਸੀ। ਹਰ ਭਾਰਤੀ ਦੇ ਅੰਦਰ ਰੋਸ ਦੀ ਲਹਿਰ ਸੀ। ਥਾਂ-ਥਾਂ ਡਾਕਟਰਾਂ, ਸਮਾਜ ਸੇਵੀ ਵਰਗਾਂ ਵੱਲੋਂ ਪ੍ਰਦਰਸ਼ਨ ਕੀਤੇ ਗਏ। ਦਹਿਸ਼ਤ ਭਰਿਆ ਮਾਹੌਲ ਪੈਦਾ ਕੀਤਾ ਸੀ। ਵਿਚਾਰ ਕਰਨ ਵਾਲੀ ਗੱਲ ਹੈ ਕਿ ਨਾਮਵਰ ਸੰਸਥਾਵਾਂ ਵਿੱਚ ਕੰਮ ਕਰਨ ਵਾਲੀਆਂ ਮਹਿਲਾ ਡਾਕਟਰ ਜੇ ਸੁਰੱਖਿਅਤ ਹੀ ਨਹੀਂ ਹਨ, ਤਾਂ ਜੋ ਕੁੜੀਆਂ ਜਨਤਕ ਥਾਵਾਂ 'ਤੇ ਵਿਚਰਨ ਕਰ ਰਹੀਆਂ ਹਨ, ਉਹਨਾਂ ਦਾ ਕੀ ਬਣੇਗਾ? ਲਗਾਤਾਰ ਔਰਤਾਂ ਨਾਲ ਬਲਾਤਕਾਰ ਵਰਗੀਆਂ ਨਿੰਦਣਯੋਗ ਘਟਨਾਵਾਂ ਵਾਪਰ ਰਹੀਆਂ ਹਨ। ਦੋ ਸਾਲ ਪਹਿਲਾਂ ਜੋ ਮਨੀਪੁਰ ਵਿਖੇ ਦੋ ਔਰਤਾਂ ਨਾਲ ਜੋ ਘਟਨਾ ਵਾਪਰੀ, ਸਾਰੇ ਹੀ ਦੇਸ਼ ਨੂੰ ਹਿਲਾ ਕੇ ਰੱਖ ਦਿੱਤਾ ਸੀ। ਨਿਰਵਸਤਰ ਔਰਤਾਂ ਦੀ ਵੀਡੀਓ ਸਾਰਿਆਂ ਨੇ ਹੀ ਦੇਖੀ ਸੀ। ਕਈ ਥਾਵਾਂ 'ਤੇ ਪ੍ਰਦਰਸ਼ਨ ਵੀ ਹੋਏ, ਪਰ ਕਾਰਵਾਈ ਨਹੀਂ ਹੋਈ। ਇਸੇ ਤਰ੍ਹਾਂ ਬਿਲਕੀਸ ਬਾਨੋ ਦੇ ਦੋਸ਼ੀਆਂ ਨੂੰ ਦੁਬਾਰਾ ਫਿਰ ਜੇਲ੍ਹ ਵਿੱਚ ਡੱਕਿਆ ਗਿਆ। ਗੁਜਰਾਤ ਸਰਕਾਰ ਨੇ ਉਨ੍ਹਾਂ ਨੂੰ ਵਿਸ਼ੇਸ਼ ਮੁਆਫ਼ੀ ਦੇ ਕੇ ਰਿਹਾਅ ਕਰ ਦਿੱਤਾ ਸੀ। ਦੇਸ਼ ਦਾ ਨਾਮ ਚਮਕਾਉਣ ਵਾਲੀ ਮਹਿਲਾ ਪਹਿਲਵਾਨ ਨੂੰ ਕਿੰਨੇ ਹੀ ਤਸ਼ੱਦਦ ਸਹਿਣੇ ਪਏ। ਜੰਤਰ ਮੰਤਰ 'ਤੇ ਪ੍ਰਦਰਸ਼ਨ ਵੀ ਹੋਏ। ਸੁਪਰੀਮ ਕੋਰਟ ਦੇ ਦਖ਼ਲ ਤੋਂ ਬਾਅਦ ਕੇਸ ਦਰਜ ਕੀਤਾ ਗਿਆ।


ਦਿੱਲੀ ਦੇ ਉੱਤਮ ਨਗਰ ਨੇੜੇ ਮੋਹਨ ਗਾਰਡਨ 'ਚ ਸਕੂਲ ਜਾ ਰਹੀ 17 ਸਾਲਾਂ ਦੀ ਵਿਦਿਆਰਥਣ ਦੇ ਚਿਹਰੇ 'ਤੇ ਮੋਟਰਸਾਈਕਲ ਸਵਾਰ ਨੌਜਵਾਨਾਂ ਨੇ ਤੇਜ਼ਾਬ ਸੁੱਟ ਦਿੱਤਾ। ਵਿਚਾਰਨ ਵਾਲੀ ਗੱਲ ਹੈ ਕਿ ਤੇਜ਼ਾਬ ਦੀ ਵਿਕਰੀ 'ਤੇ ਪਾਬੰਦੀ ਦੇ ਬਾਵਜੂਦ ਇਹਨਾਂ ਦੋਸ਼ੀਆਂ ਨੇ ਇਹ ਕਿੱਥੋਂ ਲਿਆ? 17 ਸਾਲਾ ਵਿਦਿਆਰਥਣ ਨੇ ਪ੍ਰੇਮ ਪ੍ਰਸਤਾਵ ਠੁਕਰਾ ਦਿੱਤਾ ਸੀ। ਦਿਨ ਪ੍ਰਤੀ ਦਿਨ ਔਰਤਾਂ ਤੇ ਜ਼ੁਲਮ ਵਧਦੇ ਜਾ ਰਹੇ ਹਨ। ਬਲਾਤਕਾਰ, ਛੇੜਛਾੜ ਹੋਰ ਪਤਾ ਨਹੀਂ ਕਿੰਨੀਆਂ ਹੀ ਘਿਨੌਣੀਆਂ ਹਰਕਤਾਂ ਤੋਂ ਅਜਿਹੇ ਦੋਸ਼ੀ ਬਾਜ਼ ਨਹੀਂ ਆ ਰਹੇ ਹਨ। ਉਸ ਕੁੜੀ 'ਤੇ ਕੀ ਬੀਤੀ ਹੋਵੇਗੀ, ਜਿਸ ਦਾ ਸਾਰਾ ਹੀ ਚਿਹਰਾ ਜਲਾ ਦਿੱਤਾ। ਹਰ ਵਾਰ ਅਜਿਹੇ ਦਰਿੰਦਿਆਂ ਨੂੰ ਕੋਸੇਗੀ। ਮਾਂ ਬਾਪ 'ਤੇ ਕੀ ਬੀਤੀ ਹੋਵੇਗੀ।

ਪਿਛਲੇ ਸਾਲ ਉਤਰਾਖੰਡ ਦੇ ਪੌੜੀ ਜ਼ਿਲ੍ਹੇ ਦੇ ਇੱਕ ਰਿਜ਼ੋਰਟ ਵਿਚ ਕੰਮ ਕਰਦੀ ਲੜਕੀ ਦੀ ਲਾਸ਼ ਨਹਿਰ 'ਚੋਂ ਮਿਲੀ। ਰਿਜ਼ੋਰਟ ਵਿੱਚ ਰਹਿ ਰਹੇ ਮਹਿਮਾਨਾਂ ਨਾਲ ਕੁੜੀ ਨੂੰ ਸਬੰਧ ਬਣਾਉਣ ਲਈ ਦਬਾਅ ਪਾਇਆ ਜਾਂਦਾ ਸੀ। ਹਾਲਾਂਕਿ ਰਿਜ਼ੋਰਟ ਮਾਲਕ ਦੇ ਨਾਲ ਨਾਲ ਦੋ ਹੋਰ ਲੋਕਾਂ ਦੀ ਗ੍ਰਿਫਤਾਰੀ ਵੀ ਹੋਈ ਹੈ। ਰੋਸ ਵਿਚ ਆਏ ਲੋਕਾਂ ਵੱਲੋਂ ਪੁਲਿਸ ਦੀ ਗੱਡੀ ਦੀ ਭੰਨ-ਤੋੜ ਵੀ ਕੀਤੀ ਗਈ। ਧਰਨੇ ਮੁਜ਼ਾਹਰੇ ਵੀ ਲਗਾਏ ਗਏ। ਰਿਪੋਰਟ ਮੁਤਾਬਕ ਲੜਕੀ ਦੇ ਸਰੀਰ 'ਤੇ ਕੁੱਟਮਾਰ ਦੇ ਨਿਸ਼ਾਨ ਵੀ ਪਾਏ ਗਏ। ਲਗਾਤਾਰ ਅਜਿਹੀਆਂ ਘਿਨਾਉਣੀਆਂ ਹਰਕਤਾਂ ਵਿਚ ਵਾਧਾ ਹੋ ਰਿਹਾ ਹੈ। ਵਾਰ-ਵਾਰ ਦੋਸ਼ੀਆਂ ਨੂੰ ਫਾਂਸੀ ਦੇਣ ਦੀ ਮੰਗ ਕੀਤੀ ਜਾਂਦੀ ਹੈ।

ਪੁਲਿਸ ਕਮਿਸ਼ਨਰ ਦਾ ਸ਼ਲਾਘਾਯੋਗ ਕਦਮ ਸੀ। ਮਾਂ ਬਾਪ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਨੈਤਿਕ ਕਦਰਾਂ ਕੀਮਤਾਂ ਬਾਰੇ ਜਾਣੂੰ ਕਰਵਾਉਣ। ਮਾਂ ਬਾਪ ਨੂੰ ਆਪਣੇ ਬੱਚਿਆਂ ਨੂੰ ਚੰਗੀਆਂ ਗੱਲਾਂ ਸਿਖਾਉਣੀਆਂ ਚਾਹੀਦੀਆਂ ਹਨ। ਦਰਅਸਲ ਅੱਜਕੱਲ੍ਹ ਮਾਂ-ਬਾਪ ਵੀ ਆਪਣੇ ਬੱਚਿਆਂ ਨੂੰ ਕਹਿਣ ਤੋਂ ਡਰਦੇ ਹਨ। ਕਿਉਂਕਿ ਅੱਜਕਲ੍ਹ ਦੇ ਬੱਚੇ ਗ਼ਲਤ ਕਦਮ ਜਲਦੀ ਚੁੱਕਦੇ ਹਨ। ਮਾਂ ਬਾਪ ਨੂੰ ਇਹ ਡਰ ਹੁੰਦਾ ਹੈ ਕਿ ਜੇ ਅਸੀਂ ਆਪਣੇ ਬੱਚੇ ਨੂੰ ਝਿੜਕਾਂਗੇ, ਕੱਲ੍ਹ ਨੂੰ ਉਨ੍ਹਾਂ ਦਾ ਬੱਚਾ ਪਤਾ ਨਹੀਂ ਕੀ ਕਰ ਲਵੇ। ਗੁਜਰਾਤ ਦੇ 2002 ਦੇ ਦੰਗਾ-ਪੀੜਤਾਂ ਵਿੱਚ ਇੱਕ ਗਰਭਵਤੀ ਔਰਤ ਨਾਲ ਜਬਰ ਜਨਾਹ ਕਰਨ 'ਤੇ ਪਰਿਵਾਰ ਦੇ ਮੈਂਬਰਾਂ ਦੀ ਹੱਤਿਆ ਕਰ ਦਿੱਤੀ ਗਈ, ਤੇ ਉੱਥੋਂ ਦੀ ਸਰਕਾਰ ਨੇ ਇਸ ਸਾਲ ਆਜ਼ਾਦੀ ਦਿਵਸ 'ਤੇ ਅਜਿਹੇ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ ਸੀ, ਜੋ ਕਿ ਮੰਦਭਾਗੀ ਘਟਨਾ ਸੀ। ਦੋਸ਼ੀਆਂ ਦੇ ਹੌਂਸਲੇ ਹੋਰ ਬੁਲੰਦ ਹੋ ਜਾਂਦੇ ਹਨ। ਉਹਨਾਂ ਦੇ ਅੰਦਰ ਬਿਲਕੁਲ ਵੀ ਭੈਅ ਨਹੀਂ ਰਹਿੰਦਾ। ਉਹਨਾਂ ਨੂੰ ਇਹ ਹੁੰਦਾ ਹੈ ਕਿ ਸਰਕਾਰਾਂ ਨੇ ਤਾਂ ਸਾਨੂੰ ਰਿਹਾਅ ਕਰ ਦੇਣਾ ਹੈ। ਹਾਲਾਂ ਕਿ ਸੁਪਰੀਮ ਕੋਰਟ ਨੇ ਵੀ ਉੱਥੋਂ ਦੀ ਕੋਰਟ ਤੋਂ ਜਵਾਬ ਮੰਗਿਆ ਸੀ। ਇਹ ਬਿਲਕੁਲ ਗ਼ਲਤ ਹੈ। ਔਰਤਾਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਸਾਡੀ ਸਾਰਿਆਂ ਦੀ ਅਹਿਮ ਜ਼ਿੰਮੇਵਾਰੀ ਹੈ। ਔਰਤ ਸਾਡੇ ਸਮਾਜ ਦਾ ਅਹਿਮ ਹਿੱਸਾ ਹੈ। ਔਰਤ ਹੀ ਜੱਗ ਜਨਨੀ ਹੈ। ਅੱਜ ਦੇਸ਼ ਦੇ ਅਹਿਮ ਅਹੁਦਿਆਂ 'ਤੇ ਔਰਤਾਂ ਬਿਰਾਜਮਾਨ ਹਨ। ਚਾਹੇ ਉਹ ਥਲ ਸੈਨਾ ਹੋਵੇ ਜਾਂ ਨੇਵੀ ਵਿਚ ਕੋਈ ਵੀ ਅਹਿਮ ਅਹੁਦਾ ਹੋਵੇ। ਅੱਜ ਰਾਸ਼ਟਰਪਤੀ ਦੇ ਅਹਿਮ ਮੁੱਦੇ 'ਤੇ ਇੱਕ ਨਾਰੀ ਬਿਰਾਜਮਾਨ ਹੈ। ਮੁੱਖ ਮੰਤਰੀ ਤੱਕ ਕਈ ਸੂਬਿਆਂ ਵਿੱਚ ਨਾਰੀਆਂ ਹਨ। ਪ੍ਰਸ਼ਾਸਨਿਕ ਸੇਵਾਵਾਂ ਬਹੁਤ ਹੀ ਵਧੀਆ ਤਰੀਕੇ ਨਾਲ ਔਰਤਾਂ ਨਿਭਾ ਰਹੀਆਂ ਹਨ। ਫਿਰ ਔਰਤਾਂ ਨਾਲ ਅਜਿਹਾ ਵਿਤਕਰਾ ਕਿਉਂ ਕੀਤਾ ਜਾ ਰਿਹਾ ਹੈ? ਕਿਉਂ ਜ਼ੁਲਮ ਕਰਨ ਵਾਲੇ ਨੂੰ ਫਾਂਸੀ ਦੀ ਸਜ਼ਾ ਨਹੀਂ ਦਿੱਤੀ ਜਾ ਰਹੀ। ਕਿਉਂ ਉਨ੍ਹਾਂ ਨੂੰ ਸਲਾਖਾਂ ਪਿੱਛੇ ਨਹੀਂ ਰੱਖਿਆ ਜਾ ਰਿਹਾ ਹੈ। ਕਿਉਂ ਉਨ੍ਹਾਂ ਦੋਸ਼ੀਆਂ ਨੂੰ ਰਿਹਾਅ ਕਰ ਦਿੱਤਾ ਜਾਂਦਾ ਹੈ? ਅਜਿਹੇ ਸਵਾਲ ਅੱਜ ਵੀ ਸਾਡੇ ਸਾਹਮਣੇ ਖੜ੍ਹੇ ਹਨ। ਸਾਡੀ ਸਾਰਿਆਂ ਦੀ ਅਹਿਮ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਸਾਨੂੰ ਔਰਤਾਂ ਦਾ ਦਿਲੋਂ ਸਤਿਕਾਰ ਕਰਨਾ ਚਾਹੀਦਾ ਹੈ। ਔਰਤਾਂ ਅੱਜ ਕਿਸੇ ਤੋਂ ਘੱਟ ਨਹੀਂ ਹਨ। ਜਦੋਂ ਕੋਈ ਵੀ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੁੰਦਾ ਹੈ ਤਾਂ ਸਿਖਰਲੀ ਪੁਜੀਸ਼ਨਾਂ 'ਤੇ ਕੁੜੀਆਂ ਹੀ ਬਾਜ਼ੀ ਮਾਰਦੀਆਂ ਹਨ।


ਜਨਤਕ ਸੂਚਨਾ

ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ।



ਵਿਸ਼ਾ:- ਸਵਰਗੀ ਸ਼੍ਰੀਮਤੀ ਸ਼ੀਲ ਜੈਨ ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ ਵਪਾਰਕ ਐਸ.ਸੀ.ਓ. ਨੰ. 30, ਸੈਕਟਰ 19-ਡੀ, ਚੰਡੀਗੜ੍ਹ (ਸੀ.ਪੀ. 657) ਦੇ ਸੰਬੰਧ ਵਿੱਚ 100% ਹਿੱਸੇ ਦੀ ਹੱਦ ਤੱਕ ਮਾਲਕੀ ਦਾ ਤਬਾਦਲਾ।

ਆਮ ਜਨਤਾ ਅਤੇ ਸਾਰੇ ਸਬੰਧਤਾਂ ਦੀ ਜਾਣਕਾਰੀ ਲਈ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਦਫ਼ਤਰ ਦੇ ਰਿਕਾਰਡ ਅਨੁਸਾਰ ਸ਼੍ਰੀਮਤੀ ਸ਼ੀਲ ਜੈਨ ਵਪਾਰਕ ਐਸ.ਸੀ.ਓ. ਨੰ. 30, ਸੈਕਟਰ 19-ਡੀ, ਚੰਡੀਗੜ੍ਹ ਦੀ 100% ਹਿੱਸੇ ਦੀ ਹੱਦ ਤੱਕ ਮਾਲਕ/ਪੱਟੇਦਾਰ ਹੈ। ਸੁਭਾਸ਼ ਜੈਨ ਦੁਆਰਾ ਸੂਚਿਤ ਕੀਤਾ ਗਿਆ ਹੈ ਕਿ ਸ਼੍ਰੀਮਤੀ। ਸ਼ੀਲ ਜੈਨ ਦੀ ਮੌਤ 13/02/2025 ਨੂੰ ਹੋ ਗਈ ਸੀ ਅਤੇ ਉਸਨੇ ਮ੍ਰਿਤਕ ਮਾਲਕ/ਪੱਟੇਦਾਰ ਦੇ ਹੇਠ ਲਿਖੇ ਕਾਨੂੰਨੀ ਵਾਰਸਾਂ ਨੂੰ ਵੀ ਸੂਚਿਤ ਕੀਤਾ ਹੈ:- (1) ਅੰਤਿਮਾ ਜੈਨ (ਧੀ) (2) ਰਿੰਪਲ ਜੈਨ (ਧੀ) (3) ਸ਼ਿਖਾ ਜੈਨ (ਧੀ) (4) ਸੁਭਾਸ਼ ਜੈਨ (ਪਤੀ) (5) ਸੁਰਭੀ ਜੈਨ (ਧੀ)। ਹੁਣ, ਸੁਭਾਸ਼ ਜੈਨ ਨੇ 06/06/2011 ਦੀ ਰਜਿਸਟਰਡ ਵਸੀਅਤ ਦੇ ਆਧਾਰ 'ਤੇ, ਮਰਹੂਮ ਸ਼੍ਰੀਮਤੀ ਸ਼ੀਲ ਜੈਨ ਦੁਆਰਾ ਆਪਣੇ ਹੱਕ ਵਿੱਚ ਰੱਖੇ ਗਏ 100% ਹਿੱਸੇ ਦੀ ਹੱਦ ਤੱਕ ਵਪਾਰਕ ਐਸਸੀਓ ਨੰਬਰ 30, ਸੈਕਟਰ 19-ਡੀ, ਚੰਡੀਗੜ੍ਹ ਦੇ ਸੰਬੰਧ ਵਿੱਚ ਮਾਲਕੀ ਦੇ ਤਬਾਦਲੇ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਕੋਲ ਉੱਪਰ ਦੱਸੇ ਗਏ ਤੋਂ ਇਲਾਵਾ ਮ੍ਰਿਤਕ ਦੇ ਕਿਸੇ ਹੋਰ ਕਾਨੂੰਨੀ ਵਾਰਸ (ਵਾਰਸਾਂ) ਬਾਰੇ ਕੋਈ ਜਾਣਕਾਰੀ ਹੈ, ਤਾਂ ਇਸਨੂੰ ਤੁਰੰਤ ਅਸਟੇਟ ਅਫਸਰ, ਯੂ.ਟੀ., ਚੰਡੀਗੜ੍ਹ ਨੂੰ ਸੂਚਿਤ ਕੀਤਾ ਜਾ ਸਕਦਾ ਹੈ। ਜੇਕਰ ਕਿਸੇ ਨੂੰ ਉਪਰੋਕਤ ਨਾਮਜ਼ਦ ਬਿਨੈਕਾਰਾਂ ਦੇ ਹੱਕ ਵਿੱਚ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦੇ ਇੰਤਕਾਲ 'ਤੇ ਕੋਈ ਇਤਰਾਜ਼ ਹੈ, ਤਾਂ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 30 ਦਿਨਾਂ ਦੇ ਅੰਦਰ-ਅੰਦਰ ਲਿਖਤੀ ਰੂਪ ਵਿੱਚ (ਮੈਜਿਸਟ੍ਰੇਟ/ਨੋਟਰੀ ਦੁਆਰਾ ਪ੍ਰਮਾਣਿਤ ਹਲਫਨਾਮੇ ਨਾਲ ਸਮਰਥਤ) ਹੇਠ ਹਸਤਾਖਰ ਕਰਨ ਵਾਲੇ ਦੇ ਦਫ਼ਤਰ ਵਿੱਚ ਇਸਨੂੰ ਜਮ੍ਹਾਂ ਕਰਵਾ ਸਕਦੇ ਹਨ, ਨਹੀਂ ਤਾਂ ਉਕਤ ਜਾਇਦਾਦ ਵਿੱਚ ਉਕਤ ਹਿੱਸੇ ਦਾ ਇੰਤਕਾਲ ਉਪਰੋਕਤ ਲਾਭਪਾਤਰੀ ਦੇ ਨਾਮ 'ਤੇ ਕਰ ਦਿੱਤਾ ਜਾਵੇਗਾ ਅਤੇ ਬਾਅਦ ਵਿੱਚ ਕਿਸੇ ਵੀ ਹੋਰ ਦਾਅਵੇ 'ਤੇ ਵਿਚਾਰ ਨਹੀਂ ਕੀਤਾ ਜਾਵੇਗਾ।

ਸ਼੍ਰੀ ਰਾਜੀਵ ਤਿਵਾੜੀ, ਸਹਾਇਕ ਅਸਟੇਟ ਅਫ਼ਸਰ, ਅਸਟੇਟ ਅਫ਼ਸਰ, ਯੂ.ਟੀ., ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ


# ਇੱਕ ਆਦਰਸ਼ ਜੀਵਨ ਸ਼ੈਲੀ

ਡਾ. ਸੰਗਰਾਮ ਸਿੰਘ
7973327963

ਦੁਨੀਆਂ ਵਿੱਚ ਮੌਜੂਦ ਹਰ ਇਨਸਾਨ, ਭਾਵੇਂ ਉਹ ਚੰਗਾ ਹੈ ਜਾਂ ਬੁਰਾ, ਆਪਣੀ- ਆਪਣੀ ਜੀਵਨ ਸ਼ੈਲੀ ਖੁਦ ਆਪਣੇ ਤੌਰ- ਤਰੀਕਿਆਂ ਨਾਲ ਜੀਅ ਰਿਹਾ ਹੈ। ਇਹ ਤੌਰ -ਤਰੀਕੇ ਸਹੀ ਹੋਣ ਜਾਂ ਗਲਤ, ਇਸ ਨਾਲ ਹੀ ਸਬੰਧਿਤ ਮਨੁੱਖ ਦੀ ਸ਼ਖ਼ਸ਼ੀਅਤ ਬਾਰੇ ਪਤਾ ਚੱਲਦਾ ਹੈ। ਕੁਝ ਮਨੁੱਖ ਅਜਿਹੇ ਹੁੰਦੇ ਹਨ, ਜਿਨ੍ਹਾਂ ਦੀ ਸ਼ਖ਼ਸੀਅਤ ਵਿੱਚੋਂ ਆਦਰਸ਼ਵਾਦ, ਅਨੁਸ਼ਾਸਨਤਾ, ਨਿਡਰਤਾ ਅਤੇ ਜਿੰਮੇਵਾਰੀ ਦੀ ਝਲਕ ਪੈਂਦੀ ਹੈ। ਪ੍ਰੰਤੂ ਕੁਝ ਅਜਿਹੇ ਮਨੁੱਖ ਹੁੰਦੇ ਹਨ, ਜਿਨ੍ਹਾਂ ਵਿੱਚੋਂ ਨਿਰਾਸ਼ਾਵਾਦ, ਡਰ, ਭੈਅ ਅਤੇ ਗੈਰ- ਜਿੰਮੇਵਾਰੀ ਦੀ ਝਲਕ ਪੈਂਦੀ ਹੈ। ਜੇਕਰ ਵਿਚਾਰ ਕਰੀਏ ਤਾਂ ਪਤਾ ਚੱਲਦਾ ਹੈ, ਕਿ ਮਨੁੱਖ ਨੂੰ ਸ੍ਰਿਸ਼ਟੀ ਦੀ ਉੱਤਮ ਰਚਨਾ ਵਜੋਂ ਜਾਣਿਆ ਜਾਂਦਾ ਹੈ। ਫਿਰ ਉੱਤਮ ਰਚਨਾ ਦਾ ਖਿਤਾਬ ਹਾਸਲ ਕਰਨ ਉਪਰੰਤ ਵੀ ਹਰ ਮਨੁੱਖ ਦੀ ਜੀਵਨ ਸ਼ੈਲੀ ਵਿੱਚ ਜ਼ਮੀਨ-ਆਸਮਾਨ ਦਾ ਫਰਕ ਕਿਸ ਪ੍ਰਕਾਰ ਹੈ?

ਦੁਨੀਆਂ ਦੇ ਪ੍ਰਸਿੱਧ ਵਿਗਿਆਨੀ ਸਟੀਫ਼ਨ ਹਾਕਿੰਗ ਦੇ ਵਿਚਾਰ ਸਨ, ਮੌਤ ਤਾਂ ਨਿਸ਼ਚਿਤ ਹੈ। ਪ੍ਰੰਤੂ ਜੀਵਨ ਅਤੇ ਮੌਤ ਦੇ ਵਿਚਕਾਰ ਦੇ ਸਮੇਂ ਨੂੰ ਕਿਸ ਪ੍ਰਕਾਰ ਬਤੀਤ ਕਰਨਾ ਹੈ, ਇਹ ਸਾਡੇ ਉੱਤੇ ਨਿਰਭਰ ਹੈ।

ਹੁਣ ਆਦਰਸ਼ਵਾਦੀ ਅਤੇ ਨਿਰਾਸ਼ਾਵਾਦੀ ਜੀਵਨ ਸ਼ੈਲੀ ਦੇ ਕਾਰਨ ਦੀ ਜੜ੍ਹ ਲੱਭਣ ਦੀ ਕੋਸ਼ਿਸ਼ ਕਰਕੇ ਵੇਖੋ ਤਾਂ ਉੱਤਰ ਸਪੱਸ਼ਟ ਅਤੇ ਸਰਲ ਨਿੱਕਲੇਗਾ ਕਿ ਕਿਸੇ ਵੀ ਪ੍ਰਕਾਰ ਦੀ ਜੀਵਨ ਸ਼ੈਲੀ ਦੇ ਪਿੱਛੇ ਦਾ ਕਾਰਨ ਹਰ ਮਨੁੱਖ ਦੀ ਸੋਚ ਅਤੇ ਸਮਝ ਉੱਤੇ ਹੀ ਨਿਰਭਰ ਹੈ। 'ਸੋਚ' ਅਤੇ 'ਸਮਝ' ਇੱਕ ਅਜਿਹਾ ਉੱਤਮ ਤੋਹਫ਼ਾ ਹੈ ਜੋ ਪਰਮਾਤਮਾ ਨੇ ਹਰ ਮਨੁੱਖ ਨੂੰ ਪ੍ਰਦਾਨ ਕੀਤਾ ਹੈ। ਪ੍ਰੰਤੂ ਇਸ ਤੋਹਫੇ ਦੀ ਵਰਤੋਂ ਕੋਈ- ਕੋਈ ਮਨੁੱਖ ਉੱਚਿਤ ਅਤੇ ਸਕਾਰਾਤਮਕ ਢੰਗ ਨਾਲ ਕਰਦੇ ਹਨ, ਜਿਸ ਨਾਲ ਉਹ ਸਮਾਜ ਅਤੇ ਉਹਨਾਂ ਨਾਲ ਸਬੰਧਿਤ ਮਨੁੱਖਾਂ ਉੱਤੇ ਇੱਕ ਚੰਗਾ ਪ੍ਰਭਾਵ ਛੱਡਦੇ ਹਨ ਅਤੇ ਆਪਣੀ ਇੱਕ ਵੱਖਰੀ ਪਹਿਚਾਣ ਬਣਾਉਂਦੇ ਹਨ। ਪ੍ਰੰਤੂ ਕਈ ਮਨੁੱਖ ਅਜਿਹੇ ਵੀ ਹੁੰਦੇ ਹਨ ਜੋ ਆਪਣੀ ਸੋਚ ਦਾ ਦਾਇਰਾ ਨਿਸ਼ਚਿਤ ਕਰ, ਨਕਾਰਾਤਮਕ ਸੋਚ ਨਾਲ ਖੁਦ ਦਾ ਅਕਸ਼ ਵੀ ਵਿਗਾੜਦੇ ਰਹਿੰਦੇ ਹਨ ਅਤੇ ਆਪਣੀ ਜੀਵਨ ਸ਼ੈਲੀ ਨੂੰ ਵੀ ਨੀਵੇਂ ਦਰਜੇ ਦਾ ਬਣਾ ਲੈਂਦੇ ਹਨ। ਹੁਣ ਸਵਾਲ ਇਹ ਹੈ ਕਿ ਜੇਕਰ ਮਨੁੱਖ ਦੀ 'ਸੋਚ' ਅਤੇ 'ਸਮਝ' ਉੱਤੇ ਹੀ ਸਭ ਕੁਝ ਨਿਰਭਰ ਹੈ ਤਾਂ 'ਸੋਚ' ਨੂੰ ਵਿਕਸਿਤ ਜਾਂ ਸਕਾਰਾਤਮਕ ਕਿਵੇਂ ਬਣਾਇਆ ਜਾਵੇ? ਅਧਿਆਤਮਿਕ ਨਜ਼ਰੀਏ ਤੋਂ ਇਸ ਪ੍ਰਸ਼ਨ ਦਾ ਉੱਤਰ ਲੱਭਣ ਦੀ ਕੋਸ਼ਿਸ਼ ਕਰਦੇ ਹਾਂ। ਅਧਿਆਤਮਕਤਾ ਅਨੁਸਾਰ ਜਿਸ ਪ੍ਰਕਾਰ ਸਾਡੇ ਸਰੀਰ ਨੂੰ ਚਲਾਈ ਰੱਖਣ ਲਈ ਭੋਜਨ ਦੀ ਲੋੜ ਹੁੰਦੀ ਹੈ। ਉਸੇ ਪ੍ਰਕਾਰ ਸਾਡੇ ਵਿਚਾਰਾਂ ਨੂੰ ਸ਼ੁੱਧ ਅਤੇ ਊਰਜਾ ਭਰਪੂਰ ਰੱਖਣ ਲਈ ਸਾਨੂੰ ਚੰਗੇ ਵਿਅਕਤੀਆਂ ਦੀ ਸੰਗਤ, ਧਿਆਨ (meditation ), ਚੰਗੀਆਂ ਕਿਤਾਬਾਂ ਪੜ੍ਹਨ ਦੀ ਲੋੜ ਅਤੇ ਸੰਤਾਂ-ਮਹਾਤਮਾਵਾਂ ਦੇ ਵਿਚਾਰਾਂ ਨੂੰ ਜੀਵਨ ਦਾ ਆਧਾਰ ਬਣਾ ਕੇ ਚੱਲਣ ਦੀ ਲੋੜ ਹੁੰਦੀ ਹੈ। ਕਿਉਂਕਿ ਹਰ ਮਨੁੱਖ ਦੀ 'ਸੋਚ' ਨਿਰੰਤਰ ਉਸਦੇ ਅਵਚੇਤਨ ਮਨ ਵਿੱਚ ਚਲਦੀ ਰਹਿੰਦੀ ਹੈ ਅਤੇ ਜੇਕਰ ਹਰ ਮਨੁੱਖ ਆਪਣੀ 'ਸੋਚ' ਅਤੇ 'ਸਮਝ' ਨੂੰ ਹੀ ਸਕਾਰਾਤਮਕਤਾ ਨਾਲ ਭਰ ਦੇਵੇ ਤਾਂ ਨਤੀਜੇ ਵਜੋਂ ਇੱਕ ਚੰਗੀ ਜੀਵਨ ਸ਼ੈਲੀ ਦਾ ਨਿਰਮਾਣ ਸੰਭਵ ਹੈ।


## ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)

ਜ਼ਮੀਨੀ ਤਲ, ਐਸਸੀਓ 33-34-35, ਸੈਕਟਰ 17-ਏ, ਚੰਡੀਗੜ੍ਹ-160017

**ਮਾਮਲਾ ਨੰ. : ਓਏ/33/2024**

**ਕਰਜ਼ ਵਸੂਲੀ ਟ੍ਰਿਬਿਊਨਲ (ਪ੍ਰਕਿਰਿਆ) ਨਿਯਮਾਂਵਲੀ, 1993 ਦੇ ਨਿਯਮ 5 ਦੇ ਉਪ-ਨਿਯਮ (2ਏ) ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੇ ਅਧੀਨ ਸੰਮਨ**

**ਈਐਕਸਐਚ**: 25955

**ਸਟੇਟ ਬੈਂਕ ਆਫ ਇੰਡੀਆ**
**ਬਨਾਮ**
**ਬੀਐਚਜੇ ਰੈਸਟਰੋ ਪ੍ਰਾਇਵੇਟ ਲਿਮਟਿਡ ਅਤੇ ਹੋਰ**

**ਵੱਲ,**
(1) **ਜਸਵੀਨ ਕੌਰ** ਪੁੱਤਰੀ ਸ੍ਰੀ ਹਰਦਰਸ਼ਨ ਸਿੰਘ ਮਦਾਨ, ਡਾਇਰੈਕਟਰ ਬੀਐਚਜੇ ਰੈਸਟਰੋ ਪ੍ਰਾਇਵੇਟ ਲਿਮਟਿਡ, ਵਾਸੀ ਮਕਾਨ ਨੰ. 244-ਏ, ਸੈਕਟਰ 66, ਐਸਏਐਸ ਨਗਰ, ਮੋਹਾਲੀ, ਪੰਜਾਬ-160062

**ਸੰਮਨ**

**ਜਿਥੇ ਕਿ, ਓ.ਏ./33/2024, 21.02.2025 ਨੂੰ ਮਾਨਯੋਗ ਪ੍ਰਧਾਨਗੀ ਅਧਿਕਾਰੀ/ਰਜਿਸਟਰਾਰ ਕੋਲ ਸੂਚੀਬੱਧ ਸੀ।**

ਜਿਥੇ ਕਿ, ਇਸ ਮਾਨਯੋਗ ਟ੍ਰਿਬਿਊਨਲ ਵੱਲੋਂ **ਰੁ. 1,05,81,768/-** ਦੇ ਕਰਜ਼ਿਆਂ ਦੀ ਵਸੂਲੀ ਲਈ ਤੁਹਾਡੇ ਖਿਲਾਫ ਦਾਇਰ **(ਓ.ਏ.) ਕਾਨੂੰਨ ਦੀ ਧਾਰਾ 19 (4)** ਦੇ ਅਧੀਨ ਦਰਸਾਈ ਅਰਜ਼ੀ 'ਤੇ ਸੰਮਨ/ਸੂਚਨਾ ਜਾਰੀ ਕੀਤੀ ਜਾ ਰਹੀ ਹੈ। **(ਦਸਤਾਵੇਜ਼ਾਂ ਆਦਿ ਦੇ ਉਤਾਰੇ ਸਮੇਤ ਅਰਜ਼ੀ ਨੱਥੀ)।**

ਕਾਨੂੰਨ ਦੀ ਧਾਰਾ 19 ਦੀ ਉਪ-ਧਾਰਾ (4) ਦੀ ਨਿਰੰਤਰਤਾ ਵਿਚ ਤੁਹਾਨੂੰ, ਡਿਫੈਂਡੈਂਟਸ ਨੂੰ ਨਿਮਨ ਅਨੁਸਾਰ ਨਿਰਦੇਸ਼ ਦਿੱਤਾ ਜਾਂਦਾ ਹੈ :-

(1) ਸੰਮਨ ਦੀ ਤਾਮੀਲ ਤੋਂ ਤੀਹ ਦਿਨਾਂ ਦੇ ਅੰਦਰ ਕਾਰਨ ਦੱਸਣਾ ਕਿ ਬਿਨੈ ਕੀਤੀ ਰਾਹਤ ਕਿਉਂ ਪ੍ਰਵਾਨ ਨਾ ਕੀਤੀ ਜਾਵੇ;
(2) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਬਿਨੈਕਾਰ ਵੱਲੋਂ ਦਰਸਾਈਆਂ ਸੰਪੱਤੀਆਂ ਅਤੇ ਅਸਾਸਿਆਂ ਨਾਲੋਂ ਹੋਰ ਸੰਪੱਤੀਆਂ ਜਾਂ ਅਸਾਸਿਆਂ ਦੇ ਵੇਰਵਿਆਂ ਦਾ ਖੁਲਾਸਾ ਕਰਨਾ;
(3) ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਅਧੀਨ ਖੁਲਾਸਾ ਕੀਤੀਆਂ, ਲੰਬਿਤ ਸੁਣਵਾਈ ਵਾਲੀਆਂ ਸੁਰੱਖਿਅਤ ਸੰਪੱਤੀਆਂ ਜਾਂ ਅਜਿਹੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਸੌਦੇਬਾਜ਼ੀ ਜਾਂ ਨਿਪਟਾਰਾ ਕਰਨ ਅਤੇ ਸੰਪੱਤੀਆਂ ਨੂੰ ਜੋੜਨ ਲਈ ਅਰਜ਼ੀ ਦਾ ਨਿਪਟਾਰਾ ਕਰਨਾ ਤੋਂ ਰੋਕ ਲਗਾਈ ਜਾਂਦੀ ਹੈ;
(4) ਤੁਸੀਂ ਟ੍ਰਿਬਿਊਨਲ ਦੀ ਅਗਾਊਂ ਪ੍ਰਵਾਨਗੀ ਤੋਂ ਬਿਨਾਂ ਮੂਲ ਅਰਜ਼ੀ ਦੇ ਲੜੀ ਨੰ. 3ਏ ਦੇ ਤਹਿਤ ਦਰਸਾਏ ਜਾਂ ਨਿਪਟਾਰਾ ਕੀਤੇ ਹੋਰ ਅਸਾਸਿਆਂ ਅਤੇ ਸੰਪੱਤੀਆਂ ਅਤੇ/ਜਾਂ ਅਸਾਸੇ ਜਿਨ੍ਹਾਂ ਉਪਰ ਸੁਰੱਖਿਆ ਵਿਆਜ ਦਾ ਨਿਰਮਾਣ ਕੀਤਾ ਗਿਆ ਹੈ, ਵਿਚੋਂ ਕਿਸੇ ਦਾ ਵੀ ਵਪਾਰ ਦੇ ਸਧਾਰਨ ਢੰਗ ਤੋਂ ਬਿਨਾਂ ਵਿਕਰੀ, ਲੀਜ਼ ਜਾਂ ਕਿਸੇ ਹੋਰ ਮਾਧਿਅਮ ਦੁਆਰਾ ਤਬਾਦਲਾ ਨਹੀਂ ਕਰੋਗੇ।
(5) ਤੁਸੀਂ ਵਪਾਰ ਦੇ ਸਧਾਰਨ ਢੰਗ ਵਿਚ ਸੁਰੱਖਿਅਤ ਅਸਾਸਿਆਂ ਜਾਂ ਹੋਰ ਅਸਾਸਿਆਂ ਅਤੇ ਸੰਪੱਤੀਆਂ ਦੀ ਵਿਕਰੀ ਦੁਆਰਾ ਪ੍ਰਾਪਤ ਵਿਕਰੀ ਵਸੂਲੀ ਦੇ ਲਈ ਲੇਖਾ ਰੱਖਣ ਲਈ ਜੁਆਬਦੇਹ ਹੋ ਅਤੇ ਅਜਿਹੀ ਵਿਕਰੀ ਵਸੂਲੀ ਨੂੰ ਬੈਂਕ ਜਾਂ ਅਜਿਹੇ ਅਸਾਸਿਆਂ ਉਪਰ ਸੁਰੱਖਿਆ ਵਿਆਜ ਦੀਆਂ ਧਾਰਕ ਵਿੱਤੀ ਸੰਸਥਾਵਾਂ ਕੋਲ ਰੱਖੇ ਖਾਤੇ ਵਿਚ ਜਮ੍ਹਾਂ ਕਰਵਾਓਗੇ।

ਤੁਹਾਨੂੰ ਇਹ ਵੀ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਬਿਨੈਕਾਰ ਨੂੰ ਲਿਖਤੀ ਬਿਆਨ ਉਤਾਰੇ ਸਮੇਤ ਦਰਜ ਕਰਵਾਓ ਅਤੇ 16.07.2025 **ਨੂੰ ਸਵੇਰੇ** 10.30 **ਵਜੇ ਰਜਿਸਟਰਾਰ** ਕੋਲ ਪੇਸ਼ ਹੋਵੋ, ਜਿਸ ਤੋਂ ਅਸਫਲ ਰਹਿਣ 'ਤੇ ਅਰਜ਼ੀ 'ਤੇ ਸੁਣਵਾਈ ਅਤੇ ਫੈਸਲਾ ਤੁਹਾਡੀ ਗੈਰ ਹਾਜ਼ਰੀ ਵਿਚ ਲੈ ਲਿਆ ਜਾਵੇਗਾ।

**ਮੇਰੇ ਦਸਤਖ਼ਤ ਅਤੇ ਇਸ ਟ੍ਰਿਬਿਊਨਲ ਦੀ ਮੋਹਰ ਮਿਤੀ 19.06.2025 ਨੂੰ ਜਾਰੀ।**

**ਸੰਮਨ ਜਾਰੀ ਕਰਨ ਲਈ ਅਧਿਕਾਰਤ ਅਧਿਕਾਰੀ ਦੇ ਹਸਤਾਖਰ**
**ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3)**



## CHANDIGARH GROUP OF COLLEGES

CGC — Building Careers. Transforming Lives. Jhanjeri, Mohali

QS I-GAUGE | nirf | NAAC GRADE A+

REQUIRED FOR REGULAR POSITION OF

- DIRECTORS/PRINCIPAL/DEAN/HOD'S/ PROFESSORS/ASSOC. PROFESSORS/ASSTT. PROFESSORS
- CHANDIGARH ENGINEERING COLLEGE (NAAC A+ GRADE)
  CSE, ECE, Physics, Chemistry, Maths, AI & Machine Learning, AI & Data Sciences, AI & Robotics, Java, Advance Java, MBA (HR, Marketing, Finance, IT, Business Analytics, Operations).
- CHANDIGARH COLLEGE OF ENGINEERING
  CSE, ECE, Physics, Chemistry, Maths, AI & Machine Learning, AI & Data Sciences, AI & Robotics, Java, Advance Java, Cyber Security, Blockchain, Electrical Engineering, MBA (HR, Marketing, Finance, IT, Business Analytics, Operations).
- CHANDIGARH SCHOOL OF BUSINESS
  Management (Finance, Marketing, HR, Business Analytics, Operations, IT), Computer Applications, Commerce, Operation Theatre, Radiology, Animation, Multimedia, Journalism & Mass Communication, Nutrition & Dietetics, Fashion & Design, Forensic Science, Chemistry, Zoology, Botany, Microbiology, Bio Chemistry, Anesthesia, Maths, English, Information Technology, Graphic & Web Design, Cyber Security, MLS, Biotech, Optometry.
- CHANDIGARH LAW COLLEGE
  Corporate Law, Constitutional Law, Commercial Law, Public Law, International Law, English, Sociology, History, Political Science, Economics, MBA (Financial Management), Finance, Punjabi (Elementary & Advance).
- CHANDIGARH PHARMACY COLLEGE
  Pharmaceutics, Pharmaceutical Chemistry, Pharmacology, Pharmaceutical Analysis, Pharmacognosy (for B.Pharma & D.Pharma Courses).
- TRAINERS - Verbal, Java, Python, Soft Skills, Cyber Security, Aptitude, C++ Reasoning, Data Structure, Data Analysis, Data Sciences, Artificial Intelligence, Robotics, Machine Learning, Cloud Computing, (AWS), Mobile Application Development (Android).

NON-TEACHING

- ADMISSION COUNSELLOR (Female) ▪ MEDICAL OFFICER
- HOSTEL WARDEN - Male & Female (Knowledge of Computer)
- IT TECHNICIAN ▪ LAB TECHNICIAN

Ph.D Preferred

Qualifications & Pay Scale: As per Govt. of Punjab/ PCI/ BCI/ AICTE/ UGC/ IKGPTU/ Pbi. Uni.

Interested candidates may send their updated resume on umang.hr@cgc.ac.in within 21 Days.

Mb.: 83603 67050, 98759 13163 | www.cgc.ac.in HR DEPARTMENT



## SMFG Grihashakti — ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

Nayi Asha. Naya Vishwas.

**ਕਾਰਪੋਰੇਟ ਦਫਤਰ** : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇੰਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051 **ਰਜਿ. ਦਫ਼ਤਰ** : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰਬਰ 111, ਮਾਊਂਟ ਪੂਨਮੱਲੀ ਰੋਡ, ਪੋਰੂਰ ਚੇਨਈ-600116 ਤਾਮਿਲਨਾਡੂ

**ਅਚੱਲ ਸੰਪੱਤੀ ਦੇ ਲਈ ਕਬਜ਼ਾ ਸੂਚਨਾ [(ਅੰਤਿਕਾ IV) ਨਿਯਮ 8(1)]**

ਜਿਥੇ ਕਿ, ਨਿਮਨ ਹਸਤਾਖਰੀ ਨੇ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** *(ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.)* ਇੱਕ ਹਾਊਸਿੰਗ ਫਾਇਨਾਂਸ ਕੰਪਨੀ (ਨੈਸ਼ਨਲ ਹਾਊਸਿੰਗ ਬੈਂਕ (ਪੂਰੀ ਤਰ੍ਹਾਂ **ਆਰਬੀਆਈ** ਦੀ ਮਾਲਕੀ ਹੇਠ) ਨਾਲ ਪੂਰਨ ਪੰਜੀਕ੍ਰਿਤ) (ਇੱਥੇ ਬਾਅਦ ਵਿੱਚ **"ਐਸਐਮਐਚਐਫਸੀ"** ਵੱਜੋਂ ਸੰਦਰਭਿਤ) ਦੇ **ਅਧਿਕਾਰਤ ਅਧਿਕਾਰੀ** ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 (2002 ਦਾ 54) ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਿਆਜ ਅਤੇ ਦਰਸਾਈ ਸੂਚਨਾ ਵਿੱਚ ਦਰਸਾਈ ਰਕਮ ਨੂੰ ਅਦਾ ਕਰਨ ਦੇ ਲਈ ਕਰਜ਼ਦਾਰਾਂ (**ਨਾਮ ਅਤੇ ਪਤੇ ਨਿਮਨ ਦਰਸਾਏ**) ਨੂੰ ਸੱਦਾ ਦਿੰਦੇ ਹੋਏ ਦਰਸਾਏ ਕਾਨੂੰਨ ਦੀ ਧਾਰਾ 13 (2) ਦੇ ਅਧੀਨ ਨਿਮਨ ਦਰਸਾਈ ਮਿਤੀ ਨੂੰ ਮੰਗ ਸੂਚਨਾ ਜਾਰੀ ਕੀਤੀ ਸੀ। ਇੱਥੇ ਦਰਸਾਏ ਕਰਜ਼ਦਾਰ ਰਕਮ ਅਦਾ ਕਰਨ ਵਿਚ ਅਸਫ਼ਲ ਰਹੇ ਹਨ, ਇਸ ਲਈ ਇਥੇ ਨਿਮਨ ਦਰਸਾਏ ਕਰਜ਼ਦਾਰਾਂ ਨੂੰ ਅਤੇ **ਆਮ ਕਰਕੇ ਜਨਤਾ** ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਨਿਮਨ ਹਸਤਾਖਰੀ ਨੇ ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 ਨਾਲ ਪੜ੍ਹੇ ਜਾਣ ਵਾਲੇ ਕਾਨੂੰਨ ਦੀ ਧਾਰਾ 13 ਦੀ ਉਪ-ਧਾਰਾ (4) ਅਧੀਨ ਮੈਨੂੰ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਨਿਮਨ ਦਰਸਾਈ ਸੰਪੱਤੀ ਦਾ **ਸੰਕੇਤਕ ਕਬਜ਼ਾ** ਲੈ ਲਿਆ ਹੈ। ਉਕਤ ਦਰਸਾਏ ਕਰਜ਼ਦਾਰਾਂ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਇਥੇ ਚਿਤਾਵਨੀ ਦਿੱਤੀ ਜਾਂਦੀ ਹੈ ਕਿ ਦਰਸਾਈ ਸੰਪੱਤੀ ਦੀ ਕੋਈ ਸੌਦੇਬਾਜ਼ੀ ਨਾ ਕੀਤੀ ਜਾਵੇ ਅਤੇ ਸੰਪੱਤੀ ਦੀ ਕੋਈ ਵੀ ਸੌਦੇਬਾਜ਼ੀ ਨਿਮਨ ਦਰਸਾਈ ਰਕਮ ਅਤੇ ਵਿਆਜ ਦੇ ਲਈ **"ਐਸਐਮਐਚਐਫਸੀ"** ਦੇ ਚਾਰਜ ਨਾਲ ਸਬੰਧਤ ਹੋਵੇਗੀ।

| ਲੜੀ ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੁਰੱਖਿਅਤ ਅਸਾਸਿਆਂ (ਅਚੱਲ ਸੰਪੱਤੀ) ਦੇ ਵੇਰਵੇ | ਮੰਗ ਸੂਚਨਾ ਦੀ ਮਿਤੀ ਅਤੇ ਰਕਮ | ਕਬਜ਼ੇ ਦੀ ਮਿਤੀ |
|---|---|---|---|---|
| 1 | LAN :- 610139211683389<br>1. ਸ਼ੁਭਮ ਮਾਹੇ<br>2. ਹਰਦੀਸ਼ ਕੌਰ | 0 ਕਨਾਲ-8 ਮਰਲੇ ਦੀ ਜਾਇਦਾਦ ਵਾਲਾ ਇੱਕ ਘਰ, ਖਸਰਾ ਨੰਬਰ-6//23(7-2), ਖਾਤਾ ਨੰਬਰ-9/9, ਸਾਲ 2018-19 ਲਈ ਜਮ੍ਹਾਂਬੰਦੀ ਅਨੁਸਾਰ, ਹੱਦਬਸਤ ਨੰਬਰ-152, ਪਿੰਡ-ਗੜ੍ਹਾ, ਤਹਿਸੀਲ-ਫਿਲੌਰ, ਜ਼ਿਲ੍ਹਾ-ਜਲੰਧਰ ਵਿਖੇ ਸਥਿਤ, ਵਿਕਰੀ ਡੀਡ ਬੇਅਰਿੰਗ ਵਸੀਕਾ ਨੰਬਰ-2024-25/180/1/143 ਮਿਤੀ 16-4-2024 ਅਨੁਸਾਰ, 0 ਕਨਾਲ-8 ਮਰਲੇ ਦੇ ਸਾਰੇ ਭਾਗ ਅਤੇ ਹਿੱਸੇ। ਹਰਦੀਸ਼ ਕੌਰ ਪਤਨੀ ਰੇਸ਼ਮ ਲਾਲ ਦੇ ਨਾਮ 'ਤੇ ਦਰਜ ਹਨ। ਹੇਠ ਲਿਖੇ ਅਨੁਸਾਰ ਸੀਮਾ:- ਕਸ਼ਮੀਰੋ ਦਾ ਪੂਰਬੀ ਘਰ, ਵਿਜੇ ਮੋਮੀ ਦਾ ਪੱਛਮੀ ਘਰ, ਉੱਤਰ-ਰਸਤਾ, ਦੱਖਣੀ-ਰਸਤਾ। | 20.11.2024<br>ਰੁ. 27,50,195/-(ਰੁਪਏ ਸਤਾਈ ਲੱਖ ਪੰਜਾਹ ਹਜ਼ਾਰ ਇੱਕ ਸੌ ਪਚਾਨਵੇਂ ਕੇਵਲ)<br>16.11.2024 ਦੇ ਅਨੁਸਾਰ | 03.07.2025 |

**ਸਥਾਨ:** ਜਲੰਧਰ, ਪੰਜਾਬ ਸਹੀ/-
**ਮਿਤੀ :** 03.07.2025 ਅਧਿਕਾਰਤ ਅਧਿਕਾਰੀ, ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.



## SMFG Grihashakti — ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.

Nayi Asha. Naya Vishwas.

**ਕਾਰਪੋਰੇਟ ਦਫਤਰ** : 503 ਅਤੇ 504, 5ਵੀਂ ਮੰਜ਼ਿਲ, ਜੀ-ਬਲਾਕ, ਇੰਸਪਾਇਰ ਬੀਕੇਸੀ, ਬੀਕੇਸੀ ਮੁੱਖ ਸੜਕ, ਬਾਂਦਰਾ ਕੁਰਲਾ ਕੰਪਲੈਕਸ, ਬਾਂਦਰਾ (ਪੂਰਬ), ਮੁੰਬਈ-400051 **ਰਜਿ. ਦਫ਼ਤਰ** : ਕਾਮਰਜ਼ੋਨ ਆਈਟੀ ਪਾਰਕ, ਟਾਵਰ ਬੀ, ਪਹਿਲੀ ਮੰਜ਼ਿਲ, ਨੰਬਰ 111, ਮਾਊਂਟ ਪੂਨਮੱਲੀ ਰੋਡ, ਪੋਰੂਰ ਚੇਨਈ-600116 ਤਾਮਿਲਨਾਡੂ

**ਅਚੱਲ ਸੰਪੱਤੀਆਂ ਦੀ ਵਿਕਰੀ ਲਈ ਵਿਕਰੀ ਸੂਚਨਾ**

**ਸੁਰੱਖਿਆ ਵਿਆਜ (ਲਾਗੂਕਰਨ) ਨਿਯਮਾਂਵਲੀ, 2002 ਦੇ ਨਿਯਮ 8 (6) ਦੀ ਵਿਵਸਥਾ ਨਾਲ ਪੜ੍ਹੇ ਜਾਣ ਵਾਲੇ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੇ ਅਧੀਨ ਅਚੱਲ ਸੰਪੱਤੀਆਂ ਦੀ ਵਿਕਰੀ ਲਈ 30 ਰੋਜ਼ਾ ਈ-ਨਿਲਾਮੀ ਵਿਕਰੀ ਸੂਚਨਾ।**

**ਆਮ ਕਰਕੇ ਜਨਤਾ** ਨੂੰ ਅਤੇ ਵਿਸ਼ੇਸ਼ ਕਰਕੇ ਕਰਜ਼ਦਾਰ (ਾਂ) ਅਤੇ ਜ਼ਾਮਨ (ਾਂ) ਨੂੰ ਇਸ ਦੁਆਰਾ **ਸੂਚਨਾ** ਦਿੱਤੀ ਜਾਂਦੀ ਹੈ ਕਿ ਸੁਰੱਖਿਅਤ ਕਰਜ਼ਦਾਤਾ ਕੋਲ ਗਿਰਵੀ/ਬੰਦੀ ਨਿਮਨ ਸੂਚੀਬੱਧ ਅਚੱਲ ਸੰਪੱਤੀਆਂ ("ਸੁਰੱਖਿਅਤ ਅਸਾਸੇ"), ਜਿਨ੍ਹਾਂ ਦਾ ਕਬਜ਼ਾ **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.** *(ਸਾਬਕਾ ਤੌਰ 'ਤੇ ਫੁਲਰਟਨ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮ.)* (ਇਥੇ ਬਾਅਦ ਵਿਚ **ਐਸਐਮਐਚਐਫਸੀ** ਵਜੋਂ ਸੰਦਰਭਿਤ) (**"ਸੁਰੱਖਿਅਤ ਕਰਜ਼ਦਾਤਾ"**) ਦੇ **ਅਧਿਕਾਰਤ ਅਧਿਕਾਰੀ** ਵੱਲੋਂ ਲਿਆ ਗਿਆ ਸੀ, ਦੀ ਵਿਕਰੀ ਨਿਮਨ ਦਰਸਾਈ ਬਕਾਇਆ ਰਕਮ ਅਤੇ ਇਸ 'ਤੇ ਅਗਲੇਰੇ ਵਿਆਜ ਅਤੇ ਹੋਰ ਖਰਚਿਆਂ ਦੀ ਵਸੂਲੀ ਲਈ ਨਿਮਨ ਦਰਸਾਈ ਮਿਤੀ ਅਤੇ ਸਮੇਂ ਨੂੰ **"ਜਿਵੇਂ ਹੈ ਜਿਥੇ ਹੈ"**, **"ਜਿਵੇਂ ਹੈ ਜੋ ਹੈ"** ਅਤੇ **"ਜੋ ਵੀ ਉਥੇ ਹੈ"** 'ਤੇ ਕੀਤੀ ਜਾਵੇਗੀ।

| ਲ. ਨੰ. | ਕਰਜ਼ਦਾਰ(ਾਂ)/ਜ਼ਾਮਨ (ਾਂ) ਦਾ ਨਾਮ ਕਰਜ਼ ਖਾਤਾ ਨੰਬਰ | ਸੰਪੱਤੀਆਂ ਦੇ ਵੇਰਵੇ | ਰਾਖਵੀਂ ਕੀਮਤ (ਰੁ. 'ਚ) / ਬਿਆਨਾ ਰਕਮ ਜਮ੍ਹਾਂ (ਰੁ. 'ਚ) | ਈ-ਨਿਲਾਮੀ ਦੀ ਮਿਤੀ ਅਤੇ ਸਮਾਂ | ਬਿਆਨਾ ਰਕਮ ਜਮ੍ਹਾਂ ਕਰਨ ਦੀ ਮਿਤੀ |
|---|---|---|---|---|---|
| 1. | Lan No. - 610139211610561<br>1. ਜਸ਼ਨ ਸਿੰਘ<br>2. ਜਯੋਤੀ ਬਾਲਾ | ਖਸਰਾ ਨੰਬਰ 53//16-17-24/1/1-25/1/1-24/1/2-25/1/1-24/1/2-25/1/2-24/2-25/2-54//22-60//2-61//4-5-54//23/1-24/1-60//3-8-13/1, ਖਾਤਾ ਨੰਬਰ 163/177, 165/179, 166/180, 136/150 ਪੰਨਾ ਨੰਬਰ 348, ਸਾਲ 2008-2009 ਲਈ ਜਮ੍ਹਾਂਬੰਦੀ ਅਨੁਸਾਰ, ਹੱਦਬਸਤ ਨੰਬਰ-181, ਆਬਾਦੀ ਐਵੀ ਐਨਕਲੇਵ, 33 ਫੁੱਟਾ ਰੋਡ, ਪਿੰਡ-ਭਾਮੀਆਂ ਕਲਾਂ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਵਿਖੇ ਸਥਿਤ, ਵਿਕਰੀ ਲਈ। ਡੀਡ ਬੇਅਰਿੰਗ ਵਸੀਕਾ ਨੰਬਰ 2023-24/106/1/29575 ਮਿਤੀ 13-3-2024 ਜੋਤੀ ਬਾਲਾ ਪਤਨੀ ਜਸ਼ਨ ਸਿੰਘ ਦੇ ਨਾਮ ਤੇ ਦਰਜ। ਸੀਮਾਵਾਂ ਹੇਠ ਲਿਖੇ ਅਨੁਸਾਰ ਹਨ:-ਪੂਰਬ-ਗੁਆਂਢੀ, ਪੱਛਮੀ-ਗਲੀ, ਉੱਤਰ-ਘਰ ਪਲਾਟ ਨੰਬਰ 696, ਦੱਖਣ-ਘਰ ਪਲਾਟ ਨੰਬਰ 694। | Rs. 14,60,000/- / Rs. 1,46,000/- | 13.08.2025 at 11.00 AM to 01.00 PM | 12.08.2025 |

ਵਿਕਰੀ ਦੇ ਵਿਸਥਾਰਤ ਨਿਯਮ ਅਤੇ ਸ਼ਰਤਾਂ ਨਿਮਨ ਦਰਸਾਏ ਅਨੁਸਾਰ ਹਨ ਅਤੇ ਵੇਰਵੇ ਨਿਮਨਲਿਖਤ ਲਿੰਕ/ਵੈਬਸਾਈਟ ਪਤੇ 'ਤੇ ਸਾਡੀ/ਸੁਰੱਖਿਅਤ ਕਰਜ਼ਦਾਤਾ ਦੀ ਵੈਬਸਾਈਟ ਵਿਚ ਵੀ ਵਿਵਸਥਿਤ ਹਨ 'ਤੇ (**https://BidDeal.in and https://www.grihashakti.com/pdf/E-Auction.pdf**)। ਇਛੁੱਕ ਬੋਲੀਕਾਰ **ਸ੍ਰੀ ਹਨੂਵੰਤ ਸਿੰਘ**, **ਅਧਿਕਾਰਤ ਵਿਅਕਤੀ ਦਾ ਨਾਮ**, ਮੋਬ. ਨੰ. 9988898312, **ਈ-ਮੇਲ : Hanuwant.Singh@grihashakti.com** ਅਤੇ **ਸ੍ਰੀ ਨਿਲੋਏ ਡੇਅ**, ਨੂੰ ਉਨ੍ਹਾਂ ਦੇ ਮੋਬ. ਨੰ. 9920697801, **ਈ-ਮੇਲ : Niloy.Dey@grihashakti.com** 'ਤੇ ਵੀ ਸੰਪਰਕ ਕਰ ਸਕਦੇ ਹਨ। ਸਹੀ/-

**ਸਥਾਨ :** ਲੁਧਿਆਣਾ, ਪੰਜਾਬ **ਅਧਿਕਾਰਤ ਅਧਿਕਾਰੀ,**
**ਮਿਤੀ :** 03.07.2024 **ਐਸਐਮਐਫਜੀ ਇੰਡੀਆ ਹੋਮ ਫਾਇਨਾਂਸ ਕੰਪਨੀ ਲਿਮਟਿਡ**



ਰੋਜ਼ਾਨਾ ਚੜ੍ਹਦੀਕਲਾ
## ਸਿਹਤ ਖ਼ਬਰਨਾਮਾ



# ਕਟਹਲ ਖਾਣ ਦੇ ਫ਼ਾਇਦੇ

ਕਟਹਲ ਇਕ ਅਜਿਹਾ ਫਲ ਹੈ ਜਿਸ ਦੀ ਵਰਤੋਂ ਸਬਜ਼ੀ ਬਣਾਉਣ ਵਿਚ ਵੀ ਕੀਤੀ ਜਾਂਦੀ ਹੈ। ਇਸ ਦੀ ਸਬਜ਼ੀ ਬਹੁਤ ਸਵਾਦ ਬਣਦੀ ਹੈ। ਕਟਹਲ ਦੀ ਸਬਜ਼ੀ ਬਹੁਤ ਘੱਟ ਲੋਕ ਖਾਣਾ ਪੰਸਦ ਕਰਦੇ ਹਨ ਪਰ ਬੱਚੇ ਤਾਂ ਇਸ ਦਾ ਨਾਂ ਸੁਣ ਕੇ ਹੀ ਮੂੰਹ ਬਣਾਉਣ ਲੱਗ ਪੈਂਦੇ ਹਨ। ਸਬਜ਼ੀ ਦੇ ਨਾਲ-ਨਾਲ ਇਸ ਦੇ ਪਕੌੜੇ, ਕੋਫ਼ਤੇ ਅਤੇ ਆਚਾਰ ਵੀ ਬਣਾਇਆ ਜਾ ਸਕਦਾ ਹੈ। ਕਟਹਲ ਵਿਚ ਅਜਿਹੇ ਬਹੁਤ ਸਾਰੇ ਪੌਸ਼ਕ ਤੱਤ ਮੌਜੂਦ ਹੁੰਦੇ ਹਨ ਜੋ ਸਰੀਰ ਦੀਆਂ ਕਈ ਲੋੜਾਂ ਨੂੰ ਪੂਰਾ ਕਰਦੇ ਹਨ।



**ਜੋੜਾਂ ਦਾ ਦਰਦ**: ਜੇਕਰ ਕਟਹਲ ਦੇ ਦੁੱਧ ਨੂੰ ਗੋਡਿਆਂ, ਸੱਟ ਅਤੇ ਸੋਜ 'ਤੇ ਲਗਾਇਆ ਜਾਵੇ ਤਾਂ ਬਹੁਤ ਹਦ ਤਕ ਆਰਾਮ ਮਿਲਦਾ ਹੈ।

**ਥਾਈਰਾਈਡ**: ਥਾਈਰਾਈਡ ਦੇ ਮਰੀਜ਼ਾਂ ਨੂੰ ਕਟਹਲ ਖਾਣਾ ਚਾਹੀਦਾ ਹੈ ਕਿਉਂਕਿ ਇਸ ਵਿਚ ਖਣਿਜ ਪਾਇਆ ਜਾਂਦਾ ਹੈ। ਥਾਈਰਾਈਡ ਦੇ ਰੋਗੀ ਜੇਕਰ ਕਟਹਲ ਦੀ ਵਰਤੋਂ ਕਰਨਗੇ ਤਾਂ ਉਨ੍ਹਾਂ ਨੂੰ ਇਸ ਨੂੰ ਸੌਖੇ ਤਰੀਕੇ ਨਾਲ ਕੰਟਰੋਲ ਕਰ ਸਕਦੇ ਹਨ।

**ਦਿਲ ਦੀ ਬੀਮਾਰੀ**: ਕਟਹਲ ਵਿਚ ਬਿਲਕੁਲ ਵੀ ਕੈਲੋਰੀ ਨਹੀਂ ਹੁੰਦੀ। ਇਹ ਦਿਲ ਦੇ ਮਰੀਜ਼ਾਂ ਲਈ ਬਹੁਤ ਫ਼ਾਇਦੇਮੰਦ ਹੈ। ਇਸ ਨਾਲ ਦਿਲ ਦੇ ਦੌਰੇ ਦਾ ਖ਼ਤਰਾ ਵੀ ਘੱਟ ਹੋ ਜਾਂਦਾ ਹੈ।

**ਅੱਖਾਂ ਲਈ ਫਾਇਦੇਮੰਦ**: ਕਟਹਲ 'ਚ ਭਰਪੂਰ ਮਾਤਰਾ ਚ ਵਿਟਾਮਿਨ-ਈ ਮੌਜੂਦ ਹੁੰਦਾ ਹੈ, ਜੋ ਅੱਖਾਂ ਦੀ ਰੌਸ਼ਨੀ ਨੂੰ ਤੇਜ਼ ਕਰਦਾ ਹੈ। ਬੱਚਿਆਂ ਲਈ ਤਾਂ ਇਹ ਬਹੁਤ ਹੀ ਜ਼ਿਆਦਾ ਫਾਇਦੇਮੰਦ ਹੁੰਦਾ ਹੈ।

**ਬਲੱਡ ਪ੍ਰੈਸ਼ਰ ਦੀ ਸਮੱਸਿਆ**: ਕਰੇ ਦੂਰ ਇਸਦੇ ਅੰਦਰ ਭਰਪੂਰ ਮਾਤਰਾ 'ਚ ਪੋਟਾਸ਼ੀਅਮ ਅਤੇ ਆਇਰਨ ਪਾਇਆ ਜਾਂਦਾ ਹੈ, ਜੋ ਬਲੱਡ ਪ੍ਰੈਸ਼ਰ ਵਰਗੀਆਂ ਪ੍ਰੇਸ਼ਾਨੀਆਂ ਨੂੰ ਦੂਰ ਕਰਦਾ ਹੈ ਅਤੇ ਸਰੀਰ 'ਚ ਖ਼ੂਨ ਦੇ ਸੰਚਾਰ ਨੂੰ ਵਧਾਉਂਦਾ ਹੈ।

**ਮੂੰਹ ਦੇ ਛਾਲੇ** : ਜਿਨ੍ਹਾਂ ਲੋਕਾਂ ਨੂੰ ਮੂੰਹ 'ਚ ਵਾਰ-ਵਾਰ ਛਾਲੇ ਹੋ ਜਾਂਦੇ ਹਨ ਇਸ ਲਈ ਉਨ੍ਹਾਂ ਨੂੰ ਕਟਹਲ ਦੀਆਂ ਕੱਚੀਆਂ ਪੱਤੀਆਂ ਨੂੰ ਚਬਾਕੇ ਥੁੱਕਣਾ ਚਾਹੀਦਾ ਹੈ ਇਹ ਛਾਲਿਆਂ ਨੂੰ ਠੀਕ ਕਰਦਾ ਹੈ।

**ਅਨੀਮੀਆ ਦੇ ਰੋਗ** : ਇਸ ਰੇਸ਼ੇਦਾਰ ਫਲ ਵਿਚ ਲੋਹ ਤੱਤ ਦੀ ਮਾਤਰਾ ਵਧੇਰੇ ਪਾਈ ਜਾਂਦੀ ਹੈ। ਜਿਸ ਨਾਲ ਇਹ ਅਨੀਮੀਆ ਦੇ ਰੋਗ ਵਿਚ ਬਹੁਤ ਲਾਭਦਾਇਕ ਹੈ।

# ਇੰਟਰਨੈਟ ਨੂੰ ਬਣਾ ਕੇ ਕੋਚ ਪਾਵਰ ਲਿਫ਼ਟਿੰਗ ਵਿੱਚ ਬੈਂਕਾਕ ਤੋਂ ਗੋਲਡ ਜਿੱਤ ਲਿਆਏ ਦੋ ਪੰਜਾਬੀ ਗੱਭਰੂ



ਗੁਰਦਾਸਪੁਰ, 3 ਜੁਲਾਈ (ਚ.ਨ.ਸ.) : ਸਿੱਖਣ ਅਤੇ ਮਿਹਨਤ ਕਰਨ ਦਾ ਜਜ਼ਬਾ ਹੋਏ ਤਾਂ ਅਜਿਹੀ ਕੋਈ ਵੀ ਮੰਜ਼ਿਲ ਨਹੀਂ ਜੋ ਹਾਸਲ ਨਾ ਕੀਤੀ ਜਾ ਸਕੇ। ਇਹ ਸਾਬਤ ਕਰ ਦਿੱਤਾ ਹੈ ਗੁਰਦਾਸਪੁਰ ਦੇ ਦੋ ਨੌਜਵਾਨਾਂ ਨੇ ਜਿਹੜੇ ਬਿਨਾਂ ਕਿਸੇ ਕੋਚ ਤੋਂ ਕੋਚਿੰਗ ਲਏ ਪਾਵਰ ਲਿਫਟਿੰਗ ਵਿੱਚ ਬੈਂਕਾਕ ਤੋਂ ਅੰਡਰ 17 ਉਮਰ ਵਰਗ ਵਿੱਚ ਵੱਖ-ਵੱਖ ਗੋਲਡ ਮੈਡਲ ਜਿੱਤ ਲਿਆਏ ਹਨ। ਅੱਜ ਗੁਰਦਾਸਪੁਰ ਪਰਤਨ ਤੇ ਉਹਨਾਂ ਦੇ ਪਰਿਵਾਰਾਂ ਅਤੇ ਪਿੰਡ ਵਾਲਿਆਂ ਵੱਲੋਂ ਜਹਾਜ ਚੌਂਕ ਵਿਖੇ ਉਹਨਾਂ ਦਾ ਭਰਵਾਂ ਸਵਾਗਤ ਕੀਤਾ ਗਿਆ।ਹੁਨਰਪ੍ਰੀਤ ਸਿੰਘ ਜੋ ਪਿੰਡ ਚੋੜਾ ਕੱਲਾਂ ਦਾ ਰਹਿਣ ਵਾਲਾ ਹੈ ਤੇ ਤਰੁਨਪ੍ਰੀਤ ਸਿੰਘ ਜੋ ਅਲੂਣਾ ਦਾ ਰਹਿਣ ਵਾਲਾ ਹੈ ਇੱਕੋ ਜਿਮ ਵਿੱਚ ਪ੍ਰੈਕਟਿਸ ਕਰਦੇ ਹਨ ਅਤੇ ਉਹਨਾਂ ਨੇ ਇਹ ਮੁਕਾਮ ਬਿਨਾਂ ਕਿਸੇ ਕੋਚ ਤੋਂ ਪ੍ਰੋਫੈਸ਼ਨਲ ਟ੍ਰੇਨਿੰਗ ਲਏ ਹਾਸਿਲ ਕੀਤਾ ਹੈ ਕਿਉਂਕਿ ਪਾਵਰ ਲਿਫਟਿੰਗ ਦਾ ਪ੍ਰੋਫੈਸ਼ਨਲ ਕੋਚ ਆਲੇ ਦੁਆਲੇ ਦੇ ਕਿਸੇ ਸ਼ਹਿਰ ਵਿੱਚ ਉਪਲਬਧ ਨਹੀਂ ਹੈ। ਅਜਿਹੇ ਵਿੱਚ ਉਹਨਾਂ ਨੇ ਇੰਟਰਨੈਟ ਤੇ ਡਾਈਟ ਅਤੇ ਸੈਂਡਊਲ ਨੂੰ ਫਾਲੋ ਕਰਕੇ ਆਪਣੇ ਆਪ ਨੂੰ ਇਸ ਕਾਬਲ ਬਣਾਇਆ ਕਿ ਹੁਨਰਪ੍ਰੀਤ ਨੇ 75 ਕਿਲੋ ਗ੍ਰਾਮ ਭਾਰ ਵਰਗ ਅਤੇ ਤਰਨਪ੍ਰੀਤ ਨੇ 67 ਕਿਲੋ ਭਾਰ ਵਰਗ ਵਿੱਚ ਅੰਤਰਰਾਸ਼ਟਰੀ ਪੱਧਰ ਤੇ ਗੋਲਡ ਮੈਡਲ ਜਿੱਤਣ ਵਿੱਚ ਕਾਮਯਾਬੀ ਹਾਸਿਲ ਕੀਤੀ।

## ਅਮੀਰਾਂ ਦੀ ਸੂਚੀ 'ਚ ਵੱਡਾ ਫੇਰਬਦਲ

# ਲੈਰੀ ਐਲੀਸਨ ਹੁਣ ਤੀਜੇ ਸਭ ਤੋਂ ਅਮੀਰ ਵਿਅਕਤੀ ਬਣੇ, ਜੈਫ ਬੇਜ਼ੋਸ ਚੌਥੇ ਸਥਾਨ 'ਤੇ ਖਿਸਕੇ

ਵਾਸ਼ਿੰਗਟਨ, 3 ਜੁਲਾਈ (ਚ.ਨ.ਸ.) : ਦੁਨੀਆ ਦੇ ਸਭ ਤੋਂ ਅਮੀਰ ਲੋਕਾਂ ਦੀ ਸੂਚੀ ਵਿੱਚ ਵੱਡਾ ਫੇਰਬਦਲ ਹੋਇਆ ਹੈ। ਓਰੇਕਲ ਦੇ ਸਹਿ-ਸੰਸਥਾਪਕ ਲੈਰੀ ਐਲੀਸਨ ਹੁਣ ਤੀਜੇ ਸਭ ਤੋਂ ਅਮੀਰ ਵਿਅਕਤੀ ਬਣ ਗਏ ਹਨ, ਜਦੋਂ ਕਿ ਐਮਾਜ਼ੋਨ ਦੇ ਸੰਸਥਾਪਕ ਜੈਫ ਬੇਜ਼ੋਸ ਚੌਥੇ ਸਥਾਨ ਤੇ ਖਿਸਕ ਗਏ ਹਨ। ਇਹ ਬਦਲਾਅ ਬਲੂਮਬਰਗ ਬਿਲੀਨੇਅਰ ਇੰਡੈਕਸ ਵਿੱਚ ਕੁੱਲ ਜਾਇਦਾਦ ਦੇ ਉਤਰਾਅ-ਚੜ੍ਹਾਅ ਤੋਂ ਬਾਅਦ ਦਰਜ ਕੀਤਾ ਗਿਆ।ਐਲੀਸਨ ਦੀ ਕੁੱਲ ਜਾਇਦਾਦ ਵਿੱਚ 10.3 ਬਿਲੀਅਨ ਡਾਲਰ ਦਾ ਜ਼ਬਰਦਸਤ ਵਾਧਾ ਹੋਇਆ, ਜਿਸ ਨਾਲ ਉਨ੍ਹਾਂ ਦੀ ਕੁੱਲ ਜਾਇਦਾਦ 246 ਬਿਲੀਅਨ ਡਾਲਰ ਹੋ ਗਈ। ਸਾਲ 2025 ਵਿੱਚ ਹੁਣ ਤੱਕ, ਉਨ੍ਹਾਂ ਦੀ ਦੌਲਤ ਵਿੱਚ 54.2 ਬਿਲੀਅਨ ਡਾਲਰ ਦਾ ਵਾਧਾ ਹੋਇਆ ਹੈ।ਦੂਜੇ ਪਾਸੇ, ਜੈਫ ਬੇਜ਼ੋਸ ਦੀ ਦੌਲਤ ਵਿੱਚ 672 ਮਿਲੀਅਨ ਡਾਲਰ ਦੀ ਗਿਰਾਵਟ ਆਈ, ਜਿਸ ਨਾਲ ਉਨ੍ਹਾਂ ਦੀ ਕੁੱਲ ਜਾਇਦਾਦ 241 ਬਿਲੀਅਨ ਡਾਲਰ ਰਹਿ ਗਈ ਅਤੇ ਉਹ ਚੌਥੇ ਸਥਾਨ ਤੇ ਚਲੇ ਗਏ।ਐਲੋਨ ਮਸਕ, ਜੋ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਬਣੇ ਹੋਏ ਹਨ, ਨੇ ਬੁੱਧਵਾਰ ਨੂੰ ਆਪਣੀ ਕੁੱਲ ਜਾਇਦਾਦ ਵਿੱਚ 10.7 ਬਿਲੀਅਨ ਡਾਲਰ ਦਾ ਵਾਧਾ ਦਰਜ ਕੀਤਾ। ਇਸਦਾ ਮੁੱਖ ਕਾਰਨ ਟੇਸਲਾ ਦੇ ਸ਼ੇਅਰਾਂ ਵਿੱਚ 4.97% ਦਾ ਵਾਧਾ ਸੀ। ਹਾਲਾਂਕਿ, ਇਸ ਤੋਂ ਇੱਕ ਦਿਨ ਪਹਿਲਾਂ, ਉਸਦੀ ਦੌਲਤ ਵਿੱਚ 12 ਬਿਲੀਅਨ ਡਾਲਰ ਤੋਂ ਵੱਧ ਦੀ ਗਿਰਾਵਟ ਆਈ ਸੀ।ਮਸਕ ਦੀ ਕੁੱਲ ਦੌਲਤ ਹੁਣ 361 ਬਿਲੀਅਨ ਡਾਲਰ ਹੈ ਪਰ ਇਸ ਸਾਲ ਹੁਣ ਤੱਕ ਉਸਦੀ ਕੁੱਲ ਜਾਇਦਾਦ ਵਿੱਚ 71.2 ਬਿਲੀਅਨ ਡਾਲਰ ਦੀ ਗਿਰਾਵਟ ਆਈ ਹੈ, ਜੋ ਕਿ ਇਸ ਸਾਲ ਦੀ ਸਭ ਤੋਂ ਵੱਡੀ ਗਿਰਾਵਟ ਮੰਨੀ ਜਾ ਰਹੀ ਹੈ।ਮੈਟਾ (ਫੇਸਬੁੱਕ) ਦੇ ਸੀਈਓ ਮਾਰਕ



ਜ਼ੁਕਰਬਰਗ 252 ਬਿਲੀਅਨ ਡਾਲਰ ਦੀ ਕੁੱਲ ਜਾਇਦਾਦ ਨਾਲ ਦੂਜੇ ਨੰਬਰ ਤੇ ਬਣੇ ਹੋਏ ਹਨ। ਹੁਣ ਐਲੀਸਨ ਨਾਲ ਸਿਰਫ਼ 6 ਬਿਲੀਅਨ ਡਾਲਰ ਦਾ ਫ਼ਰਕ ਹੈ, ਜਿਸ ਕਾਰਨ ਆਉਣ ਵਾਲੇ ਦਿਨਾਂ ਵਿੱਚ ਰੈਂਕਿੰਗ ਵਿੱਚ ਹੋਰ ਬਦਲਾਅ ਹੋਣ ਦੀ ਸੰਭਾਵਨਾ ਹੈ।ਮੁਕੇਸ਼ ਅੰਬਾਨੀ 111 ਬਿਲੀਅਨ ਡਾਲਰ ਦੀ ਕੁੱਲ ਜਾਇਦਾਦ ਨਾਲ ਸੂਚੀ ਵਿੱਚ 16ਵੇਂ ਨੰਬਰ ਤੇ ਹਨ, ਜਦੋਂ ਕਿ ਗੌਤਮ ਅਡਾਨੀ 85.2 ਬਿਲੀਅਨ ਡਾਲਰ ਦੇ ਨਾਲ 20ਵੇਂ ਨੰਬਰ ਤੇ ਹਨ। ਅੰਬਾਨੀ ਅਜੇ ਵੀ ਏਸ਼ੀਆ ਦੇ ਸਭ ਤੋਂ ਅਮੀਰ ਵਿਅਕਤੀ ਬਣੇ ਹੋਏ ਹਨ।

# ਇਸ ਸਾਲ 3,500 ਕਰੋੜਪਤੀ ਛੱਡ ਦੇਣਗੇ ਭਾਰਤ 26 ਬਿਲੀਅਨ ਡਾਲਰ ਦੀ ਦੌਲਤ ਵੀ ਲੈ ਜਾਣਗੇ ਨਾਲ

ਨਵੀਂ ਦਿੱਲੀ, 3 ਜੁਲਾਈ (ਚ.ਨ.ਸ.) :ਭਾਰਤ ਤੋਂ ਅਮੀਰ ਲੋਕਾਂ ਦੇ ਵਿਦੇਸ਼ ਜਾਣ ਦਾ ਰੁਝਾਨ ਜਾਰੀ ਹੈ, ਪਰ ਸਾਲ 2025 ਵਿੱਚ ਇਸ ਵਿੱਚ ਥੋੜ੍ਹੀ ਕਮੀ ਆਉਣ ਦੀ ਉਮੀਦ ਹੈ। ਇੱਕ ਰਿਪੋਰਟ ਦੇ ਅਨੁਸਾਰ, ਇਸ ਸਾਲ ਵਿੱਚ ਲਗਭਗ 3500 ਕਰੋੜਪਤੀ ਭਾਰਤ ਛੱਡ ਕੇ ਦੂਜੇ ਦੇਸ਼ਾਂ ਚ ਵਸ ਸਕਦੇ



ਹਨ ਅਤੇ ਆਪਣੀ 26 ਬਿਲੀਅਨ ਡਾਲਰ ਦੀ ਜਾਇਦਾਦ ਵੀ ਵਿਦੇਸ਼ਾਂ ਵਿੱਚ ਲੈ ਜਾਣਗੇ। ਇਹ ਅੰਕੜਾ 2023 ਦੇ ਮੁਕਾਬਲੇ ਥੋੜ੍ਹਾ ਘੱਟ ਹੈ, ਉਦੋਂ 4,300 ਕਰੋੜਪਤੀਆਂ ਨੇ ਦੇਸ਼ ਛੱਡਿਆ ਸੀ। ਹਰ ਸਾਲ ਹਜ਼ਾਰਾਂ ਅਮੀਰ ਲੋਕ ਦੂਜੇ ਦੇਸ਼ਾਂ ਵਿੱਚ ਜਾ ਰਹੇ ਹਨ। ਹੈਨਲੇ ਪ੍ਰਾਈਵੇਟ ਵੈਲਥ ਮਾਈਗ੍ਰੇਸ਼ਨ ਰਿਪੋਰਟ 2025 ਦੀ ਰਿਪੋਰਟ ਦੇ ਅਨੁਸਾਰ, ਜਿਨ੍ਹਾਂ ਲੋਕਾਂ ਕੋਲ 10 ਲੱਖ ਡਾਲਰ (ਲਗਭਗ 8.3 ਕਰੋੜ ਰੁਪਏ) ਜਾਂ ਇਸ ਤੋਂ ਵੱਧ ਦੀ ਜਾਇਦਾਦ ਹੈ, ਉਹ ਟੈਕਸਾਂ, ਜੀਵਨ ਸ਼ੈਲੀ ਅਤੇ ਬਿਹਤਰ ਮੌਕਿਆਂ ਕਾਰਨ ਵਿਦੇਸ਼ ਜਾ ਰਹੇ ਹਨ।

ਕਰੋੜਪਤੀ ਕਿਹੜੇ-ਕਿਹੜੇ ਦੇਸ਼ ਛੱਡ ਰਹੇ ?

ਬਰਤਾਨੀਆ ਛੱਡ ਕੇ ਜਾਣ ਵਾਲੇ ਕਰੋੜਪਤੀਆਂ ਦੀ ਵੱਧ ਤੋਂ ਵੱਧ ਗਿਣਤੀ 16,500

ਚੀਨ ਤੋਂ 7,800

ਫਰਾਂਸ ਤੋਂ 800,

ਸਪੇਨ ਤੋਂ 500

ਜਰਮਨੀ ਤੋਂ 400 ਅਮੀਰ ਲੋਕ ਦੂਜੇ ਦੇਸ਼ਾਂ ਵਿੱਚ ਵਸਣ ਦੀ ਯੋਜਨਾ ਬਣਾ ਰਹੇ ਹਨ।

ਜ਼ਿਆਦਾਤਰ ਕਰੋੜਪਤੀ ਦੁਬਈ (ਯੂਏਈ), ਮਾਲਟਾ ਅਤੇ ਮੋਨਾਕੋ ਵਰਗੇ ਟੈਕਸ-ਅਨੁਕੂਲ ਦੇਸ਼ਾਂ ਵਿੱਚ ਜਾ ਰਹੇ ਹਨ।

ਅਮੀਰਾਂ ਦੀ ਪਹਿਲੀ ਪਸੰਦ ਕਿਹੜੇ ਦੇਸ਼ ਹਨ ?

ਯੂਏਈ (ਦੁਬਈ) ਸਭ ਤੋਂ ਪਸੰਦੀਦਾ ਜਗ੍ਹਾ ਵਜੋਂ ਉਭਰਿਆ ਹੈ, ਜਿੱਥੇ 9,800 ਕਰੋੜਪਤੀ ਸੈਟਲ ਹੋ ਸਕਦੇ ਹਨ। ਇਸ ਤੋਂ ਬਾਅਦ ਅਮਰੀਕਾ ਆਉਂਦਾ ਹੈ, ਜਿੱਥੇ 7500 ਕਰੋੜਪਤੀ ਸੈਟਲ ਹੋਣ ਦਾ ਅਨੁਮਾਨ ਹੈ। ਸਾਊਦੀ ਅਰਬ ਵੀ ਤੇਜ਼ੀ ਨਾਲ ਅਮੀਰਾਂ ਲਈ ਇੱਕ ਮੰਜ਼ਿਲ ਬਣਦਾ ਜਾ ਰਿਹਾ ਹੈ, ਜਿੱਥੇ 2025 ਤੱਕ 2,400 ਕਰੋੜਪਤੀਆਂ ਦੇ ਪਰਵਾਸ ਕਰਨ ਦੀ ਉਮੀਦ ਹੈ

# ਭਾਰਤੀ ਮਿਆਰ ਬਿਊਰੋ, ਹਰਿਆਣਾ ਸ਼ਾਖਾ ਦਫ਼ਤਰ ਵੱਲੋਂ ਖਪਤਕਾਰ ਜਾਗਰੂਕਤਾ ਪ੍ਰੋਗਰਾਮ

ਪਾਨੀਪਤ, 3 ਜੁਲਾਈ (ਅੰਮ੍ਰਿਤਪਾਲ ਸਿੰਘ) : ਗ੍ਰਾਮੀਣ ਖਪਤਕਾਰਾਂ ਨੂੰ ਸਸ਼ਕਤ ਅਤੇ ਜਾਗਰੂਕ ਕਰਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਕਦਮ ਚੁੱਕਦੇ ਹੋਏ, ਭਾਰਤੀ ਮਿਆਰ ਬਿਊਰੋ (ਬੀਆਈਐੱਸ), ਹਰਿਆਣਾ ਸ਼ਾਖਾ ਦਫ਼ਤਰ ਨੇ ਆਦਰਸ਼ ਮਹਿਲਾ ਮੰਡਲ (ਇੱਕ ਗੈਰ-ਸਰਕਾਰੀ ਸੰਗਠਨ) ਦੇ ਸਹਿਯੋਗ ਨਾਲ 3 ਜੁਲਾਈ ਨੂੰ ਪਿੰਡ ਨਾਂਗਲ ਖੇੜੀ, ਪਾਨੀਪਤ ਵਿੱਚ ਇੱਕ ਖਪਤਕਾਰ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ।ਇਸ ਪ੍ਰੋਗਰਾਮ ਵਿੱਚ ਸਥਾਨਕ ਸੈਲਫ ਹੈਲਪ ਗਰੁੱਪਾਂ (ਐੱਸਐੱਚਜੀ), ਆਂਗਣਵਾੜੀ ਵਰਕਰਾਂ, ਆਸ਼ਾ ਵਰਕਰਾਂ ਅਤੇ ਘਰੇਲੂ ਮਹਿਲਾਵਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਪ੍ਰੋਗਰਾਮ ਦਾ ਸੰਚਾਲਨ ਬੀਆਈਐੱਸ ਹਰਿਆਣਾ ਸ਼ਾਖਾ ਦਫ਼ਤਰ ਦੀ ਸਟੈਂਡਰਡ ਪ੍ਰਮੋਸ਼ਨ ਅਫਸਰ, ਸ਼੍ਰੀਮਤੀ ਆਰਤੀ ਚੌਧਰੀ ਨੇ ਕੀਤਾ। ਉਨ੍ਹਾਂ ਨੇ ਇੱਕ ਇੰਟਰਐਕਟਿਵ ਸੈਸ਼ਨ ਰਾਹੀਂ ਉਪਭੋਗਤਾ ਅਧਿਕਾਰਾਂ, ਉਤਪਾਦਾਂ ਦੀ ਗੁਣਵੱਤਾ, ਮਿਆਰੀ ਅੰਕ ਅਤੇ ਬੀਆਈਐੱਸ ਦੀਆਂ ਵੱਖ-ਵੱਖ ਪਹਿਲਕਦਮੀਆਂ ਬਾਰੇ ਜਾਣਕਾਰੀ ਪ੍ਰਦਾਨ ਕੀਤੀ।ਭਾਗੀਦਾਰਾਂ ਨੂੰ ISI ਮਾਰਕ ਅਤੇ CRS ਸਰਟੀਫਿਕੇਸ਼ਨ ਦੀ ਉਪਯੋਗਤਾ ਬਾਰੇ ਜਾਣੂ ਕਰਵਾਇਆ ਗਿਆ। ਉਨ੍ਹਾਂ ਨੇ ਸੋਨੇ ਦੇ ਗਹਿਣਿਆਂ ਤੇ ਹੌਲਮਾਰਕ ਯੂਨੀਕ ਆਈਡੈਂਟੀਫਿਕੇਸ਼ਨ (ਐੱਚਯੂਆਈਡੀ) ਬਾਰੇ ਜਾਣਕਾਰੀ ਮਿਲਣ 'ਤੇ ਮੌਜੂਦ ਮਹਿਲਾਵਾਂ ਚ ਖਾਸ ਦਿਲਚਸਪੀ ਦੇਖੀ। ਬਹੁਤ ਸਾਰੇ ਭਾਗੀਦਾਰਾਂ ਨੇ ਭਵਿੱਖ ਵਿੱਚ ਸਿਰਫ BIS ਹੌਲਮਾਰਕ ਵਾਲੇ ਗਹਿਣੇ ਖਰੀਦਣ ਦਾ ਸੰਕਲਪ ਲਿਆ। ਪ੍ਰੋਗਰਾਮ ਨੇ ਬੀਆਈਐੱਸ ਦੇ ਡਿਜੀਟਲ ਪਲੈਟਫਾਰਮਾਂ ਜਿਵੇਂ ਕਿ ਬੀਆਈਐੱਸ ਕੇਅਰ ਮੋਬਾਈਲ ਐਪ ਅਤੇ ਅਧਿਕਾਰਤ ਵੈਬਸਾਈਟ ਦੀ ਵਰਤੋਂ ਬਾਰੇ ਵੀ ਜਾਣਕਾਰੀ ਪ੍ਰਦਾਨ ਕੀਤੀ। ਲਾਈਵ ਡੈਮੋ ਦੁਆਰਾ, ਭਾਗੀਦਾਰਾਂ ਨੂੰ ਪ੍ਰਮਾਣਿਤ ਉਤਪਾਦਾਂ ਦੀ ਪਛਾਣ ਕਰਨ ਅਤੇ ਖਪਤਕਾਰਾਂ ਦੀਆਂ ਸ਼ਿਕਾਇਤਾਂ ਦਾਇਰ ਕਰਨ ਦੀ ਪ੍ਰਕਿਰਿਆ ਬਾਰੇ ਲੋਕਾਂ ਨੂੰ ਸਮਝਾਇਆ ਗਿਆ।

# ਕੇਂਦਰੀ ਸਹਿਕਾਰਤਾ ਰਾਜ ਮੰਤਰੀ ਸ੍ਰੀ ਕ੍ਰਿਸ਼ਨ ਪਾਲ ਗੁਰਜਰ ਵੱਲੋਂ 'ਭਾਰਤ ਆਰਗੈਨਿਕਸ ਮੇਲਾ-2025' ਦਾ ਉਦਘਾਟਨ

ਨਵੀਂ ਦਿੱਲੀ, 3 ਜੁਲਾਈ (ਅੰਮ੍ਰਿਤਪਾਲ ਸਿੰਘ) : ਕੇਂਦਰੀ ਸਹਿਕਾਰਤਾ ਰਾਜ ਮੰਤਰੀ ਸ਼੍ਰੀ ਕ੍ਰਿਸ਼ਨ ਪਾਲ ਗੁਰਜਰ ਨੇ ਨਵੀਂ ਦਿੱਲੀ ਦੇ ਵਰਲਡ ਟ੍ਰੇਡ ਸੈਂਟਰ ਵਿਖੇ ਸਹਿਕਾਰਤਾ ਮੰਤਰਾਲੇ



ਅਤੇ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਦੇ ਸਾਂਝੇ ਪ੍ਰਬੰਧ ਹੇਠ ਨੈਸ਼ਨਲ ਕੋਆਪਰੇਟਿਵ ਆਰਗੈਨਿਕਸ ਲਿਮਟਿਡ (NCOL) ਦੁਆਰਾ ਆਯੋਜਿਤ ਇੰਡੀਆ ਆਰਗੈਨਿਕਸ ਮੇਲਾ 2025 ਦਾ ਉਦਘਾਟਨ ਕੀਤਾ। ਇਸ ਮੌਕੇ ਤੇ ਸਹਿਕਾਰਤਾ ਮੰਤਰਾਲੇ ਦੇ ਸਕੱਤਰ ਡਾ. ਅਸ਼ੀਸ਼ ਕੁਮਾਰ ਭੂਟਾਨੀ ਅਤੇ ਸਰਕਾਰ ਦੇ ਹੋਰ ਸੀਨੀਅਰ ਅਧਿਕਾਰੀ ਅਤੇ ਦੇਸ਼ ਭਰ ਦੇ ਜੈਵਿਕ ਕਿਸਾਨ ਸਮੂਹ ਮੌਜੂਦ ਸਨ। ਇਸ ਮੌਕੇ ਬੋਲਦਿਆਂ, ਸਹਿਕਾਰਤਾ ਰਾਜ ਮੰਤਰੀ, ਸ਼੍ਰੀ ਕ੍ਰਿਸ਼ਨ ਪਾਲ ਗੁਰਜਰ ਨੇ ਕਿਹਾ, ਭਾਰਤ ਜੈਵਿਕ ਮੇਲਾ ਇਸ ਗੱਲ ਦੀ ਇੱਕ ਉਦਾਹਰਣ ਹੈ ਕਿ ਸਹਿਕਾਰੀ ਮਾਡਲ ਛੋਟੇ ਕਿਸਾਨਾਂ ਨੂੰ ਕਿਵੇਂ ਸਸ਼ਕਤ ਬਣਾ ਸਕਦਾ ਹੈ ਅਤੇ ਭਾਰਤੀ ਘਰਾਂ ਵਿੱਚ ਸੁਰੱਖਿਅਤ, ਜੈਵਿਕ ਭੋਜਨ ਲਿਆ ਸਕਦਾ ਹੈ। NCOL ਕਿਸਾਨਾਂ ਦੇ ਨਾਲ-ਨਾਲ ਜੈਵਿਕ ਖੇਤੀ ਨੂੰ ਇੱਕ ਰਾਸ਼ਟਰੀ ਲੋਕ ਲਹਿਰ ਵਿੱਚ ਬਦਲ ਰਿਹਾ ਹੈ। ਮਾਣਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਅਤੇ ਮਾਣਯੋਗ ਗ੍ਰਹਿ ਮੰਤਰੀ ਅਤੇ ਸਹਿਕਾਰਤਾ ਮੰਤਰੀ ਸ਼੍ਰੀ ਅਮਿਤ ਸ਼ਾਹ ਦੇ ਮਾਰਗਦਰਸ਼ਨ ਵਿੱਚ, NCOL, ਪੂਰੀ ਸਰਕਾਰ ਪਹੁੰਚ ਅਪਣਾ ਕੇ, ਸਹਕਾਰ ਸੇ ਸਮ੍ਰਿੱਧੀ ਦੇ ਦ੍ਰਿਸ਼ਟੀਕੋਣ ਨੂੰ ਹਕੀਕਤ ਵਿੱਚ ਲਿਆ ਰਿਹਾ ਹੈ। ਆਓ ਅਸੀਂ ਸਾਰੇ ਮਿਲ ਕੇ ਜੈਵਿਕ ਖੇਤੀ ਨੂੰ ਸਿਰਫ਼ ਇੱਕ ਵਿਕਲਪ ਹੀ ਨਹੀਂ ਸਗੋਂ ਇੱਕ ਲਹਿਰ ਬਣਾਈਏ - ਸਾਡੇ ਵਾਤਾਵਰਣ, ਸਾਡੀ ਮਿੱਟੀ ਅਤੇ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਲਾਭ ਪਹੁੰਚਾਉਣਾ। ਦਿਨ ਭਰ ਚੱਲਣ ਵਾਲਾ ਇਹ ਪ੍ਰੋਗਰਾਮ ਜ਼ਮੀਨੀ ਪੱਧਰ ਦੇ ਉਤਪਾਦਕ ਸਮੂਹਾਂ ਨੂੰ ਬਾਜ਼ਾਰਾਂ ਨਾਲ ਜੋੜਨ, ਖਪਤਕਾਰਾਂ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਭਾਰਤ ਦੇ ਵਧ ਰਹੇ ਸਹਿਕਾਰੀ ਵਾਤਾਵਰਣ ਪ੍ਰਣਾਲੀ ਦੀ ਤਾਕਤ ਦਾ ਜਸ਼ਨ ਮਨਾਉਣ ਲਈ ਇੱਕ ਪਲੇਟਫਾਰਮ ਵਜੋਂ ਕੰਮ ਕਰਦਾ ਸੀ। ਇਹ ਪ੍ਰੋਗਰਾਮ ਸਹਿਕਾਰੀ ਮਾਡਲ ਰਾਹੀਂ ਭਾਰਤ ਦੀ ਜੈਵਿਕ ਖੇਤੀ ਲਹਿਰ ਨੂੰ ਉਤਸ਼ਾਹਿਤ ਕਰਨ ਵਿੱਚ ਇੱਕ ਮਹੱਤਵਪੂਰਨ ਕਦਮ ਸੀ ਅਤੇ ਇਸਨੂੰ ਜੈਵਿਕ ਖੇਤੀ ਵਿੱਚ ਇੱਕ ਵਿਸ਼ਵਵਿਆਪੀ ਨੇਤਾ ਵਜੋਂ ਮਾਨਤਾ ਪ੍ਰਾਪਤ ਸੀ।

# ਸ਼੍ਰੋਮਣੀ ਕਮੇਟੀ ਵੱਲੋਂ 350 ਸਾਲਾ ਸ਼ਤਾਬਦੀ ਨੂੰ ਸਮਰਪਿਤ 5 ਅਤੇ 6 ਹੋਣ ਵਾਲੇ ਗੁਰਮਤਿ ਸਮਾਗਮਾਂ ਸਬੰਧੀ ਇਕੱਤਰਤਾ

## ਪ੍ਰੋ. ਕਿਰਪਾਲ ਸਿੰਘ ਬਡੂੰਗਰ, ਸ. ਸੁਰਜੀਤ ਸਿੰਘ ਗੜ੍ਹੀ ਤੇ ਸ. ਪ੍ਰਤਾਪ ਸਿੰਘ ਨੇ ਪ੍ਰਬੰਧਾਂ ਦਾ ਲਿਆ ਜਾਇਜ਼ਾ



ਪਟਿਆਲਾ, 3 ਜੁਲਾਈ (ਚ.ਨ.ਸ.) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 5 ਤੇ 6 ਜੁਲਾਈ ਨੂੰ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ, ਪਾਤਸ਼ਾਹੀ ਨੌਵੀਂ, ਪਟਿਆਲਾ ਵਿਖੇ ਕਰਵਾਏ ਜਾਣ ਵਾਲੇ ਗੁਰਮਤਿ ਸਮਾਗਮ ਦੀਆਂ ਤਿਆਰੀਆਂ ਸਬੰਧੀ ਅੱਜ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਵਿਚ ਸਥਾਨਕ ਸਿੱਖ ਆਗੂਆਂ ਨਾਲ ਇਕੱਤਰਤਾ ਹੋਈ, ਜਿਸ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ, ਸਕੱਤਰ ਸ. ਪ੍ਰਤਾਪ ਸਿੰਘ ਅਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ। ਇਕੱਤਰਤਾ ਮਗਰੋਂ ਸਮਾਗਮਾਂ ਸਬੰਧੀ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ ਗਿਆ। ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਦਿਹਾੜੇ ਦੇ ਸ਼ਤਾਬਦੀ ਸਮਾਗਮ ਗੁਰੂ ਸਾਹਿਬ ਨਾਲ ਸਬੰਧਤ ਅਸਥਾਨਾਂ 'ਤੇ ਕੀਤੇ ਜਾਣ ਤਹਿਤ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਪਾਤਸ਼ਾਹ ਨੌਵੀਂ ਵਿਖੇ ਸਮਾਗਮ ਉਲੀਕੇ ਗਏ ਹਨ।

ਇਸ ਸਬੰਧ ਵਿਚ ਭਲਕੇ 4 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ ਅਤੇ 5 ਜੁਲਾਈ ਨੂੰ ਵੱਖ-ਵੱਖ ਸਕੂਲਾਂ/ ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ, ਭਾਸ਼ਣ, ਕਵੀਸ਼ਰੀ ਅਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਵੱਲੋਂ ਇਤਿਹਾਸ ਨੂੰ ਰੂਪਮਾਨ ਕਰਦੀ ਵਿਸ਼ੇਸ਼ ਤੌਰ 'ਤੇ ਪ੍ਰਦਰਸ਼ਨੀ ਵੀ ਲਗਾਈ ਜਾਵੇਗੀ ਅਤੇ ਅੰਮ੍ਰਿਤ ਸੰਚਾਰ ਸਮਾਗਮ ਵੀ ਹੋਵੇਗਾ।

ਪ੍ਰੋ. ਬਡੂੰਗਰ ਨੇ ਕਿਹਾ ਕਿ 6 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ਾਲ ਗੁਰਮਤਿ ਸਮਾਗਮ ਹੋਵੇਗਾ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਿੰਘ ਸਾਹਿਬਾਨ ਅਤੇ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੀਆਂ। ਉਨ੍ਹਾਂ ਕਿਹਾ ਕਿ ਇਹ ਸਮਾਗਮ ਯਾਦਗਾਰੀ ਤੇ ਪ੍ਰਭਾਵਸ਼ਾਲੀ ਬਨਾਉਣ ਲਈ ਇਲਾਕੇ ਭਰ ਵਿਚ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕਾਂ ਵੱਲੋਂ ਸੰਗਤਾਂ ਅਤੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਨਾਲ ਰਾਬਤਾ ਕੀਤਾ ਜਾ ਰਿਹਾ ਹੈ ਅਤੇ ਪਿੰਡਾਂ ਅੰਦਰ ਧਾਰਮਿਕ ਦੀਵਾਨ ਸਜਾਏ ਜਾ ਰਹੇ ਹਨ। ਉਨ੍ਹਾਂ ਸੰਗਤਾਂ ਨੂੰ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ 'ਚ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੋਂ ਇਲਾਵਾ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ, ਸਕੱਤਰ ਸ. ਪ੍ਰਤਾਪ ਸਿੰਘ, ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪ੍ਰਨਾਮ ਸਿੰਘ, ਮੈਨੇਜਰ ਸ. ਭਾਗ ਸਿੰਘ, ਅਕਾਲੀ ਆਗੂ ਸ. ਇੰਦਰਮੋਹਨ ਸਿੰਘ ਬਜਾਜ, ਸ. ਗੁਰਪ੍ਰੀਤ ਸਿੰਘ ਰਾਜੂ ਖੰਨਾ, ਮੀਤ ਮੈਨੇਜਰ ਸ. ਗੁਰਬਚਨ ਸਿੰਘ, ਸ. ਅਮਿਤ ਸਿੰਘ ਰਾਠੀ ਸਮੇਤ ਹੋਰ ਮੌਜੂਦ ਸਨ।

# ਲੋਕਤੰਤਰੀ ਸੱਭਿਆਚਾਰ ਪਰਿਪੱਕ ਹੋ ਰਿਹੈ ਅਤੇ ਜ਼ਿੰਮੇਵਾਰ ਬਣ ਰਿਹੈ : ਓਮ ਬਿਰਲਾ



ਗੁਰੂਗ੍ਰਾਮ/ਨਵੀਂ ਦਿੱਲੀ, 3 ਜੁਲਾਈ (ਚ.ਨ.ਸ.) : ਲੋਕ ਸਭਾ ਸਪੀਕਰ ਸ਼੍ਰੀ ਓਮ ਬਿਰਲਾ ਨੇ ਅੱਜ ਕਿਹਾ ਕਿ ਸੰਸਦ ਵਿੱਚ ਵਾਰ-ਵਾਰ ਹੋਣ ਵਾਲੀਆਂ ਰੁਕਾਵਟਾਂ ਵਿੱਚ ਕਾਫ਼ੀ ਕਮੀ ਆਈ ਹੈ, ਜਿਸ ਕਾਰਨ ਕੰਮ ਦੀ ਉਤਪਾਦਕਤਾ ਅਤੇ ਅਰਥਪੂਰਨ ਚਰਚਾਵਾਂ ਵਿੱਚ ਵਾਧਾ ਹੋਇਆ ਹੈ।ਗੁਰੂਗ੍ਰਾਮ ਦੇ ਮਾਨੇਸਰ ਵਿਖੇ ਰਾਜਾਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੇ ਸ਼ਹਿਰੀ ਸਥਾਨਕ ਸੰਸਥਾਵਾਂ ਦੇ ਚੇਅਰਮੈਨਾਂ ਦੇ ਪਹਿਲੇ ਰਾਸ਼ਟਰੀ ਸੰਮੇਲਨ ਦਾ ਉਦਘਾਟਨ ਕਰਦੇ ਹੋਏ, ਸਪੀਕਰ ਨੇ ਕਿਹਾ ਕਿ ਲੋਕ ਸਭਾ ਵਿੱਚ ਸੈਸ਼ਨ ਦੇਰ ਰਾਤ ਤੱਕ ਜਾਰੀ ਰਹਿੰਦੇ ਹਨ ਅਤੇ ਬਹਿਸਾਂ ਲੰਬੇ ਸਮੇਂ ਤੱਕ ਹੁੰਦੀਆਂ ਹਨ, ਜੋ ਦਰਸਾਉਂਦਾ ਹੈ ਕਿ ਲੋਕਤੰਤਰੀ ਸੱਭਿਆਚਾਰ ਪਰਿਪੱਕ ਹੋ ਰਿਹਾ ਹੈ ਅਤੇ ਜ਼ਿੰਮੇਵਾਰ ਬਣ ਰਿਹਾ ਹੈ। ਉਨ੍ਹਾਂ ਨੇ ਸ਼ਹਿਰੀ ਸਥਾਨਕ ਸੰਸਥਾਵਾਂ ਨੂੰ ਨਿਯਮਤ ਮੀਟਿੰਗਾਂ ਕਰਨ, ਮਜ਼ਬੂਤ ਕਮੇਟੀ ਪ੍ਰਣਾਲੀਆਂ ਵਿਕਸਤ ਕਰਨ ਅਤੇ ਸੁਚਾਰੂ ਪ੍ਰਕਿਰਿਆਵਾਂ ਅਪਣਾਉਣ ਦੇ ਨਾਲ-ਨਾਲ ਜ਼ਮੀਨੀ ਪੱਧਰ ਤੇ ਲੋਕਤੰਤਰ ਨੂੰ ਹੋਰ ਮਜ਼ਬੂਤ ਕਰਨ ਲਈ ਲੋਕਾਂ ਦੀ ਭਾਗੀਦਾਰੀ ਵਧਾਉਣ ਦਾ ਸੱਦਾ ਦਿੱਤਾ। ਇੰਟਰਨੈਸ਼ਨਲ ਸੈਂਟਰ ਫਾਰ ਆਟੋਮੋਟਿਵ ਟੈਕਨਾਲੋਜੀ (ICAT), IMT ਮਾਨੇਸਰ, ਗੁਰੂਗ੍ਰਾਮ ਵਿਖੇ 3-4 ਜੁਲਾਈ, 2025 ਨੂੰ ਆਯੋਜਿਤ ਕੀਤਾ ਜਾ ਰਿਹਾ ਦੋ-ਰੋਜ਼ਾ ਰਾਸ਼ਟਰੀ ਸੰਮੇਲਨ ਭਾਰਤ ਭਰ ਦੇ ਸ਼ਹਿਰਾਂ ਵਿੱਚ ਭਾਗੀਦਾਰੀ ਸ਼ਾਸਨ ਢਾਂਚੇ ਰਾਹੀਂ ਸੰਵਿਧਾਨਕ ਲੋਕਤੰਤਰ ਨੂੰ ਮਜ਼ਬੂਤ ਕਰਨ ਅਤੇ ਰਾਸ਼ਟਰ ਨਿਰਮਾਣ ਵਿੱਚ ਸ਼ਹਿਰੀ ਸਥਾਨਕ ਸੰਸਥਾਵਾਂ ਦੀ ਭੂਮਿਕਾ ਤੇ ਚਰਚਾ ਕਰਨ ਲਈ ਇੱਕ ਇਤਿਹਾਸਕ ਪਹਿਲ ਹੈ।ਸ਼੍ਰੀ ਬਿਰਲਾ ਨੇ ਜ਼ੋਰ ਦੇ ਕੇ ਕਿਹਾ ਕਿ ਵਿਘਨ ਲੋਕਤੰਤਰ ਦੀ ਤਾਕਤ ਨੂੰ ਨਹੀਂ ਦਰਸਾਉਂਦੇ ਸਗੋਂ ਇਸਨੂੰ ਕਮਜ਼ੋਰ ਕਰਦੇ ਹਨ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਲੋਕਤੰਤਰ ਸਿਰਫ ਗੱਲਬਾਤ, ਧੀਰਜ ਅਤੇ ਡੂੰਘਾਈ ਨਾਲ ਬਹਿਸ ਰਾਹੀਂ ਹੀ ਪ੍ਰਫੁੱਲਤ ਹੁੰਦਾ ਹੈ। ਸਪੀਕਰ ਨੇ ਨਗਰ ਨਿਗਮ ਦੇ ਪ੍ਰਤੀਨਿਧੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਸ਼ਹਿਰਾਂ ਅਤੇ ਕਸਬਿਆਂ ਵਿੱਚ ਚੰਗੇ ਆਚਰਣ ਦੀ ਉਦਾਹਰਣ ਪੇਸ਼ ਕਰਕੇ ਲੋਕਾਂ ਦੀ ਅਗਵਾਈ ਕਰਨ।ਸ਼੍ਰੀ ਬਿਰਲਾ ਨੇ ਜ਼ੋਰ ਦੇ ਕੇ ਕਿਹਾ ਕਿ 2030 ਤੱਕ 600 ਮਿਲੀਅਨ ਤੋਂ ਵੱਧ ਲੋਕਾਂ ਦੇ ਸ਼ਹਿਰੀ ਖੇਤਰਾਂ ਵਿੱਚ ਰਹਿਣ ਦੇ ਅਨੁਮਾਨ ਦੇ ਨਾਲ, ਸ਼ਹਿਰੀ ਸ਼ਾਸਨ ਦੇ ਪੈਮਾਨੇ ਅਤੇ ਦਾਇਰੇ ਨੂੰ ਉਸ ਅਨੁਸਾਰ ਵਿਕਸਤ ਹੋਣਾ ਚਾਹੀਦਾ ਹੈ।ਸ਼ਾਸਨ ਵਿੱਚ ਔਰਤਾਂ ਦੀ ਵੱਧਦੀ ਭਾਗੀਦਾਰੀ ਬਾਰੇ ਬੋਲਦਿਆਂ, ਸ਼੍ਰੀ ਬਿਰਲਾ ਨੇ ਮਾਣ ਪ੍ਰਗਟ ਕੀਤਾ ਕਿ ਸ਼ਹਿਰੀ ਸੰਸਥਾਵਾਂ ਵਿੱਚ ਦੇਸ਼ ਭਰ ਵਿੱਚ ਕਈ ਥਾਵਾਂ ਤੇ ਔਰਤਾਂ ਦੀ ਪ੍ਰਤੀਨਿਧਤਾ ਲਗਭਗ 50% ਤੱਕ ਪਹੁੰਚ ਗਈ ਹੈ।

# ਸੀ.ਆਰ.ਸੀ. ਸੁੰਦਰਨਗਰ, ਹਿਮਾਚਲ ਪ੍ਰਦੇਸ਼ ਵਿਖੇ ਵਿਸ਼ੇਸ਼ ਸਿੱਖਿਆ ਕੋਰਸਾਂ ਵਿੱਚ ਦਾਖ਼ਲੇ ਲਈ ਐਪਲੀਕੇਸ਼ਨਾਂ ਮੰਗੀਆਂ

ਸੁੰਦਰਨਗਰ, 3 ਜੁਲਾਈ (ਅੰਮ੍ਰਿਤਪਾਲ ਸਿੰਘ) : ਹਿਮਾਚਲ ਪ੍ਰਦੇਸ਼ ਦੀ ਇਕਲੌਤੀ ਸਰਕਾਰੀ ਸੰਸਥਾ ਦੁਆਰਾ, ਏਕੀਕ੍ਰਿਤ ਖੇਤਰੀ ਕੌਸ਼ਲ ਵਿਕਾਸ, ਪੁਨਰਵਾਸ ਅਤੇ ਦਿਵਯਾਂਗਜਨਾਂ ਦਾ ਸਸ਼ਕਤੀਕਰਣ ਕੇਂਦਰ (ਸੀਆਰਸੀ), ਸੁੰਦਰਨਗਰ, ਦਿਵਯਾਂਗਤਾ ਨਾਲ ਸਬੰਧਿਤ ਵਿਸ਼ੇਸ਼ ਸਿੱਖਿਆ ਵਿੱਚ ਦੋ ਸਾਲਾਂ ਦੇ ਡਿਪਲੋਮਾ ਕੋਰਸਾਂ ਵਿੱਚ ਦਾਖਲੇ ਲਈ ਐਪਲੀਕੇਸ਼ਨਾਂ ਮੰਗੀਆਂ ਜਾ ਰਹੀਆਂ ਹਨ। ਇਹ ਕੋਰਸ ਭਾਰਤੀ ਪੁਨਰਵਾਸ ਪਰਿਸ਼ਦ (ਆਰਸੀਆਈ), ਨਵੀਂ ਦਿੱਲੀ ਦੁਆਰਾ ਮਾਨਤਾ ਪ੍ਰਾਪਤ ਹਨ। ਇਹਨਾਂ ਕੋਰਸਾਂ ਦਾ ਉਦੇਸ਼ ਦ੍ਰਿਸ਼ਟੀਹੀਣ, ਸੁਣਨ ਤੋਂ ਅਸਮਰੱਥ, ਮਲਟੀਪਲ ਅਪੰਗਤਾਵਾਂ ਅਤੇ ਬੌਧਿਕ ਅਤੇ ਵਿਕਾਸ ਸਬੰਧੀ ਦਿਵਯਾਂਗਤਾ ਨਾਲ ਸਬੰਧਿਤ ਖੇਤਰਾਂ ਵਿੱਚ ਵਿਸ਼ੇਸ਼ ਅਧਿਆਪਕਾਂ ਨੂੰ ਟ੍ਰੇਨਿੰਗ ਦੇਣਾ ਹੈ, ਤਾਂ ਜੋ ਸਮਾਵੇਸ਼ੀ ਸਿੱਖਿਆ ਨੂੰ ਉਤਸ਼ਾਹਿਤ ਕੀਤਾ ਜਾ ਸਕੇ। ਸੀਆਰਸੀ ਸੁੰਦਰਨਗਰ, ਨੈਸ਼ਨਲ ਇੰਸਟੀਟਿਊਟ ਫਾਰ ਐਂਪਾਵਰਮੈਂਟ ਆਫ਼ ਪਰਸਨਜ਼ ਵਿਦ ਵਿਜ਼ੂਅਲ ਡਿਸਏਬਿਲਿਟੀਜ਼ (ਐਨ ਆਈ ਈ ਪੀ ਵੀ ਡੀ), ਦੇਹਰਾਦੂਨ ਦੇ ਅਧੀਨ ਕੰਮ ਕਰਦਾ ਹੈ ਅਤੇ ਇਹ ਸੰਸਥਾ ਦਿਵਯਾਂਗਜਨ ਸਸ਼ਕਤੀਕਰਣ ਵਿਭਾਗ, ਸਮਾਜਿਕ ਨਿਆਂ ਅਤੇ ਸਸ਼ਕਤੀਕਰਣ ਮੰਤਰਾਲੇ, ਭਾਰਤ ਦੇ ਪ੍ਰਸ਼ਾਸਨਿਕ ਨਿਯੰਤਰਣ ਅਧੀਨ ਕੰਮ ਕਰਦੀ ਹੈ।

**ਕੋਰਸ ਦੀਆਂ ਮੁੱਖ ਵਿਸ਼ੇਸ਼ਤਾਵਾਂ:**

* ਮੰਤਰਾਲੇ ਦੀਆਂ ਹਦਾਇਤਾਂ ਅਨੁਸਾਰ, ਦਿਵਯਾਂਗ ਵਿਦਿਆਰਥੀਆਂ, ਦਿਵਯਾਂਗ ਮਾਪਿਆਂ ਦੀ ਦੇਖਭਾਲ ਹੇਠ ਰਹਿ ਰਹੇ ਬੱਚਿਆਂ ਅਤੇ ਹੋਰ ਯੋਗ ਵਿਦਿਆਰਥੀਆਂ ਤੋਂ ਟਿਊਸ਼ਨ ਫੀਸ ਨਹੀਂ ਲਈ ਜਾਂਦੀ।
* ਰਾਸ਼ਟਰੀ ਸਕਾਲਰਸ਼ਿਪ ਯੋਜਨਾ ਤਹਿਤ ਯੋਗ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਪ੍ਰਦਾਨ ਕੀਤੀ ਜਾਂਦੀ ਹੈ।
* ਕੋਰਸਾਂ ਦਾ ਮੁੱਖ ਉਦੇਸ਼ ਸਮਾਵੇਸ਼ੀ ਸਿੱਖਿਆ ਨੂੰ ਉਤਸ਼ਾਹਿਤ ਕਰਨਾ ਅਤੇ ਸਮਾਜ ਵਿੱਚ ਵਿਸ਼ੇਸ਼ ਅਧਿਆਪਕਾਂ ਦੀ ਘਾਟ ਨੂੰ ਦੂਰ ਕਰਨਾ ਹੈ।
* ਸੁਪਰੀਮ ਕੋਰਟ ਦੀਆਂ ਹਦਾਇਤਾਂ ਅਨੁਸਾਰ, ਹਰ ਸਕੂਲ ਵਿੱਚ ਇੱਕ ਵਿਸ਼ੇਸ਼ ਅਧਿਆਪਕ ਦੀ ਨਿਯੁਕਤੀ ਲਾਜ਼ਮੀ ਹੈ।
* ਨਵੀਂ ਸਿੱਖਿਆ ਨੀਤੀ (NEP) ਵਿੱਚ ਸਮਾਵੇਸ਼ੀ ਸਿੱਖਿਆ ਨੂੰ ਵੀ ਵਿਸ਼ੇਸ਼ ਤਰਜੀਹ ਦਿੱਤੀ ਗਈ ਹੈ।

**ਰੋਜ਼ਗਾਰ ਦੇ ਮੌਕੇ:**

ਇਹਨਾਂ ਕੋਰਸਾਂ ਨੂੰ ਪੂਰਾ ਕਰਨ ਤੋਂ ਬਾਅਦ, ਉਮੀਦਵਾਰਾਂ ਨੂੰ ਸਰਕਾਰੀ ਅਤੇ ਨਿਜੀ ਸਕੂਲਾਂ, ਸਮਾਵੇਸ਼ੀ ਸਿੱਖਿਆ ਪ੍ਰੋਗਰਾਮਾਂ, ਵਿਸ਼ੇਸ਼ ਸਕੂਲਾਂ, ਗੈਰ-ਸਰਕਾਰੀ ਸੰਗਠਨਾਂ (NGOs) ਅਤੇ ਪੁਨਰਵਾਸ ਕੇਂਦਰਾਂ ਵਿੱਚ ਵਿਸ਼ੇਸ਼ ਅਧਿਆਪਕ, ਪੁਨਰਵਾਸ ਕਰਮਚਾਰੀ ਜਾਂ ਕੋਆਰਡੀਨੇਟਰ ਵਰਗੀਆਂ ਅਸਾਮੀਆਂ ਤੇ ਉੱਚ ਰੋਜ਼ਗਾਰ ਦੇ ਮੌਕੇ ਮਿਲਦੇ ਹਨ। ਇਸ ਤੋਂ ਇਲਾਵਾ, ਇਹ ਕੋਰਸ ਸਵੈ-ਰੋਜ਼ਗਾਰ ਲਈ ਵੀ ਢੁਕਵੇਂ ਹਨ।

# ਰੋਮ ਦੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਖਰੀਦੀ ਮੌਜੂਦਾ ਗੁਰਦੁਆਰਾ ਸਾਹਿਬ ਦੀ ਇਮਾਰਤ

ਰੋਮ (ਇਟਲੀ), 3 ਜੁਲਾਈ (ਗੁਰਸ਼ਰਨ ਸਿੰਘ ਸੋਨੀ) : ਇਟਲੀ ਦੀਆਂ ਸੰਗਤਾਂ ਵੱਲੋਂ ਨਵਾਂ ਹੰਭਲਾ ਮਰਦਿਆਂ ਹੋਇਆਂ ਇਟਲੀ ਦੀ ਰਾਜਧਾਨੀ ਰੋਮ ਵਿਖੇ ਸਥਿਤ ਗੁਰਦੁਆਰਾ ਸ੍ਰੀ ਗੁਰੂ ਨਾਨਕ ਦਰਬਾਰ ਰੋਮ ਜੋ ਯੁੱਗੋ-ਯੁੱਗ




ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਆਪਣਾ ਬਣਦਾ ਯੋਗਦਾਨ ਪਾ ਰਿਹਾ ਹੈ। ਹੁਣ ਪ੍ਰਬੰਧਕ ਕਮੇਟੀ ਨੇ ਮੌਜੂਦਾ ਗੁਰਦੁਆਰਾ ਸਾਹਿਬ ਦੀ ਇਮਾਰਤ ਨੂੰ ਮੁੱਲ ਖ੍ਰੀਦ ਕੇ ਉਸ ਦੀ ਰਜਿਸਟਰੀ ਕਰਵਾ ਕੇ ਸੰਗਤਾਂ ਦੇ ਸਨਮੁੱਖ ਕਰ ਦਿੱਤਾ ਹੈ। ਪ੍ਰੈੱਸ ਨੂੰ ਜਾਣਕਾਰੀ ਸਾਂਝੀ ਕਰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਇਸ ਗੁਰੂ ਘਰ ਦੀ ਇਮਾਰਤ ਲਈ ਪ੍ਰਬੰਧ ਕਮੇਟੀ ਦੇ ਨਾਲ ਨਾਲ ਸੰਗਤਾਂ ਨੇ ਵੀ ਆਰਥਿਕ ਪੱਖੋਂ ਵੱਧ ਚੜ ਕੇ ਸਹਿਯੋਗ ਦਿੱਤਾ। ਕੇ ਲਾਸੀਓ ਸੂਬੇ ਦੇ ਗੁਰਦੁਆਰਾ ਸਾਹਿਬ ਦੀਆਂ ਪ੍ਰਬੰਧਕ ਕਮੇਟੀਆਂ ਵਲੋਂ ਵੀ ਬਣਦਾ ਸਹਿਯੋਗ ਦਿੱਤਾ ਗਿਆ। ਤਾਂ ਇਹ ਸਾਰਾ ਕਾਰਜ ਵਾਹਿਗੁਰੂ ਜੀ ਅਪਾਰ ਕਿਰਪਾ ਨਾਲ ਨਿਪੇੜੇ ਚੜ੍ਹ ਸਕਿਆ।ਜਿਸ ਲਈ ਸਮੂਹ ਸੰਗਤ ਤੇ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਵਧਾਈ ਦੀਆਂ ਪਾਤਰ ਹਨ। ਪ੍ਰਬੰਧਕ ਕਮੇਟੀ ਮੈਂਬਰਾਂ ਨੇ ਕਿਹਾ ਕਿ ਇਸ ਕਾਰਜ ਲਈ ਸੰਗਤਾਂ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕਰਨਾ ਜਰੂਰੀ ਹੈ। ਪ੍ਰਬੰਧਕ ਕਮੇਟੀ ਸੰਗਤਾਂ ਦੀ ਹਮੇਸ਼ਾ ਹੀ ਰਿਣੀ ਰਹੇਗੀ। ਉਹਨਾਂ ਸੰਗਤਾਂ ਨੂੰ ਬੇਨਤੀ ਕੀਤੀ ਕਿ ਗੁਰੂ ਘਰ ਵਿੱਚ ਸੰਗਤਾਂ ਹਰ ਸਮਾਗਮ ਵਿੱਚ ਵਧ-ਚੜ ਕੇ ਸ਼ਮੂਲੀਅਤ ਕਰਿਆ ਕਰਨ। ਦੱਸਣਯੋਗ ਹੈ ਕਿ ਪਿਛਲੇ ਲੰਮੇ ਸਮੇ ਤੋ ਇਹ ਗੁਰਦੁਆਰਾ ਸਾਹਿਬ ਦੀ ਇਮਾਰਤ ਕਿਰਾਏ ਤੇ ਚੱਲ ਰਹੀ ਸੀ ਤੇ ਹੁਣ ਸੰਗਤਾਂ ਦੇ ਸਹਿਯੋਗ ਨਾਲ ਬਿਨਾਂ ਕਿਸੇ ਲੋਨ ਤੋ ਲਗਭਗ ਤਿੰਨ ਲੱਖ ਪੰਜਾਹ ਹਜ਼ਾਰ ਯੂਰੋ ਦੀ ਮੁੱਲ ਦੀ ਉਸੇ ਹੀ ਇਮਾਰਤ ਨੂੰ ਖਰੀਦ ਲਈ ਗਈ ਹੈ।

# ਚੰਡੀਗੜ੍ਹ ਪ੍ਰਸ਼ਾਸਨ ਨੇ ਜਾਇਦਾਦ ਦੇ ਤਬਾਦਲੇ ਲਈ ਆਟੋ-ਮਿਊਟੇਸ਼ਨ ਸਿਸਟਮ ਕੀਤਾ ਲਾਂਚ

ਚੰਡੀਗੜ੍ਹ , 3 ਜੁਲਾਈ (ਚ.ਨ. ਸ.) : ਯੂਟੀ ਚੰਡੀਗੜ੍ਹ ਦੇ ਅਸਟੇਟ ਦਫ਼ਤਰ ਨੇ ਇੱਕ ਵੱਡਾ ਡਿਜੀਟਲ ਗਵਰਨੈਂਸ ਸੁਧਾਰ-ਰਜਿਸਟਰਡ ਜਾਇਦਾਦ ਡੀਡਾਂ ਤੇ ਅਧਾਰਤ ਆਟੋ-ਮਿਊਟੇਸ਼ਨ ਸਿਸਟਮ-ਸ਼ੁਰੂ ਕੀਤਾ ਹੈ ਜਿਸਦਾ ਉਦੇਸ਼ ਜਾਇਦਾਦ ਮਾਲਕੀ ਤਬਾਦਲੇ ਵਿੱਚ ਸੇਵਾਵਾਂ ਦੀ ਸਮੇਂ ਸਿਰ, ਪਾਰਦਰਸ਼ੀ ਅਤੇ ਨਾਗਰਿਕ-ਅਨੁਕੂਲ ਡਿਲੀਵਰੀ ਨੂੰ ਯਕੀਨੀ ਬਣਾਉਣਾ ਹੈ।ਇਹ ਪਹਿਲ ਚੰਡੀਗੜ੍ਹ ਪ੍ਰਸ਼ਾਸਨ ਦੀ ਜਨਤਕ ਸਹੂਲਤ ਅਤੇ ਪ੍ਰਸ਼ਾਸਕੀ ਕੁਸ਼ਲਤਾ ਨੂੰ ਵਧਾਉਣ ਲਈ ਤਕਨਾਲੋਜੀ ਦਾ ਲਾਭ ਉਠਾਉਣ ਦੀ ਵਚਨਬੱਧਤਾ ਵਿੱਚ ਇੱਕ ਮਹੱਤਵਪੂਰਨ ਮੀਲ ਪੱਥਰ ਹੈ।ਸ਼੍ਰੀ ਨਿਸ਼ਾਂਤ ਕੁਮਾਰ ਯਾਦਵ, ਆਈਏਐਸ, ਅਸਟੇਟ ਅਫਸਰ, ਯੂਟੀ ਚੰਡੀਗੜ੍ਹ ਨੇ ਕਿਹਾ: ਆਟੋ-ਮਿਊਟੇਸ਼ਨ ਸਿਸਟਮ ਨਾਗਰਿਕਾਂ ਲਈ ਜਾਇਦਾਦ ਮਾਲਕੀ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਲਈ ਇੱਕ ਪਰਿਵਰਤਨਸ਼ੀਲ ਕਦਮ ਹੈ। ਇਹ ਜਨਤਕ ਸੇਵਾ ਸਪੁਰਦਗੀ ਨੂੰ ਬਿਹਤਰ ਬਣਾਉਣ ਲਈ ਇੱਕ ਕਿਰਿਆਸ਼ੀਲ, ਤਕਨਾਲੋਜੀ-ਅਧਾਰਤ ਪਹੁੰਚ ਅਪਣਾਉਣ ਦੇ ਸਾਡੇ ਦ੍ਰਿਸ਼ਟੀਕੋਣ ਨੂੰ ਦਰਸਾਉਂਦਾ ਹੈ।ਇਹ ਸਿਸਟਮ ਅਸਟੇਟ ਦਫਤਰ ਦੇ ਅਧਿਕਾਰ ਖੇਤਰ ਅਧੀਨ ਸਾਰੀਆਂ ਕਿਸਮਾਂ ਦੀਆਂ ਅਚੱਲ ਜਾਇਦਾਦਾਂ - ਫ੍ਰੀਹੋਲਡ, ਲੀਜ਼ਹੋਲਡ, ਆਦਿ ਤੇ ਲਾਗੂ ਹੋਵੇਗਾ, ਜਿੱਥੇ ਮਾਲਕੀ ਇੱਕ ਰਜਿਸਟਰਡ ਡੀਡ ਰਾਹੀਂ ਤਬਦੀਲ ਕੀਤੀ ਗਈ ਹੈ। ਇਹ ਸਿਸਟਮ ਲਾਗੂ ਹੋਣ ਦੀ ਮਿਤੀ ਤੋਂ ਪ੍ਰਭਾਵੀ ਹੈ। ਪੁਰਾਣੇ ਕੇਸ ਮੈਨੂਅਲ ਇੰਟੂਟੇਸ਼ਨ ਪ੍ਰਕਿਰਿਆ ਦੇ ਅਧੀਨ ਰਹਿਣਗੇ।

## ਜਨਮ ਦਿਨ ਮੁਬਾਰਕ



ਰੁਦਰ ਮਿੱਤਲ



ਵਿਵਾਂਸ਼ ਵਰਮਾ



ਮੀਰਾ ਸ਼ਰਮਾ

# ਪੰਜਾਬ ਸਰਕਾਰ ਸਮਾਜ ਦੇ ਲੋੜਵੰਦ ਅਤੇ ਪੱਛੜੇ ਵਰਗਾਂ ਦੀ ਮਦਦ ਕਰ ਰਹੀ ਹੈ : ਸ਼ੈਰੀ ਕਲਸੀ



ਬਟਾਲਾ, 3 ਜੁਲਾਈ ( ਬਲਵਿੰਦਰ ਸਿੰਘ ਪੰਜਗਰਾਈਂ / ਧੰਨਪਾਲ ਸਿੰਘ ਕਲਸੀ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਕਮਜ਼ੋਰ ਅਤੇ ਪੱਛੜੇ ਵਰਗਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਐੱਸ.ਸੀ ਭਾਈਚਾਰੇ ਨਾਲ ਸਬੰਧਤ ਪਰਿਵਾਰਾਂ ਦੇ ਕਰਜ਼ਾ ਮੁਆਫ਼ ਕੀਤੇ ਗਏ ਹਨ। ਇਹ ਜਾਣਕਾਰੀ ਦਿੰਦਿਆਂ ਸਰਕਾਰ ਦੇ ਕਾਰਜਕਾਰੀ ਪ੍ਰਧਾਨ ਅਤੇ ਬਟਾਲਾ ਦੇ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਸਰਕਾਰ ਸਮਾਜ ਦੇ ਲੋੜਵੰਦ ਅਤੇ ਪੱਛੜੇ ਵਰਗਾਂ ਦੀ ਮਦਦ ਕਰ ਰਹੀ ਹੈ। ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਸੂਬਾ ਸਰਕਾਰ ਲੋਕਾਂ ਦੀ ਵੱਧ ਤੋਂ ਵੱਧ ਭਲਾਈ ਨੂੰ ਯਕੀਨੀ ਬਣਾ ਰਹੀ ਹੈ ਤਾਂ ਜੋ ਸਮਾਜ ਦੇ ਹਰ ਵਰਗ ਨੂੰ ਇਸ ਦਾ ਲਾਭ ਮਿਲ ਸਕੇ। ਪੰਜਾਬ ਦੇ ਇਤਿਹਾਸ ਵਿੱਚ ਪਹਿਲੀ ਵਾਰ ਸੂਬੇ ਦੇ ਪੱਛੜੇ ਤੇ ਕਮਜ਼ੋਰ ਵਰਗਾਂ ਨੂੰ ਇਹ ਰਾਹਤ ਮਿਲੀ ਹੈ। ਉਨ੍ਹਾਂ ਕਿਹਾ ਕਿ ਇਹ ਇਸ ਕਰਕੇ ਸੰਭਵ ਹੋਇਆ ਹੈ ਕਿਉਂਕਿ ਪਹਿਲੀ ਵਾਰ ਸੂਬੇ ਦਾ ਬਜਟ ਆਮ ਆਦਮੀ ਦੀ ਭਲਾਈ ਲਈ ਰੱਖਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਸਰਕਾਰੀ ਖਜ਼ਾਨੇ ਦਾ ਇੱਕ-ਇੱਕ ਪੈਸਾ ਜਨਤਕ ਭਲਾਈ ਤੇ ਖਰਚ ਕਰ ਰਹੀ ਹੈ। ਵਿਧਾਇਕ ਸ਼ੈਰੀ ਕਲਸੀ ਨੇ ਦੱਸਿਆ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਤੇ ਵਿੱਤ ਨਿਗਮ (ਪੀ.ਐੱਸ.ਸੀ.ਐੱਫ.ਸੀ.) ਵੱਲੋਂ 31 ਮਾਰਚ, 2020 ਤੱਕ ਵੰਡੇ ਗਏ ਕਰਜ਼ਿਆਂ 'ਤੇ ਲੀਕ ਫੇਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਮੁਆਫ਼ੀ ਪੀ.ਐੱਸ.ਸੀ.ਐੱਫ.ਸੀ. ਦੁਆਰਾ ਉਪਰੋਕਤ ਮਿਤੀ ਤੱਕ ਵੰਡੇ ਗਏ ਸਾਰੇ ਕਰਜ਼ਿਆਂ ਲਈ ਹੈ, ਜਿਸ ਨਾਲ ਐੱਸ.ਸੀ. ਭਾਈਚਾਰਾ ਅਤੇ ਦਿਵਿਆਂਗ ਵਰਗ ਦੇ ਕਰਜ਼ਦਾਰਾਂ ਨੂੰ ਲੋੜੀਂਦੀ ਰਾਹਤ ਮਿਲੀ ਹੈ। ਉਨ੍ਹਾਂ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਇਨ੍ਹਾਂ ਲਾਭਪਾਤਰੀਆਂ ਨੂੰ 'ਕੋਈ ਬਕਾਇਆ ਨਹੀਂ' ਸਰਟੀਫਿਕੇਟ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਦੱਸਿਆ ਕਿ 30 ਅਪ੍ਰੈਲ, 2025 ਤੱਕ ਗਿਣਿਆ ਗਿਆ ਮੂਲ, ਵਿਆਜ ਅਤੇ ਦੰਡ ਵਿਆਜ ਸਮੇਤ ਬਣਦੀ ਪੂਰੀ ਰਕਮ ਸੂਬਾ ਸਰਕਾਰ ਵੱਲੋਂ ਪੀ.ਐੱਸ.ਸੀ.ਐੱਫ.ਸੀ. ਨੂੰ ਵਾਪਸ ਕੀਤੀ ਜਾਵੇਗੀ।

# ਪੰਜਾਬ ਸਰਕਾਰ ਨੇ ਸ਼ਹਿਰ ਵਾਸੀਆਂ 'ਤੇ ਵਿੱਤੀ ਬੋਝ ਘਟਾਇਆ-ਪ੍ਰਾਪਰਟੀ ਟੈਕਸ ਅਦਾ ਕਰਨ ਵਾਲੇ ਨਾਗਰਿਕਾਂ ਲਈ ਵਨ ਟਾਈਮ ਸੈਟਲਮੈਂਟ ਪਾਲਿਸੀ 2025 ਨੂੰ ਦਿੱਤੀ ਮਨਜ਼ੂਰੀ



ਬਟਾਲਾ, 3 ਜੁਲਾਈ (ਬਲਵਿੰਦਰ ਸਿੰਘ ਪੰਜ ਗਰਾਈਂ ਸਿਕੰਦਰ ਸੰਧੂ ) ਸ੍ਰੀ ਵਿਕਰਮਜੀਤ ਸਿੰਘ ਪਾਂਥੇ, ਐਸ.ਡੀ.ਐਮ-ਕਮ-ਕਮਿਸ਼ਨਰ ਨਗਰ ਨਿਗਮ ਬਟਾਲਾ ਨੇ ਆਮ ਜਨਤਾ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੰਜਾਬ ਸਰਕਾਰ ਨੇ ਸਥਾਨਕ ਸਰਕਾਰ ਵਿਭਾਗ ਰਾਹੀਂ ਨਗਰ ਨਿਗਮ ਦੀ ਹੱਦ ਵਿੱਚ ਰਹਿ ਰਹੇ ਸ਼ਹਿਰ ਵਾਸੀਆਂ 'ਤੇ ਵਿੱਤੀ ਬੋਝ ਘਟਾਉਣ ਦੇ ਉਦੇਸ਼ ਨਾਲ ਪੰਜਾਬ ਮਿਊਂਸਪਲ ਐਕਟ 1911 ਅਤੇ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ 1976 ਅਨੁਸਾਰ ਅਦਾਇਗੀ ਨਾ ਕੀਤੇ ਜਾਂ ਅੰਸ਼ਿਕ ਤੌਰ 'ਤੇ ਅਦਾ ਕੀਤੇ ਪ੍ਰਾਪਰਟੀ ਟੈਕਸ ਅਦਾ ਕਰਨ ਵਾਲੇ ਨਾਗਰਿਕਾਂ ਲਈ ਵਨ ਟਾਈਮ ਸੈਟਲਮੈਂਟ ਪਾਲਿਸੀ 2025 ਨੂੰ ਮਨਜ਼ੂਰੀ ਦਿੱਤੀ ਹੈ। ਜਿਸ ਦੇ ਤਹਿਤ 31 ਜੁਲਾਈ 2025 ਤੱਕ ਜਿਹੜੇ ਪ੍ਰਾਪਰਟੀ ਟੈਕਸ ਦਾਤਾ ਆਪਣੇ ਟੈਕਸ ਦੀ ਪੂਰੀ ਬਕਾਇਆ ਰਕਮ ਇਕਮੁਸ਼ਤ ਅਦਾ ਕਰਦੇ ਹਨ ਉਨ੍ਹਾਂ ਨੂੰ ਜੁਰਮਾਨੇ ਅਤੇ ਵਿਆਜ ਦੀ ਪੂਰੀ ਛੋਟ ਮਿਲੇਗੀ ਉਨ੍ਹਾਂ ਅੱਗੇ ਦੱਸਿਆ ਕਿ ਇਸ ਤੋਂ ਇਲਾਵਾ ਜੇਕਰ ਟੈਕਸ ਕਰਤਾ ਵਲੋਂ 31 ਅਕਤੂਬਰ 2025 ਤੱਕ ਟੈਕਸ ਜਮਾਂ ਨਹੀ ਕਰਵਾਇਆ ਜਾਂਦਾ ਤਾਂ 31 ਅਕਤੂਬਰ 2025 ਤੱਕ ਜੁਰਮਾਨੇ ਅਤੇ ਵਿਆਜ ਦੀ ਰਕਮ ਵਿੱਚ 50 ਫੀਸਦੀ ਛੋਟ ਮਿਲੇਗੀ। ਇਸਦੇ ਨਾਲ ਹੀ 31 ਅਕਤੂਬਰ 2025 ਤੋਂ ਬਾਅਦ ਬਕਾਇਆ ਰਕਮ ਉਪਰ ਮੌਜੂਦਾ ਨਿਯਮਾਂ ਅਨੁਸਾਰ ਪੂਰਾ ਜੁਰਮਾਨਾ ਤੇ ਵਿਆਜ ਵਸੂਲਿਆ ਜਾਵੇਗਾ ਇਸ ਦੇ ਨਾਲ ਹੀ ਪੰਜਾਬ ਸਰਕਾਰ ਨੇ ਆਪਣੇ ਨਵੇਂ ਜਾਰੀ ਕੀਤੇ ਨੋਟੀਫਿਕੇਸ਼ਨ ਰਾਹੀਂ ਟੈਕਸ ਵਿੱਚ 5 ਪ੍ਰਤੀਸ਼ਤ ਇਜਾਫਾ ਕੀਤਾ ਹੈ ਜੋ ਕਿ ਪ੍ਰਾਪਰਟੀ ਟੈਕਸ ਦੇ ਮੌਜੂਦਾ ਰੇਟਾਂ ਨਾਲ ਵਸੂਲ ਕੀਤਾ ਜਾਵੇਗਾਉਨ੍ਹਾਂ ਅੱਗੇ ਦੱਸਿਆ ਕਿ ਪ੍ਰਾਪਰਟੀ ਟੈਕਸ ਵਿੱਚ ਛੋਟ ਦੇਣ ਦਾ ਪ੍ਰਾਵਧਾਨ ਦਿੱਤਾ ਗਿਆ ਹੈ। ਛੋਟ ਦੀ ਕੈਟਾਗਰੀ ਸੁਤੰਤਰਤਾ ਸੰਗ੍ਰਾਮੀ ਜਿਨ੍ਹਾਂ ਨੂੰ ਕੇਂਦਰ/ਰਾਜ ਸਰਕਾਰ ਜਾਂ ਦੋਹਾਂ ਤੋਂ ਪੈਨਸ਼ਨ ਤਤਕਰਾ ਸੰਗ੍ਰਾਮੀ ਹੋਣ ਨਾਤੇ ਮਿਲਦੀ ਹੋਵੇ। ਇਸਦੇ ਇਲਾਵਾ ਗਰੀਬੀ ਰੇਖਾ ਤੋਂ ਥੱਲੇ ਰਹਿਣ ਵਾਲੇ ਵਿਅਕਤੀ ਜਿਨ੍ਹਾਂ ਕੋਲ ਇਸ ਸਬੰਧੀ ਜਾਰੀ ਕੀਤਾ ਗਿਆ ਲੋੜੀਂਦਾ ਪ੍ਰਮਾਣ ਪੱਤਰ ਹੋਵੇ। ਵਿਧਵਾਵਾਂ ਲਈ ਪ੍ਰਤੀ ਸਾਲ 5000/-ਤੱਕ ਛੋਟ, ਅੰਗਹੀਣ ਵਿਅਕਤੀ, ਜਿਹੜੇ ਇਨਕਮ ਟੈਕਸ ਐਕਟ ਦੀ 1961 ਦੀ ਧਾਰਾ 80/ਓ ਅਧੀਨ ਛੋਟ ਦੇ ਅਧਿਕਾਰੀ ਹਨ। ਇਸਦੇ ਇਲਾਵਾ ਸਰਕਾਰੀ ਸਕੂਲ/ਕਾਲਜ ਅਤੇ ਸਰਕਾਰ ਵਲੋਂ ਸਹਾਇਤਾ ਪ੍ਰਾਪਤ ਸਕੂਲ ਕਾਲਜ ਤੋਂ ਇਲਾਵਾ ਬਾਕੀ ਵਿਦਿਅਕ ਸੰਸਥਾਵਾਂ ਇਮਾਰਤ ਦੇ ਸਾਰਾ ਸਾਲ ਜਾਂ ਜਿੰਨਾ ਸਮਾਂ ਖਾਲੀ ਰਹਿੰਦੀ ਹੈ ਜਾਂ ਵਰਤੋਂ ਵਿੱਚ ਨਹੀ ਲਿਆਂਦੀ ਜਾਂਦੀ ਤਾਂ ਇਸ ਦੇ ਨੋਟੀਫਿਕੇਸ਼ਨ ਦੇ ਕਲਾਜ ਨੰਬਰ 4 ਅਧੀਨ ਬਣਦੇ ਟੈਕਸ ਦਾ 50% ਲੱਗੇਗਾ। ਖਾਲੀ ਪਲਾਂਟ ਅਤੇ 50 ਵਰਗ ਗਜ ਤੱਕ ਬਣੇ ਮਕਾਨਾਂ ਤੇ ਪ੍ਰਾਪਰਟੀ ਟੈਕਸ ਤੋ ਪੂਰੀ ਛੂਟ ,125 ਵਰਗ ਗਜ ਤੱਕ ਬਣੇ ਮਕਾਨਾਂ ਤੇ ਸਿੰਗਲ ਸਟੋਰੀ ਤੇ ਰਹੈਸ਼ੀ ਮਕਾਨ ਜਿਸ ਵਿੱਚ ਮੋਟੀ ਅਤੇ ਪਾਣੀ ਦੀ ਟੈਂਕੀ ਵੀ ਸ਼ਾਮਿਲ ਹੈ ਅਤੇ 500 ਵਰਗ ਫੁੱਟ ਏਰੀਏ ਤੱਕ ਰਿਹਾਇਸ਼ੀ ਫਲੈਟਾਂ ਤੇ ਕੋਈ ਟੈਕਸ ਨਹੀ ਹੋਵੇਗਾ ਜੇਕਰ ਇਮਾਰਤ ਦੀ ਵਰਤੋਂ ਬਹੁ ਮੰਤਵੀ ਹੈ ਤਾਂ ਪ੍ਰਾਪਰਟੀ ਟੈਕਸ ਰੇਟ ਨਾਲ ਸੰਬੰਧਿਤ ਕੈਟਾਗਰੀ ਦੇ ਹਿਸਾਬ ਨਾਲ ਲੱਗਣਗੇ। ਉਹਨਾਂ ਨੇ ਦੱਸਿਆ ਕਿ ਪ੍ਰਾਪਰਟੀ ਟੈਕਸ ਦੀ ਰਿਟਰਨ ਹਰੇਕ ਐਸ ਸੀ/ ਵਿਅਕਤੀ ਵੱਲੋਂ ਭਰੀ ਜਾਣੀ ਜਰੂਰੀ ਹੈ ਚਾਹੇ ਉਹ ਵਿਅਕਤੀ ਨੂੰ ਪ੍ਰਾਪਰਟੀ ਟੈਕਸ ਤੋਂ ਛੋਟ ਹੋਵੇ ਪ੍ਰਾਪਰਟੀ ਟੈਕਸ ਭਰਨ ਸਮੇਂ ਪਿਛਲੇ ਸਾਲ ਦੀ ਰਸੀਦ ਵੀ ਲਿਆਂਦੀ ਜਾਵੇ।

## 2027 ਵਿੱਚ ਆਮ ਆਦਮੀ ਪਾਰਟੀ ਮੁੜ ਸੱਤਾ ਵਿੱਚ ਆਵੇਗੀ : ਰਾਜੀਵ ਸ਼ਰਮਾ



ਗੁਰਦਾਸਪੁਰ, 3 ਜੁਲਾਈ ( ਜਸਵਿੰਦਰ ਸਿੰਘ) – ਨਗਰ ਸੁਧਾਰ ਟਰੱਸਟ ਗੁਰਦਾਸਪੁਰ ਦੇ ਚੇਅਰਮੈਨ ਰਾਜੀਵ ਸ਼ਰਮਾ ਨੇ ਲੁਧਿਆਣਾ ਪੱਛਮੀ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਸ੍ਰੀ ਸੰਜੀਵ ਅਰੋੜਾ ਨੂੰ ਕੈਬਨਿਟ ਮੰਤਰੀ ਬਣਨ ਤੇ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ ਤੇ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਅਤੇ ਵਲੰਟੀਅਰਜ਼ ਨੂੰ ਵਧਾਈ ਦਿੱਤੀ ਉਨ੍ਹਾਂ ਕਿਹਾ ਕਿ ਲੁਧਿਆਣਾ ਪੱਛਮੀਂ ਹਲਕੇ ਦੇ ਲੋਕਾਂ ਨੇ ਇੱਕ ਇਮਾਨਦਾਰ ਤੇ ਨੇਕ ਇਨਸਾਨ ਨੂੰ ਚੁਣ ਕੇ ਸਹੀ ਫ਼ੈਸਲਾ ਲਿਆ ਹੈ ਚੇਅਰਮੈਨ ਰਾਜੀਵ ਸ਼ਰਮਾ ਨੇ ਕਿਹਾ ਕਿ ਅੱਜ ਇਹ ਸਾਬਤ ਹੋ ਗਿਆ 2027 ਦੀਆਂ ਵਿਧਾਨ ਸਭਾ ਚੋਣਾਂ ਅੰਦਰ ਆਮ ਆਦਮੀ ਪਾਰਟੀ ਦੇ ਸੂਬੇ ਵਿਚ ਮੁੜ ਸੱਤਾ ਵਿਚ ਆਉਣ ਦਾ ਸਪਸ਼ਟ ਸੰਕੇਤ ਹਨ ਉਨ੍ਹਾਂ ਕਿਹਾ ਕਿ ਸੂਬੇ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਕੰਮਾਂ ਅਤੇ ਪਾਰਟੀ ਦੀਆਂ ਨੀਤੀਆਂ ਤੋਂ ਬੇਹੱਦ ਖ਼ੁਸ਼ ਹਨ ਉਨ੍ਹਾਂ ਕਿਹਾ ਕਿ ਮਾਨ ਸਰਕਾਰ ਸੂਬੇ ਦੀ ਤਰੱਕੀ ਅਤੇ ਖ਼ੁਸ਼ਹਾਲੀ ਲਈ ਦਿਨ ਰਾਤ ਬਿਨਾਂ ਭੇਦਭਾਵ ਤੇ ਇਮਾਨਦਾਰੀ ਨਾਲ ਕੰਮ ਕਰ ਰਹੀ ਹੈ

## ਕਾਂਗਰਸ ਪਾਰਟੀ ਨੂੰ ਝਟਕਾ : ਮੌਜੂਦਾ ਸਰਪੰਚ ਸਮੇਤ ਮੈਂਬਰ ਆਪ ਵਿੱਚ ਹੋਏ ਸ਼ਾਮਲ



ਅੰਮ੍ਰਿਤਸਰ, 3 ਜੁਲਾਈ :(ਗੁਰਦਿਆਲ ਸਿੰਘ)ਮੁੱਖ ਮੰਤਰੀ ਪੰਜਾਬ ਸ੍ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਨੂੰ ਸਹੂਲਤਾਂ ਦੇਣ ਲਈ ਵਚਨਬੱਧ ਹੈ ਅਤੇ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਉਨ੍ਹਾਂ ਦੇ ਘਰਾਂ ਦੇ ਨਜਦੀਕ ਉਨ੍ਹਾਂ ਨੂੰ ਸਰਕਾਰੀ ਸਹੂਲਤਾਂ ਦਾ ਲਾਭ ਮਿਲ ਸਕੇ ਤਾਂ ਜੋ ਉਨ੍ਹਾਂ ਨੂੰ ਸਰਕਾਰੀ ਦਫਤਰਾਂ ਦੇ ਚੱਕਰ ਨਾ ਮਾਰਨੇ ਪੈਣ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਬਿਜਲੀ ਮੰਤਰੀ ਸ੍ ਹਰਭਜਨ ਸਿੰਘ ਈ:ਟੀ:ਓ ਨੇ ਅੱਜ ਜੰਡਿਆਲਾ ਗੁਰੂ ਦੇ ਨਿਵਾਸੀਆਂ ਲਈ ਬਿਜਲੀ ਨਾਲ ਸਬੰਧਤ ਸਮੱਸਿਆਵਾਂ ਦਾ ਹੱਲ ਕਰਨ ਲਈ ਇਕ ਵਿਸ਼ੇਸ਼ ਕੈਂਪ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਸ ਕੈਂਪ ਦਾ ਮੁੱਖ ਉਦੇਸ਼ ਲੋਕਾਂ ਦੀਆਂ ਬਿਜਲੀ ਨਾਲ ਸਬੰਧਤ ਸਮੱਸਿਆਵਾਂ ਦਾ ਮੌਕੇ ਤੇ ਹੀ ਨਿਪਟਾਰਾ ਕਰਨਾ ਹੈ। ਉਨ੍ਹਾਂ ਦੱਸਿਆ ਕਿ ਲੋਕਾਂ ਨੂੰ ਬਿਜਲੀ ਨਾਲ ਸਬੰਧਤ ਸਮੱਸਿਆਵਾਂ ਲਈ ਵੱਖ ਵੱਖ ਦਫਤਰਾਂ ਦੇ ਚੱਕਰ ਮਾਰਨੇ ਪੈਂਦੇ ਸੀ ਜਿਸ ਕਰਕੇ ਉਨ੍ਹਾਂ ਦੀਆਂ ਮੁਸ਼ਕਲਾਂ ਦੇ ਨਿਪਟਾਰੇ ਘਰਾਂ ਦੇ ਨਜਦੀਕ ਇਹ ਕੈਂਪ ਲਗਾਇਆ ਗਿਆ ਹੈ, ਜਿਥੇ ਬਿਜਲੀ ਦੇ ਮੀਟਰ ਆਪਣੇ ਨਾਮ ਕਰਾਉਣਾ, ਬਿੱਲਾਂ ਵਿੱਚ ਸੋਧ, ਨਵੇਂ ਮੀਟਰ ਲਈ ਅਪਲਾਈ ਅਤੇ ਹੋਰ ਸਮੱਸਿਆਵਾਂ ਦਾ ਮੌਕੇ ਤੇ ਹੀ ਹੱਲ ਕੀਤਾ ਗਿਆ ਹੈ। ਇਸ ਮੌਕੇ ਜੰਡਿਆਲਾ ਗੁਰੂ ਵਾਸੀਆਂ ਵੱਲੋਂ ਖ਼ੁਸ਼ੀ ਦਾ ਪ੍ਰਗਟਾਵਾ ਕਰਦੇ ਕਿਹਾ ਕਿ ਇਸ ਕੈਂਪ ਨਾਲ ਉਨ੍ਹਾਂ ਦੀਆਂ ਕਾਫੀ ਮੁਸ਼ਕਲਾਂ ਦਾ ਹੱਲ ਹੋ ਗਿਆ ਹੈ ਅਤੇ ਉਹ ਸ੍ ਈ:ਟੀ:ਓ ਦੇ ਧੰਨਵਾਦੀ ਹਨ। ਆਮ ਆਦਮੀ ਪਾਰਟੀ ਨੂੰ ਉਦੋਂ ਵੱਡਾ ਹੁਲਾਰਾ ਮਿਲਿਆ ਜਦੋਂ ਹਲਕਾ ਜੰਡਿਆਲਾ ਗੁਰੂ ਦੇ ਪਿੰਡ ਅਮਰਕੋਟ ਦੇ ਮੌਜੂਦਾ ਸਰਪੰਚ ਮੇਜਰ ਸਿੰਘ ਸਮੇਤ ਮੈਂਬਰ ਪੰਚਾਇਤ ਸਰਬਜੀਤ ਕੌਰ, ਮੈਂਬਰ ਪ੍ਰਤਾਪ ਸਿੰਘ, ਮੈਂਬਰ ਰਮਨ ਕੁਮਾਰ ਕਾਂਗਰਸ ਪਾਰਟੀ ਛੱਡ ਕੇ ਦਰਜਨਾ ਪਰਿਵਾਰਾਂ ਸਮੇਤ ਸਰਗਰਮ ਕਾਰਕੁੰਨ ਆਪਣੀਆਂ ਪਾਰਟੀਆਂ ਨੂੰ ਅਲਵਿਦਾ ਕਹਿ ਕੇ ਹਲਕਾ ਜੰਡਿਆਲਾ ਗੁਰੂ ਦੇ ਵਿਧਾਇਕ ਅਤੇ ਕੈਬਨਿਟ ਮੰਤਰੀ ਪੰਜਾਬ ਸ੍ ਹਰਭਜਨ ਸਿੰਘ ਈ:ਟੀ:ਓ ਦੀ ਰਹਿਨੁਮਾਈ ਹੇਠ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ। ਸ੍ ਈ:ਟੀ:ਓ ਦੀ ਅਗਵਾਈ ਵਿੱਚ ਸ਼ਾਮਲ ਹੋਣ ਵਾਲਿਆਂ ਨੇ ਐਲਾਨ ਕੀਤਾ ਕਿ ਉਹ ਕੈਬਨਿਟ ਮੰਤਰੀ ਸ: ਈ:ਟੀ:ਓ ਵਲੋਂ ਜੰਡਿਆਲਾ ਗੁਰੂ ਹਲਕੇ 'ਚ ਸੜਕਾਂ , ਸਕੂਲਾਂ, ਤੇ ਹੋਰ ਬੁਨਿਆਦੀ ਢਾਂਚੇ ਦੇ ਵਿਕਾਸ ਸਮੇਤ ਨਸ਼ਿਆਂ ਦੇ ਖਤਾਮੇ ਲਈ ਲਿਆਂਦੀ ਗਈ ਕ੍ਰਾਂਤੀ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਏ ਹਨ। ਕੈਬਨਿਟ ਮੰਤਰੀ ਸ: ਈ:ਟੀ:ਓ ਨੇ ਪਾਰਟੀ 'ਚ ਸ਼ਾਮਲ ਹੋਏ ਵਰਕਰਾਂ ਨੂੰ ਸਨਮਾਨਿਤ ਕਰਦਿਆਂ ਭਰੋਸਾ ਦਿੱਤਾ ਕਿ ਪਾਰਟੀ 'ਚ ਆਉਣ ਵਾਲੇ ਹਰੇਕ ਵਿਅਕਤੀ ਨੂੰ ਸਰਕਾਰੇ ਦਰਬਾਰੇ ਮਾਨ ਸਨਮਾਨ ਦਿੱਤਾ ਜਾਵੇਗਾ।

## ਸਵਰਾਜ਼ ਮਾਜ਼ਦਾ ਫੈਕਟਰੀ ਦੇ ਕੱਚੇ ਵਰਕਰਾਂ ਵੱਲੋਂ ਅਧਿਕਾਰੀਆਂ ਦੇ ਖਿਲਾਫ ਨਾਅਰੇਬਾਜ਼ੀ

ਕਾਠਗੜ੍ਹ 3 ਜੁਲਾਈ ( ਸੁਖਜੀਤ ਭਾਟੀਆ )ਸਵਰਾਜ ਮਾਜ਼ਦਾ ਫੈਕਟਰੀ ਦੇ ਕੱਚੇ ਵਰਕਰਾਂ ਨੇ ਆਪਣੀਆਂ ਮੰਗਾਂ ਨੂੰ ਲੈ ਕੇ ਫੈਕਟਰੀ ਦੇ ਗੇਟ ਅੱਗੇ ਧਰਨਾ ਦੂਸਰੇ ਦਿਨ ਵਿੱਚ ਦਾਖਲ ।ਹੋਈਆਂ ਕੱਚੇ ਵਰਕਰਾਂ ਵੱਲੋਂ ਅੱਜ ਫਿਰ ਫੈਕਟਰੀ ਦੇ ਅਧਿਕਾਰੀਆਂ ਦੇ ਖਿਲਾਫ ਆਪਣੀਆਂ ਮੰਗਾਂ ਨੂੰ ਲੈ ਕੇ ਜੰਮ ਕੇ ਨਾਅਰੇਬਾਜ਼ੀ ਕੀਤੀ ਇਸ ਮੌਕੇ ਸਰਵਾਜ਼ ਮਾਜ਼ਦਾ ਫੈਕਟਰੀ ਦੇ ਕੱਚੇ ਤੌਰ ਤੇ ਕੰਮ ਕਰਨ ਵਾਲੇ ਵਰਕਰਾਂ ਦੇ ਹੱਕ ਵਿੱਚ ਉੱਘੇ ਸਮਾਜ ਸੇਵੀ ਸੁਰਿੰਦਰ ਸ਼ਿੰਦਾ ਪ੍ਰਧਾਨ ਰੈਲਮਾਜਰਾ ਹੱਕ ਵਿੱਚ ਆਏ ਅਤੇ ਉਨ੍ਹਾਂ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਹੋਏ ਦੱਸਿਆ ਕਿ ਇਹ ਨੌਜਵਾਨ ਪਿਛਲੇ ਲੰਮੇ ਸਮੇਂ ਤੋਂ ਫੈਕਟਰੀ ਵਿੱਚ ਕੰਮ ਕਰਦੇ ਆ ਰਹੇ। ਪਰ ਫੈਕਟਰੀ ਦੇ ਉੱਚ ਅਧਿਕਾਰੀਆਂ ਵੱਲੋਂ ਸਾਨੂੰ ਠੇਕੇਦਾਰੀ ਸਿਸਟਮ ਤਹਿਤ ਹੀ ਡਿਊਟੀ ਤੇ ਰੱਖਿਆ ਜਾਂਦਾ ਹੈ। ਪਰ ਕੁੱਝ ਕੁ ਸਮਾਂ ਕੰਮ ਕਰਨ ਤੋਂ ਬਾਅਦ ਉਹਨਾਂ ਦੀ ਡਿਊਟੀ ਦੀ ਬ੍ਰੇਕ ਪਾ ਦਿੱਤੀ ਜਾਂਦੀ ਹੈ। ਜੋ ਕਿ ਸਰਾਸਰ ਗਲਤ ਹੈ।

## ਰਾਜੀਵ ਸ਼ਰਮਾ ਦੇ ਗ੍ਰਹਿ ਵਿਖੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਪਹੁੰਚੇ



ਫਤਿਹਗੜ੍ਹ ਚੂੜੀਆਂ 3 ਜੁਲਾਈ ( ਰਾਜਨ ਸ਼ਰਮਾ ) ਫਤਿਹਗੜ੍ਹ ਚੂੜੀਆਂ ਵਿਖੇ ਰਾਜੀਵ ਸ਼ਰਮਾ ਦੇ ਗ੍ਰਹਿ ਵਿਖੇ ਆਮ ਆਦਮੀ ਪਾਰਟੀ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਵਿਸ਼ੇਸ਼ ਤੌਰ ਤੇ ਪਹੁੰਚੇ । ਇਮਪਰੂਵਮੈਂਟ ਟਰਸਟ ਦੇ ਚੇਅਰਮੈਨ , ਅਤੇ ਲੋਕ ਸਭਾ ਇੰਚਾਰਜ ਰਜੀਵ ਸ਼ਰਮਾ ਨੇ ਜ਼ਿਲਾ ਪ੍ਰਧਾਨ ਜੋਬਨ ਰੰਧਾਵਾ ਦਾ ਆਪਣੇ ਗ੍ਰਹਿ ਵਿਖੇ ਪਹੁੰਚਣ ਤੇ ਨਿੱਘਾ ਸਵਾਗਤ ਕੀਤਾ। ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਚੇਅਰਮੈਨ ਰਜੀਵ ਸ਼ਰਮਾ ਅਤੇ ਜ਼ਿਲ੍ਹਾ ਪ੍ਰਧਾਨ ਜੋਬਨ ਰੰਧਾਵਾ ਨੇ ਕਿਹਾ ਕਿ ਉਹ ਆਮ ਆਦਮੀ ਪਾਰਟੀ ਦੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦੇ ਹਨ ਜਿਨਾਂ ਨੇ ਨਿਮਾਣੇ ਜਿਹੇ ਵਲੰਟੀਅਰ ਨੂੰ ਜ਼ਿਲ੍ਹੇ ਦੀ ਜ਼ਿੰਮੇਵਾਰੀ ਦਿੱਤੀ ਹੈ ।ਉਨਾਂ ਕਿਹਾ ਕਿ ਵਲੰਟੀਅਰ ਪਾਰਟੀ ਦੀ ਰੀੜ ਦੀ ਹੱਡੀ ਹਨ ਅਤੇ ਮਿਹਨਤ ਤੇ ਲਗਨ ਨਾਲ ਕੰਮ ਕਰਨ ਵਾਲੇ ਵਲੰਟੀਅਰ ਦਾ ਪਾਰਟੀ ਵਲੋਂ ਪੂਰਾ ਮਾਣ ਸਤਿਕਾਰ ਕੀਤਾ ਜਾਂਦਾ ਹੈ ।ਆਖਿਰ ਵਿੱਚ ਚੇਅਰਮੈਨ ਰਜੀਵ ਸ਼ਰਮਾ ਨੇ ਨਵ ਨਿਯੁਕਤ ਜ਼ਿਲਾ ਪ੍ਰਧਾਨ ਜੋਬਨ ਰੰਧਾਵਾ ਜੀ ਨੂੰ ਉਹਨਾਂ ਦੇ ਗ੍ਰਹਿ ਵਿਖੇ ਪਹੁੰਚਣ ਤੇ ਤਹਿ ਦਿਲ ਤੋਂ ਧੰਨਵਾਦ ਕੀਤਾ।

## ਸੰਸਦ ਸੁਰੱਖਿਆ ਉਲੰਘਣਾ ਮਾਮਲੇ ਵਿੱਚ 2 ਦੋਸ਼ੀਆਂ ਨੂੰ ਜ਼ਮਾਨਤ

ਜੀਂਦ, 3 ਜੁਲਾਈ : ਦਿੱਲੀ ਹਾਈ ਕੋਰਟ ਨੇ ਬੁੱਧਵਾਰ ਨੂੰ 2023 ਦੇ ਸੰਸਦ ਸੁਰੱਖਿਆ ਉਲੰਘਣਾ ਮਾਮਲੇ ਦੇ ਦੋ ਦੋਸ਼ੀ ਨੀਲਮ ਰਣੋਲੀਆ ਉਰਫ਼ ਆਜ਼ਾਦ ਅਤੇ ਮਹੇਸ਼ ਕੁਮਾਵਤ ਨੂੰ ਜ਼ਮਾਨਤ ਦੇ ਦਿੱਤੀ। ਉਹ ਡੇਢ ਸਾਲ ਤੋਂ ਵੱਧ ਸਮੇਂ ਤੋਂ ਜੇਲ੍ਹ ਵਿੱਚ ਹਨ। ਜਸਟਿਸ ਸੁਬਰਾਮਨੀਅਮ ਪ੍ਰਸਾਦ ਅਤੇ ਹਰੀਸ਼ ਵੈਦਿਆਨਾਥਨ ਸ਼ੰਕਰ ਦੇ ਡਿਵੀਜ਼ਨ ਬੈਂਚ ਨੇ ਗੈਰ-ਕਾਨੂੰਨੀ ਗਤੀਵਿਧੀਆਂ (ਰੋਕਥਾਮ) ਐਕਟ ਜਾਂ "1♦1 ਦੇ ਤਹਿਤ ਦੋਸ਼ਾਂ ਦਾ ਸਾਹਮਣਾ ਕਰ ਰਹੇ ਰਣੋਲੀਆ ਅਤੇ ਕੁਮਾਵਤ ਨੂੰ ਇਸ ਸ਼ਰਤ 'ਤੇ ਰਾਹਤ ਦਿੱਤੀ ਕਿ ਉਹ ਇੰਟਰਵਿਊ ਨਹੀਂ ਦੇਣਗੇ, ਪ੍ਰੈਸ ਕਾਨਫਰੰਸਾਂ ਵਿੱਚ ਸ਼ਾਮਲ ਨਹੀਂ ਹੋਣਗੇ, ਜਾਂ ਸੋਸ਼ਲ ਮੀਡੀਆ 'ਤੇ ਪੋਸਟ ਨਹੀਂ ਭੇਜਣਗੇ, ਅਤੇ ਹਫ਼ਤੇ ਵਿੱਚ ਤਿੰਨ ਵਾਰ ਆਪਣੇ ਸਥਾਨਕ ਪੁਲਿਸ ਸਟੇਸ਼ਨ ਵਿੱਚ ਰਿਪੋਰਟ ਕਰਨਗੇ। ਉਨ੍ਹਾਂ ਨੂੰ ਦਿੱਲੀ ਨਾ ਛੱਡਣ ਦਾ ਵੀ ਨਿਰਦੇਸ਼ ਦਿੱਤਾ ਗਿਆ ਸੀ। ਚਾਰ ਹੋਰ ਦੋਸ਼ੀਆਂ 'ਤੇ ਵੀ ਮਾਮਲਾ ਦਰਜ਼ ਹੈ।

## ਯੂਥ ਨੂੰ ਖੇਡ ਕਿੱਟਾਂ ਵੰਡੀਆਂ ਗਈਆਂ



ਗੁਰਦਾਸਪੁਰ 3 ਜੁਲਾਈ ( ਜਸਵਿੰਦਰ ਸਿੰਘ ) ਆਮ ਆਦਮੀ ਪਾਰਟੀ ਸਮਸ਼ੇਰ ਸਿੰਘ ਹਲਕਾ ਇੰਚਾਰਜ ਦੀਨਾਨਗਰ ਵੱਲੋਂ ਨਵਾਂ ਪਿੰਡ ਬਹਾਦੁਰ ਦੇ ਯੂਥ ਨੂੰ ਕ੍ਰਿਕਟ ਕਿੱਟਾ ਵੰਡੀਆਂ ਗਈਆਂ ਤੇ ਯੂਥ ਨੂੰ ਨਸ਼ਿਆਂ ਦੂਰ ਰਹਿਣ ਲਈ ਪ$ਰੇਰਿਤ ਕੀਤਾ ਗਿਆ ਤੇ ਇਸ ਮੌਕੇ ਗ੍ਰਾਮ ਪੰਚਾਇਤ ਨਵਾਂ ਪਿੰਡ ਬਹਾਦਰ ਸਰਪੰਚ ਅਤੇ ਸਰਕਲ ਪ੍ਰਧਾਨ ਸੁਰਿੰਦਰ ਸਿੰਘ -( ਜੱਜ ) ਸਮੂਹ ਪੰਚਾਇਤ ਵੱਲੋਂ ਵਾਲੀਵਾਲ ਕਿੱਟ ਤੇ ਕ੍ਰਿਕਟ ਕਿੱਟਾਂ ਵੰਡੀਆਂ ਗਈਆ ਇਸ ਮੌਕੇ ਤੇ ਬਲਕਾਰ ਸਿੰਘ ਮੈਂਬਰ ਪੰਚਾਇਤ,ਲਖਵਿੰਦਰ ਸਿੰਘ ਮੈਂਬਰ ਪੰਚਾਇਤ,ਹਰਜਿੰਦਰ ਕੋਰ ਮੈਂਬਰ ਪੰਚਾਇਤ, ਮਨਿੰਦਰ ਸਿੰਘ ਮੈਂਬਰ ਪੰਚਾਇਤ, ਸਾਹਿਬ,ਪਰਮ, ਸਰਨ, ਅੰਕੁਸ਼, ਮੰਨਾ, ਕੱਟੂ, ਅੰਮ੍ਰਿਤ, ਸੰਨੀ ਸੀਮਿੰਟ ਸਟੋਰ, ਰਿਨਕੂ ਮੀਤ ਪ੍ਰਧਾਨ, ਸਾਰੇ ਮੌਕੇ ਤੇ ਹਾਜ਼ਰ ਸਨ ਸ਼ਮਸ਼ੇਰ ਸਿੰਘ ਵੱਲੋਂ ਲੋਕਾਂ ਪੰਜਾਬ ਦੀ ਇਸ ਪਵਿੱਤਰ ਧਰਤੀ ਨੂੰ ਨਸ਼ਾ ਮੁਕਤ ਬਨਾਉਣ ਲਈ ਅਤੇ ਆਮ ਲੋਕਾਂ ਦੇ ਸਹਿਯੋਗ ਦੀ ਲੋੜ ਹੈ। ਸਮਾਜ ਵਿੱਚ ਕੋਹੜ ਵਾਂਗ ਫੈਲ ਚੁੱਕੇ ਇਸ ਰੋਗ ਨੂੰ ਜੜ੍ਹੋਂ ਖਤਮ ਕਰਨ ਲਈ ਸਾਰੇ ਲੋਕਾਂ ਨੂੰ ਇਸ ਯੁੱਧ ਵਿੱਚ ਅਪਣਾ ਸਹਿਯੋਗ ਦੇਣਾ ਚਾਹੀਦਾ ਹੈ ਤਾਂ ਜੋ ਸਾਡਾ ਪੰਜਾਬ ਇਕ ਵਾਰ ਮੁੜ ਤੋਂ ਹੱਸਦਾ ਖੇਡਦਾ ਰੰਗਲਾ ਪੰਜਾਬ ਬਣ ਸਕੇ ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤੀ ਗਈ ਇਸ ਮੁਹਿੰਮ ਵਿੱਚ ਹੁਣ ਤੱਕ ਜਿੱਥੇ 12 ਹਜਾਰ ਦੇ ਕਰੀਬ ਨਸ਼ਾ ਤਸਕਰਾਂ ਨੂੰ ਫੜਿਆ ਜਾ ਚੁੱਕਾ ਹੈ ਅਤੇ ਨਸ਼ਾ ਤਸਕਰਾਂ ਦੀਆਂ ਗੈਰ ਕਾਨੂੰਨੀ ਜਾਇਦਾਦਾਂ ਨੂੰ ਪੰਜਾਬ ਸਰਕਾਰ ਵੱਲੋਂ ਬੁਲਡੋਜ਼ਰ ਫੇਰ ਕੇ ਢਹਿ ਢੇਰੀ ਕੀਤਾ ਜਾ ਰਿਹਾ ਹੈ। ਉੱਥੇ ਪੰਜਾਬ ਸਰਕਾਰ ਵੱਲੋਂ ਨਸ਼ੇ ਦੀ ਦਲਦਲ ਵਿੱਚ ਫਸੇ ਨੌਜਵਾਨਾਂ ਨੂੰ ਨਸ਼ੇ ਤੋਂ ਛੁਟਕਾਰਾ ਦਿਵਾਉਣ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਗਏ ਹਨ। ਉਹਨਾਂ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਨਸ਼ੇ ਦੇ ਚੁੰਗਲ ਵਿੱਚ ਫਸੇ ਨੌਜਵਾਨਾਂ ਨੂੰ ਪ੍ਰੇਰਿਤ ਕਰਕੇ ਨਸ਼ਾ ਛੁਡਾਊ ਇਲਾਜ ਕੇਂਦਰਾਂ ਤੱਕ ਲਿਆਂਦਾ ਜਾਵੇ। ਜਿਨ੍ਹਾਂ ਨੂੰ ਬਾਅਦ ਵਿੱਚ ਹੁਨਰ ਸਿਖਲਾਈ ਕਰਵਾ ਕੇ ਰੁਜਗਾਰ ਨਾਲ ਜੋੜਿਆ ਜਾਵੇਗਾ ਉਹਨਾਂ ਨੇ ਪਿੰਡ ਵਾਸੀਆਂ ਨੂੰ ਅਪੀਲ ਕੀਤੀ ਕਿ ਆਪਣੇ ਬੱਚਿਆਂ ਨੂੰ ਖੇਡਾਂ ਨਾਲ ਜੋੜੀਆਂ ਜਾਵੇ

## ਈ ਟੀ ਓ ਵੱਲੋਂ ਜੰਡਿਆਲਾ ਗੁਰੂ ਵਿਖੇ ਤਿੰਨ ਸਕੂਲਾਂ ਵਿੱਚ ਕੀਤੇ ਜਾਣ ਵਾਲੇ ਕਾਰਜਾਂ ਦੇ ਰੱਖੇ ਨੀਂਹ ਪੱਥਰ



ਅੰਮ੍ਰਿਤਸਰ, 3 ਜੁਲਾਈ (ਗੁਰਦਿਆਲ ਸਿੰਘ) : ਕੈਬਨਿਟ ਮੰਤਰੀ ਸ ਹਰਭਜਨ ਸਿੰਘ ਈਟੀਓ ਨੇ ਅੱਜ ਆਪਣੇ ਹਲਕੇ ਜੰਡਿਆਲਾ ਗੁਰੂ ਵਿੱਚ ਤਿੰਨ ਸਕੂਲਾਂ ਵਿੱਚ 1 ਕਰੋੜ 16 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਜਾਣ ਵਾਲੇ ਵਿਕਾਸ ਕਾਰਜਾਂ ਦੇ ਨੀਂਹ ਪੱਥਰ ਰੱਖੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਰਕਾਰੀ ਸਕੂਲਾਂ ਵਿੱਚ ਬੱਚਿਆਂ ਨੂੰ ਮਿਆਰੀ ਸਿਖਿਆ ਪ੍ਰਦਾਨ ਕਰਵਾਉਣ ਲਈ ਵਚਨਬੱਧ ਹੈ ਅਤੇ ਉਸੇ ਹੀ ਲੜੀ ਤਹਿਤ ਸਰਕਾਰੀ ਸਕੂਲਾਂ ਵਿੱਚ ਵਿਕਾਸ ਕਰਜਾ ਆਰੰਭੇ ਜਾ ਰਹੇ ਹਨ। ਸ੍ ਈ:ਟੀ:ਓ ਨੇ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬੰਡਾਲਾ ਹਲਕਾ ਜੰਡਿਆਲਾ ਗੁਰੂ ਵਿਖੇ ਮਿਡ ਡੇ ਮੀਲ ਸੈਡ ਦੀ ਨਵੀਂ ਉਸਾਰੀ ਦਾ ਨੀਂਹ ਪੱਥਰ ਰੱਖਦਿਆਂ ਦੱਸਿਆ ਕਿ ਇਸ ਸ਼ੈਡ ਤੇ 27.32 ਲੱਖ ਰੁਪਏ ਦੀ ਲਾਗਤ ਆਵੇਗੀ ਅਤੇ ਇਸ ਕੰਮ ਆਉਦੇ ਚਾਰ ਮਹੀਨਿਆਂ ਵਿੱਚ ਪੂਰਾ ਕੀਤਾ ਜਾਵੇਗਾ। ਉਨ੍ਹਾਂ ਨੇ ਇਸ ਉਪਰੰਤ ਸਰਕਾਰੀ ਐਲੀਮੈਂਟਰੀ ਸਕੂਲ ਅਮਰਕੋਟ ਦੀ ਮੇਜਰ ਰਿਪੇਅਰ ਦੇ ਕੰਮਾਂ ਦਾ ਉਦਘਾਟਨ ਕੀਤਾ। ਇਸ ਸਕੂਲ ਵਿੱਚ 2 ਨਵੇਂ ਕਲਾਸ ਰੂਮ, ਬਰਾਂਡੇ ਦੀ ਉਸਾਰੀ ਅਤੇ ਵਾਸ਼ਰੂਮਾਂ ਦੀ ਰਿਪੇਅਰ ਵੀ ਕੀਤੀ ਜਾਵੇਗੀ ਜਿਸ ਤੇ 27.76 ਲੱਖ ਰੁਪਏ ਖਰਚ ਹੋਣਗੇ। ਲੋਕ ਨਿਰਮਾਣ ਮੰਤਰੀ ਵੱਲੋਂ ਜੰਡਿਆਲਾ ਗੁਰੂ ਦੇ ਸਰਕਾਰੀ ਐਲੀਮੈਂਟਰੀ ਸਕੂਲ ਲੜਕੇ, ਬਲਾਕ ਜੰਡਿਆਲਾ ਗੁਰੂ ਦੀ ਮੁਰੰਮਤ ਦਾ ਨੀਂਹ ਪੱਥਰ ਵੀ ਰੱਖਿਆ ਗਿਆ। ਉਨ੍ਹਾਂ ਦੱਸਿਆ ਕਿ ਇਸ ਸਕੂਲ ਵਿੱਚ ਕਲਾਸ ਰੂਮਾਂ ਤੇ ਵਾਸ਼ਰੂਮਾਂ ਦੀ ਮੇਜਰ ਮੁਰੰਮਤ ਤੋਂ ਇਲਾਵਾ ਇੰਟਰਲਾਕ ਟਾਇਲਾਂ ਦਾ ਕੰਮ ਵੀ ਕੀਤਾ ਜਾਵੇਗਾ ਜਿਸ ਤੇ 60.80 ਲੱਖ ਰੁਪਏ ਦੀ ਲਾਗਤ ਆਵੇਗੀ ਅਤੇ ਇਸ ਕੰਮ ਨੂੰ ਵੀ ਆਉਂਦੇ ਚਾਰ ਮਹੀਨਿਆਂ ਵਿੱਚ ਪੂਰਾ ਕੀਤਾ ਜਾਵੇਗਾ। ਸ੍ ਈ:ਟੀ:ਓ ਨੇ ਸਬੰਧਤ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸਾਰੇ ਵਿਕਾਸ ਕਾਰਜ ਗੁਣਵੱਤਾ ਭਰਪੂਰ ਹੋਣੇ ਚਾਹੀਦੇ ਹਨ ਅਤੇ ਗੁਣਵੱਤਾ ਨਾਲ ਕਿਸੇ ਤਰ੍ਹਾਂ ਦਾ ਸਮਝੌਤਾ ਨਹੀਂ ਕੀਤਾ ਜਾਵੇਗਾ। ਉਹਨਾਂ ਨੇ ਕਿਹਾ ਕਿ ਸਕੂਲ ਬੱਚਿਆਂ ਦੇ ਭਵਿੱਖ ਨਾਲ ਜੁੜੇ ਹੋਏ ਹਨ ਅਤੇ ਇਹਨਾਂ ਸਕੂਲਾਂ ਨੂੰ ਬਿਹਤਰ ਬਣਾਉਣਾ ਸਾਡੀ ਸਰਕਾਰ ਦੀ ਪਹਿਲੀ ਤਰਜੀਹ ਹੈ, ਤਾਂ ਜੋ ਇੱਥੇ ਪੜ੍ਹਨ ਆਉਣ ਵਾਲੇ ਬੱਚੇ ਸੋਹਣੇ ਮਾਹੌਲ ਵਿੱਚ ਚੰਗੀ ਵਿਦਿਆ ਹਾਸਿਲ ਕਰਨ। ਉਹਨਾਂ ਕਿਹਾ ਕਿ ਸਕੂਲਾਂ ਵਿੱਚ ਇਮਾਰਤਾਂ ਦੇ ਨਾਲ ਨਾਲ ਬਿਹਤਰ ਸਟਾਫ ਵੀ ਭਰਤੀ ਕੀਤਾ ਗਿਆ ਹੈ ਤਾਂ ਜੋ ਸਾਡੇ ਬੱਚੇ ਚੰਗੇ ਨਾਗਰਿਕ ਬਣ ਸਕਣ। ਉਹਨਾਂ ਇਸ ਮੌਕੇ ਪਿੰਡ ਦੇ ਮੋਹਤਬਾਰਾਂ, ਸਰਪੰਚਾਂ, ਅਹੁਦੇਦਾਰਾਂ, ਬੱਚਿਆਂ ਦੇ ਮਾਤਾ ਪਿਤਾ ਨੂੰ ਸਿੱਖਿਆ ਉੱਤੇ ਵੱਧ ਤੋਂ ਵੱਧ ਧਿਆਨ ਦੇਣ ਲਈ ਅਪੀਲ ਕੀਤੀ।

### ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਕਰਨ ਲਈ ਖੇਡਾਂ ਨਾਲ ਜੋੜਨਾ ਜ਼ਰੂਰੀ: ਗੁਪਤਾ

ਅੰਮ੍ਰਿਤਸਰ, 3 ਜੁਲਾਈ (ਗੁਰਦਿਆਲ ਸਿੰਘ): ਮੁੱਖ ਮੰਤਰੀ ਪੰਜਾਬ ਸ੍ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੀ ਸ਼ੁਰੂਆਤ ਕੀਤੀ ਹੈ, ਉਸ ਨੂੰ ਵੱਡਾ ਹੁੰਗਾਰਾ ਮਿਲ ਰਿਹਾ ਹੈ ਅਤੇ ਲੋਕ ਨਸ਼ਿਆਂ ਵਿਰੁੱਧ ਖੁਲ ਕੇ ਬਾਹਰ ਆਏ ਹਨ ਅਤੇ ਨਸ਼ਾ ਵੇਚਣ ਵਾਲਿਆਂ ਦੀ ਸੂਚਨਾ ਪੁਲਿਸ ਨੂੰ ਸਾਂਝੀ ਕਰ ਰਹੇ ਹਨ। ਇਨ੍ਹਾਂ ਸ਼ਬਦਾ ਦਾ ਪ੍ਰਗਟਾਵਾ ਹਲਕਾ ਕੇਂਦਰੀ ਦੇ ਵਿਧਾਇਕ ਡਾ: ਅਜੈ ਗੁਪਤਾ ਨੇ ਪਿੰਡ ਕੀਰਤਨ ਗੜ੍ਹ ਵਿੱਚ ਸਕੂਲੀ ਬੱਚਿਆਂ ਨੂੰ 100 ਖੇਡ ਕਿੱਟਾਂ ਵੰਡਦੇ ਸਮੇਂ ਕੀਤਾ। ਵਿਧਾਇਕ ਡਾ. ਗੁਪਤਾ ਨੇ ਕਿਹਾ ਕਿ ਹਾਲ ਹੀ ਵਿੱਚ ਇਸ ਪਿੰਡ ਵਿੱਚ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ ਗਈ ਹੈ। ਜਿਸ 'ਤੇ ਪਿੰਡ ਦੇ ਲੋਕਾਂ ਨੇ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਦੀ ਮੰਗ ਕੀਤੀ ਸੀ। ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਖੇਡਾਂ ਨਾਲ ਜੋੜਨ ਲਈ ਇਸ ਪਿੰਡ ਵਿੱਚ ਇੱਕ ਗਰਾਊਂਡ ਸਾਫ਼ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਬੱਚਿਆਂ ਦੀ ਖੇਡਾਂ ਵਿੱਚ ਦਿਲਚਸਪੀ ਵਧਾਉਣ ਲਈ ਡਿਪਟੀ ਕਮਿਸ਼ਨਰ ਸ਼$ਰੀਮਤੀ ਸਾਕਸ਼ੀ ਸਾਹਨੀ ਵੱਲੋਂ 100 ਖੇਡ ਕਿੱਟਾਂ ਉਪਲਬਧ ਕਰਵਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਅੱਜ ਪਿੰਡ ਕੀਰਤਨ ਗੜ੍ਹ ਵਿੱਚ 100 ਬੱਚਿਆਂ ਨੂੰ ਕਿੱਟਾਂ ਵੰਡੀਆਂ ਗਈਆਂ ਹਨ।

## ਐਮ.ਟੀ.ਪੀ. ਵਿਭਾਗ ਵਲੋਂ ਕੁਵੀਨਜ ਰੋਡ ਵਿਖੇ ਨਜਾਇਜ ਉਸਾਰੀ ਵਿਰੁੱਧ ਕੀਤੀ ਗਈ ਵੱਡੀ ਕਾਰਵਾਈ

ਅੰਮ੍ਰਿਤਸਰ 3 ਜੁਲਾਈ (ਚ.ਨ.ਸ.) ਅੱਜਕਮਿਸ਼ਨਰ ਗੁਲਪ੍ਰੀਤ ਸਿੰਘ ਔਲਖ ਦੇ ਦਿਸ਼ਾ-ਨਿਰਦੇਸ਼ਾ ਤੇ ਨਜਾਇਜ ਉਸਾਰੀਆਂ ਵਿੱਰੁਧ ਕਾਰਵਾਈ ਕਰਦੇ ਹੋਏ ਨਗਰ ਨਿਗਮ ਦੇ ਐਮ.ਟੀ.ਪੀ ਵਿਭਾਗ ਵਲੋਂ ਕੁਵੀਨਜ ਰੋਡ ਐਲੇਕਜੈਂਡਰਾ ਸਕੂਲ ਦੇ ਸਾਹਮਣੇ ਕੀਤੀ ਜਾ ਰਹੀ ਨਜਾਇਜ ਉਸਾਰੀ ਨੂੰ ਤੋੜ ਕੇ ਸੀਲ ਕੀਤਾ ਗਿਆ। ਅੱਜ ਦੀ ਇਹ ਕਾਰਵਾਈ ਏ.ਟੀ.ਪੀ ਪਰਮਿੰਦਰਜੀਤ ਸਿੰਘ ਬਿਲਡਿੰਗ ਇੰਸਪੈਕਟਰ ਮੁਨੀਸ਼ ਅਰੋੜਾ ਅਤੇ ਕਰਮਚਾਰੀਆਂ ਵਲੋਂ ਅਮਲ ਵਿੱਚ ਲਿਆਂਦੀ ਗਈ ।ਕਮਿਸ਼ਨਰ ਗੁਲਪ੍ਰੀਤ ਸਿੰਘ ਨੇ ਦਸਿਆ ਕਿ ਨਗਰ ਨਿਗਮ, ਅੰਮ੍ਰਿਤਸਰ ਵਲੋਂ ਸ਼ਹਿਰ ਵਿੱਚ ਨਜਾਇਜ ਉਸਾਰੀ ਨੂੰ ਰੋਕਣ ਲਈ ਹਰ ਸਭੰਵ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਐਮ.ਟੀ.ਪੀ ਵਿਭਾਗ ਨੂੰ ਹਦਾਇਤਾਂ ਕੀਤੀਆਂ ਗਈਆਂ ਹਨ ਕਿ ਹਰ ਇਕ ਨਜਾਇਜ ਬਿਲਡਿੰਗ ਨੂੰ ਬਕਾਇਦਾ ਨੋਟਿਸ ਦਿਤਾ ਜਾਵੇ ਅਤੇ ਜੇਕਰ ਚੇਤਾਵਨੀ ਦੇਣ ਦੇ ਬਾਵਜੂਦ ਉਸਾਰੀਕਰਤਾ ਵਲੋਂ ਨਿਯਮਾਂ ਦੀ ਉਲਘਣਾ ਕੀਤੀ ਜਾਂਦੀ ਹੈ ਤਾਂ ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇ। ਉਹਨਾਂ ਕਿਹਾ ਕਿ ਅੱਜ ਕੁਵੀਨਜ ਰੋਡ ਸਾਹਮਣੇ ਅਲੈਕਜੰਡਰਾ ਸਕੂਲ ਵਿੱਖੇ ਕੀਤੀ ਜਾ ਰਹੀ ਨਜਾਇਜ ਉਸਾਰੀ ਵਿਰੁੱਧ ਐਮ.ਟੀ.ਪੀ ਵਿਭਾਗ ਵਲੋ ਢਹਾਉਣ ਦੀ ਕਾਰਵਾਈ ਕੀਤੀ ਗਈ ਹੈ। ਉਹਨਾਂ ਕਿਹਾ ਕਿ ਇਸ ਨਜਾਇਜ ਉਸਾਰੀ ਲਈ ਵਿਭਾਗ ਵਲੋਂ ਪਹਿਲਾ ਹੀ ਨੋਟਿਸ ਦਿਤੇ ਗਏ ਸਨ ਅਤੇ ਇਕ ਮਹੀਨਾ ਪਹਿਲੇ ਵੀ ਇਸ ਬਿਲਡਿੰਗ ਨੂੰ ਤੋੜਿਆ ਗਿਆ ਸੀ ਪਰ ਉਸਾਰੀਕਰਤਾ ਵਲੋਂ ਬਿਨਾ ਪਰਵਾਹ ਕੀਤੇ ਲਗਾਤਾਰ ਬਿਲਡਿੰਗ ਦੀ ਉਸਾਰੀ ਕੀਤੀ ਜਾ ਰਹੀ ਸੀ। ਜਿਸ ਕਰਕੇ ਅਜ ਇਹ ਕਾਰਵਾਈ ਅਮਲ ਵਿੱਚ ਲਿਆਂਦੀ ਗਈ ਹੈ ਕਮਿਸ਼ਨਰ ਨੇ ਕਿਹਾ ਕਿ ਕੋਈ ਵੀ ਬਿਲਡਿੰਗ ਦੀ ਉਸਾਰੀ ਤੋ ਪਹਿਲਾ ਨਗਰ ਨਿਗਮ ਪਾਸੋ ਨਕਸ਼ਾ ਪਾਸ ਕਰਵਾਉਣਾ ਲਾਜਮੀ ਹੈ ਅਤੇ ਨਿਯਮਾ ਦੀ ਉਲਘੰਣਾ ਕਰਨ ਵਾਲੇ ਵਿਰੁੱਧ ਸਖਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ ।

## ਮਹਿਤਾ ਵਿਖੇ ਬਾਬਾ ਦੂਲੋ ਕਰੀਮ ਸ਼ਾਹ ਦਾ ਸਲਾਨਾ ਜੋੜ ਮੇਲਾ 6 ਨੂੰ



ਚੌਂਕ ਮਹਿਤਾ,3ਜੁਲਾਈ(ਬਲਜਿੰਦਰ ਸਿੰਘ ਰੰਧਾਵਾ)- ਪਿੰਡ ਮਹਿਤਾ ਵਿਖੇ ਦਰਗਾਹ ਬਾਬਾ ਦੂਲੋ ਕਰੀਮ ਸ਼ਾਹ 'ਤੇ ਸਲਾਨਾ ਜੋੜ ਮੇਲਾ ਇਸ ਵਾਰ 6 ਜੁਲਾਈ ਨੂੰ ਮਨਾਇਆ ਜਾ ਰਿਹਾ ਹੈ। ਐੱਨ.ਆਰ.ਆਈ ਵੀਰਾਂ ਤੇ ਨਗਰ ਨਿਵਾਸੀਆਂ ਦੇ ਵੱਡੇ ਸਹਿਯੋਗ ਨਾਲ ਹੋ ਰਹੇ ਇਸ ਮੇਲੇ ਸਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਮੁੱਖ ਪ੍ਰਬੰਧਕ ਗੁਰਧਿਆਨ ਸਿੰਘ ਮਹਿਤਾ ਤੇ ਮਾ. ਤੇਜਿੰਦਰ ਸਿੰਘ ਤੋਂ ਇਲਾਵਾ ਇਲਾਵਾ ਕਮੇਟੀ ਵੱਲੋਂ ਪ੍ਰਧਾਨ ਕੁਲਬੀਰ ਸਿੰਘ ਉਦੋਨੰਗਲ, ਡਾ. ਸਕੱਤਰ ਸਿੰਘ ,ਪ੍ਰਿਤਪਾਲ ਸਿੰਘ ਤੇ ਪ੍ਰੇਮ ਸਿੰਘ ਨੇ ਦੱਸਿਆ ਕਿ 6 ਜੁਲਾਈ ਨੂੰ ਸੱਭਿਆਚਾਰਕ ਮੇਲਾ ਦੌਰਾਨ ਪੰਜਾਬ ਦੀ ਨਾਮਵਾਰ ਦੋਗਾਣਾ ਜੋੜੀ ਕਲਾਕਾਰ ਬਲਕਾਰ ਅਣਖੀਲਾ-ਮਨਜਿੰਦਰ ਗੁਲਸ਼ਨ ਤੇ ਸ਼ਮਸ਼ੇਰ ਚੀਨਾ-ਬੀਬਾ ਗੁਰਪ੍ਰੀਤ ਕੌਰ ਦੀ ਦਿਲਕਸ਼ ਗਾਇਕੀ ਦਾ ਖੁੱਲ੍ਹਾ ਅਖਾੜਾ ਲੱਗੇਗਾ ।ਇਸ ਦੌਰਾਨ ਮੁੱਖ ਸੇਵਾਦਾਰ ਬਾਬਾ ਭੋਲਾ ਵੱਲੋਂ ਦਰਗਾਹ 'ਤੇ ਚਾਦਰ ਚੜ੍ਹਾਉਣ ਦੀ ਰਸਮ ਪੂਰੀ ਕੀਤੀ ਜਾਵਗੀ ।ਪ੍ਰਬੰਧਕਾਂ ਨੇ ਕਿਹਾ ਕਿ ਮੇਲੇ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ ਤੇ ਦਰਸ਼ਕਾਂ ਦੀ ਵੱਡੀ ਆਮਦ ਨੂੰ ਦੇਖਦੇ ਹੋਏ ਖੁੱਲ੍ਹੇ ਪੰਡਾਲ ਲਗਾਏ ਜਾ ਰਹੇ ਹਨ ਤੇ ਸੰਗਤਾਂ ਲਈ ਲੰਗਰਾਂ ਤੇ ਛਬੀਲਾਂ ਦਾ ਪੂਰਾ ਪ੍ਰਬੰਧ ਕੀਤਾ ਗਿਆ ਹੈ ।ਉਨ੍ਹਾਂ ਕਿਹਾ ਕਿ ਇਸ ਦੌਰਾਨ ਬਹੁਤ ਸਾਰੀਆਂ ਸਮਾਜਿਕ ਤੇ ਰਾਜਨੀਤਿਕ ਸਖਸ਼ੀਅਤਾਂ ਵੀ ਹਾਜ਼ਰੀ ਭਰਨਗੀਆਂ,ਜਿੰਨ੍ਹਾਂ ਨੂੰ ਕਮੇਟੀ ਵੱਲੋਂ ਸਨਮਾਨਿਤ ਕੀਤਾ ਜਾਵੇਗਾ ।ਇਸ ਮੌਕੇ ਸਰਪੰਚ ਅਜੇ ਗਾਂਧੀ,ਮਨੋਜ ਤਨੇਜਾ,ਕੰਵਰਦੀਪ ਸਿੰਘ ਮਾਨ,ਹਰਜਿੰਦਰ ਸਿੰਘ ਨੰਗਲੀ,ਸੁਖਰਾਜ ਸਿੰਘ ਰਾਜੂ, ਰੂਬੀ ਟਕਾਪੁਰ,ਰਾਜਬੀਰ ਸਿੰਘ ਉਦੋਨੰਗਲ,ਜਤਿੰਦਰ ਸਿੰਘ ਲੱਧਾਮੁੰਡਾ,ਤੇਜਿੰਦਰਪਾਲ ਸਿੰਘ ਲਾਡੀ, ਰਣਜੀਤ ਸਿੰਘ ਫੌਜੀ,ਸੈਕਟਰੀ ਸ਼ਮਸ਼ੇਰ ਸਿੰਘ, ਗੁਰਵਿੰਦਰ ਸਿੰਘ ਸਰਪੰਚ ਰਣਜੀਤ ਸਿੰਘ, ਅਵਤਾਰ ਸਿੰਘ,ਦਵਿੰਦਰ ਸਿੰਘ ਭਾਊ,ਸੰਤੋਖ ਸਿੰਘ,ਮੈਂਬਰ ਤਰਲੋਕ ਸਿੰਘ ਤੇ ਸਤਨਾਮ ਸਿੰਘ ਬਿਜਲੀ ਬੋਰਡ ਆਦਿ ਮੌਜੂਦ ਸਨ।

## ਰੇਲਵੇ ਫਾਟਕ ਤੇ ਫਲਾਈ ਓਵਰ ਜਾਂ ਅੰਡਰ ਬਣਾਉਣ ਦੀ ਮੰਗ



ਬਟਾਲਾ, 3 ਜੁਲਾਈ (ਸੁਖਦੇਵ ਸਿੰਘ ਰੰਧਾਵਾ ਬਲਵੀਰ ਸੋਹਲ)- ਐਡਵੋਕੇਟ ਸਤਵਿੰਦਰ ਸਿੰਘ ਪਿੰਡ ਕੁਲਾਰ,ਹਲਕਾ ਫਤਿਹਗੜ ਚੂੜੀਆਂ ਵੱਲੋਂ ਨਿਮਨਹਸ਼ਤਖਸ਼ਰੀ ਰਾਹੀ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ, ਰੋਡ ਟਰਾਂਸਪੋਟਰ ਅਤੇ ਹਾਈਵੇਅ ਮੰਤਰੀ ਭਾਰਤ ਸਰਕਾਰ, ਰੇਲਵੇ ਮੰਤਰੀ ਭਾਰਤ ਸਰਕਾਰ ਅਤੇ ਮੁੱਖ ਮੰਤਰੀ ਪੰਜਾਬ ਨੂੰ ਸਿੱਧੀ ਚਿੱਠੀ ਅਤੇ ਨਾਲ ਦੇ ਨਾਲ ਗੁਰਦਾਸਪੁਰ ਦੇ ਡੀ.ਸੀ. ਰਾਹੀ ਚਿੱਠੀ ਲਿੱਖ ਕੇ ਬਟਾਲਾ ਤੋਂ ਫਤਿਹਗੜ ਚੂੜੀਆਂ ਨੂੰ ਜਾਣ ਵਾਲੇ ਰੋਡ ਨੰਬਰ ਜੀ ਓ ਡੀ ਆਰ 9 ਉਪਰ ਪੈਂਦੇ ਰੇਲਵੇ ਫਾਟਕ ਉਪਰ ਫਲਾਈ ਓਵਰ ਜਾਂ ਅੰਡਰ ਬਣਾਉਣ ਦੀ ਮੰਗ ਕੀਤੀ। ਫਤਿਹਗੜ ਚੂੜੀਆਂ ਨੂੰ ਬਟਾਲੇ ਤੋਂ ਜਾਣ ਵਾਸਤੇ ਇਹ ਇੱਕੋ-ਇੱਕ ਰਸਤਾ ਰਹਿ ਗਿਆ ਹੈ ਜਦਕਿ ਇਸ ਤੋਂ ਪਹਿਲਾਂ ਡੇਰਾ ਰੋਡ ਤੋਂ ਫਤਿਹਗੜ ਚੂੜੀਆਂ ਰੋਡ ਨਿਕਲਦਾ ਸੀ, ਜੋ ਵਿਭਾਗ ਦੀ ਅਣਦੇਖੀ ਕਾਰਨ ਡੇਰਾ ਰੋਡ ਪੁਲ ਬਣਨ ਵਾਲੇ ਬੰਦ ਕਰ ਦਿੱਤਾ ਗਿਆ ਜਦਕਿ ਅਗਰ ਉਸ ਵੇਲੇ ਅਗਰ ਕਿਸੇ ਲੀਡਰ ਨੇ ਡਿਮਾਂਡ ਕੀਤੀ ਹੁੰਦੀ ਤਾਂ ਡੇਰਾ ਰੋਡ ਤੇ ਬਣੇ ਪੁਲ ਤੋਂ ਇੱਕ ਪੁਲ ਫਤਿਹਗੜ ਚੂੜੀਆਂ ਨੂੰ ਉਤਾਰਿਆ ਜਾ ਸਕਦਾ ਸੀ। ਹੁਣ ਜੀ ਓ ਡੀ ਆਰ 9 ਦਾ ਫਾਟਕ ਜਿਆਦਾਤਰ ਬੰਦ ਹੋਣ ਕਾਰਨ ਫਤਿਹਗੜ ਚੂੜੀਆਂ ਅਤੇ ਇਸਦੇ ਨਾਲ ਲੱਗਦੇ ਕਰੀਬ 100 ਪਿੰਡਾਂ ਦੇ ਲੋਕਾਂ ਨੂੰ ਬਤੌਰ ਰਾਹਗੀਰ ਇਸ ਫਾਟਕ ਦੇ ਬੰਦ ਹੋਣ ਕਾਰਨ ਭਾਰੀ ਜਾਮ ਅਤੇ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ ਅਤੇ ਸਮਾਂ ਵੀ ਖਰਾਬ ਹੁੰਦਾ ਹੈ।

## ਜ਼ਿਲ੍ਹਾ ਪ੍ਰਸ਼ਾਸਨ ਨੇ ਅਣ-ਅਧਿਕਾਰਤ ਕਲੋਨੀਆਂ ਉੱਪਰ ਚਲਾਇਆ ਪੀਲਾ ਪੰਜਾ

### ਗੈਰ-ਮਨਜ਼ੂਰਸ਼ੁਦਾ ਕਲੋਨੀਆਂ ਵਿੱਚ ਲੋਕ ਪਲਾਟ ਬਿਲਕੁਲ ਨਾ ਖ਼ਰੀਦਣ - ਵਧੀਕ ਡਿਪਟੀ ਕਮਿਸ਼ਨਰ



ਗੁਰਦਾਸਪੁਰ, 3 ਜੁਲਾਈ ( ਜਗੀਰ ਸਿੰਘ ਮੰਡ) – ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਸ੍ਰੀ ਹਰਜਿੰਦਰ ਸਿੰਘ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅਣ-ਅਧਿਕਾਰਤ ਕਲੋਨੀਆਂ ਨੂੰ ਸਮੇਂ-ਸਮੇਂ ਤੇ ਪਾਪਰਾ ਐਕਟ 1995 ਦੀ ਉਲੰਘਣਾ ਤਹਿਤ ਨੋਟਿਸ ਜਾਰੀ ਕਰਕੇ ਕਾਰਵਾਈ ਕੀਤੀ ਜਾ ਰਹੀ ਹੈ। ਇਸੇ ਹੀ ਲੜੀ ਤਹਿਤ ਅੱਜ ਸ਼੍ਰੀ ਅਰੁਣ ਕੁਮਾਰ, ਡਿਊਟੀ ਮੈਜਿਸਟਰੇਟ ਦੀ ਨਿਗਰਾਨੀ ਹੇਠ ਸ੍ਰੀਮਤੀ ਗੀਤਿਕਾ ਅਰੋੜਾ ਜ਼ਿਲ੍ਹਾ ਨਗਰ ਯੋਜਨਾਕਾਰ, ਸ਼੍ਰੀ ਪੁਨੀਤ ਡਿਗਰਾ ਸਹਾਇਕ ਨਗਰ ਯੋਜਨਾਕਾਰ, ਸ਼੍ਰੀ ਪ੍ਰਭਜੋਤ ਸਿੰਘ ਸਹਾਇਕ ਨਗਰ ਯੋਜਨਾਕਾਰ, ਸ਼੍ਰੀ ਦਿਨੇਸ਼ ਕੁਮਾਰ ਜੂਨੀਅਰ ਇੰਜੀਨੀਅਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਰੈਗੂਲੇਟਰੀ ਟੀਮ ਵੱਲੋਂ ਵੱਡੀ ਕਾਰਵਾਈ ਕਰਦਿਆਂ ਪਿੰਡ ਬੱਬਰੀ, ਜੀਵਨਵਾਲ ਅਤੇ ਸੋਹਲ ਵਿਖੇ ਪਾਪਰਾ ਐਕਟ 1995 ਦੀ ਉਲੰਘਣਾ ਕਰਕੇ ਹੋਂਦ ਵਿੱਚ ਲਿਆਂਦੀਆਂ ਅਣ-ਅਧਿਕਾਰਤ ਕਲੋਨੀਆਂ ਨੂੰ ਢਾਹ ਦਿੱਤਾ ਗਿਆ ਹੈ ।ਵਧੀਕ ਡਿਪਟੀ ਕਮਿਸ਼ਨਰ (ਜ) ਸ੍ਰੀ ਹਰਜਿੰਦਰ ਸਿੰਘ ਨੇ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਵਿੱਖ ਦੇ ਵਿਕਾਸ ਨੂੰ ਨਿਯੰਤਰਨ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਪਿੰਡ ਬੱਬਰੀ, ਜੀਵਨਵਾਲ ਅਤੇ ਸੋਹਲ ਵਿਖੇ ਵਿਕਸਿਤ ਕੀਤੀਆਂ ਗਈਆਂ ਅਣ-ਅਧਿਕਾਰਤ ਕਲੋਨੀਆਂ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਕੇ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਹੈ, ਕਿਉਂਜੋ ਅਣ-ਅਧਿਕਾਰਤ ਕਲੋਨੀ ਦੇ ਮਾਲਕਾਂ ਵੱਲੋਂ ਸਰਕਾਰ ਦੀਆਂ ਹਦਾਇਤਾਂ ਦੀ ਪ੍ਰਵਾਹ ਨਾ ਕਰਦੇ ਹੋਏ ਸਰਕਾਰੀ ਨਿਯਮਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ।ਉਨ੍ਹਾਂ ਇਹ ਵੀ ਸਪਸ਼ਟ ਕੀਤਾ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਇਲਾਵਾ ਰੈਗੂਲੇਟਰੀ ਵਿੰਗ ਵੱਲੋਂ ਸਮੇਂ-ਸਮੇਂ ਤੇ ਜ਼ਿਲ੍ਹਾ ਗੁਰਦਾਸਪੁਰ ਅੰਦਰ ਵਿਕਸਿਤ ਕੀਤੀਆਂ ਜਾ ਰਹੀਆਂ ਅਣ-ਅਧਿਕਾਰਤ ਕਲੋਨੀਆਂ ਅਤੇ ਉਸਾਰੀਆਂ ਦਾ ਮੌਕਾ ਚੈੱਕ ਕਰਦੇ ਹੋਏ ਸਬੰਧਿਤ ਐਕਟ ਤਹਿਤ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਸਬੰਧਿਤ ਥਾਣਾ ਅਫ਼ਸਰ ਨੂੰ ਅਗਲੇਰੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ ।ਇਸ ਮੌਕੇ ਉਨ੍ਹਾਂ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਹ ਗੈਰ-ਕਨੂੰਨੀ ਕਲੋਨੀਆਂ ਜੋ ਕਿ ਸਰਕਾਰ ਤੋਂ ਮਨਜ਼ੂਰਸ਼ੁਦਾ ਨਹੀਂ ਹਨ, ਵਿੱਚ ਪਲਾਟ ਨਾ ਖ਼ਰੀਦਿਆ ਜਾਵੇ ਅਤੇ ਕਿਸੇ ਵੀ ਕਲੋਨੀ ਵਿੱਚ ਪਲਾਟ ਖ਼ਰੀਦਣ ਤੋਂ ਪਹਿਲਾਂ ਸਰਕਾਰ ਦੀ ਮਨਜ਼ੂਰੀ ਦੀ ਮੰਗ ਜ਼ਰੂਰ ਕਰਨ ਤਾਂ ਜੋ ਉਨ੍ਹਾਂ ਦੇ ਧਨ-ਮਾਲ ਦਾ ਨੁਕਸਾਨ ਨਾ ਹੋ ਸਕੇ ਅਤੇ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ ।ਇਸ ਤੋਂ ਇਲਾਵਾ ਪੁੱਡਾ ਦੇ ਖੇਤਰ ਵਿੱਚ 19 ਮਾਰਚ 2018 ਤੋਂ ਪਹਿਲਾਂ ਦੀਆਂ ਜੋ ਵੀ ਅਣ-ਅਧਿਕਾਰਤ ਕਲੋਨੀਆਂ ਅਪਲਾਈਡ ਹਨ, ਉਹ ਕਲੋਨਾਈਜ਼ਰ ਲੋੜੀਂਦੇ ਦਸਤਾਵੇਜ਼ ਜਮਾਂ ਕਰਵਾਉਂਦੇ ਹੋਏ ਤੁਰੰਤ ਆਪਣੀਆਂ ਕਲੋਨੀਆਂ ਨੂੰ ਰੈਗੂਲਰ ਕਰਵਾਉਣ, ਨਹੀਂ ਤਾਂ ਉਨ੍ਹਾਂ ਖ਼ ?ਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੀ ਕਲੋਨਾਈਜ਼ਰ, ਪ੍ਰਮੋਟਰ ਵਿਭਾਗ ਦੀ ਬਿਨਾਂ ਪ੍ਰਵਾਨਗੀ ਲਏ ਕੋਈ ਉਸਾਰੀ ਕਰਦਾ ਹੈ ਤਾਂ ਉਨ੍ਹਾਂ ਖ਼ ?ਲਾਫ਼ ਨਿਯਮਾਂ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ।

## ਮੰਦਰ ਵਿੱਚ ਗੱਲਾਂ ਚੋਰੀ ਕਰਨ ਵਾਲਿਆਂ ਨੂੰ ਜਲਦ ਕਾਬੂ ਕਰਨ ਦੀ ਮੰਗ



ਭੋਗਪੁਰ 3 ਜੁਲਾਈ(ਅਮਰਜੀਤ ਸਿੰਘ ਸੈਣੀ ਜੰਡੀਰ) ਕੁੱਝ ਕੁ ਸਮਾਂ ਪਹਿਲਾਂ ਪਿੰਡ ਧੀਰੋਵਾਲ ਆਦਮਪੁਰ ਵਿੱਖੇ ਭਗਵਾਨ ਵਾਲਮੀਕਿ ਮੰਦਿਰ ਤੋਂ ਚੋਰਾਂ ਵੱਲੋਂ ਗੱਲਾ ਚੋਰੀ ਕੀਤਾ ਗਿਆ ਸੀ ਅਤੇ ਕਾਫੀ ਸਮਾਂ ਬੀਤ ਜਾਣ ਤੇ ਵੀ ਦੋਸ਼ੀਆਂ ਤੇ ਕੋਈ ਕਾਰਵਾਈ ਨਹੀਂ ਹੋਈ ਇਸ ਸੰਬੰਧ ਵਿੱਚ ਅੱਜ ਵਾਲਮੀਕਿ ਸਮਾਜ ਦੇ ਅਹੁਦੇਦਾਰਾਂ ਵੱਲੋਂ ਚੌਂਕੀ ਇੰਚਾਰਜ ਪਰਮਜੀਤ ਸਿੰਘ ਨਾਲ ਮੁਲਾਕਾਤ ਕੀਤੀ ਗਈ◆ਦੋਸ਼ੀਆਂ ਤੇ ਕਾਰਵਾਈ ਕਰਨ ਸਬੰਧੀ ਚੌਂਕੀ ਇੰਚਾਰਜ ਵੱਲੋਂ ਭਰੋਸਾ ਦਵਾਇਆ ਗਿਆ◆ਅਹੁਦੇਦਾਰਾਂ ਨੇ ਕਿਹਾ ਕੇ ਦੋਸ਼ੀਆਂ ਨੂੰ ਜਲਦ ਕਾਬੂ ਨਹੀਂ ਕੀਤਾ ਤਾਂ ਸੰਘਰਸ਼ ਤੇਜ ਕੀਤਾ ਜਾਵੇਗਾ ◆ਇਸ ਮੌਕੇ ਤੇ ਵਾਲਮੀਕਿ ਟਾਇਗਰ ਫੋਰਸ ਤੋਂ ਜ਼ਿਲ੍ਹਾ ਪ੍ਰਧਾਨ ਜੱਸ ਕਲਿਆਣ ਰਾਵਣ, ਪ੍ਰਧਾਨ ਸਵਰਨਜੀਤ ਨਾਹਰ,ਦੀਦਾਰ ਮੱਟੂ ਚੈਅਰਮੈਨ ਵਾਲਮਿਕੀ ਸੰਘਰਸ਼ ਮੋਰਚਾ, ਗੁਰਦੀਪ ਮਾਨ ਲੇਸੜੀਵਾਲ, ਕਸ਼ਮੀਰ ਲਾਲ ਨਾਹਰ,ਪਰਬਜੋਤ ਨਾਹਰ, ਸਨਦੀਪ ਨਾਹਰ, ਗੁਰਪ੍ਰੀਤ ਸਿੰਘ,ਹਰਪ੍ਰੀਤ ਨਾਹਰ,ਸੋਨਾ ਨਾਹਰ,ਦਿਲਬਾਗ ਸਿੰਘ ਅਤੇ ਹੋਰ ਸਾਥੀ ਮੌਜੂਦ ਸਨ।

# ਸੇਫ ਸਕੂਲ ਵਾਹਨ ਪਾਲਸੀ ਤਹਿਤ ਸਕੂਲੀ ਵਾਹਨਾਂ ਦੀ ਚੈਕਿੰਗ; 8 ਬੱਸਾਂ ਦੇ ਕੱਟੇ ਚਲਾਨ



ਬਰਨਾਲਾ, 3 ਜੁਲਾਈ (ਅਮਨਦੀਪ ਸਿੰਘ): ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਹੁਕਮਾਂ ਤਹਿਤ ਅਤੇ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ.ਬੈਨਿਥ ਆਈ. ਏ. ਐੱਸ ਦੀ ਰਹਿਨੁਮਾਈ ਹੇਠ ਤੇ ਕੁਲਵਿੰਦਰ ਸਿੰਘ ਰੰਧਾਵਾ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਬਰਨਾਲਾ ਦੀ ਅਗਵਾਈ ਹੇਠ ਅੱਜ ਜ਼ਿਲ੍ਹੇ ਵਿਚ ਸੇਫ ਸਕੂਲ ਵਾਹਨ ਪਾਲਸੀ ਤਹਿਤ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ 8 ਸਕੂਲੀ ਬੱਸਾਂ ਜੋ ਕਿ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਸ਼ਰਤਾਂ ਪੂਰੀਆਂ ਨਹੀਂ ਕਰਦੀਆਂ ਸਨ, ਉਨ੍ਹਾਂ ਦੇ ਚਲਾਨ ਕੱਟੇ ਗਏ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਗੁਰਜੀਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਸੇਫ ਸਕੂਲ ਵਾਹਨ ਟੀਮ ਵਲੋਂ ਸਮੇਂ-ਸਮੇਂ 'ਤੇ ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਸਕੂਲ ਡਰਾਇਵਰਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾਂ ਜਿਵੇ ਸੀ.ਸੀ.ਟੀ.ਵੀ ਕੈਮਰਾ, ਖਿੜਕੀ ਤੇ ਲੋਹੇ ਦੀ ਗਰਿੱਲ, ਫਸਟ ਏਡ ਬਾਕਸ, ਲੇਡੀ ਕੁੰਡਕਟਰ, ਅੱਗ ਬੁਝਾਊ ਯੰਤਰ, ਲਾਇਸੈਂਸ ਆਦਿ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਹ ਚੈਕਿੰਗ ਲਗਾਤਾਰ ਜਾਰੀ ਰੱਖੀ ਜਾਵੇਗੀ। ਉਨ੍ਹਾਂ ਕਿਹਾ ਕਿ ਸਕੂਲ ਦੇ ਪ੍ਰਿੰਸੀਪਲ ਦੁਆਰਾ ਇਹ ਕਹਿ ਕੇ ਆਪਣਾ ਪੱਲਾ ਝਾੜਿਆ ਜਾਂਦਾ ਹੈ ਕਿ ਸਕੂਲ ਦੀ ਆਪਣੀ ਕੋਈ ਵੀ ਵੈਨ ਨਹੀ ਹੈ। ਸਾਰੀਆਂ ਵੈਨਾਂ ਪ੍ਰਾਈਵੇਟ ਕਨਟਰੈਕਟਰ ਦੁਆਰਾ ਚਲਾਈਆਂ ਜਾ ਰਹੀਆਂ ਹਨ, ਪਰ ਸੇਫ ਸਕੂਲ ਵਾਹਨ ਪਾਲਿਸੀ ਦੀਆਂ ਹਦਾਇਤਾਂ ਮੁਤਾਬਿਕ ਬੱਚਿਆਂ ਨੂੰ ਸੁਰੱਖਿਅਤ ਘਰ ਪਹੁੰਚਾਉਣ ਦੀ ਜ਼ਿੰਮੇਵਾਰੀ ਸਕੂਲ ਮੈਨੇਜਮੈਂਟ ਦੀ ਹੈ। ਇਸ ਲਈ ਸਕੂਲ ਮੈਨੇਜਮੈਂਟ ਦੀ ਇਹ ਨਿੱਜੀ ਜ਼ਿੰਮੇਵਾਰੀ ਹੈ ਕਿ ਉਹ ਸਾਰੀਆਂ ਵੈਨਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਢੁਕਵਾਂ ਬਣਾਉਣ। ਇਸ ਮੌਕੇ ਉਨ੍ਹਾਂ ਦੱਸਿਆ ਕਿ ਥਰੀ ਵੀਲਰ ਜਾਂ ਆਟੋ ਰਿਕਸ਼ਾ 'ਤੇ ਬੱਚੇ ਲੈ ਕੇ ਆਉਣ ਤੇ ਛੱਡ ਕੇ ਆਉਣ 'ਤੇ ਵੀ ਸਖਤ ਕਾਰਵਾਈ ਕੀਤੀ ਜਾਵੇਗੀ। ਟੀਮ ਵੱਲੋਂ ਵਾਰ ਵਾਰ ਪਾਲਿਸੀ ਦੀਆਂ ਹਦਾਇਤਾ ਸਬੰਧੀ ਜਾਗਰੂਕ ਕਰਨ ਤੋਂ ਬਾਅਦ ਵੀ ਕਈ ਸਕੂਲਾਂ ਵੱਲੋਂ ਨਿਯਮਾਂ ਦੀ ਪਾਲਣ ਨਹੀਂ ਕੀਤੀ ਜਾ ਰਹੀ ਜਿਸ 'ਤੇ ਹੁਣ ਸਖਤੀ ਨਾਲ ਕਾਰਵਾਈ ਕੀਤੀ ਜਾਵੇਗੀ। ਇਸ ਮੌਕੇ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵਿੱਚੋਂ ਲੱਖਾ ਸਿੰਘ, ਏ.ਐਸ.ਆਈ ਗੁਰਚਰਨ ਸਿੰਘ,(ਟਰੈਫਿਕ ਐਜੂਕੇਸ਼ਨ ਸੈਲ), ਸਿੱਖਿਆ ਵਿਭਾਗ ਤੋਂ ਨੀਰਜ ਕੁਮਾਰ ਚੈਕਿੰਗ ਟੀਮ ਵਿਚ ਸ਼ਾਮਲ ਸਨ।

# ਲੌਂਗੋਵਾਲ ਵਿਖੇ ਈ ਜੀ ਰਜਿਸਟੇਸ਼ਨ ਸੁਵਿਧਾ ਦਾ ਅਰੰਭ



ਲੌਂਗੋਵਾਲ, 3 ਜੁਲਾਈ (ਭਗਵੰਤ ਸਰਮਾ): ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਤਹਿਸੀਲਾਂ ਅਤੇ ਸਬ-ਤਹਿਸੀਲਾ ਅੰਦਰ ਖਰੀਦੋ-ਫਰੋਖਤ ਦੀਆਂ ਰਜਿਸਟਰੀਆਂ ਕਰਵਾਉਣ ਸਮੇਂ ਆਮ ਲੋਕਾਂ ਦੀ ਹੋ ਰਹੀ ਲੁੱਟ ਅਤੇ ਖੱਜਲ-ਖੁਆਰੀ ਨੂੰ ਰੋਕਣ ਦੇ ਮਨੋਰਥ ਨਾਲ ਸ਼ੁਰੂ ਕੀਤੀ ਗਈ ਨਵੀਂ ਸਹੂਲਤ ਈ ਜੀ ਰਜਿਸਟਰੇਸ਼ਨ ਸੁਵਿਧਾ ਦਾ ਅੱਜ ਲੌਂਗੋਵਾਲ ਵਿਖੇ ਰਸਮੀ ਤੌਰ ਤੇ ਆਰੰਭ ਕੀਤਾ ਗਿਆ। ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਨਵੇਂ ਪ੍ਰਬੰਧਾ ਹੇਠ ਹੋਈਆ ਰਜਿਸਟਰੀਆਂ ਨੂੰ ਲੈ ਕੇ ਕਸਬੇ ਦੇ ਲੋਕਾਂ ਵਿੱਚ ਖੁਸ਼ੀ ਦਾ ਮਾਹੌਲ ਬਣਿਆਂ ਹੋਇਆ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਕਾਰਜਕਾਰੀ ਨਾਇਬ ਤਹਿਸੀਲਦਾਰ ਬਲਵਿੰਦਰ ਅੱਤਰੀ ਨੇ ਦੱਸਿਆ ਪੰਜਾਬ ਸਰਕਾਰ ਵੱਲੋਂ ਆਰੰਭ ਕੀਤੀ ਗਈ ਇਸ ਈਜੀ ਰਜਿਸਟੇਸ਼ਨ ਸਬੰਧੀ ਹੁਣ ਆਮ ਲੋਕਾਂ ਵਿੱਚ ਜਾਗਰੁਕਤਾ ਆ ਚੁੱਕੀ ਹੈ। ਸਰਕਾਰ ਨੇ ਆਮ ਲੋਕਾ ਨੂੰ ਤਹਿਸੀਲਾ ਅਤੇ ਸਬ-ਤਹਿਸੀਲਾ ਅੰਦਰ ਪੇਸ਼ ਆ ਰਹੀਆਂ ਮੁਸ਼ਕਿਲਾਂ ਨੂੰ ਮੁੱਖ ਰੱਖ ਕੇ ਇਸ ਸਹੂਲਤ ਦੀ ਸ਼ੁਰੂਆਤ ਕੀਤੀ ਹੈ। ਇਸ ਸੁਵਿਧਾ ਰਾਂਹੀ ਹੁਣ ਆਮ ਲੋਕ ਸਿੱਧੇ ਤੌਰ ਤੇ ਸਰਕਾਰ ਦੀਆਂ ਸਹੂਲਤਾ ਦਾ ਲਾਹਾ ਲੈਣਗੇ। ਇਸ ਤੋਂ ਪਹਿਲਾਂ ਆਮ ਲੋਕਾਂ ਨੂੰ ਜਿੱਥੇ ਕਿਸੇ ਵੀ ਕਿਸਮ ਦੀ ਖਰੀਦੋ ਫਰੋਖਤ ਦੀ ਰਜਿਸਟਰੀ ਕਰਵਾਉਣ ਲਈ ਕਈ-ਕਈ ਦਿਨ ਪ੍ਰੇਸ਼ਾਨ ਹੋਣਾ ਪੈਂਦਾ ਸੀ ਉਥੇ ਹੀ ਹੁਣ ਲੋਕਾਂ ਨੂੰ ਬਾਹਰਲੇ ਏਜੰਟਾ ਦੀ ਲੁੱਟ ਤੋਂ ਵੀ ਨਜਾਤ ਮਿਲੇਗੀ। ਉਨ੍ਹਾਂ ਅੱਗੇ ਦੱਸਿਆ ਕਿ ਖਰੀਦੋ ਫਰੋਕਤ ਦੀ ਰਜਿਸਟਰੀ ਕਰਵਾਉਣ ਦੇ ਪ੍ਰਬੰਧ ਸਰਕਾਰ ਵੱਲੋਂ ਐਨੇ ਸੁਖਾਲੇ ਕਰ ਦਿੱਤੇ ਹਨ ਕਿ ਜਿਹੜੇ ਕੰਮ ਲਈ ਪਹਿਲਾਂ ਹਫਤਿਆਂ ਵਧੀ ਉਡੀਕ ਕਰਨੀ ਪੈਂਦੀ ਸੀ ਉਹ ਕੰਮ ਹੁਣ ਕੁਝ ਹੀ ਘੰਟਿਆਂ ਵਿੱਚ ਕਰਵਾ ਕੇ ਖਪਤਕਾਰ ਆਪਣੇ ਘਰ ਵਾਪਸ ਜਾ ਸਕਦੇ ਹਨ। ਇਸ ਮੌਕੇ ਹਾਜ਼ਰ ਲੋਕਾਂ ਨੇ ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਅਤੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਕੈਬਨਿਟ ਮੰਤਰੀ ਅਮਨ ਅਰੋੜਾ ਦਾ ਧੰਨਵਾਦ ਵੀ ਕੀਤਾ।ਈਜੀ ਰਜਿਸਟੇਸ਼ਨ ਸੁਵਿਧਾ ਪੰਜਾਬ ਸਰਕਾਰ ਦਾ ਸਲਾਂਘਾ ਵਾਲਾ ਉਪਰਾਲਾ ਹੈ ਸ਼੍ਰੋਮਣੀ ਅਕਾਲੀ ਦਲ (ਅ) ਦੇ ਸੂਬਾ ਆਗੂ ਅਮਰਜੀਤ ਸਿੰਘ ਗਿੱਲ ਨੇ ਕਿਹਾ ਕਿ ਮੁੱਦਿਆ ਨੂੰ ਲੈ ਕੇ ਅਸੀ ਅੱਜ ਵੀ ਪੰਜਾਬ ਸਰਕਾਰ ਦੀ ਵਿਰੋਧਤਾ ਕਰਦੇ ਹਾਂ ਪਰ ਜਿੱਥੇ ਕੋਈ ਲੋਕ ਹਿਤੈਸ਼ੀ ਕੰਮ ਹੁੰਦੇ ਹਨ ਤਾਂ ਅਸੀ ਉਸ ਦੀ ਸ਼ਲਾਂਘਾ ਵੀ ਕਰਦੇ ਹਾਂ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ ਈਜੀ ਰਜਿਸਟੇਸ਼ਨ ਇੱਕ ਸਲਾਂਘਾ ਵਾਲੀ ਸਹੂਲਤ ਹੈ। ਉਨ੍ਹਾਂ ਦੱਸਿਆ ਕਿ ਅੱਜ ਉਹ ਇਥੋ ਦੀ ਸਬ-ਤਹਿਸੀਲ ਵਿਖੇਂ ਅਪਣੇ ਨੇੜਲੇ ਪਰਿਵਾਰ ਨਾਲ ਰਜਿਸਟਰੀ ਕਰਵਾਉਣ ਲਈ ਇਥੇ ਆਏ ਸਨ। ਇਸ ਨਵੀ ਸਹੂਲਤ ਨਾਲ ਅੱਜ ਜੋ ਅਸੀ ਰਜਿਸਟਰੀ ਕਰਵਾਈ ਹੈ ਉਹ ਬਹੁਤ ਹੀ ਥੋੜੇ ਸਮੇਂ ਵਿਚ ਹੋ ਗਈ। ਜਿਸ ਲਈ ਅਸੀ ਪੰਜਾਬ ਸਰਕਾਰ ਦਾ ਧੰਨਵਾਦ ਕਰਦੇ ਹਾਂ। ਇਸ ਮੌਕੇ ਰੀਡਰ ਮਲਕੀਤ ਸਿੰਘ, ਰਜਿਸਟਰੀ ਕਲਰਕ ਰਵੀ ਕਾਂਤ, ਅਪਰੇਟਰ ਜਸਵੀਰ ਸਿੰਘ, ਪ੍ਰਗਟ ਸਿੰਘ ਨਮੋਲ ਤੋਂ ਇਲਾਵਾ ਹੋਰ ਦਫਤਰੀ ਅਮਲਾ ਹਾਜ਼ਰ ਸੀ।

# ਪੁਰਾਣੇ ਮਾਲਕਾਂ 'ਤੇ ਰਾਤ ਨੂੰ ਦੁਕਾਨ ਦੇ ਜਿੰਦਰੇ ਤੋੜਨ ਦੇ ਲਾਏ ਦੋਸ਼



ਭਵਾਨੀਗੜ੍ਹ, 3 ਜੁਲਾਈ (ਅਮਨਦੀਪ ਸਿੰਘ ਮਾਝਾ):ਇੱਥੋਂ ਦੇ ਦੁਕਾਨਦਾਰ ਲਵਪ੍ਰੀਤ ਪੁੱਤਰ ਨਰਾਇਣ ਦਾਸ ਨੇ ਦੋਸ਼ ਲਗਾਇਆ ਕਿ ਉਨ੍ਹਾਂ ਵੱਲੋਂ ਦੋ ਸਾਲ ਪਹਿਲਾਂ ਬਾਜ਼ਾਰ ਵਿੱਚ ਖ਼ਰੀਦੀ ਗਈ ਦੁਕਾਨ ਦੇ ਪੁਰਾਣੇ ਮਾਲਕਾਂ ਵੱਲੋਂ 18 ਦੀ ਰਾਤ ਨੂੰ ਜ਼ਿੰਦਰੇ ਤੋੜੇ ਗਏ। ਅੱਜ ਇੱਥੇ ਪ੍ਰੈਸ ਕਾਨਫਰੰਸ ਦੌਰਾਨ ਦੁਕਾਨਦਾਰ ਲਵਪ੍ਰੀਤ ਨੇ ਦੱਸਿਆ ਕਿ ਉਸ ਨੇ ਦੀਪਕ ਕੁਮਾਰ ਅਰੋੜਾ ਤੋਂ ਦੋ ਸਾਲ ਪਹਿਲਾਂ ਬਾਜ਼ਾਰ ਵਿੱਚ ਇੱਕ ਦੁਕਾਨ 25 ਲੱਖ ਰੁਪਏ ਵਿੱਚ 99 ਸਾਲਾਂ ਦੀ ਲੀਜ਼ ਤੇ ਖ਼ਰੀਦੀ ਸੀ, ਜੋ ਕਿ ਦੀਪਕ ਕੁਮਾਰ ਅਰੋੜਾ ਨੇ ਸਵਾ ਦੋ ਸਾਲ ਪਹਿਲਾਂ ਇਹ ਦੁਕਾਨ ਸਚਿਨ ਖੋਸਲਾ ਅਤੇ ਨਿਤਨ ਖੋਸਲਾ ਤੋਂ ਖ਼ਰੀਦੀ ਸੀ। ਉਨ੍ਹਾਂ ਦੱਸਿਆ ਕਿ ਜਦੋਂ ਉਸ ਨੇ ਇਹ ਦੁਕਾਨ ਖ਼ਰੀਦੀ ਸੀ ਤਾਂ ਖੋਸਲਾ ਪਰਿਵਾਰ ਵਾਲਿਆਂ ਨੇ ਉਨ੍ਹਾਂ ਦੀ ਦੁਕਾਨ ਤੇ ਆ ਕੇ ਰੌਲਾ ਪਾਇਆ,ਜਿਸ ਕਾਰਨ ਉਸ ਨੇ ਇਸ ਦੁਕਾਨ ਸਬੰਧੀ ਅਦਾਲਤ ਵਿੱਚ ਕੇਸ ਪਾ ਦਿੱਤਾ ਸੀ,ਜਿਸ 'ਤੇ ਅਦਾਲਤ ਨੇ ਉਸ ਨੂੰ ਸਟੇਅ ਦੇ ਦਿੱਤੀ ਸੀ ਪਰ ਹੁਣ 18 ਜੂਨ ਦੀ ਰਾਤ ਨੂੰ ਉਕਤ ਖੋਸਲਾ ਪਰਿਵਾਰ ਵੱਲੋਂ ਇਸ ਦੁਕਾਨ ਦੇ ਜ਼ਿੰਦਰੇ ਤੋੜੇ ਗਏ ਹਨ, ਜੋ ਕਿ ਮਾਣਯੋਗ ਅਦਾਲਤ ਦੇ ਹੁਕਮਾਂ ਦੀ ਉਲੰਘਣਾ ਹੈ। ਰਾਤ ਨੂੰ ਜ਼ਿੰਦਰੇ ਤੋੜੇ ਜਾਣ ਸਬੰਧੀ ਉਨ੍ਹਾਂ ਵੱਲੋਂ ਸ਼ੀਸ਼ੀ ਟੀਵੀ ਕੈਮਰਿਆਂ ਦੀ ਫੁਟੇਜ ਵੀ ਦਿਖਾਈ ਗਈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਉਨ੍ਹਾਂ ਐਸ ਐਸ ਪੀ ਸੰਗਰੂਰ ਦਫਤਰ ਵਿੱਚ ਸ਼ਿਕਾਇਤ ਲਿਖਾਈ ਗਈ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਇਨਸਾਫ ਦੀ ਮੰਗ ਕੀਤੀ। ਇਸ ਮੌਕੇ ਦੀਪਕ ਕੁਮਾਰ ਅਰੋੜਾ ਨੇ ਖੋਸਲਾ ਪਰਿਵਾਰ ਤੋਂ ਖਰੀਦ ਕੇ ਅੱਗੇ ਲਵਪ੍ਰੀਤ ਨੂੰ ਦੁਕਾਨ ਵੇਚਣ ਦੀ ਪੁਸ਼ਟੀ ਕੀਤੀ ਗਈ। ਇਸ ਸਬੰਧੀ ਥਾਣਾ ਮੁਖੀ ਇੰਸਪੈਕਟਰ ਮਾਲਵਿੰਦਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਕੋਲ ਲਵਪ੍ਰੀਤ ਦੀ ਸ਼ਿਕਾਇਤ ਪਹੁੰਚ ਗਈ ਹੈ। ਪੁਲਿਸ ਇਸ ਸਬੰਧੀ ਬਣਦੀ ਕਾਰਵਾਈ ਕਰ ਰਹੀ ਹੈ।

# ਸੰਧਵਾਂ ਨੇ ਕਿਸਾਨ ਖੁਦਕੁਸ਼ੀਆਂ ਦੇ ਮੱਦੇ 'ਤੇ ਕੇਂਦਰ ਸਰਕਾਰ ਨੂੰ ਆੜੇ ਹੱਥੀ ਲਿਆ



ਸੁਨਾਮ ਊਧਮ ਸਿੰਘ ਵਾਲਾ 3 ਜੁਲਾਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ) :ਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਦੇਸ਼ ਵਿੱਚ ਕਿਸਾਨਾਂ ਦੇ ਖੁਦਕੁਸ਼ੀਆਂ ਕਰਨ ਦੇ ਮੁੱਦੇ ਤੇ ਕੇਂਦਰ ਦੀ ਸਰਕਾਰ ਨੂੰ ਆੜੇ ਹੱਥੀ ਲੈਂਦਿਆ ਕਿਹਾ ਕਿ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਵਲੋਂ ਕਿਸਾਨ ਵਿਰੋਧੀ ਨੀਤੀਆਂ ਕਾਰਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਖਾਸ ਕਰਕੇ ਮਹਾਰਾਸ਼ਟਰਾਂ ਵਿੱਚ ਕਿਸਾਨ ਹਰ ਰੋਜ ਖੁਦਖੁਸ਼ੀਆਂ ਕਰਨ ਲਈ ਮਜਬੂਰ ਹੋਏ ਹਨ । ਉਨ੍ਹਾਂ ਇਹ ਵਿਚਾਰ ਆਮ ਆਦਮੀ ਪਾਰਟੀ ਪੰਜਾਬ ਪ੍ਰਧਾਨ ਅਤੇ ਕੈਬਨਿਟ ਮੰਤਰੀ ਅਮਨ ਅਰੋੜਾ ਦੇ ਪਿਤਾ ਸਵ: ਬਾਬੂ ਭਗਵਾਨ ਦਾਸ ਅਰੋੜਾ (ਸਾਬਕਾ ਮੰਤਰੀ ਪੰਜਾਬ) ਦੀ 25ਵੀਂ ਬਰਸੀ ਸਮਾਗਮ ਮੌਕੇ ਪੱਤਰਕਾਰਾਂ ਨਾਲ ਗੈਰ ਰਸਮੀ ਗੱਲਬਾਤ ਕਰਦਿਆ ਪ੍ਰਗਟ ਕੀਤੇ । ਉਨ੍ਹਾਂ ਮਹਾਰਾਸ਼ਟਰਾ 'ਚ ਹੋ ਰਹੀਆਂ ਕਿਸਾਨ ਆਤਮਹਤਿਆਵਾਂ ਦੇ ਆਂਕੜੇ ਪੇਸ਼ ਕਰਦਿਆਂ ਕੇਂਦਰ ਦੀ ਕਿਸਾਨ ਨੀਤੀ ਤੇ ਸਵਾਲ ਉਠਾਏ। ਸ. ਸੰਧਵਾ ਨੇ ਕਿਹਾ ਕਿ ਕੇਂਦਰ ਸਰਕਾਰ ਵਲੋਂ ਖੇਤੀਬਾੜੀ ਇਨਪੁਟ ਦੀਆਂ ਉੱਚੀਆਂ ਕੀਮਤਾਂ, ਝੂਠੇ ਵਾਅਦੇ ਤੇ ਮੰਦੀ ਦੀ ਮਾਰੀ ਕਾਰਨ ਕਿਸਾਨ ਚਿੰਤਾਜਨਕ ਹਾਲਤ 'ਚ ਪਹੁੰਚ ਚੁੱਕੇ ਹਨ। ਉਨ੍ਹਾਂ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਹਮੇਸ਼ਾ ਕਿਸਾਨਾਂ ਦੇ ਹਿੱਤਾਂ ਦੀ ਰਾਖੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਹਰ ਖੇਤਰ ਵਿਚ ਵਿਕਾਸ ਦੀਆਂ ਨਵੀਆਂ ਪਿਰਤਾਂ ਪਾਈਆਂ ਹਨ। ਪੰਜਾਬ ਦੀ ਆਰਥਿਕਤਾ ਦਾ ਧੁਰਾ ਕਿਸਾਨੀ ਨੂੰ ਪ੍ਰਫੁੱਲਿਤ ਕਰਨ ਲਈ ਪੰਜਾਬ ਦੇ ਹਿੱਸੇ ਦੇ ਪਾਣੀਆਂ ਦੀ ਵੱਡੀ ਲੜਾਈ ਜਿੱਤ ਕੇ ਦਹਾਕਿਆਂ ਤੋਂ ਪੰਜਾਬ ਦਾ ਪਾਣੀ ਹੋਰ ਸੂਬਿਆ ਨੂੰ ਜਾਣ ਤੋ ਰੋਕ ਕੇ ਪੰਜਾਬ ਦੇ ਕਿਸਾਨਾ ਦੇ ਖੇਤਾਂ ਤੱਕ ਪਹੁੰਚਾਇਆ ਹੈ ਜਿਸ ਨਾਲ ਮੋਟਰਾਂ, ਬੋਰਾਂ ਤੇ ਰੱਖ ਰਖਾਓ ਦਾ ਖਰਚਾ ਘਟਿਆ ਹੈ। ਸਰਕਾਰ ਵਲੋਂ ਫਸਲੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਕਿਸਾਨਾਂ ਨੂੰ ਮੱਕੀ ਲਗਾਉਣ ਲਈ ਉਤਸਾਹਿਤ ਕੀਤਾ ਜਾ ਰਿਹਾ ਹੈ। ਇਸੇ ਤਰ੍ਹਾਂ ਝੋਨੇ ਦੀ ਸਿੱਧੀ ਬਿਜਾਈ ਵੱਲ ਪ੍ਰੇਰਿਤ ਕਰਨ ਲਈ ਕਿਸਾਨਾਂ ਨੂੰ 1500 ਰੁਪਏ ਪ੍ਰਤੀ ਏਕੜ ਦੀ ਆਰਥਿਕ ਮਦਦ ਵੀ ਦਿੱਤੀ ਜਾ ਰਹੀ ਹੈ ਤਾਂ ਜੋ ਖੇਤੀ ਲਾਗਤ ਵਿੱਚ ਕਮੀ ਆਵੇ । ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਹਰੇਕ ਪੱਧਰ 'ਤੇ ਕਿਸਾਨਾਂ ਦੀ ਆਵਾਜ਼ ਨੂੰ ਉੱਭਾਰਿਆ, ਮੁਆਵਜ਼ਾ, ਸਹਾਇਤਾ ਤੇ ਵਿਕਾਸ ਲਈ ਹਮੇਸ਼ਾ ਕਿਸਾਨਾਂ ਦੇ ਨਾਲ ਖੜੀ ਰਹੀ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਕਿਸਾਨਾਂ ਲਈ ਵਧੇਰੇ ਸਹੂਲਤਾਂ ਤੇ ਹਮਦਰਦੀ ਦੀ ਨੀਤੀ ਲਾਗੂ ਕਰੇ ਨਾ ਕਿ ਉਨ੍ਹਾਂ ਨੂੰ ਕਰਜ਼ਿਆਂ ਹੇਠ ਪੀਸਣ ਦੇ ਲਈ ਮਜ਼ਬੂਰ ਕਰੇ।

# ਅਨੁਭਵੀ ਅਧਿਐਨ ਪ੍ਰੋਗਰਾਮ ਕਰਵਾਇਆ




ਬਰਨਾਲਾ, 3ਜੁਲਾਈ (ਹਿਮਾਂਸ਼ੂ ਗਰਗ): ਨੂੰ ਰਾਸ਼ਟਰ ਨਿਰਮਾਣ ਨਾਲ ਜੋੜਨ ਦੇ ਉਦੇਸ਼ ਨਾਲ ਮੇਰਾ ਯੁਵਾ ਭਾਰਤ ਤੇ ਜਨ ਔਸ਼ਧੀ ਕੇਂਦਰਾਂ ਦੇ ਸਾਂਝੇ ਉਪਰਾਲੇ ਤਹਿਤ, ਬਰਨਾਲਾ ਵਿਖੇ ਇੱਕ ਅਨੁਭਵੀ ਅਧਿਐਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿਚ ਨੌਜਵਾਨਾਂ ਨੇ ਭਾਗ ਲਿਆ। ਜ਼ਿਲ੍ਹਾ ਯੂਥ ਅਫਸਰ ਮੈਡਮ ਆਭਾ ਸੋਨੀ ਨੇ ਕਿਹਾ ਕਿ ਮੇਰਾ ਯੁਵਾ ਭਾਰਤ ਜੋ ਕਿ ਯੁਵਾ ਮਾਮਲੇ ਅਤੇ ਖੇਡ ਮੰਤਰਾਲਾ ਭਾਰਤ ਸਰਕਾਰ ਦਾ ਵਿਭਾਗ ਹੈ ਵਲੋਂ ਜਨ ਔਸ਼ਧੀ ਕੇਂਦਰਾਂ ਨਾਲ ਮਿਲ ਕੇ ਅਨੁਭਵੀ ਅਧਿਐਨ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਜਨ ਔਸ਼ਧੀ ਕੇਂਦਰ ਪ੍ਰਧਾਨ ਮੰਤਰੀ ਭਾਰਤੀਆ ਜਨ ਔਸ਼ਧੀ ਪਰਿਯੋਜਨਾ (PMBJP) ਤਹਿਤ ਚੱਲ ਰਹੀ ਇੱਕ ਮਹੱਤਵਕਾਂਕਸ਼ੀ ਯੋਜਨਾ ਹੈ, ਜਿਸਦਾ ਮਕਸਦ ਉੱਚ ਗੁਣਵੱਤਾ ਵਾਲੀਆਂ ਅਤੇ ਕਿਫਾਇਤੀ ਜਨਰਲ ਦਵਾਈਆਂ ਦੇ ਰਾਹੀਂ ਸਿਹਤ ਸੇਵਾਵਾਂ ਤੱਕ ਲੋਕਾਂ ਦੀ ਪਹੁੰਚ ਸੁਨਿਸ਼ਚਿਤ ਕਰਨੀ ਹੈ। ਇਸ ਕਾਰਜਕ੍ਰਮ ਦਾ ਉਦੇਸ਼ ਯੁਵਕਾਂ ਨੂੰ ਸਰਕਾਰੀ ਪੱਧਰ 'ਤੇ ਚੱਲ ਰਹੀਆਂ ਲੋਕ-ਹਿਤੈਸ਼ੀ ਸਕੀਮਾਂ ਦੀ ਜ਼ਮੀਨੀ ਹਕੀਕਤ ਨਾਲ ਜੋੜਣਾ ਹੈ। ਜਨ ਔਸ਼ਧੀ ਕੇਂਦਰਾਂ, ਜੋ ਕਿ ਸਸਤੇ ਅਤੇ ਗੁਣਵੱਤਾ ਯੋਗ ਦਵਾਈਆਂ ਦੇਣ ਲਈ ਜਾਣੇ ਜਾਂਦੇ ਹਨ, ਉਨ੍ਹਾਂ ਵਿੱਚ ਮਾਈ ਭਾਰਤ ਵਾਲੰਟੀਅਰਾਂ ਨੇ ਲੋਕਾਂ ਨਾਲ ਸੰਵਾਦ ਕੀਤਾ, ਉਨ੍ਹਾਂ ਦੀਆਂ ਜ਼ਰੂਰਤਾਂ ਅਤੇ ਮੁਸ਼ਕਿਲਾਂ ਨੂੰ ਸੁਣਿਆ, ਅਤੇ ਕੇਂਦਰਾਂ ਦੀ ਕਾਰਗੁਜ਼ਾਰੀ ਨੂੰ ਸਮਝਿਆ। ਵਲੰਟੀਅਰਾਂ ਨੇ ਦਵਾਈਆਂ ਦੀ ਉਪਲਬਧਤਾ, ਉਪਭੋਗਤਾ ਸੰਤੁਸ਼ਟੀ, ਅਤੇ ਜਨਤਾ ਵਿੱਚ ਜਾਗਰੂਕਤਾ ਪੈਦਾ ਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਵੀ ਜਾਣਕਾਰੀ ਇਕੱਠੀ ਕੀਤੀ। ਇਸ ਪ੍ਰੋਗਰਾਮ ਵਿਚ ਨੌਜਵਾਨਾਂ ਨੂੰ ਸਪਲਾਈ ਚੇਨ ਮੈਨੇਜਮੈਂਟ ਦੀ ਜ਼ਮੀਨੀ ਜਾਣਕਾਰੀ ਵੀ ਦਿਤੀ ਗਈ। 120 ਘੰਟਿਆਂ ਦੀ ਇਹ ਟਰੇਨਿੰਗ ਪੂਰੀ ਕਰਨ ਉਪਰੰਤ ਯੁਵਾਵਾਂ ਨੂੰ ਸਰਟੀਫਿਕੇਟ ਦਿੱਤੇ ਗਏ।

# ਆਬਕਾਰੀ ਵਿਭਾਗ ਦੀ ਟੀਮ ਵੱਲੋਂ ਬਰਨਾਲਾ ਸ਼ਹਿਰ ਵਿਚ ਵੱਖ ਵੱਖ ਥਾਵਾਂ 'ਤੇ ਚੈਕਿੰਗ

ਬਰਨਾਲਾ, 3 ਜੁਲਾਈ (ਹਿਮਾਂਸ਼ੂ ਗਰਗ):ਆਬਕਾਰੀ ਵਿਭਾਗ ਬਰਨਾਲਾ ਵਲੋਂ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਦੇ ਨਿਰਦੇਸ਼ਾਂ ਤਹਿਤ ਬਰਨਾਲਾ ਸ਼ਹਿਰ ਵਿਚ ਵੱਖ ਵੱਖ ਥਾਵਾਂ 'ਤੇ ਚੈਕਿੰਗ ਕੀਤੀ ਗਈ। ਚੈਕਿੰਗ ਟੀਮ ਵਿੱਚ ਰਾਜੇਸ਼ ਕੁਮਾਰ ਆਬਕਾਰੀ ਇੰਸਪੈਕਟਰ, ਕੁਲਦੀਪ ਸਿੰਘ ਆਬਕਾਰੀ ਇੰਸਪੈਕਟਰ ਅਤੇ ਆਬਕਾਰੀ ਪੁਲਿਸ ਸਟਾਫ਼ ਮੌਜੂਦ ਸੀ। ਓਨ੍ਹਾਂ ਦੱਸਿਆ ਕਿ ਡਿਪਟੀ ਕਮਿਸ਼ਨਰ ਬਰਨਾਲਾ ਦੇ ਨਿਰਦੇਸ਼ਾਂ ਅਤੇ ਸਹਾਇਕ ਕਮਿਸ਼ਨਰ ਆਬਕਾਰੀ ਸੰਗਰੂਰ ਰੇਂਜ ਸ੍ਰੀ ਗੁਲਸ਼ਨ ਹੁਰੀਆ ਦੀਆਂ ਹਦਾਇਤਾਂ ਤਹਿਤ ਬਰਨਾਲਾ ਸ਼ਹਿਰ ਦੇ 22 ਏਕੜ, 25 ਏਕੜ, ਫੁਹਾਰਾ ਚੌਂਕ, ਸਿਮੀ ਪੈਲੇਸ ਨੇੜੇ ਅਤੇ ਹੰਡਿਆਇਆ ਚੌਂਕ ਵਿਚ ਚੈਕਿੰਗ ਕਰਕੇ ਰੇਹੜੀ ਵਾਲਿਆਂ ਅਤੇ ਆਸ-ਪਾਸ ਬਿਨਾਂ ਲਾਇਸੈਂਸ ਤੋਂ/ ਜਨਤਕ ਥਾਵਾਂ 'ਤੇ ਸ਼ਰਾਬ ਪਿਲਾਉਣ ਅਤੇ ਪੀਣ ਵਾਲਿਆਂ ਨੂੰ ਸਖ਼ਤ ਚਿਤਾਵਨੀ ਦਿੱਤੀ ਗਈ। ਓਨ੍ਹਾਂ ਦੱਸਿਆ ਕਿ ਆਬਕਾਰੀ ਐਕਟ 1914 ਦੇ ਸੈਕਸ਼ਨ 68 ਦੇ ਸਬ ਰੂਲ ਤਹਿਤ ਬਿਨ੍ਹਾਂ ਲਾਇਸੈਂਸ ਤੋਂ ਜਨਤਕ ਥਾਵਾਂ 'ਤੇ ਸ਼ਰਾਬ ਪਿਲਾਉਣ ਦੀ ਮਨਾਹੀ ਹੈ ਓਨ੍ਹਾਂ ਕਿਹਾ ਕਿ ਇਨ੍ਹਾਂ ਇਲਾਕਿਆਂ ਵਿਚ ਚੈਕਿੰਗ ਕਰਕੇ ਲੋਕਾਂ ਨੂੰ ਐਕਟ ਬਾਰੇ ਜਾਗਰੂਕ ਕੀਤਾ ਗਿਆ ਅਤੇ ਚਿਤਾਵਨੀ ਦਿੱਤੀ ਗਈ ਕਿ ਆਉਂਦੇ ਸਮੇਂ ਵਿੱਚ ਅਜਿਹਾ ਹੋਣ 'ਤੇ ਐਕਟ ਤਹਿਤ ਬਣਦੀ ਕਾਰਵਾਈ ਕੀਤੀ ਜਾਵੇਗੀ।

# ਸੰਤ ਚਿਤਾਨੰਦ ਦੀ 23ਵੀਂ ਬਰਸੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ



ਤਪਾ ਮੰਡੀ, 3 ਜੁਲਾਈ (ਭੂਸ਼ਨ ਘੜੈਲਾ): ਸੰਤ ਚਿਤਾ ਨੰਦ ਗਊਸ਼ਾਲਾ ਆਲੀਕੇ -ਜੈਮਲ ਸਿੰਘ ਵਾਲਾ ਵਿਖੇ ਸੰਤ ਚਿਤਾਨੰਦ ਗਰੀਬ ਦਾਸ ਬੱਸਾਂ ਵਾਲੇ ਦੀ ਤੇਰਵੀਂ ਬਰਸੀ ਗਊਸ਼ਾਲਾ ਦੇ ਪ੍ਰਧਾਨ ਅਮਰਜੀਤ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਆਲੇ ਦੁਆਲੇ ਦੇ ਪਿੰਡਾਂ ਦੇ ਸਹਿਯੋਗ ਅਤੇ ਬ੍ਰਹਮਲੀਨ ਸੰਤ ਜਰਨੈਲ ਦਾਸ ਜੀ ਚੁਗਾਵਾਂ ਕਪੂਰੇ ਵਾਲੇ ਵੀ ਪ੍ਰੇਰਨਾ ਸਦਕਾ ਮਨਾਈ ਗਈ। ਬਰਸੀ ਮੌਕੇ ਸੰਤ ਮਹਾਂਪੁਰਸ਼ਾਂ ਤੋਂ ਇਲਾਵਾ ਧਾਰਮਿਕ ਸਮਾਜਿਕ ਆਗੂਆਂ ਅਤੇ ਵੱਖ ਵੱਖ ਪਾਰਟੀਆਂ ਦੇ ਨਿਤਾਮਾ ਨੇ ਸੰਤ ਬਾਬਾ ਜੀ ਦਾ ਜੀ ਦੇ ਸਮਾਧੀ ਤੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਨਤਮਸਤਕ ਹੋ ਕੇ ਪਰਿਵਾਰਾਂ ਦੀ ਸੁਖ ਸ਼ਾਤੀ ਚੜਦੀ ਕਲਾ ਲਈ ਅਰਦਾਸ ਕੀਤੀ। ਸੰਤ ਚਿਤਾ ਨੰਦ ਗਰੀਬ ਦਾਸ ਬੱਸਾਂ ਵਾਲਿਆਂ ਦੀ 23ਵੀਂ ਬਰਸੀ ਦੇ ਸਬੰਧ ਵਿੱਚ 30 ਜੂਨ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਪਾਠ ਪ੍ਰਕਾਸ਼ ਕਰਵਾਏ ਗਏ ਅਤੇ ਸ੍ਰੀ ਅਖੰਡ ਪਾਠ ਜੀ ਦੇ ਪਾਠ ਦੇ ਭੋਗ ਪਾਉਣ ਤੋਂ ਪਹਿਲਾਂ ਰਾਗੀ ਸਿੰਘਾਂ ਵੱਲੋਂ ਰਸ ਭਿੰਨਾ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ । ਬਾਅਦ ਵਿੱਚ ਬਾਬਾ ਮਨਮੋਹਨ ਪ੍ਰੀਤ ਸਿੰਘ ਚੀਮਾ ਜੋਧਪੁਰ ਵਾਲੇ ਅਤੇ ਸੰਤ ਬਾਬਾ ਰਾਜਗਿਰ ਤਪਾ ਵਾਲਿਆਂ ਵੱਲੋਂ ਸੰਤਾਂ ਦੀ ਮਹਿਮਾ ਸੁਣਾਈ ਗਈ ਅਤੇ ਗੁਰੂਆਂ ਵੱਲੋਂ ਦੱਸੇ ਹੋਏ ਰਸਤੇ 'ਤੇ ਚੱਲਣ ਲਈ ਪ੍ਰੇਰਿਤ ਕੀਤਾ । ਇਸ ਮੌਕੇ ਸੰਤ ਬਾਬਾ ਰਾਜਗਿਰ ਜੀ ਨੇ ਸੰਤ ਚਿਤਾ ਨੰਦ ਜੀ ਦੇ ਜੀਵਨ 'ਤੇ ਚਾਨਣਾ ਪਾਉਂਦੇ ਹੋਇਆ ਕਿਹਾ ਕਿ ਸੰਤ ਮਹਾਂਪੁਰਸ਼ ਬਹੁਤ ਹੀ ਕਰਨੀ ਵਾਲੇ ਸਨ ਜੋ ਆਪਣੇ ਮੁਖ ਵਿੱਚੋਂ ਬਚਨ ਕਰਦੇ ਸਨ ਉਹ ਹਰ ਹਾਲ ਦੇ ਵਿੱਚ ਪੂਰੇ ਹੁੰਦੇ ਸਨ ਇਸ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਸੰਗਤਾਂ ਬਰਸੀ ਮੌਕੇ ਸੰਤਾਂ ਨੂੰ ਨਤਮਸਤਕ ਹੋ ਕੇ ਅਰਦਾਸ ਬੇਨਤੀਆਂ ਕਰਦੀਆਂ ਹਨ। ਪਿੰਡ ਆਲੀਕੇ ਜੈਮਲ ਸਿੰਘ ਵਾਲਾ ,ਰਾਈਆ , ਢਿੱਲਵਾਂ ਬੁੱਗਰਾ ਦੀਆਂ ਸੰਗਤਾਂ ਵੱਲੋਂ ਸੇਵਾਦਾਰਾਂ ਵੱਲੋਂ ਸੰਗਤਾਂ ਲਈ ਠੰਡੇ ਮਿੱਠੇ ਪਾਣੀ ਦੀਆਂ ਛਬੀਲਾਂ ਅਤੇ ਜੋੜੇ ਜੁੱਤੀਆਂ ਦੀ ਸੇਵਾ ਬਾਖੂਬੀ ਕੀਤੀ ਗਈ ਪਿੰਡ ਦੇ ਨੌਜਵਾਨਾਂ ਵੱਲੋਂ ਸੰਗਤਾਂ ਲਈ ਮੁਫਤ ਮੈਡੀਕਲ ਕੈਂਪ ਲਗਾਇਆ ਗਿਆ ਜਿਸ ਵਿੱਚ ਮੁਫਤ ਦਵਾਈਆਂ ਦਿੱਤੀਆਂ ਗਈਆਂ । ਗਊਸ਼ਾਲਾ ਕਮੇਟੀ ਦੇ ਪ੍ਰਧਾਨ ਅਮਰਜੀਤ ਸਿੰਘ ਧਾਲੀਵਾਲ ਅਤੇ ਸਮੂਹ ਕਮੇਟੀ ਵੱਲੋਂ ਹਲਕਾ ਵਿਧਾਇਕ ਲਾਭ ਸਿੰਘ ਉਗੋਕੇ ,ਡੀਐਸਪੀ ਗੁਰਵਿੰਦਰ ਸਿੰਘ ,ਥਾਣਾ ਚਾਰਜ ਸ਼ਰੀਫ ਖਾਨ ,ਸਿਟੀ ਇੰਚਾਰਜ ਬਲਜੀਤ ਸਿੰਘ ਢਿੱਲੋ , ਬਿਜਲੀ ਬੋਰਡ ਦੇ ਐਕਸ਼ਨ ਜਸਬੀਰ ਸਿੰਘ, ਜੇਈ ਨਰੇਸ਼ ਕੁਮਾਰ, ਕਾਂਗਰਸੀ ਆਗੂ ਰਾਜਵਿੰਦਰ ਸਿੰਘ ਸ਼ੀਤਲ ਤੋਂ ਇਲਾਵਾ ਸੰਤ ਭਗਵਾਨ ਦਾਸ ,ਸੰਤ ਰਾਜਗਿਰ ,ਸੰਤ ਈਸਰ ਦਾਸ ,ਸੰਤ ਦਰਸ਼ਨ ਮੁਨੀ ,ਸੰਤ ਵਿਵੇਕ ਮੁਨੀ ਆਦਿ ਦਾ ਸਨਮਾਨ ਕਰਨ ਤੋਂ ਬਾਅਦ ਬਰਸੀ ਮੌਕੇ ਜੁੜੀਆਂ ਸੰਗਤਾਂ ਦਾ ਧੰਨਵਾਦ ਕਰਦੇ ਕਿਹਾ ਕਿ ਸੰਤ ਮਹਾਂਪੁਰਸ਼ਾਂ ਦੀ 23ਵੀਂ ਬਰਸੀਂ ਪਿੰਡਾਂ ਅਤੇ ਤਪਾ ਸ਼ਹਿਰ ਦੇ ਸਹਿਯੋਗ ਨਾਲ ਮਨਾਈ ਗਈ ਜਿਸ ਵਿੱਚ ਸੇਵਾਦਾਰਾਂ ਨੇ ਤਿੰਨ ਦਿਨ ਨਿਸ਼ਕਾਮ ਸੇਵਾ ਕੀਤੀ ਸਮਾਗਮ ਦੇ ਅੰਤ ਵਿੱਚ ਅਤੁੱਟ ਭੰਡਾਰਾ ਵਰਤਾਇਆ ਜਾਵੇਗਾ। ਇਸ ਮੌਕੇ ਅਜਮੇਰ ਸਿੰਘ ਭੋਲਾ,ਬਲਜਿੰਦਰ ਕੁਮਾਰ ਤਾਇਲ ,ਅਮਲਾਂ ਧਾਲੀਵਾਲ, ਇੰਜੀਨੀਅਰ ਗੁਰਦੀਪ ਸਿੰਘ,ਪ੍ਰਤਾਪ ਸਿੰਘ ਬੁੱਗਰ , ਗੁਰਤੇਜ ਸਿੰਘ ਨੈਣੇਵਾਲ ,ਸੈਬਰ ਸਿੰਘ ਮਿਸਤਰੀ ,ਸਾਬਕਾ ਸਰਪੰਚ ਦਲੀਪ ਸਿੰਘ , ਜੰਗ ਸਿੰਘ,ਸਾਬਕਾ ਚੇਅਰਮੈਨ ਗੁਰਜੰਟ ਸਿੰਘ ਧਾਲੀਵਾਲ ,ਸ਼ਿੰਗਾਰਾ ਸਿੰਘ ,ਤਰਸੇਮ ਸਿੰਘ ,ਬੋਬੀ ਬੁੱਗਰ ,ਬੇਅੰਤ ਸਿੰਘ ,ਬੰਤ ਸਿੰਘ, ਇੰਦਰ ਸਿੰਘ ਛੰਨਾ ,ਸਹਿਜਪ੍ਰੀਤ ਅਤੇ ਕਾਲਾ ਦਰਾਜ ਹਾਜ਼ਰ ਸਨ।

# ਜਗਦੀਪ ਭਾਰਦਵਾਜ਼ ਵੱਲੋਂ ਡਾਕਟਰਾਂ ਅਤੇ ਚਾਰਟਡ ਅਕਾਊਂਟੈਂਟਸ ਦਾ ਸਨਮਾਨ



ਸੁਨਾਮ, 3 ਜੁਲਾਈ (ਮੋਹਣ ਸ਼ਰਮਾ/ਰਾਊਵਰਿੰਦਰ ਮਠਾੜੂ) ਰੋਟਰੀ ਕਲੱਬ ਸੁਨਾਮ ਦੇ ਵਰ੍ਹਾ 2025-2026 ਦੇ ਕਾਰਜਕਾਲ ਦੀ ਸ਼ੁਰੂਆਤ ਉਤਸ਼ਾਹ ਅਤੇ ਸੇਵਾ ਭਾਵਨਾ ਨਾਲ ਹੋਈ, ਜਦ ਨਵੇਂ ਨਿਯੁਕਤ ਪ੍ਰਧਾਨ ਸ਼੍ਰੀ ਜਗਦੀਪ ਭਾਰਦਵਾਜ਼ ਨੇ ਰਸਮੀ ਤੌਰ 'ਤੇ ਆਪਣਾ ਪਦਭਾਰ ਸੰਭਾਲਿਆ। ਆਪਣੇ ਕਾਰਜਕਾਲ ਦੇ ਪਹਿਲੇ ਦਿਨ ਨੂੰ ਉਨ੍ਹਾਂ ਨੇ ਵਿਸ਼ੇਸ਼ ਮੌਕੇ ਵਜੋਂ ਮਨਾਇਆ ਅਤੇ ਕਲੱਬ ਦੇ ਡਾਕਟਰ ਮੈਂਬਰਾਂ ਨੂੰ ਡਾਕਟਰਜ਼ ਡੇ ਮੌਕੇ ਸਨਮਾਨਿਤ ਕੀਤਾ ।ਜਿਨ੍ਹਾਂ ਵਿੱਚ ਡਾ. ਵਿਜੇ ਗਰਗ, ਡਾ. ਰੋਮਿਤ ਗੁਪਤਾ, ਡਾ. ਹਰਦੀਪ ਬਾਵਾ, ਡਾ. ਸ਼ਿਵ ਜਿੰਦਲ, ਡਾ. ਬੀ. ਕੇ. ਗੋਇਲ, ਡਾ. ਪਰਸ਼ੋਤਮ ਵਸ਼ਿਸ਼ਟ ਅਤੇ ਡਾ. ਸਿਧਾਰਥ ਫੁੱਲ ਸ਼ਾਮਿਲ ਸਨ ।ਇਸਦੇ ਨਾਲ ਹੀ ਚਾਰਟਡ ਅਕਾਊਂਟੈਂਟਸ ਡੇ ਦੇ ਮੌਕੇ 'ਤੇ ਚਾਰਟਡ ਅਕਾਊਂਟੈਂਟਾ ਨੂੰ ਵੀ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਜਿਨ੍ਹਾਂ ਵਿੱਚ ਸੀਏ ਰੋਹਿਤ ਗਰਗ, ਸੀਏ ਲਲਿਤ ਕਾਂਸਲ, ਸੀਏ ਭੁਵਨੇਸ਼ ਜੈਨ ਅਤੇ ਸੀਏ ਹਰਸ਼ ਜੈਨ ਸ਼ਾਮਿਲ ਸਨ ।ਇਸ ਮੌਕੇ ਤੇ ਹੋਈ ਬੋਰਡ ਆਫ ਡਾਇਰੈਕਟਰਸ ਦੀ ਮੀਟਿੰਗ ਦੌਰਾਨ ਸ਼੍ਰੀ ਭਾਰਦਵਾਜ਼ ਨੇ ਬੋਰਡ ਮੈਂਬਰਾਂ ਨਾਲ ਮੁਲਾਕਾਤ ਕੀਤੀ ਅਤੇ ਆਉਣ ਵਾਲੇ ਕੰਮਾਂ ਦੀ ਯੋਜਨਾ ਤੇ ਵਿਚਾਰ-ਚਰਚਾ ਕੀਤੀ ।ਜਰਨਲ ਹਾਊਸ ਮੀਟਿੰਗ ਨੂੰ ਸੰਬੋਧਨ ਕਰਦਿਆਂ ਜਗਦੀਪ ਭਾਰਦਵਾਜ਼ ਨੇ ਆਪਣੇ ਕਾਰਜਕਾਲ ਦੀ ਦਿਸ਼ਾ ਅਤੇ ਦ੍ਰਿਸ਼ਟੀਕੋਣ ਸਾਫ ਕੀਤਾ। ਉਨ੍ਹਾਂ ਕਿਹਾ ਕਿ ਰੋਟਰੀ ਇੰਟਰਨੈਸ਼ਨਲ ਦੀ ਕਾਰਜਪ੍ਰਣਾਲੀ ਅਨੁਸਾਰ ਅਤੇ ਸਮਾਜ ਦੀ ਲੋੜ ਅਨੁਸਾਰ ਸੇਵਾ ਕਾਰਜਾਂ ਨੂੰ ਤਰਜੀਹ ਦਿੱਤੀ ਜਾਵੇਗੀ ।ਉਨ੍ਹਾਂ ਦੇ ਪ੍ਰਧਾਨ ਬਣਨ ਦੇ ਸ਼ੁਭ ਅਰੰਭ 'ਤੇ ਰੋਟਰੀ ਕਲੱਬ ਦੇ ਸੀਨੀਅਰ ਮੈਂਬਰਾਂ ਨੇ ਉਨ੍ਹਾਂ ਨੂੰ ਵਧਾਈਆਂ ਅਤੇ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ 'ਤੇ ਉਨ੍ਹਾਂ ਨੇ ਸਾਬਕਾ ਪ੍ਰਧਾਨ (9♦♦) ਸ਼੍ਰੀ ਦਵਿੰਦਰ ਪਾਲ ਸਿੰਘ ਰਿੰਪੀ ਵੱਲੋਂ ਪਿਛਲੇ ਕਾਰਜਕਾਲ ਵਿੱਚ ਕੀਤੇ ਗਏ ਉਲਲੇਖਯੋਗ ਕੰਮਾਂ ਦੀ ਪ੍ਰਸ਼ੰਸਾ ਕਰਦਿਆਂ ਉਨ੍ਹਾਂ ਨੂੰ ਸਨਮਾਨਿਤ ਵੀ ਕੀਤਾ। ਜਗਦੀਪ ਭਾਰਦਵਾਜ਼ ਨੇ ਹਾਲ ਹੀ ਵਿੱਚ ਅਗਰਵਾਲ ਸਭਾ ਸੁਨਾਮ ਦੇ ਪ੍ਰਧਾਨ ਬਣੇ ਕਲੱਬ ਮੈਂਬਰ ਵਿਕਰਮ ਗਰਗ ਵਿਕੀ ਨੂੰ ਵੀ ਸਨਮਾਨਿਤ ਕੀਤਾ ।ਰੋਟਰੀ ਕਲੱਬ ਸੁਨਾਮ ਦੀ ਇਹ ਸ਼ੁਰੂਆਤ ਨਾਂ ਸਿਰਫ਼ ਪ੍ਰੇਰਣਾਦਾਇਕ ਰਹੀ, ਸਗੋਂ ਆਉਣ ਵਾਲੇ ਸਮੇਂ ਵਿੱਚ ਹੋਣ ਵਾਲੇ ਸੇਵਾ ਕਾਰਜਾਂ ਦੀ ਦਿਸ਼ਾ ਨੂੰ ਵੀ ਦਰਸਾਉਂਦੀ ਹੈ ।ਇਸ ਵਿਸ਼ੇਸ਼ ਮੀਟਿੰਗ ਵਿੱਚ ਜਗਦੀਪ ਭਾਰਦਵਾਜ਼ ਦੇ ਨਾਲ-ਨਾਲਸਾਬਕਾ ਰੋਟਰੀ ਗਵਰਨਰ ਘਨਸ਼ਿਆਮ ਕਾਂਸਲ,ਸੁਰਜੀਤ ਸਿੰਘ ਗਹੀਰ ਰਾਜਨ ਸਿੰਗਲਾ ਅਤੇ ਵੱਡੀ ਗਿੱਣਤੀ ਵਿੱਚ ਕਲੱਬ ਮੈਂਬਰ ਹਾਜ਼ਰ ਸਨ

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੁੱਡੀ ਖ਼ੁਰਦ ਵਿਖੇ ਵਿਦਿਆਰਥੀਆਂ ਨੂੰ ਵੰਡੀਆਂ ਵਰਦੀਆਂ



ਬਰਨਾਲਾ, 3 ਜੁਲਾਈ (ਸੁਖਵਿੰਦਰ ਸਿੰਘ ਭੰਡਾਰੀ):ਸਿੱਖਿਆ ਵਿਭਾਗ ਪੰਜਾਬ ਵੱਲੋਂ ਹਰ ਸਾਲ ਪਹਿਲੀ ਤੋਂ ਅੱਠਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ ਜਾਂਦੀਆਂ ਹਨ। ਚਾਲੂ ਸਾਲ ਦੌਰਾਨ ਖੁੱਡੀ ਖ਼ੁਰਦ ਸਕੂਲ ਦੇ ਛੇਵੀਂ ਤੋਂ ਅੱਠਵੀਂ ਤੱਕ ਦੇ 28 ਵਿਦਿਆਰਥੀਆਂ ਨੂੰ ਵਰਦੀਆਂ ਵੰਡੀਆਂ ਗਈਆਂ। ਇੰਚਾਰਜ ਪ੍ਰਿੰਸੀਪਲ ਦਿਨੇਸ਼ ਬਾਂਸਲ ਦੀ ਅਗਵਾਈ ਚ ਸਕੂਲ ਪ੍ਰਬੰਧਕ ਕਮੇਟੀ ਦੀ ਹਾਜ਼ਰੀ ਚ ਵਰਦੀਆਂ ਦੀ ਵੰਡ ਕੀਤੀ ਗਈ। ਪ੍ਰਿੰਸੀਪਲ ਦਿਨੇਸ਼ ਨੇ ਬੋਲਦਿਆਂ ਕਿਹਾ ਕਿ ਹੁਣ ਵਰਦੀਆਂ ਸਰਕਾਰ ਵੱਲੋਂ ਹੀ ਆਉਂਦੀਆਂ ਹਨ। ਪਹਿਲਾਂ ਵਾਂਗ ਵਰਦੀਆਂ ਦੀ ਗ੍ਰਾਂਟ ਨਹੀਂ ਆਉਂਦੀ । ਸਕੂਲ ਮੈਨੇਜਮੈਂਟ ਕਮੇਟੀ ਦਾ ਕਹਿਣਾ ਕਿ ਸਕੂਲ ਸਟਾਫ਼ ਵੱਲੋਂ ਸਮੇਂ ਸਮੇਂ ਤੇ ਹਰ ਵਿਸ਼ੇ ਨਾਲ ਸਬੰਧਿਤ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਹਨ। ਪ੍ਰਿੰਸੀਪਲ ਦਿਨੇਸ਼ ਬਾਂਸਲ ਦੀ ਅਗਵਾਈ 'ਚ ਸਮੂਹ ਸਟਾਫ਼ ਦੇ ਸਹਿਯੋਗ ਨਾਲ ਸਕੂਲ ਸਫ਼ਲਤਾ ਦੀਆਂ ਬੁਲੰਦੀਆਂ ਛੂਹ ਰਿਹਾ ਹੈ। ਸਟਾਫ਼ ਬਹੁਤ ਮਿਹਨਤੀ ਹੈ। ਅਕਲਿ ਲਤੀਫ਼ ਪੰਜਾਬੀ ਮਿਸਟਰੈੱਸ ਹਰਜੀਤ ਕੌਰ ਢਿੱਲੋਂ ਤਪੇ ਵਾਲੇ, ਅੰਗਰੇਜ਼ੀ ਮਿਸਟਰੈੱਸ ਰਾਜਵਿੰਦਰ ਕੌਰ, ਕੰਪਿਊਟਰ ਫੈਕਲਟੀ ਬਾਲਾ ਸੁੰਦਰੀ, ਸ ਸ ਮਿਸਟਰੈੱਸ ਹਰਵਿੰਦਰ ਕੌਰ ਧੌਲੇ ਵਾਲੇ, ਸਾਇੰਸ ਮਿਸਟਰੈੱਸ ਵਿਸ਼ਾਲੀ ਗੁਪਤਾ, ਮੈਥ ਮਾਸਟਰ ਜਗਵਿੰਦਰ ਪਾਲ, ਗੁਰਲਾਲ ਸਿੰਘ ਆਦਿ ਵਿਦਿਆਰਥੀਆਂ ਨੂੰ ਚੰਗੀ ਸਿੱਖਿਆ ਦੇਣ ਦੇ ਨਾਲ ਨਾਲ ਉਨ੍ਹਾਂ ਦੀ ਸ਼ਖ਼ਸ਼ੀਅਤ ਉਸਾਰੀ 'ਚ ਪੂਰਨ ਯੋਗਦਾਨ ਪਾ ਰਹੇ ਹਨ ਅਤੇ ਸਮਾਜਿਕ ਕੁਰੀਤੀਆਂ ਖਾਸ ਕਰਕੇ ਨਸ਼ਿਆਂ ਤੋਂ ਦੂਰ ਰਹਿਣ ਲਈ ਬੱਚਿਆਂ ਨੂੰ ਪ੍ਰੇਰਿਤ ਕਰਦੇ ਰਹਿੰਦੇ ਹਨ। ਸਮੂਹ ਸਟਾਫ਼ ਵੱਲੋਂ ਵਿਦਿਆਰਥੀਆਂ ਦਾ ਦਾਖ਼ਲਾ ਵਧਾਉਣ ਲਈ ਯਤਨ ਕੀਤੇ ਜਾ ਰਹੇ ਨੇ । ਪ੍ਰਿੰਸੀਪਲ ਦਿਨੇਸ਼ ਬਾਂਸਲ ਦਾ ਕਹਿਣਾ ਹੈ ਕਿ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਸਕੂਲ ਨੂੰ ਪੂਰਾ ਸਹਿਯੋਗ ਦਿੱਤਾ ਜਾ ਰਿਹਾ ਹੈ ਅਤੇ ਸਕੂਲ ਚ ਪੂਰਨ ਅਨੁਸ਼ਾਸਨ ਰੱਖਿਆ ਜਾ ਰਿਹਾ ਹੈ।

# ਵਾਲਮੀਕਿ ਚੌਂਕ ਵਿਖੇ ਦੁਕਾਨਦਾਰਾਂ ਨੇ ਲਗਾਇਆ ਅਸ਼ਟਮੀ ਦੀ ਕੜਾਹੀ ਦਾ ਭੰਡਾਰਾ



ਬਰਨਾਲਾ, 3 ਜੁਲਾਈ ( ਸੁਖਵਿੰਦਰ ਸਿੰਘ ਭੰਡਾਰੀ) : ਵਾਲਮੀਕਿ ਚੌਂਕ ਬਰਨਾਲਾ ਵਿਖੇ ਸਮੂਹ ਦੁਕਾਨਦਾਰਾਂ ਵੱਲੋਂ ਜੁਲਾਈ ਮਹੀਨੇ ਦੀ ਅਸ਼ਟਮੀ ਦੀ ਕੜਾਹੀ ਦਾ ਸਰਵ ਸਾਂਝਾ ਭੰਡਾਰਾ ਧਰਮ ਪਾਲ ਹਮੀਦੀ ਵਾਲੇ ਦੀ ਦੁਕਾਨ ਤੇ ਲਾਇਆ ਗਿਆ। ਇਸ ਮੌਕੇ ਬੋਲਦਿਆਂ ਚਿੰਤਪੂਰਨੀ ਲੰਗਰ ਕਮੇਟੀ ਦੇ ਪ੍ਰਧਾਨ ਧਰਮਪਾਲ ਹਮੀਦੀ ਵਾਲੇ ਨੇ ਕਿਹਾ ਕਿ ਹਰ ਮਹੀਨੇ ਦੀ ਅਸ਼ਟਮੀ ਨੂੰ ਭੰਡਾਰਾ ਲਾਇਆ ਜਾਂਦਾ ਹੈ। ਇਸ ਮੌਕੇ ਆਰਤੀ ਕਰਨ ਉਪਰੰਤ ਕੰਨਿਆ ਪੂਜਨ ਕੀਤਾ ਗਿਆ। ਇਸ ਤੋਂ ਬਾਅਦ ਕੰਨਿਆਵਾਂ ਨੂੰ ਭੋਜ ਕਰਵਾਇਆ ਗਿਆ ਅਤੇ ਭੰਡਾਰਾ ਵਰਤਾਇਆ ਗਿਆ। ਇਸ ਮੌਕੇ ਵੇਦ ਪ੍ਰਕਾਸ਼ ਸੋਨੂੰ, ਸੁਖਵਿੰਦਰ ਸਿੰਘ ਭੰਡਾਰੀ, ਕੇਵਲ ਕ੍ਰਿਸ਼ਨ ਗਰਗ, ਸੰਜੀਵ ਸ਼ਰਮਾ ਪੈਸਟੀਸਾਈਡਜ ਵਾਲੇ , ਬਿੰਦਰ ਪਾਲ , ਸੁਰੇਸ਼ ਕੁਮਾਰ ਬਡਬਰ ਵਾਲੇ , ਸੰਦੀਪ ਕੁਮਾਰ, ਹਰੀ ਰਾਮ, ਆਸੂ ਬਾਂਸਲ, ਵਿਨੋਦ ਰਾਣੀ,ਵੀਨਾ ਰਾਣੀ, ਵੇਦ ਪ੍ਰਕਾਸ ਸੋਨੂੰ ,ਸੁਰਿੰਦਰ ਠੀਕਰੀਵਾਲ, ਡਾਕਟਰ ਰਾਜ ਕੁਮਾਰ ਆਦਿ ਨੇ ਭੰਡਾਰਾ ਵਰਤਾਉਣ ਚ ਸੇਵਾ ਨਿਭਾਈ। ਇਸ ਮੌਕੇ ਵੱਖ ਵੱਖ ਗਤੀਵਿਧੀਆਂ 'ਚ ਤੇਜ਼ੀ ਲਿਆਉਣ ਦਾ ਫ਼ੈਸਲਾ ਕੀਤਾ ਗਿਆ।

## ਮੋਦੀ ਸਰਕਾਰ ਨੇ ਦੇਸ਼ ਨੂੰ ਤਰੱਕੀ ਦੇ ਰਾਹ ਤੋਰਿਆ : ਪਰਮਪਾਲ ਸਿੱਧੂ



ਰਾਮਪੁਰਾ ਫੂਲ,3 ਜੁਲਾਈ(ਮਨਪ੍ਰੀਤ ਮਿੰਟੂ): ਭਾਜਪਾ ਆਗੂ ਪਰਮਪਾਲ ਕੌਰ ਸਿੱਧੂ ਨੇ ਕੇਂਦਰ ਦੀ ਮੋਦੀ ਸਰਕਾਰ ਦੀਆਂ 11 ਸਾਲਾਂ ਦੀਆਂ ਪ੍ਰਾਪਤੀਆਂ ਨੂੰ ਗਿਣਾਉਂਦਿਆਂ ਉਸ ਨੂੰ ਦੇਸ਼ ਦੀਆਂ ਵੱਡੀਆਂ ਪ੍ਰਾਪਤੀਆਂ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਨੇ ਆਪਣੇ 11 ਸਾਲਾਂ ਦੇ ਕਾਰਜਕਾਲ ਵਿੱਚ ਉਹ ਕੁੱਝ ਕਰ ਦਿਖਾਇਆ ਜੋ ਦੇਸ਼ ਵਿੱਚ ਅੱਜ ਤੱਕ ਨਾ ਹੋਇਆ।ਉਨ੍ਹਾਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਪ੍ਰੇਸ਼ਾਨ ਸਿੰਧੂਰ ਰਾਹੀਂ ਦੁਸ਼ਮਣ ਦੇ ਘਰ ਵੜ ਕੇ ਅੱਤਵਾਦੀ ਟਿਕਾਣੇ ਤਬਾਹ ਕੀਤੇ। ਪਾਕਿਸਤਾਨ ਨੂੰ ਸਪਸ਼ਟ ਸੰਕੇਤ ਦਿੱਤਾ ਕਿ ਅੱਤਵਾਦ, ਪਾਣੀ ਅਤੇ ਵਪਾਰ ਇੱਕਠੇ ਨਹੀਂ ਚੱਲ ਸਕਦੇ। ਉਨ੍ਹਾਂ ਕਿਹਾ ਕਿ ਭਾਰਤ ਹੁਣ ਨਾ ਸਿਰਫ ਇੱਕ ਸਵੈ-ਨਿਰਭਰ ਸ਼ਕਤੀ ਵਜੋਂ ਉੱਭਰ ਰਿਹਾ ਹੈ, ਬਲਕਿ ਰੱਖਿਆ ਇਜ਼ਾਫਾ ਵੀ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਮੋਦੀ ਦੀ ਰਣਨੀਤਿਕ ਦ੍ਰਿਸ਼ਟੀ ਅਤੇ ਤਿਆਰੀ ਦਾ ਨਤੀਜਾ ਹੈ ਕਿ ਇੱਕ ਕਰੋੜ ਲੋਕਾਂ ਨੂੰ ਪੱਕਾ ਘਰ, 82 ਕਰੋੜ ਲੋਕਾਂ ਨੂੰ ਮੁਫਤ ਰਾਸ਼ਨ, 55 ਕਰੋੜ ਲੋਕਾਂ ਨੂੰ 5 ਲੱਖ ਦੇ ਮੁਫਤ ਇਲਾਜ ਦੀ ਗ੍ਰਾਂਟੀ ਦਿੱਤੀ ਗਈ। ਪਰਮਪਾਲ ਕੌਰ ਸਿੱਧੂ ਨੇ ਕਿਹਾ ਕਿ ਮੋਦੀ ਸਰਕਾਰ ਨੇ ਮਿਡਲ ਕਲਾਸ ਨੂੰ ਤਾਕਤ ਦਿੰਦਿਆ 12 ਲੱਖ ਦੀ ਆਮਦਨ ਤੇ ਕੋਈ ਟੈਕਸ ਨਹੀਂ ਲਗਾਇਆ, 7 ਨਵੇਂ ਆਈ.ਆਈ.ਟੀ, 8 ਨਵੇਂ ਆਈ.ਆਈ.ਐੱਮ ਅਤੇ 16 ਨਵੇਂ ਏਮਜ਼ ਹਸਪਤਾਲ ਬਣਾਏ। ਨੌਜਵਾਨਾਂ ਲਈ 490 ਨਵੀਆਂ ਯੂਨੀਵਰਸਿਟੀਆਂ, 8100 ਨਵੇਂ ਕਾਲਜ਼ ਖੋਲ੍ਹੇ। ਪੀ.ਐੱਮ ਕਿਸਾਨ ਯੋਜਨਾ ਨਾਲ ਕਿਸਾਨਾਂ ਨੂੰ 3.7 ਲੱਖ ਕਰੋੜ ਰੁਪਏ, ਪੀ.ਐੱਮ ਫਸਲ ਬੀਮਾ ਯੋਜਨਾ ਨਾਲ ਕਿਸਾਨਾਂ ਨੂੰ 1.75 ਲੱਖ ਕਰੋੜ ਦੀ ਰਾਹਤ ਦਿੱਤੀ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੀ ਅਗਵਾਈ ਵਿੱਚ ਦੇਸ਼ ਦਾ ਕੱਦ ਦੁਨੀਆਂ ਵਿੱਚ ਉੱਚਾ ਹੋਇਆ ਹੈ ਅਤੇ ਦੇਸ਼ ਦੁਨੀਆਂ ਦਾ ਚੌਥਾ ਵੱਡਾ ਅਰਥਚਾਰਾ ਬਣਿਆ ਹੈ।

# ਮਾਂ ਦੁਰਗਾ ਦੇ ਭਗਤਾਂ ਨੇ ਕੀਤੀ ਤਪਾ ਤੋਂ ਸੋਲਾਂ ਵਾਲੇ ਮੱਟ ਤੱਕ ਪੈਦਲ ਯਾਤਰਾ



ਤਪਾ ਮੰਡੀ, 3 ਜੁਲਾਈ (ਭੂਸ਼ਨ ਘੜੈਲਾ):ਅੱਜ ਸਤਿਓ ਵਾਲੇ ਦਿਨ ਸਥਾਨਕ ਸ਼ਹਿਰ ਦੇ ਕੁਝ ਮਾਂ ਦੁਰਗਾ ਦੇ ਭਗਤਾਂ ਵੱਲੋਂ ਤਪਾ ਤੋਂ ਸੋਲਾ ਵਾਲੇ ਮੱਟ ਤੱਕ ਮਾਂ ਦੁਰਗਾ ਦੇ ਦਰਸ਼ਨ ਕਰਨ ਲਈ ਪੈਦਲ ਯਾਤਰਾ ਕੀਤੀ ਗਈ। ਇਸ ਮੌਕੇ ਪੈਦਲ ਯਾਤਰਾ ਵਿੱਚ ਸ਼ਾਮਲ ਸੁਧੀਰ ਕੁਮਾਰ ਹੈਪੀ ਸੂਦ, ਵਿਜੇ ਕੁਮਾਰ ਧੂਰਕੋਟੀਆ, ਯਸ਼ਪਾਲ ਸ਼ਰਮਾ ਅਤੇ ਜਗਦੀਸ਼ ਵਰਮਾ ਨੇ ਸਾਡੇ ਪੱਤਰਕਾਰ ਗੱਲਬਾਤ ਕਰਦਿਆਂ ਦੱਸਿਆ ਕਿ ਤਪਾ ਸ਼ਹਿਰ ਤੋਂ ਹਰ ਮਹੀਨੇ ਮਾਂ ਦੁਰਗਾ ਦੇ ਭਗਤਾਂ ਰਲ ਮਿਲਕੇ ਮਾਂ ਦੁਰਗਾ ਨਾਲ ਪਿਆਰ ਜਿਤਾਉਂਦੇ ਹੋਏ ਸ਼ਰਧਾ ਭਾਵਨਾ ਨਾਲ ਸੋਲਾਂ ਵਾਲੇ ਮੱਟ ਤੱਕ ਪੈਦਲ ਯਾਤਰਾ ਕੀਤੀ ਜਾਂਦੀ ਹੈ। ਇਹ ਯਾਤਰਾ ਸੱਤਿਓ ਵਾਲੇ ਦਿਨ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸਵੇਰੇ 2 ਵਜੇ ਪੈਦਲ ਯਾਤਰਾ ਸ਼ੁਰੂ ਕੀਤੀ ਗਈ ਤੇ 7 ਵਜੇ ਦੇ ਕਰੀਬ ਇਹ ਪੈਦਲ ਮੰਦਿਰ ਵਿਚ ਪਹੁੰਚ ਗਈ ਹੈ ਉਸ ਤੋਂ ਮਾਂ ਦੁਰਗਾ ਦੀ ਜੋਤ ਦੇ ਦਰਸ਼ਨ ਕਰਨ ਉਪਰੰਤ ਹੋਰ ਮੰਦਿਰਾਂ ਅਤੇ ਗੁਫਾ ਵਿੱਚ ਸ਼ਿਵ ਭਗਵਾਨ ਤੇ ਹੋਰ ਦੇਵੀ ਦੇਵਤਿਆਂ ਦੇ ਵੀ ਦਰਸ਼ਨ ਕੀਤੇ ਜਾਂਦੇ ਹਨ। ਮਾਂ ਦੁਰਗਾ ਦੀ ਮਿੱਟੀ ਕੱਢਣ ਤੋਂ ਬਾਅਦ ਮਾਂ ਦੁਰਗਾ ਦਾ ਗੁਣਗਾਣ ਕੀਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਇਹ ਯਾਤਰਾ ਪਿੰਡਾਂ ਵਿੱਚੋਂ ਦੀ ਹੁੰਦੇ ਹੋਏ ਤਪਾ ਮੰਡੀ ਤੇ ਸੋਲਾ ਵਾਲੇ ਮੱਟ ਤੱਕ ਲੱਗਭੱਗ 20 ਕਿੱਲੋ ਮੀਟਰ ਤੱਕ ਦੀ ਯਾਤਰਾ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸਾਲ ਇਸ ਪਵਿੱਤਰ ਅਸਥਾਨ 'ਤੇ ਦੋ ਵਾਰ ਮੇਲਾ ਭਰਦਾ ਹੈ। ਮੰਦਿਰ ਕਮੇਟੀ ਵੱਲੋਂ ਬੜੀ ਹੀ ਧੂਮਧਾਮ ਅਤੇ ਰੰਗ ਬਿਰੰਗੇ ਫੁੱਲਾਂ ਨਾਲ ਮੰਦਰ ਨੂੰ ਸਜਾਇਆ ਜਾਂਦਾ। ਮੇਲੇ ਵਾਲੇ ਦਿਨ ਦੂਰੋਂ ਨੇੜਿਉਂ ਫੜੀਆਂ ਰੇਹੜੀਆਂ ਵਾਲੇ ਆਪਣੀਆਂ ਦੁਕਾਨਾਂ ਸਜਾਉਂਦੇ ਹਨ ਦੂਰੋ ਨੇੜਿਉਂ ਮਾਂ ਦੁਰਗਾ ਦੇ ਭਗਤਾਂ ਹਜ਼ਾਰਾਂ ਦੀ ਗਿਣਤੀ ਵਿੱਚ ਕਤਾਰਾਂ ਬੰਨ ਬੰਨ ਆਉਂਦੇ ਹਨ ਅਤੇ ਮਾਂ ਦੁਰਗਾ ਦੇ ਦਰਸ਼ਨ ਕਰਕੇ ਆਸ਼ੀਰਵਾਦ ਪ੍ਰਾਪਤ ਕਰਦੇ ਹਨ। ਇਸ ਮੰਦਿਰ ਤੇ ਸਿਮਾਹੀ ਮੇਲਾ ਲੱਗਦਾ ਹੈ ਕਮੇਟੀ ਵੱਲੋਂ ਮਾਤਾ ਦਾ ਵਿਸ਼ਾਲ ਜਾਗਰਣ ਕਰਵਾਇਆ ਜਾਂਦਾ ਹੈ। ਮੇਲੇ ਦੌਰਾਨ ਮੰਦਿਰ ਵਿਚ ਦੁਰਗਾ ਮਾਤਾ ਦੇ ਦਰਸ਼ਨ ਕਰਨ ਆਈ ਸੰਗਤ ਲਈ ਦੋ ਦਿਨ ਅਤੁੱਟ ਲੰਗਰ ਲਗਾਇਆ ਜਾਂਦਾ ਹੈ। ਇਸ ਮੌਕੇ ਉਨ੍ਹਾਂ ਨਾਲ ਅਸ਼ਵਨੀ ਕੁਮਾਰ, ਭੂਸ਼ਨ ਘੜੈਲਾ,ਬਲੌਰ ਚੰਦ ਮੌੜ, ਕਰਮਜੀਤ ਸਿੰਘ, ਅਮ੍ਰਿਤਪਾਲ, ਲੱਕੀ ਵਰਮਾ, ਰੋਹਿਤ ਕੁਮਾਰ, ਦਮਨ ਵਰਮਾ, ਮੋਹਿਤ ਕੁਮਾਰ ਅਤੇ ਹੋਰ ਸ਼ਰਧਾਲੂ ਵੀ ਹਾਜ਼ਰ ਸਨ। ਉਨ੍ਹਾਂ ਇਹ ਵੀ ਦੱਸਿਆ ਕਿ ਉਨ੍ਹਾਂ ਦੀ ਇਹ ਪੈਦਲ ਯਾਤਰਾ ਚੌਥੀ ਯਾਤਰਾ ਹੈ।

# ਟੀ ਬੀ ਮੁਕਤ ਬਰਨਾਲਾ: ਮਰੀਜ਼ਾਂ ਦੀਆਂ ਪੋਸ਼ਣ ਕਿੱਟਾਂ ਲਈ ਅੱਗੇ ਆਏ ਡੀ ਸੀ, ਐੱਸ ਐੱਸ ਪੀ ਤੇ ਅਫ਼ਸਰ



ਬਰਨਾਲਾ /ਤਪਾ ਮੰਡੀ, 3 ਜੁਲਾਈ(ਭੂਸ਼ਨ ਘੜੈਲਾ): ਜ਼ਿਲ੍ਹਾ ਬਰਨਾਲਾ ਵਿੱਚ ਟੀ ਬੀ ਵਿਰੁੱਧ ਸ਼ੁਰੂ ਕੀਤੇ ਟੀ ਬੀ ਮੁਕਤ ਬਰਨਾਲਾ ਉਪਰਾਲੇ ਤਹਿਤ ਮਰੀਜ਼ਾਂ ਦੇ ਚੰਗੇ ਪੋਸ਼ਣ ਲਈ ਯੋਗਦਾਨ ਪਾਉਣ ਵਾਸਤੇ ਜ਼ਿਲ੍ਹੇ ਦੇ ਪ੍ਰਸ਼ਾਸਨਿਕ ਅਧਿਕਾਰੀ ਅਤੇ ਵੱਖ ਵੱਖ ਵਿਭਾਗ ਮੁਖੀ ਅੱਗੇ ਆਏ ਹਨ। ਸਰਕਾਰ ਵਲੋਂ ਟੀ ਬੀ ਦੇ ਖ਼ਾਤਮੇ ਲਈ ਟੀ ਬੀ ਮੁਕਤ ਭਾਰਤ ਅਭਿਆਨ ਚਲਾਇਆ ਜਾ ਰਿਹਾ ਹੈ। ਇਸ ਤਹਿਤ ਮਰੀਜ਼ਾਂ ਦੇ ਬਿਹਤਰ ਇਲਾਜ ਵਾਸਤੇ ਉਨ੍ਹਾਂ ਨੂੰ ਪੋਸ਼ਣ ਕਿੱਟ ਘੱਟੋ-ਘੱਟ 6 ਮਹੀਨੇ ਦਿੱਤੀ ਜਾਂਦੀ ਹੈ। ਟੀ ਬੀ ਮਰੀਜ਼ਾਂ ਲਈ ਆਪਣੇ ਕੋਲੋਂ ਪੋਸ਼ਣ ਕਿੱਟਾਂ ਦਾ ਯੋਗਦਾਨ ਪਾਉਣ ਵਾਸਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਟੀ ਬੈਨਿਥ, ਐੱਸ ਐੱਸ ਪੀ ਮੁਹੰਮਦ ਸਰਫ਼ਰਾਜ਼ ਆਲਮ, ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਅਨੁਪ੍ਰਿਤਾ ਜੌਹਲ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸਤਵੰਤ ਸਿੰਘ, ਐੱਸ ਡੀ ਐਮ ਬਰਨਾਲਾ ਹਰਪ੍ਰੀਤ ਸਿੰਘ ਅਟਵਾਲ, ਐੱਸ ਡੀ ਐਮ ਤਪਾ ਸਿਮਰਪ੍ਰੀਤ ਕੌਰ ਤੋਂ ਇਲਾਵਾ ਕਈ ਵਿਭਾਗ ਮੁਖੀ ਅਤੇ ਹੋਰ ਅਫ਼ਸਰ ਅੱਗੇ ਆਏ ਹਨ। ਇਸ ਮੁਹਿੰਮ ਬਾਰੇ ਜਾਣਕਾਰੀ ਦਿੰਦੇ ਹੋਏ ਡਿਪਟੀ ਕਮਿਸ਼ਨਰ ਬਰਨਾਲਾ ਸ੍ਰੀ ਟੀ ਬੈਨਿਥ ਨੇ ਦੱਸਿਆ ਕਿ ਸਰਕਾਰ ਦੇ ਦਿਸ਼ਾ - ਨਿਰਦੇਸ਼ ਅਧੀਨ ਜ਼ਿਲ੍ਹਾ ਪ੍ਰਸ਼ਾਸਨ ਬਰਨਾਲਾ ਵਲੋਂ ਟੀ ਬੀ ਮੁਕਤ ਲਈ ਯਤਨ ਕੀਤੇ ਜਾ ਰਹੇ ਹਨ। ਜ਼ਿਲ੍ਹਾ ਬਰਨਾਲਾ ਵਿੱਚ 350 ਦੇ ਕਰੀਬ ਟੀ ਬੀ ਦੇ ਮਰੀਜ਼ ਹਨ ਜੋ ਕਿ ਪੋਸ਼ਣ ਕਿੱਟ ਲੈਣ ਦੇ ਇੱਛੁਕ ਹਨ। ਇਹ ਪੋਸ਼ਣ ਕਿੱਟ ਇਲਾਜ ਦੌਰਾਨ ਹਰ ਮਹੀਨੇ ਦਿੱਤੀ ਜਾਂਦੀ ਹੈ ਜਿਸਦੀ ਕੀਮਤ ਕਰੀਬ 1000 ਰੁਪਏ ਹੈ ਅਤੇ ਇਹ ਕਿੱਟ ਇਲਾਜ ਦੌਰਾਨ ਘੱਟੋ - ਘੱਟ 6 ਮਹੀਨੇ ਲਈ ਦਿੱਤੀ ਜਾਂਦੀ ਹੈ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵਿੱਢੀ ਜੰਗ ਵਿੱਚ ਸਾਨੂੰ ਮਿਲ ਕੇ ਲੜਨ ਦੀ ਲੋੜ : ਗਿੱਲ



ਧਨੌਲਾ,3 ਜੁਲਾਈ (ਚਮਕੌਰ ਸਿੰਘ ਗੱਗੀ): ਸੂਬਾ ਸਰਕਾਰ ਵੱਲੋਂ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਯੁੱਧ ਨਸ਼ਿਆ ਵਿਰੁੱਧ ਮੁਹਿੰਮ ਤਹਿਤ ਪਿੰਡ ਪਿੰਡ ਨਸ਼ਾ ਖਤਮ ਕਰਨ ਲਈ ਲੋਕ ਭਰਵਾਂ ਸਹਿਯੋਗ ਕਰਨ, ਤਾਂ ਹੀ ਨਸ਼ੇ ਨੂੰ ਖਤਮ ਕੀਤਾ ਜਾ ਸਕਦਾ ਇਹਨਾ ਸ਼ਬਦਾਂ ਦਾ ਪ੍ਰਗਟਾਵਾ ਡੀ ਆਈ ਜੀ ਸੁਖਵਿੰਦਰ ਸਿੰਘ ਗਿੱਲ ਨੇ ਧਨੌਲਾ ਵਿਖੇ ਨਸ਼ਿਆਂ ਵਿਰੁੱਧ ਕਰਵਾਏ ਸੈਮੀਨਾਰ ਦੌਰਾਨ ਕੀਤਾ, ਅੱਜ ਬਰਨਾਲਾ ਪੁਲਿਸ ਵੱਲੋਂ ਐਸਐਸਪੀ ਮੁਹੰਮਦ ਸਰਫਰਾਜ ਆਲਮ ਜੀ ਦੀ ਅਗਵਾਈ ਹੇਠ ਧਨੌਲਾ ਵਿਖੇ ਗੋਲਡਨ ਰਿਜ਼ੋਰਟ ਵਿੱਚ ਇੱਕ ਨਸ਼ਿਆਂ ਵਿਰੁੱਧ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਪਿੰਡਾਂ ਦੇ ਸਰਪੰਚਾਂ ਪੰਚਾਂ ਕਲੱਬ ਕਮੇਟੀਆਂ ਦੇ ਅਹੁਦੇਦਾਰਾ ਨੇ ਸ਼ਮੂਲੀਅਤ ਕੀਤੀ, । ਇਸ ਰੱਖੇ ਪ੍ਰੋਗਰਾਮ ਵਿੱਚ ਡੀਆਈਜੀ ਸੁਖਵਿੰਦਰ ਸਿੰਘ ਗਿੱਲ ਨੇ ਮੁੱਖ ਮਹਿਮਾਨ ਵਜੋਂ ਪਹੁੰਚ ਕੇ ਸਿਰਕਤ ਕੀਤੀ , ਜਿਸ ਵਿੱਚ ਡੀ ਆਈਜੀ ਸੁਖਵਿੰਦਰ ਸਿੰਘ ਗਿੱਲ ਨੇ ਆਪਣੇ ਭਾਸ਼ਣ ਦੌਰਾਨ ਕਿਹਾ ਕਿ ਨਸ਼ਿਆਂ ਵਿਰੁੱਧ ਵਿੱਢੀ ਜੰਗ ਵਿੱਚ ਨਸ਼ੇ ਨੂੰ ਖਤਮ ਕਰਨ ਲਈ ਸਾਨੂੰ ਇੱਕਜੁੱਟ ਹੋਣਾ ਬਹੁਤ ਜਰੂਰੀ ਹੈ। ਜਿਸ ਤਹਿਤ ਸਮੂਹ ਜ਼ਿਲ੍ਹਾ ਪੁਲਿਸ ਪ੍ਰਸ਼ਾਸਨ ਅਤੇ ਪਿੰਡਾਂ ਦੇ ਪੰਚਾਂ ਸਰਪੰਚਾਂ ਸ਼ਹਿਰਾਂ ਦੇ ਨਗਰ ਕੌਂਸਲਾਂ ਸਮੇਤ ਸੌਂਹ ਚੁੱਕੀ ਗਈ ਕਿ ਅਸੀਂ ਇਸ ਜੰਗ ਨੂੰ ਖਤਮ ਕਰਕੇ ਹੀ ਦਮ ਲਵਾਂਗੇ, ਡੀ ਆਈ ਜੀ ਗਿੱਲ ਸਾਹਿਬ ਨੇ ਕਿਹਾ ਕਿ ਨਸ਼ੇ ਨੇ ਬਹੁਤ ਘਰ ਬਰਬਾਦ ਕੀਤੇ, ਮਾਵਾਂ ਦੇ ਪੁੱਤ, ਭੇਣਾ ਦੇ ਸੁਹਾਗ, ਜਮੀਨਾਂ ਘਰ ਸਭ ਕੁੱਝ ਬਰਬਾਦ ਕੀਤਾ, ਕਿਹਾ ਕਿ ਬਹੁਤ ਪਿੰਡਾ ਵਿੱਚ ਨਸ਼ਾ ਬਿਲਕੁਲ ਖਤਮ ਹੋ ਚੁੱਕਾ ਹੈ , ਜਿਹੜੇ ਪਿੰਡ ਹਾਲੇ ਨਸ਼ਾ ਮੁਕਤ ਹੋਣ ਦੇ ਕੰਢੇ ਹਨ ਓਹਨਾ ਨੂ ਨਗਰ ਦੇ ਸਹਿਜੋਗ ਸਦਕਾ ਖਤਮ ਕੀਤਾ ਜਾਵੇਗਾ, ਕਿਹਾ ਕਿ ਜਿਹੜਾ ਨਸ਼ਾ ਛੱਡਣਾ ਚਾਹੁੰਦੇ ਉਸ ਦਾ ਵੀ ਇਲਾਜ ਬਿਲਕੁਲ ਮੁਫ਼ਤ ਹੋਵੇਗਾ, ਓਹਨਾ ਕਿਹਾ ਕਿ ਜਿਸ ਘਰ ਵਿੱਚ ਨਸ਼ਾ ਵੜ ਜਾਂਦਾ ਉਹ ਘਰ ਆਰਥਿਕ ਪੱਖੋਂ ਬਿਲਕੁਲ ਬਰਬਾਦ ਹੋ ਜਾਂਦਾ, ਓਹਨਾ ਮਾਪਿਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਪਣੇ ਬੱਚਿਆਂ ਦੇ ਰਹਿਣ ਸਹਿਣ ਸੰਗਤ ਵੱਲ ਜ਼ਰੂਰ ਧਿਆਨ ਦੇਣ, ਇਸ ਪ੍ਰੋਗਰਾਮ ਦੌਰਾਨ ਲੋਕ ਭਲਾਈ ਚੈਰੀਟੇਬਲ ਸੁਸਾਇਟੀ ਮਹਿਲਕਲਾਂ ਵੱਲੋਂ ਨਸ਼ਿਆਂ ਤੇ ਚੋਟ ਕਰਦਾ ਇਕ ਨਾਟਕ ਨਵੀਂ ਜਿੰਦਗੀ ਪੇਸ਼ ਕੀਤਾ ਗਿਆ, ਜਿਸ ਨੇ ਸਭ ਦੀਆਂ ਅੱਖਾਂ ਵਿੱਚ ਹੰਜੂ ਲਿਆ ਦਿੱਤੇ, ।ਸਟੇਜ ਦੀ ਸੇਵਾ ਰਿਟਾ: ਥਾਣੇਦਾਰ ਬਲਵਿੰਦਰ ਸਿੰਘ ਭਿੱਖੀ ਵੱਲੋਂ ਨਿਭਾਈ ਗਈ । ਇਸ ਮੌਕੇ ਡੀਆਈਜੀ ਸੁਖਵਿੰਦਰ ਸਿੰਘ ਗਿੱਲ ਐਸਐਸਪੀ ਮੁਹੰਮਦ ਸਰਫਰਾਜ ਆਲਮ , ਐਸਪੀਡੀ ਅਸ਼ੋਕ ਕੁਮਾਰ ਸ਼ਰਮਾ ਡੀਐਸਪੀ ਬਰਨਾਲਾ ਸਤਬੀਰ ਸਿੰਘ ਡੀਐਸਪੀ ਤਪਾ ਗੁਰਵਿੰਦਰ ਸਿੰਘ ਇੰਸਪੈਕਟਰ ਜਗਜੀਤ ਸਿੰਘ ਘੁਮਣ ,ਇੰਸਪੈਕਟਰ ਲਖਬੀਰ ਸਿੰਘ, ਥਾਣਾ ਮੁਖੀ ਤਪਾ ਸਰੀਫ ਖਾਨ, ਮਨਜੀਤ ਸਿੰਘ ਸਬ ਇੰਸਪੈਕਟਰ ਗੁਰਮੇਲ ਸਿੰਘ, ਸਮੇਤ ਵੱਡੀ ਗਿਣਤੀ ਵਿੱਚ ਲੋਕ ਹਾਜ਼ਰ ਸਨ।

# ਪਿੰਡ ਫੁੰਮਣਵਾਲ ਵਿਖੇ ਵਣ ਮਹਾਂ ਉਤਸਵ ਮੌਕੇ ਪੌਦੇ ਲਗਾਉਣ ਲਈ ਕਿਸਾਨਾਂ ਨੂੰ ਕੀਤਾ ਜਾਗਰੂਕ




ਸੰਗਰੂਰ, 3 ਜੁਲਾਈ (ਅਮਨਜੋਤ ਸਿੰਘ):ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਵਾਈਸ ਚਾਂਸਲਰ, ਡਾ. ਸਤਿਬੀਰ ਸਿੰਘ ਗੋਸਲ ਅਤੇ ਨਿਰਦੇਸ਼ਕ ਪਸਾਰ ਸਿੱਖਿਆ, ਪੀ.ਏ.ਯੂ. ਲੁਧਿਆਣਾ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਫਾਰਮ ਸਲਾਹਕਾਰ ਸੇਵਾ ਕੇਂਦਰ ਸੰਗਰੂਰ ਵੱਲੋਂ ਪਿੰਡ ਫੁੰਮਣਵਾਲ ਵਿਖੇ ਵਣ ਮਹਾਂਉਤਸਵ 2025 ਦੇ ਮੌਕੇ ਤੇ ਕਿਸਾਨਾਂ ਨੂੰ ਰੁੱਖਾਂ ਦੀ ਮਨੁੱਖੀ ਜੀਵਨ ਵਿੱਚ ਮਹੱਤਤਾ ਅਤੇ ਵਾਤਾਵਰਣ ਸਬੰਧੀ ਅਹਿਮੀਅਤ ਬਾਰੇ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਮੌਕੇ ਕੇਂਦਰ ਦੇ ਇੰਚਾਰਜ ਡਾ. ਅਸ਼ੋਕ ਕੁਮਾਰ, ਜ਼ਿਲ੍ਹਾ ਪਸਾਰ ਵਿਗਿਆਨੀ ਨੇ ਕਿਸਾਨਾਂ ਨੂੰ ਦੱਸਿਆ ਕਿ ਪੰਜਾਬ ਵਿੱਚ ਤਕਰੀਬਨ ਪਿਛਲੇ ਦੋ ਦਹਾਕਿਆਂ ਤੋਂ ਜੰਗਲਾਤ ਹੇਠਾਂ 1.13 ਪ੍ਰਤੀਸ਼ਤ ਰਕਬੇ ਦੀ ਗਿਰਾਵਟ ਆਈ ਹੈ। ਉਹਨਾਂ ਕਿਹਾ ਕਿ ਰੁੱਖ ਕੇਵਲ ਸੁੰਦਰਤਾ ਦਾ ਪ੍ਰਤੀਕ ਹੀ ਨਹੀਂ ਸਗੋਂ ਕਾਰਬਨਡਾਈਆਕਸਾਈਡ ਗੈਸ ਨੂੰ ਸੋਖ ਕੇ ਆਲਮੀ ਤਪਸ਼ ਨੂੰ ਘਟਾਉਣ ਅਤੇ ਹਜ਼ਾਰਾਂ ਕਿਸਮਾਂ ਦੇ ਪੰਛੀਆਂ, ਜਾਨਵਰਾਂ, ਸ਼ਹਿਦ ਦੀਆਂ ਮੱਖੀਆਂ ਲਈ ਵੀ ਸਹਾਰਾ ਹਨ।ਉਹਨਾਂ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਨਿੰਮ, ਡੇਕ ਅਤੇ ਹੋਰ ਰੁੱਖ ਲਗਾਉਣ ਲਈ ਪ੍ਰੇਰਿਆ। ਮੌਜੂਦਾ ਝੋਨੇ ਅਤੇ ਬਾਸਮਤੀ ਦੀ ਫਸਲ ਵਿੱਚ ਰਸਾਇਣਿਕ ਖਾਦਾਂ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਸਾਂਝੀ ਕੀਤੀ ਗਈ। ਕਿਸਾਨਾਂ ਦੁਆਰਾ ਪੁੱਛੇ ਗਏ ਸਵਾਲਾਂ ਜਿਵੇਂ ਕਿ ਝੋਨੇ ਵਿੱਚ ਜ਼ਿੰਕ ਦੀ ਘਾਟ ਅਤੇ ਇਲਾਜ, ਪੱਤਾ ਲਪੇਟ ਸੁੰਡੀ ਦੀ ਰੋਕਥਾਮ ਅਤੇ ਤੇਲੇ ਦੀ ਸਮੱਸਿਆ ਆਦਿ ਦੇ ਤਸੱਲੀਬਖਸ਼ ਜਵਾਬ ਦਿੱਤੇ ਗਏ। ਕਿਸਾਨਾਂ ਨੂੰ ਅਮਰੂਦਾਂ ਦੇ ਬੂਟਿਆਂ ਨੂੰ ਫਲ ਦੀ ਮੱਖੀ ਦੇ ਹਮਲੇ ਤੋਂ ਬਚਾਉਣ ਲਈ ਪੀ.ਏ.ਯੂ. ਲੁਧਿਆਣਾ ਵੱਲੋਂ ਤਿਆਰ ਫਰੂਟ ਫਲਾਈ ਟਰੈਪ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ ਅਤੇ ਇਸਨੂੰ ਬੂਟੇ ਉੱਪਰ ਲਗਾਉਣ ਦੇ ਢੰਗ, ਫਾਇਦੇ ਅਤੇ ਸਾਵਧਾਨੀਆਂ ਬਾਰੇ ਦੱਸਿਆ ਗਿਆ। ਕਿਸਾਨਾਂ ਲਈ ਧਾਤਾਂ ਦੇ ਚੂਰੇ ਦੀ ਮਹੱਤਤਾ, ਬਾਈਪਾਸ ਫੈਟ, ਪਸ਼ੂਚਾਟ, ਫਰੂਟ ਫਲਾਈ ਟਰੈਪ ਅਤੇ ਖਾਤੀ ਸਾਹਿਤ ਦੀ ਪ੍ਰਦਰਸ਼ਨੀ ਵੀ ਲਗਾਈ ਗਈ। ਅੰਤ ਵਿੱਚ ਫਰੂਟ ਫਲਾਈ ਟਰੈਪਾਂ ਦੀ ਵਿਕਰੀ ਵੀ ਕੀਤੀ ਗਈ।

# ਪਾਵਰਕਾਮ ਮੰਡਲ ਦਿੜ੍ਹਬਾ ਦੀਆਂ ਮੁਲਾਜ਼ਮ ਜਥੇਬੰਦੀਆਂ ਨੇ ਡਵੀਜ਼ਨ ਪੱਧਰ ’ਤੇ ਗੇਟ ਰੈਲੀ ਅਤੇ ਧਰਨਾ ਲਗਾਇਆ

ਦਿੜ੍ਹਬਾ ਮੰਡੀ, 3 ਜੁਲਾਈ (ਸੁਖਵਿੰਦਰ ਸਿੰਘ ਵਿਰਕ): ਪਾਵਰਕਾਮ ਮੰਡਲ ਦਿੜ੍ਹਬਾ ਦੇ ਸਾਰੀਆਂ ਮੁਲਾਜ਼ਮ ਜਥੇਬੰਦੀਆਂ ਵੱਲੋਂ ਡਵੀਜ਼ਨ ਪੱਧਰ ’ਤੇ ਗੇਟ ਰੈਲੀ ਅਤੇ ਧਰਨਾ ਲਗਾਇਆ ਗਿਆ। ਜਿਸ ਵਿੱਚ ਸਾਰੇ ਮੁਲਾਜ਼ਮਾਂ ਵੱਲੋ ਪਿੰਡ ਕੌਹਰੀਆਂ ਵਿਖੇ ਇੱਕ ਬਿਜਲੀ ਮੁਲਾਜਮ ਨਾਲ ਇਕ ਖਪਤਕਾਰ ਵੱਲੋਂ ਕੀਤੀ ਗਈ ਹੱਥੋਪਾਈ ਦੇ ਖਿਲਾਫ ਧਰਨਾ ਦਿੱਤਾ ਗਿਆ। ਜਿਕਰਯੋਗ ਹੈ ਕਿ ਪਿੰਡ ਲਾਡਬੰਜਾਰਾ ਕਲਾਂ ਵਿਖੇ ਚੈਕਿੰਗ ਦੌਰਾਨ ਖਰਾਬ ਮੀਟਰ ਚੈੱਕ ਕੀਤੇ ਸਨ। ਜਿਸ ਦੌਰਾਨ ਖਪਤਕਾਰਾਂ ਵੱਲੋਂ ਲੋਕਾਂ ਨੂੰ ਗੁੰਮਰਾਹ ਕਰਕੇ ਬਿਜਲੀ ਮੁਲਾਜ਼ਮਾਂ ਨੂੰ ਬੰਦੀ ਬਣਾ ਲਿਆ ਸੀ। ਜਿਸ ਨੂੰ ਪ੍ਰਸ਼ਾਸਨ ਵੱਲੋਂ ਜਾ ਕੇ ਦੇਰ ਰਾਤ ਛਡਵਾਇਆ ਗਿਆ ਸੀ। ਇਸੇ ਦੀ ਰੰਜਿਸ਼ ਰੱਖਦੇ ਹੋਏ ਖਪਤਕਾਰ ਨੇ ਪਿੰਡ ਕੌਹਰੀਆਂ ਵਿਖੇ ਰਾਮ ਸਿੰਘ ਮੁਲਾਜ਼ਮ ਦੇ ਨਾਲ ਹੱਥੋਪਾਈ ਕੀਤੀ ਗਈ ਜਦੋਂ ਕਿ ਰਾਮ ਸਿੰਘ ਆਪਣੇ ਘਰ ਤੋਂ ਡਿਊਟੀ ਵੱਲ ਜਾਣ ਲੱਗਾ ਸੀ। ਜਿਸ ਦੀ ਸਾਰੀ ਘਟਨਾ ਦੀ ਰਿਪੋਰਟ ਦਿਹਾਤੀ ਸਬ ਡਵੀਜ਼ਨ ਦਿੜ੍ਹਬਾ ਦੇ ਐਸਡੀਓ ਨੂੰ ਦਿੱਤੀ ਗਈ। ਇਸ ਸਬੰਧ ਵਿੱਚ ਦਫ਼ਤਰ ਵੱਲੋਂ ਉਸ ਵਿਅਕਤੀ ਦੇ ਖਿਲਾਫ ਥਾਣਾ ਛਾਜਲੀ ਵਿਖੇ ਰਿਪੋਰਟ ਭੇਜੀ ਕਿ ਉਸ ਵਿਅਕਤੀ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ। ਥਾਣਾ ਮੁਖੀ ਵੱਲੋਂ ਭਰੋਸਾ ਦਿਵਾਇਆ ਗਿਆ ਕਿ ਕਾਰਵਾਈ ਕੀਤੀ ਜਾਵੇਗੀ ਲੇਕਿਨ ਥਾਣਾ ਛਾਜਲੀ ਦੇ ਵੱਲੋਂ ਕੋਈ ਕਾਰਵਾਈ ਨਹੀਂ ਕੀਤੀ ਗਈ, ਜਿਸ ਦੇ ਰੋਸ ਵਜੋਂ ਇਹ



ਧਰਨਾ ਦਿੱਤਾ ਗਿਆ। ਜਿਸ ਵਿੱਚ ਵੱਖ-ਵੱਖ ਯੂਨੀਅਨਾਂ ਦੇ ਨੁਮਾਇੰਦੇ ਅਤੇ ਮੁਲਾਜ਼ਮ ਸ਼ਾਮਲ ਹੋਏ ਜਿਸ ਨੂੰ ਹਾਜ਼ਰ ਆਗੂਆ ਵੱਲੋਂ ਕੁਲਵਿੰਦਰ ਸਿੰਘ ਢਿੱਲੋਂ, ਦਵਿੰਦਰ ਸਿੰਘ ਪਸੌਰ, ਗੁਰਪ੍ਰੀਤ ਸਿੰਘ, ਗੁਰਧੀਰ ਸਿੰਘ, ਗੁਰਪ੍ਰੀਤ ਸਿੰਘ, ਤਾਰਾ ਸਿੰਘ, ਭੁਪਿੰਦਰ ਸਿੰਘ, ਕਾਲਾ ਜਸਵਿੰਦਰ ਸਿੰਘ, ਹਰਮੇਸ਼ ਕੁਮਾਰ, ਕਰਨੈਲ ਸਿੰਘ ਆਦਿ ਆਗੂਆ ਨੇ ਸੰਬੋਧਨ ਕੀਤਾ। ਧਰਨੇ ਚਲਦੇ ਦੌਰਾਨ ਅਤੇ ਮੁਲਾਜਮਾਂ ਦੇ ਏਕੇ ਸਦਕਾ ਲਾਡਬੰਜਾਰਾ ਕਲਾਂ ਦੀ ਪੰਚਾਇਤ ਅਤੇ ਹੋਰ ਇਲਾਕੇ ਦੇ ਮੋਹਤਵਰ ਵਿਅਕਤੀਆਂ ਵੱਲੋਂ ਸਮਝੌਤਾ ਕਰਨ ਦੀ ਅਪੀਲ ਕੀਤੀ ਗਈ ਸੋ ਇਸ ਅਪੀਲ ਤੇ ਅਮਲ ਕਰਦਿਆ ਐਕਸ਼ਨ ਦਿੜ੍ਹਬਾ ਸੁਖਵੰਤ ਸਿੰਘ ਧੀਮਾਨ ਅਤੇ ਐਸਡੀਓ ਦੀ ਹਾਜ਼ਰੀ ਵਿੱਚ ਦੋਨਾਂ ਧਿਰਾਂ ਦਰਮਿਆਨ ਚੱਲੀ ਲੰਬੀ ਚਰਚਾ ਦੌਰਾਨ ਸਹਿਮਤੀ ਬਣੀ ਇਸ ਤੋਂ ਬਾਅਦ ਜਥੇਬੰਦੀਆਂ ਵੱਲੋਂ ਧਰਨਾ ਸਮਾਪਤ ਕੀਤਾ ਗਿਆ ਇਸ ਤੋਂ ਬਾਅਦ ਜੱਥੇਬੰਦੀਆ ਦੇ ਆਗੂਆਂ ਨੇ ਇਹ ਉਨ੍ਹਾਂ ਦੇ ਏਕੇ ਦੀ ਜਿੱਤ ਦੱਸਿਆ ਹੈ।

# ਸ਼ਹਿਰ ਦੀਆਂ ਕਈ ਸੰਸਥਾਵਾਂ ਵੱਲੋਂ ਡੀ.ਐਸ.ਪੀ. ਸੁਨਾਮ ਸਨਮਾਨਤ



ਸੁਨਾਮ ਊਧਮ ਸਿੰਘ ਵਾਲਾ, 3 ਜੁਲਾਈ (ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਸਥਾਨਕ ਗੁਰਦੁਆਰਾ ਅਕਾਲਗੜ੍ਹ ਸਾਹਿਬ ਸੁਨਾਮ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸਮਾਗਮ ਦੇ ਦੌਰਾਨ ਸਰਦਾਰ ਹਰਵਿੰਦਰ ਸਿੰਘ ਖਹਿਰਾ ਡੀਐਸਪੀ ਸੁਨਾਮ ਨੂੰ ਉਹਨਾਂ ਦੀ ਬਹਾਦਰੀ ਦੇ ਚਲਦੇ ਸਨਮਾਨਿਤ ਕੀਤਾ ਗਿਆ ਤੇ ਇਸ ਮੌਕੇ ਡੀਐਸਪੀ ਸੁਨਾਮ ਸਰਦਾਰ ਹਰਵਿੰਦਰ ਸਿੰਘ ਖਹਿਰਾ ਜੀ ਦੀ ਧਰਮ ਪਤਨੀ ਸਰਦਾਰਨੀ ਪ੍ਰਭਜੋਤ ਕੌਰ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਗਿਆ ਅਤੇ ਇਸ ਮੌਕੇ ਥਾਣਾ ਮੁਖੀ ਪ੍ਰਤੀਕ ਜਿੰਦਲ ,ਆਲ ਇੰਡੀਆ ਬ੍ਰਾਹਮਣ ਫੈਡਰੇਸ਼ਨ ਦੇ ਕੌਮੀ ਮੀਤ ਪ੍ਰਧਾਨ ਸ਼੍ਰੀ ਪ੍ਰਦੀਪ ਮੈਨਨ ,ਅਗਰਵਾਲ ਸਭਾ ਦੇ ਨਵੇਂ ਪ੍ਰਧਾਨ ਵਿੱਕੀ ਗੁਜਰਾਂ, ਪ੍ਰਧਾਨ ਲਾਇਨਜ ਕਲੱਬ ਰੋਇਲ ਮਨੀਸ਼ ਮੋਨੂ, ਪਵਿੱਤਰ ਸਿੰਗਲਾ ਪ੍ਰਧਾਨ ਲਾਈਨਜ ਕਲੱਬ ਪ੍ਰਾਈਮ ਅਤੇ ਹੋਰ ਪਤਵੰਤੇ ਸੱਜਣਾਂ ਦਾ ਸਨਮਾਨ ਕੀਤਾ ਗਿਆ ਇਸ ਮੌਕੇ ਸਰਦਾਰ ਹਰਵਿੰਦਰ ਸਿੰਘ ਖਹਿਰਾ ਨੇ ਕਿਹਾ ਕਿ ਸਨਾਮ ਸ਼ਹਿਰ ਦੇ ਵਾਸੀਆਂ ਵੱਲੋਂ ਜੋ ਮਾਨ ਸਨਮਾਨ ਉਹਨਾਂ ਨੂੰ ਦਿੱਤਾ ਜਾ ਰਿਹਾ ਹੈ ਉਸਦੇ ਲਈ ਉਹ ਉਹਨਾਂ ਦਾ ਧੰਨਵਾਦ ਕਰਦੇ ਹਨ ਅਤੇ ਉਹ ਆਪਣੀ ਡਿਊਟੀ ਪੂਰੀ ਤਨਦੇਹੀ ਅਤੇ ਮਿਹਨਤ ਨਾਲ ਇਸੀ ਤਰ੍ਹਾਂ ਹੀ ਨਿਭਾਉਂਦੇ ਰਹਿਣਗੇ। ਇਸ ਮੌਕੇ ਹਰਜਿੰਦਰ ਸਿੰਘ ਢਿੱਲੋਂ, ਗੁਲਜਾਰ ਸਿੰਘ ਚੀਮਾ, ਦਰਸ਼ਨ ਕੌਰ ਸੁਰਜੀਤ ਸਿੰਘ ਆਨੰਦ, ਜੱਗਾ, ਕੁਲਵਿੰਦਰ ਸਿੰਘ ਨਾਮਧਾਰੀ, ਹਰਵਿੰਦਰ ਸਿੰਘ ਨਾਮਧਾਰੀ, ਧਰਮਿੰਦਰ ਸਿੰਘ ਢਿੱਲੋ ਸੁਖਦੇਵ ਸਿੰਘ ਚੀਮਾ, ਅੰਗਰੇਜ਼ ਸਿੰਘਚੀਮਾ,ਬਲਵੀਰ ਸਿੰਘ ਚੀਮਾ, ਰਾਜਵੰਤ ਸਿੰਘ ਚੀਮਾ, ਦਲਜੀਤ ਸਿੰਘ ਚੀਮਾ, ਗੁਰਚਰਨ ਸਿੰਘ ਧਾਲੀਵਾਲ ਅਮਨਦੀਪ ਵਿਰਕ , ਹਰ ਭਗਵਾਨ ਸ਼ਰਮਾ ਪ੍ਰਧਾਨ ਬ੍ਰਾਹਮਣ ਸਭਾ ਸੁਨਾਮ ,ਰਵੀ ਕਮਲ ਗੋਇਲ, ਵੇਦ ਪ੍ਰਕਾਸ਼ ਹੋਡਲਾ, ਕ੍ਰਿਸ਼ਨ ਸੰਦੋਹਾ , ਸੇਵਕ ਜਿੰਦਲ , ਰਿੰਕੂ ,ਆਦੀ ਮੌਜੂਦ ਸੀ।

# 129ਵਾਂ ਅੱਖਾਂ ਦੀ ਜਾਂਚ ਤੇ ਆਪ੍ਰੇਸ਼ਨ ਕੈਂਪ ਲਗਾਇਆ

ਬਠਿੰਡਾ, 3 ਜੁਲਾਈ (ਇੰਦਰਪਾਲ ਬਾਂਸਲ):ਸਥਾਨਕ ਪੁਨਰਜੋਤੀ ਆਈ ਡੋਨੇਸ਼ਨ ਹਸਪਤਾਲ ਵਿਖੇ ਸੰਸਥਾ ਦੇ ਸੰਸਥਾਪਕ ਸੰਤ ਰਾਮ ਨਰਾਇਣ ਗਿਰੀ ਜੀ ਮਹਾਰਾਜ ਦੀ ਅਗਵਾਈ ਵਿੱਚ 129ਵਾਂ ਅੱਖਾਂ ਦੀ ਜਾਂਚ ਤੇ ਆਪ੍ਰੇਸ਼ਨ ਕੈਂਪ ਮੋਹਨ ਲਾਲ ਸਿੰਗਲਾ ਬਹਾਦੁਰਗੜ੍ਹ ਵਾਲਿਆਂ ਨੇ ਆਪਣੇ ਸਵ. ਪੁੱਤਰ ਮੁਨੀਸ਼ ਕੁਮਾਰ ਦੀ ਯਾਦ ਵਿੱਚ ਲਗਵਾਇਆ। ਇਸ ਕੈਂਪ ਵਿੱਚ ਚੇਅਰਮੈਨ ਖਾਦੀ ਤੇ ਇੰਡਸਟਰੀ ਪੰਜਾਬ ਅਤੇ ਸਟੇਟ ਸੈਕਟਰੀ ਮਾਲਵਾ ਜੋਨ ਇੰਦਰਜੀਤ ਸਿੰਘ ਮਾਨ ਮੁੱਖ ਮਹਿਮਾਨ ਵਜੋਂ ਸ਼ਾਮਿਲ ਹੋਏ ਜਦਕਿ ਮਹੇਸ਼ ਕੁਮਾਰ ਰੋਮੀ ਐਮ.ਡੀ ਐਸ. ਏ.ਐਲੂਮੀਨੀਅਮ ਨੇ ਵਿਸ਼ੇਸ਼ ਮਹਿਮਾਨ ਵੱਜੋਂ ਸ਼ਿਰਕਤ ਕੀਤੀ ਅਤੇ ਡਿਪਟੀ ਜਨਰਲ ਮੈਨੇਜਰ ਪੰਜਾਬ ਮੰਡੀ ਬੋਰਡ ਰਜਨੀਸ਼ ਗੋਇਲ ਕੈਂਪ ਡਾਇਰੈਕਟਰ ਵੱਜੋਂ ਸ਼ਾਮਿਲ ਹੋਏ। ਕੈਂਪ ਸਬੰਧੀ ਸੰਸਥਾ ਦੇ ਆਗੂ ਰਾਕੇਸ਼ ਤਾਇਲ ਨੇ ਦੱਸਿਆ ਕਿ ਅੱਖਾਂ ਦੀ ਜਾਂਚ ਤੇ ਆਪ੍ਰੇਸ਼ਨ ਦਾ ਇਹ 129ਵਾਂ ਕੈਂਪ ਲਗਾਇਆ ਗਿਆ ਹੈ ਜਿਸ ਵਿੱਚ ਅੱਖਾਂ ਦੇ ਮਾਹਿਰ ਡਾ. ਚਰਨਜੀਤ ਸਿੰਘ ਵੱਲੋਂ ਕਰੀਬ 200 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਤੇ ਕਰੀਬ 100 ਮਰੀਜ਼ਾਂ ਦੀ ਚੋਣ ਕਰਕੇ ਉਹਨਾਂ ਦੀਆਂ ਅੱਖਾਂ ਵਿੱਚ ਲੈਂਸ




ਪਾਏ ਜਾਣਗੇ। ਮੁੱਖ ਮਹਿਮਾਨ ਇੰਦਰਜੀਤ ਸਿੰਘ ਮਾਨ ਵੱਲੋਂ ਰਿਬਨ ਕੱਟਕੇ ਹਸਪਤਾਲ ਵਿਖੇ ਅੱਖਾਂ ਵਿੱਚ ਕਾਲੇ ਮੋਤੀਏ ਤੇ ਅੱਖਾਂ ਵਿੱਚ ਆਏ ਜਾਲਿਆਂ ਦੀ ਸਫਾਈ ਕਰਨ ਵਾਲੀਆਂ ਮਸ਼ੀਨਾਂ ਦਾ ਉਦਘਾਟਨ ਕੀਤਾ ਗਿਆ। ਮੁੱਖ ਮਹਿਮਾਨ ਇੰਦਰਜੀਤ ਸਿੰਘ ਮਾਨ ਨੇ ਸੰਸਥਾ ਦੀਆਂ ਗਤੀਵਿਧੀਆਂ ਨੂੰ ਵੇਖਦਿਆਂ ਭਰੋਸਾ ਦਿਵਾਇਆ ਕਿ ਉਹ ਹਮੇਸ਼ਾ ਸੰਸਥਾ ਦੀ ਬਿਹਤਰੀ ਲਈ ਹਰ ਸੰਭਵ ਸਹਾਇਤਾ ਕਰਨਗੇ। ਇਸ ਮੌਕੇ ਗੱਲਬਾਤ ਕਰਦਿਆਂ ਮੁੱਖ ਮਹਿਮਾਨ ਇੰਦਰਜੀਤ ਸਿੰਘ ਮਾਨ ਨੇ ਕਿਹਾ ਕਿ ਇਹ ਪੁਨਰਜੋਤੀ ਆਈ ਡੋਨੇਸ਼ਨ ਸੁਸਾਇਟੀ ਦਾ ਬਹੁਤ ਵਧੀਆ ਉਪਰਾਲਾ ਹੈ ਤੇ ਸਾਨੂੰ ਸਾਰਿਆਂ ਨੂੰ ਮਿਲ ਕੇ ਅਜਿਹੀ ਸੰਸਥਾਵਾਂ ਦਾ ਖੁੱਲ ਕੇ ਸਮਰਥਨ ਕਰਨਾ ਚਾਹੀਦਾ ਹੈ। ਕੈਂਪ ਦੌਰਾਨ ਸਟੇਜ ਸਕੱਤਰ ਦੀ ਭੂਮਿਕਾ ਮਿਲਵਰਤਨ ਭੰਡਾਰੀ ਨੇ ਨਿਭਾਈ। ਇਸ ਮੌਕੇ ਹੇਮਰਾਜ ਮਿੱਤਲ, ਸ਼ਿਵ ਬਾਂਸਲ, ਰਾਕੇਸ਼ ਸਹਾਰਾ, ਹਾਰਾ, ਫਕੀਰ ਚੰਦ, ਤਰਸੇਮ ਚੰਦ, ਮੁਨੀਸ਼ ਕੁਮਾਰ, ਜਤਿੰਦਰ ਗੋਇਲ, ਸੇਰਜੰਗ ਬੌਬੀ, ਸੰਜੀਵ ਕੁਮਾਰ ਕਾਲੀ, ਪ੍ਰਸ਼ੋਤਮ ਕੁਮਾਰ, ਦਵਿੰਦਰ ਕੁਮਾਰ ਡਿੱਕੀ, ਵਿਜੇ ਕੁਮਾਰ ਪਨਸਪ, ਨਰਿੰਦਰ ਕੁਮਾਰ ਬਾਂਸਲ, ਮੋਹਿਤ ਕੁਮਾਰ, ਰਾਜੀਵ ਗੋਇਲ, ਅੰਕੁਸ਼ ਕੁਮਾਰ, ਸੁਰੇਸ਼ ਕੁਮਾਰ, ਰਾਕੇਸ਼ ਸਿੰਗਲਾ, ਗਲਸਨ ਕੁਮਾਰ, ਅਵਿਨਾਸ਼ ਕੁਮਾਰ, ਅਸ਼ਵਨੀ ਗੋਇਲ, ਪਵਨ ਫੂਲ, ਪਵਨ ਬਾਂਸਲ ਸ਼ਾਮ ਲਾਲ, ਸੁਰਿੰਦਰ ਭਾਟੀਆ ਆਦਿ ਸ਼ਾਮਲ ਸਨ।

# ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਕੀਤੀ ਸੱਗੂ ਪਰਿਵਾਰ ਨਾਲ ਮੁਲਾਕਾਤ

ਸੁਨਾਮ ਊਧਮ ਸਿੰਘ ਵਾਲਾ, 3 ਜੁਲਾਈ ( ਮੋਹਣ ਸ਼ਰਮਾ/ ਰਾਊਵਰਿੰਦਰ ਮਠਾੜੂ): ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਪੱਤਰਕਾਰ ਰੁਪਿੰਦਰ ਸਿੰਘ ਸੱਗੂ ਦੇ ਘਰ ਪਹੁੰਚੇ ਅਤੇ ਸੱਗੂ ਪਰਿਵਾਰ ਨਾਲ ਮੁਲਾਕਾਤ ਕੀਤੀ ਅਤੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਇਸ ਮੌਕੇ ’ਤੇ ਸੰਧਵਾਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਮੇਰੇ ਇਸ ਪਰਿਵਾਰ ਨਾਲ ਪੁਰਾਣਾ ਰਿਸ਼ਤਾ ਹੈ ਉਹਨਾਂ ਕਿਹਾ ਕਿ ਮੇਰੇ ਇਹਨਾਂ ਦੇ ਸਵ ਪਿਤਾ ਸਰਦਾਰ ਜਾਗੀਰ ਸਿੰਘ ਸਤੱਤਰ ਨਾਲ ਬੜਾ ਸਹਿਚਾਰ ਸੀ।ਅੱਜ ਉਹਨਾਂ




ਨੇ ਇਸ ਪਰਿਵਾਰ ਨਾਲ ਬੈਠ ਕੇ ਆਪਣੀਆਂ ਪਰਿਵਾਰਕ ਸਾਂਝਾਂ ਦੀਆਂ ਗੱਲਾਂ ਨੂੰ ਯਾਦ ਕੀਤਾ ਇਸ ਮੌਕੇ ’ਤੇ ਸਾਬਕਾ ਐਮ ਸੀ ਪ੍ਰਭ ਸ਼ਰਨ ਸਿੰਘ ਬੱਬੂ ਅਤੇ ਸੱਗੂ ਪਰਿਵਾਰ ਦੇ ਮੈਂਬਰ ਹਾਜ਼ਰ ਸਨ।

# ਸਰਕਾਰੀ ਹਸਪਤਾਲ ਲੌਂਗੋਵਾਲ ਦੇ ਕਰਮਚਾਰੀ ਪੀਣ ਵਾਲੇ ਪਾਣੀ ਨੂੰ ਲੱਗੇ ਤਰਸਣ

ਲੌਂਗੋਵਾਲ , 3 ਜੁਲਾਈ (ਭਗਵੰਤ ਸ਼ਰਮਾ): ਲੌਂਗੋਵਾਲ ਦਾ ਮਾਤਾ ਧਰਮ ਕੌਰ ਯਾਦਗਾਰੀ ਸਰਕਾਰੀ ਹਸਪਤਾਲ ਦੇ ਡਾਕਟਰ ਤੇ ਸਮੂਹ ਸਟਾਫ਼ ਅਤੇ ਮਰੀਜ਼ ਪਾਣੀ ਨੂੰ ਤਰਸ ਰਹੇ ਨੇ ਭਾਵੇਂ ਪਹਿਲਾਂ ਤੋਂ ਹੀ ਅਨੇਕਾਂ ਸਮੱਸਿਆਵਾਂ ਨਾਲ ਇਹ ਜੂਝ ਰਿਹਾ ਹੈ।ਮੈਡੀਕਲ ਸਾਜ਼ੋਸਮਾਨ, ਉਪਕਰਨਾਂ, ਡਾਕਟਰਾਂ ਅਤੇ ਸਟਾਫ ਲਈ ਅਨੇਕਾਂ ਵਾਰ ਉੱਚ ਸਿਹਤ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨੂੰ ਇਲਾਕੇ ਦੀਆਂ ਸਮੂਹ ਜਥੇਬੰਦੀਆਂ ਮੰਗ ਪੱਤਰ ਦਿੰਦੀਆਂ ਰਹੀਆਂ ਹਨ। ਜਿਸ ਸਦਕਾ ਕੁਝ ਸਮੇਂ ਲਈ ਡਾਕਟਰ ਨਿਯੁਕਤ ਵੀ ਹੁੰਦੇ ਰਹੇ ਪਰ ਪਰਨਾਲਾ ਫੇਰ ਉੱਥੇ ਦਾ ਉੱਥੇ ਹੀ ਰਹਿੰਦਾ ਹੈ। ਪਿਛਲੇ ਦਿਨੀਂ ਹਸਪਤਾਲ ਬਚਾਓ ਐਕਸ਼ਨ ਕਮੇਟੀ ਦੇ ਮੈਂਬਰਾਂ ਜੁਝਾਰ ਲੌਂਗੋਵਾਲ, ਬਲਬੀਰ ਲੌਂਗੋਵਾਲ ਦਾ ਹਸਪਤਾਲ ਵਿੱਚ ਜਾਣ ਦਾ ਸਬੱਬ ਬਣਿਆ, ਤਾਂ ਜਾ ਕੇ ਪਤਾ ਚੱਲਿਆ ਕੇ ਉੱਥੇ ਸਭ ਤੋਂ ਬੁਨਿਆਦੀ ਚੀਜ਼ ਪੀਣ ਵਾਲੇ ਪਾਣੀ ਦਾ ਕੋਈ ਪ੍ਰਬੰਧ ਹੀ ਨਹੀਂ ਰਿਹਾ। ਆਗੂਆਂ ਨੇ ਜਾਣਕਾਰੀ ਦਿੱਤੀ ਕਿ ਕੁਝ ਹਾਜ਼ਰ ਸਟਾਫ਼ ਮੈਂਬਰਾਂ ਨਾਲ ਗੱਲਬਾਤ ਕਰਕੇ ਉਹਨਾਂ ਦੀ ਤਰਸਯੋਗ ਹਾਲਤ ਦਾ ਪਤਾ ਚੱਲਿਆ ਕਿ ਸਾਰਾ ਸਟਾਫ ਆਪਣੇ ਲਈ ਪੀਣ ਵਾਲੇ ਪਾਣੀ ਦੀਆਂ ਬੋਤਲਾਂ ਘਰੋਂ ਲੈ ਕੇ ਆਉਂਦਾ ਹੈ।ਆਗੂਆਂ ਨੇ ਪ੍ਰਸ਼ਾਸਨ ਨੂੰ ਤੁਰੰਤ ਪਾਣੀ ਦਾ ਪ੍ਰਬੰਧ ਕਰਨ ਦੀ ਮੰਗ ਕਰਦਿਆਂ ਕਿਹਾ ਨਵੀਂ ਬਿਲਡਿੰਗ ਬਣਾਉਣ ਲਈ ਸਮਰਸੀਬਲ ਲਾਉਣਾ ਹੀ ਹੈ ਉਸਨੂੰ ਪਹਿਲਾਂ ਲਗਾ ਕੇ ਸਮੱਸਿਆ ਦਾ ਹੱਲ ਕੱਢਿਆ ਜਾਵੇ। ਤਾਂ ਜੋ ਦਵਾਈ ਲੈਣ ਆਉਂਦੇ ਮਰੀਜ਼ ਅਤੇ ਸਟਾਫ ਲਈ ਅਤਿ ਦੀ ਗਰਮੀ ਵਿੱਚ ਪੀਣ ਵਾਲਾ ਪਾਣੀ ਮੁਹੱਈਆ ਹੋ ਸਕੇ।ਇਸ ਮੌਕੇ ਅਨਿਲ ਕੁਮਾਰ ਸ਼ਰਮਾ,ਕਮਲਜੀਤ ਵਿੱਕੀ, ਲਖਵੀਰ ਲੌਂਗੋਵਾਲ, ਬੀਰਬਲ ਸਿੰਘ,ਮਾ ਚੰਦਰ ਸ਼ੇਖਰ, ਗੁਰਮੇਲ ਸਿੰਘ ਆਦਿ ਆਗੂ ਹਾਜ਼ਰ ਸਨ।

# ਜਲ ਸਰੋਤ ਵਿਭਾਗ ( ਨਹਿਰੀ ਵਿਭਾਗ ) ਆਰਾਮ ਘਰ ਦਾ 22 ਸਾਲ ਬਾਅਦ ਕਬਜ਼ਾ ਛੁਡਾਉਣ ਵਿੱਚ ਕਾਮਯਾਬ ਹੋਇਆ

ਲਹਿਰਾਗਾਗਾ, 3 ਜੁਲਾਈ (ਰਾਮੇਸ਼ਵਰ ਸ਼ਰਮਾ / ਖੁਸ਼ਵਿੰਦਰ ਸ਼ਰਮਾ): ਨਜ਼ਦੀਕੀ ਪਿੰਡ ਸੰਗਤਪੁਰਾ ਵਿਖੇ ਜਲ ਸਰੋਤ ਵਿਭਾਗ (ਨਹਿਰੀ ਵਿਭਾਗ) ਦੇ ਆਰਾਮ ਘਰ ਦੀ 29 ਕਨਾਲ 18 ਮਰਲੇ ਜ਼ਮੀਨ ਤੋਂ ਅੱਜ ਵਿਭਾਗ 22 ਸਾਲ ਬਾਅਦ ਕਬਜ਼ਾ ਛੁਡਵਾਉਣ ਵਿਚ ਕਾਮਯਾਬ ਹੋਇਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਲ ਸਰੋਤ ਵਿਭਾਗ ਦੇ ਐਸਡੀਓ ਆਰੀਅਨ ਅਨੇਜਾ ਨੇ ਦੱਸਿਆ ਕਿ ਵਿਭਾਗ ਵੱਲੋਂ 1998 ਵਿਚ ਵਿਭਾਗ ਦੀ ਰੈਸਟ ਹਾਊਸ ਵਾਲੀ ਥਾਂ ਸ਼ਰਤਾਂ ਸਹਿਤ ਖੁੱਲੀ ਬੋਲੀ ਰਾਹੀਂ ਨਿਲਾਮ ਕੀਤੀ ਗਈ ਸੀ, ਜਿਸ ਨੂੰ ਪਿੰਡ ਸੰਗਤਪੁਰਾ ਦੇ ਕਿਸਾਨ ਨੇ 13 ਲੱਖ 51ਹਜ਼ਾਰ ਵਿਚ ਖਰੀਦ ਕੀਤਾ ਪਰ ਕਿਸਾਨ ਨੇ ਵਿਭਾਗ ਦੀਆਂ ਸ਼ਰਤਾਂ ਅਨੁਸਾਰ 6 ਲੱਖ80 ਹਜ਼ਾਰ ਰੁਪਏ ਭਰਨ ਤੋਂ ਬਾਅਦ ਬਾਕੀ ਪੈਸੇ ਨਹੀਂ ਭਰੇ, ਜਿਸਦੇ ਚੱਲਦੇ ਵਿਭਾਗ ਵੱਲੋਂ 2003 ਵਿਚ ਉਕਤ ਜ਼ਮੀਨ ਦੀ ਬੋਲੀ ਨੂੰ ਕੈਂਸਲ ਕਰ ਦਿੱਤਾ ਗਿਆ, ਇਸ ਦੇ ਬਾਵਜੂਦ ਸਬੰਧਤ ਕਿਸਾਨ ਨੇ ਜ਼ਮੀਨ ਦਾ ਕਬਜ਼ਾ ਨਹੀਂ ਛੱਡਿਆ, ਜਿਸ ਦੇ ਚੱਲਦੇ 2013 ਵਿਚ ਮਾਨਯੋਗ ਉਪ



ਮੰਡਲ ਮੈਜਿਸਟਰੇਟ ਦੀ ਕੋਰਟ ਵੱਲੋਂ ਵਿਭਾਗ ਦੇ ਹੱਕ ਵਿਚ ਫੈਸਲਾ ਸੁਣਾ ਦਿੱਤਾ ਗਿਆ ਪਰ ਫਿਰ ਵੀ ਕਿਸਾਨ ਨੇ ਕਬਜ਼ਾ ਨਹੀਂ ਛੱਡਿਆ। ਸਮੇਂ-ਸਮੇਂ ’ਤੇ ਕਬਜ਼ਾ ਲੈਣ ਦੀਆਂ ਵਿਭਾਗ ਦੀਆਂ ਸਾਰੀਆਂ ਕੋਸ਼ਿਸ਼ਾਂ ਅਸਫਲ ਹੁੰਦੀਆਂ ਰਹੀਆਂ। 2020 ਵਿਚ ਸੰਬੰਧਤ ਕਿਸਾਨ ਮਾਨਯੋਗ ਹਾਈਕੋਰਟ ਵਿਚ ਚਲਾ ਗਿਆ ਪਰ ਮਾਨਯੋਗ ਹਾਈਕੋਰਟ ਨੇ ਕਿਸਾਨ ਨੂੰ ਇਕ ਲੱਖ ਰੁਪਏ ਜੁਰਮਾਨਾ ਕਰਕੇ ਫੈਸਲਾ ਵਿਭਾਗ ਦੇ ਹੱਕ ਵਿਚ ਹੀ ਰੱਖਿਆ। ਵਿਭਾਗ ਨੇ 2013 ਤੋਂ ਲਗਾਤਾਰ ਲਗਭਗ 25 ਵਾਰ ਉਕਤ ਜ਼ਮੀਨ ਦਾ ਕਬਜ਼ਾ ਲੈਣ ਦੀ ਕੋਸ਼ਿਸ਼ ਕੀਤੀ ਪਰ ਵੱਖ-ਵੱਖ ਜਥੇਬੰਦੀਆਂ ਦੇ ਵਿਰੋਧ ਦੇ ਚੱਲਦੇ ਵਿਭਾਗ ਕਬਜ਼ਾ ਲੈਣ ਵਿਚ ਕਾਮਯਾਬ ਨਹੀਂ ਹੋਇਆ ਪਰ ਅੱਜ ਡਿਊਟੀ ਮੈਜਿਸਟਰੇਟ ਤਹਿਸੀਲਦਾਰ ਪ੍ਰਵੀਨ ਕੁਮਾਰ ਛਿੱਬੜ, ਡੀਐਸਪੀ ਲਹਿਰਾ ਦੀਪਿੰਦਰਪਾਲ ਸਿੰਘ ਜੇਜੀ, ਡੀਐਸਪੀ ਸੰਜੀਵ ਸਿੰਗਲਾ ਦੀ ਅਗਵਾਈ ਵਿਚ ਵਿਭਾਗ ਵੱਲੋਂ ਕਾਰਵਾਈ ਕਰਦਿਆਂ ਉਕਤ ਜ਼ਮੀਨ ਦਾ ਕਬਜ਼ਾ ਲੈ ਕੇ ਜ਼ਮੀਨ ਤੇ ਆਲੇ ਦੁਆਲੇ ਕੰਡਿਆਂ ਵਾਲੀ ਤਾਰ ਲਗਾਉਣ ਤੋਂ ਬਾਅਦ ਬੋਰਡ ਲਗਾ ਦਿੱਤਾ ਗਿਆ ਹੈ। ਪ੍ਰਕਿਰਿਆ ਦੌਰਾਨ ਥਾਣਾ ਸਦਰ ਦੇ ਇੰਚਾਰਜ ਇੰਸਪੈਕਟਰ ਕਰਮਜੀਤ ਸਿੰਘ, ਜਸਕਰਨ ਸਿੰਘ ਜ਼ਿਲ੍ਹੇ ਦਾਰ ਤੋਂ ਇਲਾਵਾ ਵਿਭਾਗ ਦਾ ਫੀਲਡ ਸਟਾਫ ਦੀ ਹਾਜ਼ਰ ਸੀ।

# ਚਾਂਦਪੁਰਾ ਬੰਨ੍ਹ ਦੀ ਹੋ ਰਹੀ ਲਗਾਤਾਰ ਨਜ਼ਰਸਾਨੀ, ਡੀ. ਸੀ. ਮਾਨਸਾ ਨੇ, ਕਿਹਾ ਪਾਣੀ ਖ਼ਤਰੇ ਦੇ ਨਿਸ਼ਾਨ ਤੋਂ ਦੂਰ, ਅਫ਼ਵਾਹਾਂ ਤੋਂ ਰਹੋ ਸੁਚੇਤ



ਬਰੇਟਾ / ਮਾਨਸਾ, 3 ਜੁਲਾਈ (ਨਰਿੰਦਰ ਬਾਂਸਲ, ਵਿਨੋਦ ਸਿੰਗਲਾ): ਬਰਸਾਤਾਂ ਵਿੱਚ ਸ਼ਿਵਾਲਿਕ ਪਹਾੜੀਆਂ ਤੋਂ ਉਤਪੰਨ ਹੋ ਕੇ ਹਿਮਾਚਲ ਹਰਿਆਣਾ ਤੇ ਪੰਜਾਬ ’ਚੋਂ ਹੋ ਕੇ ਰਾਜਸਥਾਨ ਨੂੰ ਜਾਣ ਵਾਲੇ 320 ਕਿਲੋਮੀਟਰ ਲੰਮੇ ਘੱਗਰ ਦਰਿਆ ਵਿੱਚ ਚਾਂਦਪੁਰਾ ਬੰਨ੍ਹ ਨੇੜੇ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਤੋਂ ਫਿਲਹਾਲ ਕਾਫੀ ਦੂਰ ਹੈ ।ਜਲ ਨਿਕਾਸ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਚਾਂਦਪੁਰਾ ਬੰਨ੍ਹ ਤੇ ਇਸ ਵੇਲੇ ਪਾਣੀ ਦਾ ਪੱਧਰ ਕੋਈ ਤਿੰਨ ਫੁੱਟ ਹੈ ਤੇ ਖਤਰੇ ਦਾ ਨਿਸ਼ਾਨ 14 ਫੁੱਟ ’ਤੇ ਹੈ ਅਤੇ ਇਹ ਬੰਨ੍ਹ ਬਹੁਤ ਮਜਬੂਤ ਵੀ ਹੈ । ਇਸੇ ਤਰ੍ਹਾਂ ਸਰਦੂਲਗੜ੍ਹ ਪੁਲ ਦੇ ਨਜ਼ਦੀਕ ਪਾਣੀ ਦਾ ਪੱਧਰ ਇਸ ਵੇਲੇ 9 ਫੁੱਟ ਹੈ ਤੇ ਖਤਰੇ ਦਾ ਨਿਸ਼ਾਨ 23 ਫੁੱਟ ਤੇ ਹੈ । ਇਸ ਸਬੰਧੀ ਹੋਰ ਜਾਣਕਾਰੀ ਸਾਂਝੀ ਕਰਦਿਆਂ ਡਿਪਟੀ ਕਮਿਸ਼ਨਰ ਸ. ਕੁਲਵੰਤ ਸਿੰਘ ਨੇ ਪਾਣੀ ਦੇ ਵਧ ਰਹੇ ਪੱਧਰ ਦੀਆਂ ਖਬਰਾਂ ਨੂੰ ਦਰਕਿਨਾਰ ਕਰਦਿਆਂ ਸਪਸ਼ਟ ਕੀਤਾ ਕਿ ਹਾਲ ਦੀ ਘੜੀ ਪਾਣੀ ਦੀ ਮਾਰ ਸਬੰਧੀ ਚਿੰਤਾ ਦੀ ਕੋਈ ਵੀ ਵਜ੍ਹਾ ਸਾਹਮਣੇ ਨਹੀਂ ਆਈ ਹੈ । ਉਨ੍ਹਾਂ ਦੱਸਿਆ ਕਿ ਚਾਂਦਪੁਰਾ ਬੰਨ੍ਹ ’ਤੇ ਪਾਣੀ ਦੇ ਪੱਧਰ ਵਿੱਚ ਵਾਧਾ ਉਦੋਂ ਦਰਜ ਹੁੰਦਾ ਹੈ ਜਦੋਂ ਡੇਰਾ ਬੱਸੀ ਦੇ ਨਜ਼ਦੀਕ ਬਣੇ ਬੰਨ੍ਹ ਭੰਕਰਪੁਰ ਵਿੱਚ ਪਾਣੀ ਦੀ ਮਿਕਦਾਰ ਵਿੱਚ ਇਜ਼ਾਫਾ ਹੁੰਦਾ ਹੈ । ਹੋਰ ਸਪਸ਼ਟ ਰੂਪ ਵਿੱਚ ਗੱਲ ਕਰਦਿਆਂ ਉਨ੍ਹਾਂ ਕਿਹਾ ਕਿ ਭੰਕਰਪੁਰ ਬੰਨ੍ਹ ’ਤੇ ਪਾਣੀ ਦੀ ਮਾਤਰਾ ਮਾਪਣ ਲਈ 10 ਫੁੱਟ ਉੱਚਾ ਪੈਮਾਨਾ ਲੱਗਿਆ ਹੈ ਜਿਸ ਵਿੱਚ ਮੌਜੂਦਾ ਜਾਣਕਾਰੀ ਮੁਤਾਬਿਕ ਪਾਣੀ ਹਾਲੇ ਡੇਢ਼ ਫੁੱਟ ਦੇ ਆਸ ਪਾਸ ਹੈ । ਜੇਕਰ ਉੱਥੇ ਪਾਣੀ ਦੇ ਪੱਧਰ ਵਿੱਚ ਵਾਧਾ ਦਰਜ ਹੁੰਦਾ ਹੈ ਤਾਂ ਉਸ ਵਧੇ ਹੋਏ ਪਾਣੀ ਨੂੰ ਚਾਂਦਪੁਰਾ ਸਾਈਫਨ ਕੋਨ ਅੱਪੜਨ ਲਈ ਘੱਟੋ ਘੱਟ ਤਿੰਨ ਦਿਨ ਲੱਗਣਗੇ। ਉਨ੍ਹਾਂ ਦੱਸਿਆ ਕਿ ਡ੍ਰੇਨੇਜ਼ ਵਿਭਾਗ ਦੇ ਸਾਰੇ ਅਧਿਕਾਰੀ ਉਨ੍ਹਾਂ ਨਾਲ ਲਗਾਤਾਰ ਰਾਬਤੇ ਵਿੱਚ ਹਨ ਅਤੇ ਪਾਣੀ ਦੇ ਵਧਣ ਸਬੰਧੀ ਕੋਈ ਵੀ ਸੂਚਨਾ ਉਨ੍ਹਾਂ ਦੇ ਤੁਰੰਤ ਧਿਆਨ ਹਿੱਤ ਲਿਆਂਦੀ ਜਾਵੇਗੀ ਅਤੇ ਸਾਰਾ ਪ੍ਰਸ਼ਾਸਨ ਫੌਰੀ ਕਾਰਵਾਈ ਲਈ ਤਿਆਰ ਬਰ ਤਿਆਰ ਹੈ ।ਉਨ੍ਹਾਂ ਕਿਹਾ ਕਿ ਚਾਂਦਪੁਰਾ ਬੰਨ 20,000 ਤੋਂ 22,000 ਕਿਊਸਿਕ ਪਾਣੀ ਨੂੰ ਸੰਭਾਲਣ ਵਿੱਚ ਕਾਰਗਰ ਸਿੱਧ ਹੁੰਦਾ ਹੈ ਅਤੇ ਇਸ ਵੇਲੇ ਇਸ ਥਾਂ ਤੋਂ 2700 ਕਿਊਸਿਕ ਪਾਣੀ ਵਗਣ ਦੀਆਂ ਰਿਪੋਰਟਾਂ ਪ੍ਰਾਪਤ ਹੋ ਰਹੀਆਂ ਹਨ, ਜਿਸਤੋਂ ਇਹ ਸਾਬਿਤ ਹੁੰਦਾ ਹੈ ਕਿ ਹਾਲ ਦੀ ਘੜੀ ਘਬਰਾਉਣ ਦੀ ਕੋਈ ਲੋੜ ਨਹੀਂ ਹੈ ਅਤੇ ਇੱਥੇ ਪਾਣੀ ਖਤਰੇ ਦੇ ਨਿਸ਼ਾਨ ਤੋਂ ਕਾਫੀ ਹੇਠਾਂ ਹੈ । ਘੱਗਰ ਦਰਿਆ ਦੇ ਵਗਦੇ ਪਾਣੀ ਵਿੱਚ ਵੇਲ ਬੂਟੀਆਂ ਅਤੇ ਇਸ ਤਰ੍ਹਾਂ ਦੀਆਂ ਹੋਰ ਕਿਸਮ ਦੀਆਂ ਚੀਜਾਂ ਕਾਰਨ ਰੁਕਾਵਟ ਆਉਣ ਦੇ ਖਦਸ਼ੇ ਨੂੰ ਵੀ ਦੂਰ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਸਬੰਧੀ ਸਥਿਤੀ ਨੂੰ ਨਜਿੱਠਣ ਲਈ ਵੀ ਵਿਭਾਗ ਦੇ ਸਾਰੇ ਅਧਿਕਾਰੀਆਂ ਵੱਲੋਂ ਪੁਰਜ਼ੋਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ । ਉਨ੍ਹਾਂ ਦੱਸਿਆ ਕਿ ਇਸ ਤਰ੍ਹਾਂ ਦੀ ਮੁਸ਼ਕਲ ਦੇ ਹੱਲ ਲਈ ਉਹ ਐਕਸੀਅਨ ਡ੍ਰੇਨੇਜ਼ ਅਤੇ ਇਸ ਵਿਭਾਗ ਦੇ ਹੋਰ ਉੱਚ ਪੱਤਰ ਦੇ ਅਧਿਕਾਰੀਆਂ ਨਾਲ ਵੀ ਉਹ ਲਗਾਤਾਰ ਸੰਪਰਕ ਵਿੱਚ ਹਨ । ਉਨ੍ਹਾਂ ਦੱਸਿਆ ਕਿ ਪੋਕਲੇਨ ਮਸ਼ੀਨ ਦਾ ਵੀ ਇੰਤਜਾ ਜਲਦ ਕੀਤਾ ਜਾ ਰਿਹਾ ਹੈ ਤਾਂ ਜੋ ਵੇਲ ਬੂਟੀਆਂ ਯਾਂ ਹੋਰ ਫਸੀਆਂ ਚੀਜ਼ਾਂ ਨੂੰ ਕੱਢਣ ਵਿੱਚ ਕਾਰਗਰ ਸਾਬਤ ਹੋਵੇਗੀ । ਜਲ ਨਿਕਾਸ ਵਿਭਾਗ ਦੇ ਨੁਮਾਇੰਦੇ ਜੋ ਕਿ ਲਗਾਤਾਰ ਪਾਤੜਾਂ ਦੇ ਨੇੜੇ ਖਨੌਰੀ ਬੰਨ੍ਹ ਦੇ ਅਧਿਕਾਰੀਆਂ ਨਾਲ ਵੀ ਰਾਬਤੇ ਵਿੱਚ ਹਨ, ਨੇ ਦੱਸਿਆ ਕਿ ਉੱਥੇ ਵੀ ਪਾਣੀ ਦਾ ਪੱਧਰ ਘਟ ਕੇ 739.3 ਕਿਊਸਿਕ ਹੋ ਗਿਆ। 3 ਜੁਲਾਈ ਨੂੰ ਭਾਖੜਾ ਡੈਮ ਤੋਂ ਪਾਣੀ ਸਬੰਧੀ ਜਾਰੀ ਕੀਤੇ ਗਏ ਅੰਕੜਿਆਂ ਮੁਤਾਬਿਕ 1680 ਫੁੱਟ ਪਾਣੀ ਨੂੰ ਸੰਭਾਲਣ ਦੀ ਸਮਰੱਥਾ ਵਾਲੇ ਭਾਖੜਾ ਡੈਮ ਦੇ ਰਿਜ਼ਰਵਾਇਰ ਵਿੱਚ ਇਸ ਵੇਲੇ 1580.95 ਫੁੱਟ ਪਾਣੀ ਹੈ । ਮੀਂਹ ਦੇ ਪਾਣੀ ਸਬੰਧੀ ਆਂਕੜਿਆਂ ਮੁਤਾਬਿਕ ਨੰਗਲ ਵਿਖੇ 0.30 ਐਮ ਐਮ ਤੇ ਗੰਗਵਾਲ, ਕੋਟਲਾ, ਲੋਹੰਡ, ਭਰਤਗੜ੍ਹ ਤੇ ਰੋਪੜ ਵਿਖੇ ਇਹ ਆਂਕੜੇ ਸਿਫਰ ਵਿੱਚ ਦਰਜ ਕੀਤੇ ਗਏ ਹਨ ।

# ਚੋਰਾਂ ਨੇ ਸੁਨਿਆਰੇ ਦੀ ਦੁਕਾਨ ਨੂੰ ਨਿਸ਼ਾਨਾ ਬਣਾ ਕੇ ਲੁੱਟ ਦੀ ਵਾਰਦਾਤ ਨੂੰ ਦਿੱਤਾ ਅੰਜਾਮ



ਮਲੋਟ, 3 ਜੁਲਾਈ, (ਅਮਨਦੀਪ ਸਿੰਘ ਮਹਿਰਾ) : ਬੀਤੀ ਰਾਤ ਮਲੋਟ ਦੀ ਇੰਦਰਾ ਰੋਡ ਤੇ ਅਗਿਆਤ ਚੋਰਾਂ ਨੇ ਇਕ ਸੁਨਿਆਰੇ ਦੀ ਦੁਕਾਨ ਦੇ ਤਾਲੇ ਤੋੜ ਕਿ ਚਾਂਦੀ ਅਤੇ ਹੋਰ ਕੀਮਤੀ ਸਮਾਨ ਚੋਰੀ ਕਰ ਲਿਆ। ਦੁਕਾਨਦਾਰ ਨੇ ਘਟਨਾ ਦੀ ਸੂਚਨਾ ਸਿਟੀ ਮਲੋਟ ਪੁਲਸ ਨੂੰ ਦਿੱਤੀ ਹੈ। ਇਸ ਸਬੰਧੀ ਪ੍ਰਵੀਨ ਸੋਨੀ ਨੇ ਦੱਸਿਆ ਕਿ ਉਸਦੀ ਇੰਦਰਾ ਰੋਡ ਤੇ ਨਿਊ ਪ੍ਰਵੀਨ ਜਵੈਲਰਜ਼ ਨਾਮ ਦੇ ਗਹਿਣੇ ਬਨਾਉਣ ਦੀ ਦੁਕਾਨ ਹੈ। ਉਹ ਬੁੱਧਵਾਰ ਰਾਤ ਨੂੰ ਦੁਕਾਨ ਬੰਦ ਕਰਕੇ ਘਰ ਗਿਆ । ਸਵੇਰੇ 6 ਵਜੇ ਉਸਨੂੰ ਨਜਦੀਕ ਚਾਹ ਦੀ ਦੁਕਾਨ ਕਰਨ ਵਾਲੇ ਵਿਅਕਤੀ ਦਾ ਫੋਨ ਆਇਆ ਕਿ ਉਹਨਾਂ ਦੀ ਦੁਕਾਨ ਦੇ ਤਾਲੇ ਟੁੱਟੇ ਹਨ । ਇਸ ਸਬੰਧੀ ਜਦੋਂ ਉਹਨਾਂ ਨੇ ਆਕੇ ਮੌਕੇ ਤੇ ਵੇਖਿਆ ਤਾਂ ਦੁਕਾਨ ਦੇ ਤਾਲੇ ਟੁੱਟੇ ਹੋਏ ਸਨ। ਅੰਦਰ ਸ਼ੀਸ਼ੇ ਵਾਲਾ ਗੇਟ ਤੋੜ ਕਿ ਚੋਰਾਂ ਨੇ ਕਾਊਂਟਰ ਵਿਚ ਪਿਆ ਚਾਂਦੀ ਦੇ ਸਮਾਨ ਦਾ ਡੱਬਾ, ਤਵੀਤ ਤੇ ਹੋਰ ਆਰਟੀਫੀਸ਼ਲ ਸਮਾਨ, ਸੋਨੇ ਦੇ ਟਾਪਸ , ਕੰਡਾ ਅਤੇ ਔਜਾਰ ਚੋਰੀ ਕਰ ਲਿਆ ਸੀ। ਉਹਨਾਂ ਦਾ ਕੁੱਲ 1 ਲੱਖ ਦੇ ਕਰੀਬ ਦਾ ਨੁਕਸਾਨ ਹੋਇਆ ਹੈ। ਇਸ ਸਬੰਧੀ ਉਹਨਾਂ ਪ੍ਰਧਾਨ ਰਾਜਾ ਸਿੰਘ ਅਤੇ ਸੰਦੀਪ ਵਰਮਾ ਨੂੰ ਨਾਲ ਲੈਕੇ ਸਿਟੀ ਮਲੋਟ ਪੁਲਸ ਨੂੰ ਸੂਚਨਾ ਕਰ ਦਿੱਤੀ ਹੈ। ਪੁਲਸ ਵੱਲੋਂ ਮੌਕੇ ਤੇ ਸਥਿਤੀ ਦਾ ਜਾਇਜਾ ਲਿਆ ਅਤੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਬਿਜਲੀ ਵਿਭਾਗ ਦੇ ਨਿੱਜੀਕਰਨ ਵਿਰੁੱਧ ਸਾਂਝਾ ਵਿਸ਼ਾਲ ਧਰਨਾ ਤੇ ਮੁਜ਼ਾਹਰਾ

ਭੁੱਚੋ ਮੰਡੀ ਨਥਾਣਾ, 3 ਜੁਲਾਈ (ਹਰਬੰਸ ਸਿੰਘ ਭੋਲਾ): ਟੈਕਨੀਕਲ ਸਰਵਿਸਜ਼ ਯੂਨੀਅਨ ਰਜਿ. ਤੇ ਕੋਆਰਡੀਨੇਸ਼ਨ ਕਮੇਟੀ ਆਫ ਪਾਵਰਕਾਮ ਐਂਡ ਟ੍ਰਾਂਸਕੋ ਆਊਟਸੋਰਸਡ ਮੁਲਾਜ਼ਮ ਨੇ ਕ੍ਰਿਸ਼ਨ ਸਿੰਘ ਔਲਖ, ਬਲਿਹਾਰ ਸਿੰਘ ਕਟਾਰੀਆ, ਗੁਰਵਿੰਦਰ ਸਿੰਘ ਪੰਨੂ, ਜਗਰੂਪ ਸਿੰਘ, ਬਲਵਿੰਦਰ ਸਿੰਘ ਸੈਣੀ ਦੀ ਸਾਂਝੀ ਪ੍ਰਧਾਨਗੀ ਹੇਠ ਪਟਿਆਲਾ ਵਿਖੇ ਪਾਵਰਕਾਮ ਦੇ ਹੈੱਡ ਆਫਿਸ ਦੇ ਗੇਟ ਅੱਗੇ ਧਰਨਾ ਦੇ ਕੇ ਆਕਾਸ਼ ਗੂੰਜਾਊ ਨਾਅਰੇ ਮਾਰਦਿਆਂ ਸ਼ਹਿਰ ਵਿੱਚ ਮੁਜ਼ਾਹਰਾ ਕੀਤਾ।



ਵੱਖ ਵੱਖ ਆਗੂਆਂ ਨੇ ਵਿਚਾਰ ਰੱਖਦੇ ਹੋਏ ਕਿਹਾ ਕਿ ਸਾਮਰਾਜੀ ਦਿਸ਼ਾ ਨਿਰਦੇਸਤ ਆਰਥਿਕ ਤੇ ਸਨਅਤੀ ਨੀਤੀਆਂ ਨੂੰ ਲਾਗੂ ਕਰਦਿਆਂ ਕੇਂਦਰ ਤੇ ਪੰਜਾਬ ਸਰਕਾਰ ਵੱਲੋਂ ਆਰਥਿਕ ਸੁਧਾਰਾਂ ਦੇ ਦੰਭੀ ਐਲਾਨ ਹੇਠ ਕਾਰਪੋਰੇਟ ਘਰਾਣਿਆਂ ਵੱਲੋਂ ਪਹਿਲਾਂ ਕੀਤੀ ਜਾਂਦੀ ਲੁੱਟ ਚ ਵਾਧਾ ਕਰਨ ਲਈ ਨਿੱਜੀਕਰਨ ਕੀਤਾ ਜਾ ਰਿਹਾ ਹੈ। ਲੋਕ ਵਿਰੋਧੀ ਨਿਜੀਕਰਨ ਦੀ ਨੀਤੀ ਲਾਗੂ ਕਰਨ ਲਈ ਸਾਰੀਆਂ ਹਾਕਮ ਜਮਾਤੀ ਪਾਰਲੀਮਾਨੀ ਪਾਰਟੀਆਂ ਇਕਮੱਤ ਹਨ। ਇਹਨਾਂ ਸਾਮਰਾਜੀ ਦਿਸ਼ਾ ਨਿਰਦੇਸ਼ਤ ਨਿੱਜੀਕਰਨ ਦੀਆਂ ਨੀਤੀਆਂ ਤਹਿਤ ਹੀ ਪੰਜਾਬ ਸਰਕਾਰ ਵੱਲੋਂ ਬਿਜਲੀ ਐਕਟ 2003 ਅਤੇ 2022 ਲਾਗੂ ਕਰਦਿਆਂ ਬਿਜਲੀ ਕਾਰਪੋਰੇਸ਼ਨ ਦੇ ਨਿਜੀਕਰਣ ਦਾ ਹੱਲ ਤੇਜ਼ ਕੀਤਾ ਹੋਇਆ ਹੈ, ਮੀਨੀਮਮ ਵੇਜ ਐਕਟ ਰੱਦ ਕਰਕੇ ਡੀ.ਸੀ. ਰੇਟ ਲਾਗੂ ਕੀਤੇ ਗਏ ਹਨ, ਪੱਕੀ ਭਰਤੀ ਦੀ ਥਾਂ ਆਊਟਸੋਰਸਡ ਠੇਕਾ ਭਰਤੀ ਲਾਗੂ ਕੀਤੀ ਗਈ ਹੈ। ਆਗੂਆਂ ਨੇ ਪੰਜਾਬ ਦੇ ਸਮੂਹ ਲੋਕਾਂ ਨੂੰ ਅਪੀਲ ਕੀਤੀ ਕਿ ਨਿੱਜੀਕਰਣ ਦੇ ਇਸ ਤਬਾਹਕੁੰਨ ਹੱਲੇ ਵਿਰੁੱਧ ਵਿਸ਼ਾਲ, ਸਾਂਝੇ, ਲੰਬੇ ਅਤੇ ਤਿੱਖੇ ਸੰਘਰਸ਼ ਦੀਆਂ ਜ਼ੋਰਦਾਰ ਤਿਆਰੀਆਂ ਵਿੱਚ ਜੁਟਣ ਦੀ ਲੋੜ ਹੈ, ਕਿਉਂਕਿ ਪੰਜਾਬ ਸਰਕਾਰ ਪਿਛਲੇ ਦਿਨਾਂ ਤੋਂ ਜਿਸ ਕਿਸਮ ਦੇ ਕਦਮ ਲੈ ਰਹੀ ਹੈ ਉਨ੍ਹਾਂ ਤੋਂ ਸਪੱਸ਼ਟ ਹੈ ਕਿ ਉਹ ਕਾਰਪੋਰੇਟ ਘਰਾਣਿਆਂ ਦੀ ਸੇਵਾ ਲਈ ਜਲਦੀ ਹੀ ਬਿਜਲੀ ਕਾਰਪੋਰੇਸ਼ਨ ਦਾ ਭੋਗ ਪਾਉਣ ਦੀਆਂ ਤਿਆਰੀਆਂ ਵਿੱਚ ਜੁਟੀ ਹੋਈ ਹੈ। ਲਾਲੜੂ ਅਤੇ ਖਰੜ ਡਵੀਜ਼ਨ ਦੀ ਨਿੱਜੀਕਰਣ ਦੀ ਵਿਉਂਤ ਪੰਜਾਬ ਵਿਕਾਸ ਕਾਰਪੋਰੇਸ਼ਨ ਕੋਲ ਪੇਸ਼ ਕਰਨ ਦਾ ਸਰਕਾਰੀ ਧੰਦਾ ਨਿੱਜੀਕਰਣ ਦੇ ਅਮਲ ਨੂੰ ਤੇਜ ਕਰਨ ਦੀ ਇੱਕ ਉਦਾਹਰਣ ਸਾਡੇ ਸਾਹਮਣੇ ਹੈ। ਉਨ੍ਹਾਂ ਕਿਹਾ ਕਿ ਨਿੱਜੀਕਰਣ ਦੀ ਲੋੜ ਵਜੋਂ ਲਏ ਜਾ ਰਹੇ ਇਹ ਕਦਮ ਬੜੇ ਸਾਜ਼ਿਸ਼ੀ ਅਤੇ ਧੋਖੇ ਭਰੇ ਢੰਗ ਤਰੀਕੇ ਨਾਲ ਲਏ ਜਾ ਰਹੇ ਹਨ। ਇੱਕ ਪਾਸੇ ਇਸ ਤਬਾਹਕੁੰਨ ਹਮਲੇ ਨੂੰ ਲਾਗੂ ਕਰਦਿਆਂ ਖਪਤਕਾਰਾਂ ਪ੍ਰਤੀ ਝੂਠਾ ਹੇਜ ਜਤਾਉਣ ਦੇ ਯਤਨ ਕੀਤੇ ਜਾ ਰਹੇ ਹਨ ਅਤੇ ਦੂਸਰੇ ਪਾਸੇ ਬਿਜਲੀ ਮੁਲਾਜ਼ਮਾਂ ਨੂੰ ਉਨ੍ਹਾਂ ਦੇ ਧਰਨਿਆਂ ਮੁਜ਼ਾਹਰਿਆਂ ਅਤੇ ਹੜਤਾਲਾਂ ਕਾਰਣ ਦੋਖੀਆਂ ਵਜੋਂ ਪੇਸ਼ ਕਰਕੇ ਉਨ੍ਹਾਂ ਦੀ ਨਿੱਜੀਕਰਣ ਵਿਰੁੱਧ ਸਾਂਝ ਨੂੰ ਤੋੜਨ ਦੇ ਯਤਨ ਕੀਤੇ ਜਾ ਰਹੇ ਹਨ। ਇਸ ਸਾਜ਼ਿਸ਼ੀ ਅਤੇ ਧੋਖੇ ਭਰੇ ਢੰਗ ਨਾਲ ਪਿਛਲੇ ਦਿਨੀਂ ਖਪਤਕਾਰਾਂ ਨੂੰ ਮੁਲਾਜ਼ਮਾਂ ਦੇ ਧਰਨਿਆਂ, ਮੁਜ਼ਾਹਰਿਆਂ ਅਤੇ ਹੜਤਾਲਾਂ ਵਾਲੇ ਦਿਨਾਂ ਦੌਰਾਨ ਨਿਰਵਿਘਨ ਸਪਲਾਈ ਦੇਣ ਦੇ ਨਾਂਅ ਹੇਠ ਡਵੀਜ਼ਨ ਪੱਧਰ ਤੇ ਆਊਟਸੋਰਸਡ ਕੰਪਨੀਆਂ ਰਾਹੀਂ ਇਕ ਸਪੈਸ਼ਲ ਗੈਂਗਾਂ ਤਿਆਰ ਕਰਨ ਦੇ ਹੁਕਮ ਜਾਰੀ ਕੀਤੇ ਗਏ, ਕੰਮ ਦੌਰਾਨ ਮੈਨ ਪਾਵਰ ਦੀ ਘਾਟ ਨੂੰ ਪੂਰਾ ਕਰਨ ਲਈ ਵਿਭਾਗ ਵੱਲੋਂ ਨਵੀਂ ਅਤੇ ਪੱਕੀ ਭਰਤੀ ਕਰਨ ਦੀ ਥਾਂ, ਠੇਕੇ ’ਤੇ ਬਾਹਰੀ ਸਰੋਤਾਂ ਤੋਂ ਲੇਬਰ ਦਾ ਪ੍ਰਬੰਧ ਕਰਨ ਦੇ ਹੋਰ ਨਵੇਂ ਹੁਕਮ ਜਾਰੀ ਕੀਤੇ ਗਏ ਹਨ। ਜਿਨ੍ਹਾਂ ਦਾ ਮਕਸਦ ਖਪਤਕਾਰਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਮੁੱਹਈਆ ਕਰਨਾ ਨਹੀਂ ਸਗੋਂ ਨਿਜੀਕਰਣ ਵਿਰੁੱਧ ਸੰਘਰਸ਼ ਨੂੰ ਅਸਫਲ ਬਣਾਉਣ ਦੀ ਸਾਜ਼ਿਸ਼ ਹੈ। ਖਪਤਕਾਰਾਂ ਅਤੇ ਬਿਜਲੀ ਮੁਲਾਜ਼ਮਾਂ ਨੂੰ ਇੱਕ ਦੂਸਰੇ ਵਿਰੁੱਧ ਉਕਸਾ ਕੇ ਖੜ੍ਹੇ ਕਰਨ ਦੀ ਫੁੱਟ ਪਾਊ ਸਾਜ਼ਿਸ਼ ਹੈ। ਜਿਸ ਨੂੰ ਅਸਫਲ ਬਣਾ ਕੇ ਨਿਜੀਕਰਣ ਵਿਰੁੱਧ ਸੰਘਰਸ਼ ਨੂੰ ਸਫ਼ਲ ਬਣਾਉਣ ਦੀ ਲੋੜ ਹੈ। ਇਸ ਹਾਲਤ ਵਿੱਚ ਸਭ ਤੋਂ ਪਹਿਲੀ ਲੋੜ ਵੱਖ ਵੱਖ ਜਥੇਬੰਦੀਆਂ ਵਿੱਚ ਵੰਡੇ ਹੋਏ ਬਿਜਲੀ ਮੁਲਾਜ਼ਮਾਂ ਨੂੰ ਤੇ ਭਰਾਤਰੀ ਜਥੇਬੰਦੀਆਂ ਨੂੰ ਇੱਕ ਸਾਂਝੇ ਸੰਘਰਸ਼ ਦੇ ਪਲੇਟਫਾਰਮ ’ਤੇ ਇਕੱਠੇ ਕਰਨ ਦੀ ਅਹਿਮ ਲੋੜ ਹੈ ਅਤੇ ਦੂਸਰੇ ਪਾਸੇ ਨਿਜੀਕਰਣ ਦੀ ਮਾਰ ਹੇਠ ਆਉਣ ਵਾਲੇ ਖਪਤਕਾਰਾਂ ਨੂੰ ਸਰਕਾਰ ਦੇ ਝੂਠੇ ਹੇਜ ਦੇ ਧੋਖੇ ਪਿੱਛੇ ਛੁਪੇ ਸੱਚ ਨੂੰ ਉਜਾਗਰ ਕਰਕੇ ਨਿਜੀਕਰਣ ਵਿਰੁੱਧ ਸੰਘਰਸ਼ ਨੂੰ ਵਿਸ਼ਾਲ, ਸਾਂਝੇ ਅਤੇ ਤਿੱਖਾ ਕਰਨ ਦੀ ਲੋੜ ਹੈ।

# ਮਜ਼ਦੂਰ ਦੇ ਘਰ ਦੀ ਨਿਲਾਮੀ ਕਰਨ ਆ ਰਹੇ ਅਧਿਕਾਰੀਆਂ ਦੇ ਵਿਰੋਧ ’ਚ ਲਾਇਆ ਧਰਨਾ

ਭੁੱਚੋ ਮੰਡੀ ਨਥਾਣਾ, 3 ਜੁਲਾਈ (ਚ.ਨ.ਸ.): ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਜਥੇਬੰਦੀ ਵੱਲੋਂ ਪਿੰਡ ਭੁੱਚੋ ਖੁਰਦ ਦੇ ਇਕ ਮਜ਼ਦੂਰ ਇਕਬਾਲ ਸਿੰਘ ਪੁੱਤਰ ਸੁਖਦੇਵ ਸਿੰਘ ਦੇ ਘਰ ਦੀ ਨਿਲਾਮੀ ਕਰਨ ਆ ਰਹੇ ਅਧਿਕਾਰੀਆਂ ਦੇ ਵਿਰੋਧ ਤੇ ਮਜ਼ਦੂਰ ਦੇ ਘਰ ਦੀ ਨਿਲਾਮੀ ਰੁਕਵਾਉਣ ਲਈ ਧਰਨਾ ਗਾ ਕਿ ਵਿਰੋਧ ਕੀਤਾ ਗਿਆ ਤੇ ਜਥੇਬੰਦੀ ਵੱਲੋਂ ਵਿਰੋਧ ਵਿੱਚ ਜੰਮ ਕੇ ਨਾਹਰੇ ਬਾਜ਼ੀ ਕੀਤੀ ਗਈ ਇਥੇ ਦੱਸਣਯੋਗ ਗੱਲ ਹੈ ਇਸਤੋਂ ਪਹਿਲਾਂ ਇਹ ਜਨ ਸਮਾਲ ਫਾਈਨਾਂਸ ਬੈਂਕ ਵਾਲੇ ਇਸ ਮਜ਼ਦੂਰ ਦੇ ਘਰ ਨੂੰ ਤਾਲਾ ਲਗਾ ਗਏ ਜਦੋਂ ਕਿ ਘਰ ਅੰਦਰ ਬੇ ਜ਼ਬਾਨ ਪਸੂ ਵੀ ਅੰਦਰ ਸਨ ਨੂੰ ਭੁੱਖੇ ਧਿਆਇਆ ਨੂੰ ਦੇਖਦੇ ਹੋਏ



ਜਥੇਬੰਦੀ ਦੇ ਆਗੂਆਂ ਵੱਲੋਂ ਤਾਲਾਂ ਤੋੜਕੇ ਪਸੂਆ ਨੂੰ ਕੱਖ ਪੱਠਾ ਪਾਣੀ ਪਿਲਾਇਆ ਗਿਆ ਤੇ ਪਰਿਵਾਰ ਦੇ ਮੈਂਬਰਾ ਨੂੰ ਘਰ ਅੰਦਰ ਬਠਾਇਆ ਗਿਆ ਉਸ ਤੋਂ ਬਾਅਦ ਸਮਾਲ ਫਾਈਨਾਂਸ ਬੈਂਕ ਦੇ ਅਧਿਕਾਰੀਆਂ ਵੱਲੋਂ ਸਮਾਂ ਦੇ ਜਥੇਬੰਦੀਆਂ ਵੱਲੋਂ ਉਨ੍ਹਾਂ ਨਾਲ ਗੱਲਬਾਤ ਕਰਨ ਲਈ ਉਡੀਕ ਕਰਨ ਤੋਂ ਬਾਅਦ ਜਥੇਬੰਦੀ ਦੇ ਆਗੂਆਂ ਵਰਕਰਾਂ ਪਿੰਡ ਨੇ ਸਮਾਂ ਦੇ ਨਾਂ ਆਉਣ ਦੇ ਵਿਰੋਧ ਵਿੱਚ ਧਰਨਾ ਲਗਾ ਦਿੱਤਾ ਪਰ ਖ਼ਬਰ ਲਿਖੇ ਜਾਣ ਤੱਕ ਕੋਈ ਅਧਿਕਾਰੀ ਨਿਲਾਮੀ ਕਰਨ ਨਹੀਂ ਆਇਆ ਜਥੇਬੰਦੀ ਦੇ ਆਗੂਆਂ ਤੇ ਇਕਬਾਲ ਸਿੰਘ ਮਜ਼ਦੂਰ ਨਾਲ ਗੱਲਬਾਤ ਕਰਨ ਤੇ ਪਤਾ ਚਲਿਆ ਕਿ ਇਹ ਲੋਨ ਜਨ ਸਮਾਲ ਫਾਈਨਾਂਸ ਬੈਂਕ ਤੋ3-8-22 ਨੂੰ ਹੋਮ ਲੋਨ ਲਿਆ ਗਿਆ ਸੀ ਤੇ ਜਿਸ ਦੇ ਭਰਨ ਦੀ ਮਿਆਦ 1-1-2034 ਸੀ ਤੇ ਇਕਬਾਲ ਸਿੰਘ ਵੱਲੋਂ ਬੈਂਕ ਸਟੇਟ ਮੁਤਾਬਕ 189513 ਭਰ ਦਿੱਤੇ ਹਨ ਜਦੋਂ ਲੋਨ ਦੀ ਰਾਸ਼ੀ ਸਿਰਫ 3 ਤਿੰਨ ਲੱਖ ਰੁਪਏ ਦੀ ਸੀ ਤੇ ਇਕਬਾਲ ਸਿੰਘ ਵੱਲੋਂ ਕਿਸੇ ਮਜਬੂਰੀ ਕਾਰਣ ਇਕ ਦੋ ਕਿਸ਼ਤਾਂ ਟੁਟ ਗਈਆਂ ਤੇ ਇਸ ਫਾਈਨਾਂਸ ਬੈਂਕ ਵੱਲੋਂ ਇਕਬਾਲ ਸਿੰਘ ਵੱਲ 4310304ਦੀ ਰਾਸ਼ੀ ਬਾਕੀ ਖੜੀ ਦਿਖਾਈ ਜਾ ਰਹੀ ਹੈ ਤੇ ਲੋਨ ਲਏ ਸਿਰਫ ਤਿੰਨ ਸਾਲ ਹੋ ਗਏ ਹਨ ਜਦੋਂ ਕਿ ਅਜੇ ਚਲ ਰਹੇ ਲੋਨ ਦਾ 7ਸਾਲ ਸਮਾਂ ਬਾਕੀ ਹੈ ਨੂੰ ਇਕਬਾਲ ਸਿੰਘ ਸਿੰਘ ਅਸਾਨੀ ਨਾਲ ਭਰ ਸਕਦਾ ਪਰ ਤੋਂ ਪਹਿਲਾਂ ਹੀ ਇਸ ਦਾ ਸਮਾਂ ਪੂਰਾ ਹੋਣ ਤੋਂ ਇਕਬਾਲ ਸਿੰਘ ਦੇ ਘਰ ਨੂੰ ਤਾਲਾ ਲਗਾਇਆ ਗਿਆ ਤੇ ਕਰੀ ਦੇ ਆਰਡਰ ਦਿੱਤੇ ਗਏ ਇਸ ਦੇ ਵਿਰੋਧ ਵਿੱਚ ਕਿਸਾਨ ਜਥੇਬੰਦੀਆਂ ਵੱਲੋਂ ਮਜ਼ਦੂਰ ਦੇ ਹੱਕ ਵਿੱਚ ਤੇ ਇਸ ਫਾਈਨਾਂਸ ਕੰਪਨੀ ਦੇ ਵਿਰੋਧ ਵਿੱਚ ਧਰਨਾ ਦਿੱਤਾ ਗਿਆ ਪਰ ਕੁਰਕੀ ਕਰਨ ਵਾਲਾ ਕੋਈ ਅਧਿਕਾਰੀ ਨਹੀਂ ਪਹੁੰਚਿਆ ਇਸ ਮੌਕੇ ਬਲਜੀਤ ਸਿੰਘ ਪੂਹਲਾ ਜਨਰਲ ਸਕੱਤਰ ਉਗਰਾਹਾਂ ਚੰਦ ਸਿੰਘ ਧਨੇਰ ਗਰੁੱਪ ,ਇਕਾਈ ਪ੍ਰਧਾਨ ਨਛੱਤਰ ਸਿੰਘ ਭੁੱਲਰ,ਇਕਾਈ ਦੇ ਸਕੱਤਰ ਮੰਦਰ ਸਿੰਘ ਨਾਗਰਾ ਨੇ ਕਿਹਾ ਕਿ ਇਕਬਾਲ ਸਿੰਘ ਦੇ ਪਰਿਵਾਰ ਨਾਲ ਹਰਗਿਜ਼ ਧੱਕਾ ਨਹੀਂ ਹੋਣ ਦੇਵਾਂਗੇ ਇਸ ਮੌਕੇ ਜਰਨੈਲ ਸਿੰਘ, ਲਖਬੀਰ ਸਿੰਘ ਮਾਨ ਬਲਾਕ ਆਗੂ ,ਨਗੌਰ ਸਿੰਘ, ਬੇਅੰਤ ਸਿੰਘ , ਗੁਰਦੇਵ ਸਿੰਘ, ਮਲਕੀਤ ਸਿੰਘ,ਪੱਪਨੀ ਸਿੰਘ, ਕਰਮਜੀਤ ਕੌਰ ਲਹਿਰਾਂ ਖਾਨਾ ਬਚਿੱਤਰ ਸਿੰਘ ਬੇਗਾ, ਸਾਧਾਂ ਸਿੰਘ, ਹਰਦੇਵ ਸਿੰਘ ਭਗਤ, ਚਰਣਜੀਤ ਕੌਰ,ਰਾਣੀ ਕੌਰ, ਸੁੱਖਦੇਵ ਸਿੰਘ, ਗੁਰਮੇਲ ਸਿੰਘ, ਗੁਰਤੇਜ ਸਿੰਘ ਸਿੰਘ ਤੇ ਸਮੂੰਹ ਪਿੰਡ ਵਾਸੀ ਹਾਜ਼ਰ ਸਨ।

# ਅੱਖਾਂ ਦੇ ਕੈਂਪ ਦੌਰਾਨ ਮਰੀਜ਼ਾਂ ਨੂੰ ਦਵਾਈਆਂ, ਐਨਕਾਂ ਮੁਫ਼ਤ ਅਤੇ ਮਰੀਜ਼ਾਂ ਦੇ ਲੈਂਜ਼ ਪਾਏ

ਰਾਮਪੁਰਾ ਫੂਲ ,3 ਜੁਲਾਈ (ਮਨਪ੍ਰੀਤ ਮਿੰਟੂ) :ਰਾਮਪੁਰਾ ਫੂਲ ਇਲਾਕੇ ਅੰਦਰ ਲੋੜਵੰਦ ਮਰੀਜ਼ਾਂ ਲਈ ਵਰਦਾਨ ਸਾਬਤ ਹੋ ਰਹੀ ਪੁਨਰਜੋਤੀ ਆਈ ਡੋਨੇਸ਼ਨ ਸੁਸਾਇਟੀ ਵਲੋਂ ਅੱਖਾਂ ਦਾ ਵਿਸ਼ਾਲ 129ਵਾਂ ਮੁਫਤ ਚੈੱਕਅਪ ਕੈਂਪ ਸਥਾਨਕ ਪੁਨਰਜੋਤੀ ਆਈ ਹਸਪਤਾਲ ਨੇੜੇ ਬੱਸ ਸਟੈਂਡ ਰਾਮਪੁਰਾ ਫੂਲ ਵਿਖੇ ਲਗਾਇਆ ਗਿਆ ।ਜਿਸ ਵਿਚ ਮਰੀਜ਼ਾਂ ਦੀਆਂ ਅੱਖਾਂ ਦਾ ਚੈੱਕਅਪ ਮਾਹਿਰ ਡਾਕਟਰਾਂ ਵਲੋਂ ਅਧੁਨਿਕ ਮਸ਼ੀਨਾਂ ਨਾਲ ਕੀਤਾ ਗਿਆ। ਸੁਸਾਇਟੀ ਦੇ ਪ੍ਰਧਾਨ ਰਾਕੇਸ਼ ਤਾਇਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਹ ਕੈਂਪ ਸਵਰਗੀ ਮਨੀਸ਼ ਸਿੰਗਲਾ ਸਪੁੱਤਰ ਮੋਹਨ ਲਾਲ ਸਿੰਗਲਾ ਦੀ ਯਾਦ ਵਿੱਚ ਸਿੰਗਲਾ ਪਰਿਵਾਰ ( ਬਹਾਦਰਗੜ,ਦਿੱਲੀ) ਵਲੋਂ ਸ੍ਰੀ ਮਹੰਤ ਰਾਮ ਨਰਾਇਣ ਗਿਰੀ ਜੀ ਤਿਰਵੈਣੀ ਗਿਰੀ ਆਸ਼ਰਮ ਦੇ ਆਸ਼ੀਰਵਾਦ ਨਾਲ ਸਥਾਨਕ ਸੰਤ ਤਿਰਵੈਣੀ ਗਿਰੀ ਪੁਨਰਜੋਤੀ ਆਈ ਹਸਪਤਾਲ ਵਿਖੇ ਲਗਾਇਆ ਗਿਆ ਸੀ। ਇਸ ਕੈਂਪ ਦੌਰਾਨ ਮਰੀਜ਼ਾਂ ਨੂੰ ਦਵਾਈਆਂ ਅਤੇ ਐਨਕਾਂ ਸੁਸਾਇਟੀ ਵਲੋਂ ਮੁਫ਼ਤ ਦਿੱਤੀਆਂ ਗਈਆਂ। ਕੈਂਪ ਦੌਰਾਨ ਅੱਖਾਂ ਦੇ 200 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ, ਜਿੰਨ੍ਹਾਂ ਵਿੱਚ 100 ਮਰੀਜ਼ਾਂ ਦੇ ਲੈਂਜ ਪਾਏ ਗਏ ।ਇਸ ਕੈਂਪ ਦੌਰਾਨ ਜਿੰਨ੍ਹਾਂ ਵਿੱਚ ਹੇਮ ਰਾਜ ਮਿੱਤਲ,ਸ਼ਿਵ ਬਾਂਸਲ,ਰਾਕੇਸ਼ ਸਹਾਰਾ,ਫਕੀਰ ਚੰਦ,ਤਰਸੇਮ ਚੰਦ, ਰਾਜੀਵ ਗੋਇਲ,ਮਨੀਸ਼ ਕੁਮਾਰ,ਜਤਿੰਦਰ ਗੋਇਲ,ਸ਼ੇਰ ਜੰਗ ਬੌਬੀ ਹਾਜ਼ਰ ਸਨ ।



# ਪਟਿਆਲਾ-ਆਸ/ਪਾਸ



## ਸੀਵਰੇਜ ਦੇ ਖੁੱਲ੍ਹੇ ਢੱਕਣ ਦੇ ਰਹੇ ਨੇ ਹਾਦਸਿਆਂ ਨੂੰ ਸੱਦਾ



ਸਮਾਣਾ 3 ਜੁਲਾਈ (ਵਿਜੇ ਕੁਮਾਰ) : ਬਰਸਾਤਾਂ ਦਾ ਮੌਸਮ ਹੋਣ ਕਰਕੇ ਸਥਾਨਕ ਸਹਿਰ ਵਿੱਚ ਸੀਵਰੇਜ ਦੇ ਸਿਸਟਮ ਨੂੰ ਸਮੇਂ ਸਿਰ ਠੀਕ ਕਰਨ ਲਈ ਛੋਟੇ ਤੋਂ ਲੈਕੇ ਵੱਡੇ ਗੰਦੇ ਤੇ ਬਰਸਾਤੀ ਪਾਣੀ ਦੀ ਨਿਕਾਸੀ ਲਈ ਬਣੇ ਨਾਲੇ ਨਾਲੀਆ ਆਦਿ ਦੀ ਸਾਫ ਸਫਾਈ ਦਾ ਕੰਮ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਿਹਾ ਹੈ ਨਗਰ ਕੌਂਸਲ ਸਮਾਣਾ ਦੇ ਅਧਿਕਾਰੀਆਂ ਵੱਲੋਂ ਕਰਵਾਈ ਜਾ ਰਹੀ ਸਾਫ ਸਫਾਈ ਨਾਲ ਆਉਂਦੇ ਸਮੇਂ ਵਿੱਚ ਪਾਣੀ ਦੀ ਨਿਕਾਸੀ ਸਹੀ ਢੰਗ ਨਾਲ ਯਕੀਨੀ ਬਣਾਉਣ ਲਈ ਲਗਾਤਾਰ ਧਿਆਨ ਰੱਖਿਆ ਜਾ ਰਿਹਾ ਹੈ ਬੇਸ਼ੱਕ ਉਪ-ਮੰਡਲ ਮੈਜਿਸਟਰੇਟ ਰਿਚਾ ਗੋਇਲ ਤੇ ਨਗਰ ਕੌਂਸਲ ਅਧਿਕਾਰੀ ਇਸ ਪਾਸੇ ਪੂਰਾ ਧਿਆਨ ਦੇ ਰਹੇ ਹਨ ਪਰ ਇੱਕ ਸਮੱਸਿਆ ਜਿਉਂ ਦੀ ਤਿਉਂ ਹੀ ਬਰਕਰਾਰ ਹੈ, ਜਿਸ ਪਾਸੇ ਸਥਾਨਕ ਪ੍ਰਸ਼ਾਸਨ ਕੋਈ ਧਿਆਨ ਨਹੀਂ ਦੇ ਰਿਹਾ ਜਾ ਫਿਰ ਇਦ ਕਹਿ ਸਕਦੇ ਹਾ ਕਿ ਕਿਸੇ ਵੱਡੇ ਹਾਦਸੇ ਦੀ ਉਡੀਕ ਹੈ ਕਿ ਸਥਾਨਕ ਸ਼ਹਿਰ ਦੀਆ ਕੁੱਝ ਜਨਤਕ ਥਾਵਾਂ ਤੇ ਸੀਵਰੇਜ ਦੇ ਢੱਕਣ ਨਾ ਹੋਣ ਕਾਰਨ ਜਾਂ ਫਿਰ ਟੁੱਟ ਜਾਣ ਕਰਕੇ ਸ਼ਰੇਆਮ ਮੌਤ ਨੂੰ ਸੱਦਾ ਦਿੰਦੇ ਨਜ਼ਰ ਆ ਰਹੇ ਹਨ। ਪੰਜਪੀਰਾ ਸੜਕ, ਚਾਣਣ ਕਲੋਨੀ ਤੇ ਗਾਂਧੀ ਗਰਾਊਂਡ ਆਦਿ ਨਜ਼ਦੀਕ ਸੀਵਰੇਜ ਦੇ ਖੁੱਲ੍ਹੇ ਪਏ ਢੱਕਣ ਜਿਥੇ ਦਿਨੋ ਦਿਨ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ ਉਥੇ ਹੀ ਰਾਤ ਸਮੇਂ ਲੰਘਣ ਵਾਲਿਆਂ ਲਈ ਵੀ ਅਸੁਰੱਖਿਅਤ ਹੈ ਜਦੋਂ ਕਿ ਇਸ ਵੇਲੇ ਬਰਸਾਤਾਂ ਦਾ ਸਮਾਂ ਸ਼ੁਰੂ ਹੋ ਚੁੱਕਾ ਹੈ ਤੇ ਇਨ੍ਹਾਂ ਥਾਵਾਂ 'ਤੇ ਲੋਕਾਂ ਦਾ ਹਮੇਸ਼ਾ ਹੀ ਆਉਣਾ ਜਾਣਾ ਲੱਗਿਆ ਰਹਿੰਦਾ ਹੈ। ਜ਼ਿਕਰਯੋਗ ਹੈ ਕਿ ਸੀਵਰੇਜ ਦੇ ਢੱਕਣਾਂ ਦੀ ਇਹ ਸਮੱਸਿਆ ਪਿਛਲੇ ਲੰਮੇ ਸਮੇਂ ਤੋਂ ਹੈ ਪਰ ਸਥਾਨਕ ਵਾਟਰ ਸਪਲਾਈ ਤੇ ਸੀਵਰੇਜ ਬੋਰਡ ਦੇ ਅਧਿਕਾਰੀਆਂ ਨੂੰ ਇਹ ਦਿਖਾਈ ਨਹੀਂ ਦੇ ਰਿਹਾ ਦੱਸਣਯੋਗ ਹੈ ਕਿ ਇਸ ਮਹਿਕਮੇ ਦੇ ਅਧਿਕਾਰੀਆਂ ਦੀ ਬਹੁਤੀ ਵਾਰ ਅਣਗਹਿਲੀ ਦੇਖਣ ਨੂੰ ਮਿਲੀ ਹੈ ਲੋਕਾਂ ਦਾ ਦੱਸਣਾ ਹੈ ਕਿ ਸ਼ਹਿਰ ਦੀਆਂ ਪੀਣਯੋਗ ਪਾਣੀ ਵਾਲੀਆਂ ਟੈਂਕੀਆਂ ਵਿੱਚ ਬਰਸਾਤਾਂ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਕੀੜੇ ਮਕੌੜਿਆਂ ਨੂੰ ਖ਼ਤਮ ਕਰਨ ਲਈ ਹਰ ਵਾਰ ਪਾਣੀ ਚ ਦਿਵਾਈ ਮਿਲਾਈ ਜਾਂਦੀ ਹੈ ਪਰ ਇਸ ਵਾਰ ਹੁਣ ਤੱਕ ਵੀ ਵਿਭਾਗ ਨੇ ਇਸ ਪਾਸੇ ਧਿਆਨ ਦੇਣਾ ਮੁਨਾਸਿਬ ਨਹੀਂ ਸਮਝਿਆ ਜਿਸ ਕਰਕੇ ਵਿਭਾਗ ਦੀ ਘਟੀਆ ਕਾਰਗੁਜ਼ਾਰੀ ਸਾਹਮਣੇ ਆਉਂਦੀ ਹੈ। ਇਹ ਮਾਮਲਾ ਉਪ ਮੰਡਲ ਮੈਜਿਸਟਰੇਟ ਰਿਚਾ ਗੋਇਲ ਦੇ ਧਿਆਨ 'ਚ ਲਿਆਉਣ ਤੇ ਉਨ੍ਹਾਂ ਕਿਹਾ ਕਿ ਸਾਫ ਸਫਾਈ ਦਾ ਕੰਮ ਚੱਲਣ ਕਰਕੇ ਸੀਵਰੇਜ ਦੇ ਢੱਕਣ ਖੁੱਲ੍ਹੇ ਹੋ ਸਕਦੇ ਹਨ ਪਰ ਜੇਕਰ ਇਸ ਤੋਂ ਅਲੱਗ ਹਨ ਤਾ ਉਹ ਇਸ ਸਬੰਧੀ ਸੀਵਰੇਜ ਬੋਰਡ ਦੇ ਅਧਿਕਾਰੀਆਂ ਦੇ ਧਿਆਨ ਲਿਆਉਣਗੇ ਤੇ ਪੀਣਯੋਗ ਪਾਣੀ ਸਬੰਧੀ ਕੋਈ ਦਿੱਕਤ ਨਾ ਆਵੇ ਇਸ ਬਾਰੇ ਸੀਨੀਅਰ ਮੈਡੀਕਲ ਅਫ਼ਸਰ ਸਮਾਣਾ ਨਾਲ ਵੀ ਗੱਲਬਾਤ ਕਰਨਗੇ।

## ਡਾ.ਬਲਬੀਰ ਸਿੰਘ ਵੱਲੋਂ ਵਿਕਾਸ ਕਾਰਜਾਂ ਤਹਿਤ ਪੰਚਾਂ-ਸਰਪੰਚਾਂ ਤੇ ਵਾਰਡਾਂ ਦੇ ਕੌਂਸਲਰਾਂ ਨਾਲ ਮੀਟਿੰਗਾਂ



ਪਟਿਆਲਾ, 3 ਜੁਲਾਈ (ਰੁਪਾਣਾ) : ਰੰਗਲਾ ਪੰਜਾਬ ਪ੍ਰੋਜੈਕਟ ਤਹਿਤ ਵਿਸ਼ੇਸ਼ ਤੌਰ 'ਤੇ ਪਿੰਡਾਂ ਅਤੇ ਸ਼ਹਿਰੀ ਵਾਰਡਾਂ ਦੇ ਵਿਕਾਸ ਕੰਮਾਂ ਲਈ ਸਰਗਰਮ ਮੁਹਿੰਮ ਲਗਾਤਾਰ ਤੌਰ 'ਤੇ ਚਲਾਈ ਜਾ ਰਹੀ ਹੈ। ਇਸ ਗੱਲ ਦਾ ਪ੍ਰਗਟਾਵਾ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਪਟਿਆਲਾ ਦੇ ਦਿਹਾਤੀ ਹਲਕੇ ਵਿੱਚ ਆਉਂਦੇ ਪਿੰਡਾਂ ਅਤੇ ਸ਼ਹਿਰੀ ਵਾਰਡਾਂ 'ਚ ਹੋ ਰਹੇ ਵਿਕਾਸ ਕੰਮਾਂ ਦਾ ਜਾਇਜ਼ਾ ਲੈਣ ਲਈ ਪੰਚਾਂ-ਸਰਪੰਚਾਂ, ਵਾਰਡ ਕੌਂਸਲਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਨਾਲ ਮੁਲਾਕਾਤ ਕਰਦੇ ਹੋਏ ਕੀਤਾ। ਡਾ: ਬਲਬੀਰ ਸਿੰਘ ਨੇ ਦੱਸਿਆ ਕਿ ਪਿੰਡ ਪੱਧਰ 'ਤੇ ਛੱਪੜਾਂ ਦੀ ਸਫ਼ਾਈ ਅਤੇ ਵਿਕਾਸ ਥਾਪਰ ਤੇ ਸੀਚੇਵਾਲ ਮਾਡਲ ਅਨੁਸਾਰ ਕੀਤਾ ਜਾਵੇਗਾ। ਉਹਨਾਂ ਕਿਹਾ ਕਿ ਸਿੱਖਿਆ ਤੇ ਸਿਹਤ ਦੇ ਖੇਤਰ ਵਿੱਚ ਸੁਧਾਰ ਲਿਆਉਣ ਲਈ ਸਕੂਲਾਂ ਤੇ ਹਸਪਤਾਲਾਂ ਦੀ ਵਿਸ਼ੇਸ਼ ਤਰਜ਼ੀਹ ਦੇ ਕੇ ਮੌਜੂਦਾ ਢਾਂਚੇ ਨੂੰ ਬਿਹਤਰ ਬਣਾਇਆ ਜਾਵੇਗਾ। ਉਹਨਾਂ ਕਿਹਾ ਕਿ ਸਰਕਾਰ ਕੋਲ ਫੰਡਾਂ ਦੀ ਕੋਈ ਕਮੀ ਨਹੀ ਹੈ। ਉਹਨਾਂ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਅਧਿਕਾਰੀ ਮੌਕੇ 'ਤੇ ਜਾ ਕੇ ਹਾਲਾਤਾਂ ਦਾ ਜਾਇਜ਼ਾ ਲੈਣ ਅਤੇ ਤੁਰੰਤ ਕਾਰਵਾਈ ਸ਼ੁਰੂ ਕਰਨ। ਇਸ ਦੌਰਾਨ ਦਹਾਕਿਆਂ ਬਾਅਦ ਟੇਲਾਂ ਤੱਕ ਮਿਲ ਰਹੀ ਨਹਿਰੀ ਪਾਣੀ ਦੀ ਸਪਲਾਈ 'ਤੇ ਕਈ ਪਿੰਡਾਂ ਦੇ ਸਰਪੰਚਾਂ ਨੇ ਸਰਕਾਰ ਦਾ ਧੰਨਵਾਦ ਕੀਤਾ। ਡਾ: ਬਲਬੀਰ ਸਿੰਘ ਨੇ ਨਗਰ ਨਿਗਮ ਵਿਖੇ 14 ਨਵੀਆਂ ਕੂੜਾ ਡੰਪ ਈ- ਗੱਡੀਆਂ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਉਹਨਾਂ ਕਿਹਾ ਕਿ ਇਹ ਗੱਡੀਆਂ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਤੋਂ ਕੂੜਾ ਇਕੱਠਾ ਕਰਨ ਵਿੱਚ ਲਗਾਈਆਂ ਜਾਣਗੀਆਂ ਤਾਂ ਜੋ ਸਫ਼ਾਈ ਸਹੀ ਢੰਗ ਨਾਲ ਹੋ ਸਕੇ। ਉਹਨਾਂ ਕਿਹਾ ਕਿ ਸਫ਼ਾਈ ਸਿਰਫ਼ ਇਕ ਵਿਭਾਗੀ ਕੰਮ ਨਹੀਂ, ਇਹ ਸਿੱਧਾ ਲੋਕਾਂ ਦੀ ਸਿਹਤ ਅਤੇ ਜੀਵਨ ਗੁਣਵੱਤਾ ਨਾਲ ਜੁੜਿਆ ਹੋਇਆ ਕੰਮ ਹੈ। ਇਸ ਮੌਕੇ ਉਹਨਾਂ ਦੇ ਨਾਲ ਮੇਅਰ ਕੁੰਦਨ ਗੋਗੀਆ, ਡਿਪਟੀ ਮੇਅਰ ਹਰਿੰਦਰ ਸਿੰਘ ਕੋਹਲੀ ਅਤੇ ਕਮਿਸ਼ਨਰ ਨਗਰ ਨਿਗਮ ਪਰਮਵੀਰ ਸਿੰਘ ਮੌਜੂਦ ਸਨ। ਇਸੇ ਬੈਠਕ ਦੀ ਲੜੀ ਤਹਿਤ ਡਾ: ਬਲਬੀਰ ਸਿੰਘ ਨੇ 24 ਘੰਟੇ ਪਾਣੀ ਦੀ ਸਪਲਾਈ, ਕਲੋਨੀਆਂ ਵਿੱਚ ਸੜਕਾਂ, ਸੀਵਰੇਜ, ਜਲ ਸਪਲਾਈ, ਪਾਰਕਾਂ ਅਤੇ ਸਟਰੀਟ ਲਾਈਟਾਂ ਵਰਗੇ ਮੁੱਦਿਆਂ ਤੇ ਅਧਿਕਾਰੀਆਂ ਨੂੰ ਹਦਾਇਤਾਂ ਵੀ ਜਾਰੀ ਕੀਤੀਆਂ। ਉਹਨਾਂ ਇਹ ਵੀ ਕਿਹਾ ਕਿ ਸਰਕਾਰ ਦੀ ਇਹ ਕੋਸ਼ਿਸ਼ ਹੈ ਕਿ ਹਰ ਇਲਾਕੇ ਤੱਕ ਵਧੀਆ ਸਫ਼ਾਈ ਸੇਵਾਵਾਂ ਪਹੁੰਚਣ ਤਾਂ ਜੋ ਲੋਕਾਂ ਨੂੰ ਸਾਫ਼ ਤੇ ਸਿਹਤਮੰਦ ਵਾਤਾਵਰਨ ਮਿਲ ਸਕੇ। ਇਸ ਮੌਕੇ ਉਹਨਾਂ ਦੇ ਨਾਲ ਜਸਵੀਰ ਗਾਂਧੀ, ਜੈ ਸ਼ੰਕਰ, ਸੁਰੇਸ਼ ਰਾਏ, ਗੱਜਣ ਸਿੰਘ, ਵੱਡੀ ਗਿਣਤੀ ਵਿੱਚ ਸਰਪੰਚ ਤੇ ਬਲਾਕ ਪ੍ਰਧਾਨ, ਵਾਰਡਾਂ ਦੇ ਕੌਂਸਲਰ,ਵਧੀਕ ਡਿਪਟੀ ਕਮਿਸ਼ਨਰ ਅਮਰਿੰਦਰ ਸਿੰਘ ਟਿਵਾਣਾ, ਐਸ.ਡੀ.ਐਮ.ਕ੍ਰਿਪਾਲਵੀਰ ਸਿੰਘ, ਐਸ.ਡੀ.ਐਮ.ਗੁਰਦੇਵ ਸਿੰਘ ਧੰਮ, ਸਿਵਲ ਸਰਜਨ ਜਗਪਾਲਇੰਦਰ ਸਿੰਘ ,ਡੀ.ਡੀ.ਪੀ.ਓਜ਼,ਬੀ.ਡੀ.ਪੀ.ਓ.ਜ਼ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

## ਮਾਨਸੂਨ ਆ ਗਈ ਪਰ ਨਦੀਆਂ-ਨਾਲਿਆਂ ਦੀ ਸਫਾਈ ਦੀ ਵਾਰੀ ਨਹੀਂ ਆਈ: ਹਰਿੰਦਰਪਾਲ ਸਿੰਘ ਚੰਦੂਮਾਜਰਾ



ਦੇਵੀਗੜ੍ਹ , 3 ਜੁਲਾਈ (ਗੁਰਜੀਤ ਸਿੰਘ ਢੋਟ) : ਹਲਕਾ ਸਨੌਰ ਦੇ ਸਾਬਕਾ ਵਿਧਾਇਕ ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਨਦੀਆਂ ਅਤੇ ਨਾਲਿਆਂ ਦੀ ਸਫਾਈ 'ਤੇ ਸਵਾਲ ਖੜੇ ਕਰਦਿਆਂ ਕਿਹਾ ਕਿ ਮਾਨਸੂਨ ਆ ਗਈ ਪਰ ਹਲਕਾ ਸਨੌਰ ਦੇ ਨਦੀਆਂ ਅਤੇ ਨਾਲਿਆਂ ਦੀ ਸਫਾਈ ਦੀ ਵਾਰੀ ਨਹੀਂ ਆਈ। ਸਰਕਾਰ ਦੀ ਲਾਪਰਵਾਹੀ ਦਾ ਅੰਦਾਜਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸਰਕਾਰ ਨੇ ਪਿਛਲੇ ਸਾਲ ਦੀ ਤੁਲਨਾ ਵਿਚ ਸਫਾਈ ਦਾ ਬਜਟ ਵੀ ਅੱਧਾ ਕਰ ਦਿੱਤਾ ਹੈ। ਹਰਿੰਦਰਪਾਲ ਚੰਦੂਮਾਜਰਾ ਨੇ ਦੱਸਿਆ ਕਿ ਪਿਛਲੇ ਸਾਲ ਅੱਠ ਜਿਲਿਆਂ ਦੇ ਲਈ 12 ਕਰੋੜ ਰੁਪਏ ਜਾਰੀ ਕੀਤੇ ਗਏ ਸਨ ਪਰ ਇਸ ਵਾਰ ਇਹ ਬਜਟ ਘਟਾ ਕੇ 6 ਕਰੋੜ ਰੁਪਏ ਕਰ ਦਿੱਤਾ ਹੈ।ਉਹ ਵੀ ਹੁਣ ਜਾਰੀ ਕੀਤਾ ਗਿਆ ਹੈ।ਹਰਿੰਦਰਪਾਲ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਮੌਸਮ ਵਿਭਾਗ ਵੱਲੋ ਵਾਰ ਵਾਰ ਭਾਰੀ ਬਾਰਿਸ਼ ਦਾ ਅਲਰਟ ਕੀਤਾ ਜਾ ਰਿਹਾ ਹੈ, ਪਰ ਸਰਕਾਰ ਦੇ ਕੰਨਾ 'ਤੇ ਜੂੰ ਨਹੀ ਸਰਕ ਰਹੀ। ਹਰਿੰਦਰਪਾਲ ਚੰਦੂਮਾਜਰਾ ਨੇ ਕਿਹਾ ਕਿ ਮੇਰੇ ਵੱਲੋ ਦੋਰਾ ਕਰਨ ਤੋਂ ਬਾਅਦ ਸਬੰਧਤ ਵਿਭਾਗਾਂ ਦੇ ਅਧਿਕਾਰੀ ਪਹੁੰਚੇ ਜ਼ਰੂਰ ਪਰ ਉਨ੍ਹਾਂ ਵੱਲੋਂ ਵੀ ਫੰਡ ਦੀ ਘਾਟ ਦੇ ਕਾਰਨ ਸਫਾਈ ਤੋਂ ਅਸਮਰੱਥਤਾ ਹੀ ਜਤਾਈ ਗਈ ਹੀ ਹਾਂ ਨਰੇਗਾ ਦੇ ਤਹਿਤ ਕੰਮ ਕਰਨ ਵਾਲੀਆਂ ਮਾਹਿਲਾ ਮਜਦੂਰਾਂ ਨੂੰ ਲਗਾ ਕੇ ਲੀਪਾਪੋਤੀ ਕਰਨ ਦੀ ਕੋਸ਼ਿਸ ਜ਼ਰੂਰ ਕੀਤੀ ਗਈ। ਉਨ੍ਹਾਂ ਕਿਹਾਕਿ ਹਕੀਕਤ ਇਹ ਹੈ ਕਿ ਜਿਸ ਤਰ੍ਹਾਂ ਪਿਛਲੇ ਕਈ ਸਾਲਾਂ ਤੋਂ ਸਫਾਈ ਨਹੀਂ ਹੋਈ, ਉਸ ਨਾਲ ਟਾਂਗਰੀ ਅਤੇ ਹੋਰ ਨਦੀਆਂ ਬੂਟੀ ਨਾਲ ਭਰ ਗਈਆਂ ਹਨ, ਜਿਹੜੀਆ ਕਿ ਜੇ.ਸੀ.ਬੀ. ਮਸ਼ੀਨਾ ਨਾਲ ਹੀ ਸਾਫ ਹੋ ਸਕਦੀਆਂ ਹਨ। ਸਾਬਕਾ ਵਿਧਾਇਕ ਨੇ ਕਿਹਾ ਕਿ ਦੋ ਸਾਲ ਪਹਿਲਾਂ ਹੜ੍ਹ ਆਏ ਸਨ ਤਾਂ ਸਰਕਾਰ ਤੋਂ ਹੜ੍ਹਾਂ ਦੇ ਦੌਰਾਨ ਟੁੱਟੀਆਂ ਸੜ੍ਹਕਾਂ ਨਹੀਂ ਬਣਾਈਆਂ ਗਈਆਂ ਅਤੇ ਨਾ ਹੀ ਨਦੀਆਂ ਅਤੇ ਨਾਲਿਆਂ ਦੀ ਸਫਾਈ ਕੀਤੀ ਜਾ ਰਹੀ। ਜਿਸ ਨਾਲ ਫੇਰ ਤੋਂ ਹਲਕੇ 'ਤੇ ਹੜ੍ਹਾਂ ਦਾ ਖਤਰਾ ਮੰਡਰਾ ਰਿਹਾ ਹੈ। ਕਿਸਾਨਾਂ ਦਾ ਅਤੇ ਆਮ ਲੋਕਾਂ ਦਾ ਕਰੋੜਾਂ ਰੁਪਏ ਦੇ ਨੁਕਸਾਨ ਦੀ ਅੱਜ ਤੱਕ ਭਰਪਾਈ ਨਹੀਂ ਹੋਈ।ਪਰ ਹੈਰਾਨੀ ਵਾਲੀ ਗੱਲ ਹੈ ਕਿ ਸਰਕਾਰ ਸਿਰਫ ਦਿਖਾਵਾ ਕਰਨ ਦੇ ਸਿਵਾਏ ਕੁਝ ਨਹੀਂ ਕਰ ਰਹੀ।

## ਨੌਜਵਾਨ ਨਸ਼ੇ ਤਿਆਗ ਕੇ ਸਿੱਖੀ ਵੱਲ ਮੁੜਨ ਤੇ ਅੰਮ੍ਰਿਤਪਾਨ ਕਰਕੇ ਸਿੰਘ ਸੱਜਣ : ਬਾਬਾ ਕਸ਼ਮੀਰ ਸਿੰਘ



ਸਨੌਰ, 3 ਜੁਲਾਈ (ਗੁਰਜੀਤ ਸਿੰਘ ਢੋਟ) : ਨੌਜਵਾਨ ਨਸ਼ੇ ਤਿਆਗ ਕੇ ਸਿੱਖੀ ਵੱਲ ਮੁੜਨ ਅਤੇ ਅੰਮ੍ਰਿਤਪਾਨ ਕਰਕੇ ਸਿੰਘ ਸੱਜਣ ਤਾਂ ਕੀ ਹੋਰਨਾਂ ਲਈ ਪ੍ਰੇਰਣਾ ਸਰੋਤ ਬਣਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਬਾਬਾ ਕਸਮੀਰ ਸਿੰਘ ਅਲੌਹਰਾਂ ਸਾਹਿਬ ਨਾਭਾ ਵਾਲਿਆਂ ਨੇ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਨਸਾ ਬਹੁਤ ਵੱਧ ਚੁੱਕਿਆ ਹੈ,ਜਿਸ ਨੂੰ ਰੋਕਣਾ ਬਹੁਤ ਜਰੂਰੀ ਹੈ। ਪੰਜਾਬ ਸਰਕਾਰ ਦਾ ਯੁੱਧ ਨਸਿਆਂ ਵਿਰੁੱਧ ਬਹੁਤ ਵਧੀਆ ਉਪਰਾਲਾ ਹੈ। ਨਸਿਆਂ ਨੂੰ ਰੋਕਣ ਲਈ ਪੰਜਾਬ ਸਰਕਾਰ,ਪੁਲਿਸ ਪ੍ਰਸਾਸ਼ਨ ਦਾ ਸਹਿਯੋਗ ਦੇਣਾ ਚਾਹੀਦਾ ਹੈ ।ਨੌਜਵਾਨਾਂ ਨੂੰ ਵੱਧ ਤੋਂ ਵੱਧ ਖੇਡਾਂ ਨਾਲ ਜੋੜਨਾ ਚਾਹੀਦਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ 350 ਸਾਲਾਂ ਗੁ:ਮੋਤੀ ਬਾਗ ਸਾਹਿਬ ਪਟਿਆਲਾ ਵਿਖੇ, ਮਨਾਇਆ ਜਾ ਰਿਹਾ ਹੈ। ਸੰਗਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਉਹ ਵੱਧ ਤੋਂ ਵੱਧ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਤੇ ਗੁਰੂ ਵਾਲੇ ਬਣਨ। ਇਸ ਮੌਕੇ ਬਾਬਾ ਨਛੱਤਰ ਸਿੰਘ ਖਾਲਸਾ ਸਵਾਈ ਸਿੰਘ ਵਾਲਾ, ਬਲਿਹਾਰ ਸਿੰਘ, ਗੁਰਜਿੰਦਰ ਸਿੰਘ,ਕੁਲਦੀਪ ਸਿੰਘ ਖਾਲਸਾ, ਜਨ ਜਨਵਾਦੀ ਪਾਰਟੀ ਪੰਜਾਬ ਪ੍ਰਧਾਨ ਅਮਰਜੀਤ ਸਿੰਘ ਜਾਗਦੇ ਰਹੋ,ਅਤੇ ਗੁਰਮੁੱਖ ਸਿੰਘ ਬਿਸਨਗੜ ਹਾਜ਼ਰ ਸੀ।

## ਨਸ਼ਿਆਂ ਵਿਰੁੱਧ ਸਾਰੀਆਂ ਰਾਜਨੀਤਕ ਪਾਰਟੀਆਂ ਤੇ ਧਾਰਮਿਕ ਸੰਸਥਾਵਾਂ ਇੱਕ ਪਲੇਟਫਾਰਮ 'ਤੇ ਇੱਕਠੀਆਂ ਹੋਣ: ਬੰਨੀ ਚੈਹਿਲ



ਪਟਿਆਲਾ, 3 ਜੁਲਾਈ (ਚ.ਨ.ਸ.) : ਗ੍ਰਾਮ ਪੰਚਾਇਤ ਗੋਬਿੰਦਪੁਰਾ ਉਰਫ ਸੁਨਿਆਰਹੇੜੀ ਵੱਲੋਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ,ਪਾਵਰ ਹਾਊਸ ਯੂਥ ਕਲੱਬ ,ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਮੁੱਖ ਮਹਿਮਾਨ ਉਘੇ ਸਮਾਜ ਸੇਵੀ ਸੰਜੇਇੰਦਰ ਸਿੰਘ ਬੰਨੀ ਚੈਹਿਲ ਨੇ ਸ਼ਿਰਕਤ ਕੀਤੀ, ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਯੁਵਾ ਸਾਂਝ ਕਮੇਟੀ, ਮੈਬਰ ਵੂਮੈਨ ਕੋਸਲਿੰਗ ਸੈਲ ਪਟਿਆਲਾ ਨੇ ਕੀਤੀ, ਇਸ ਮੌਕੇ ਗੁਰਪ੍ਰੀਤ ਸਿੰਘ ਸਰਪੰਚ ਗੋਬਿੰਦਪੁਰਾ ਉਰਫ ਸੁਨਿਆਰਹੇੜੀ ਵੱਲੋਂ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ, ਵਿਸ਼ੇਸ਼ ਤੌਰ 'ਤੇ ਜੋਗਿੰਦਰ ਸਿੰਘ ਪੰਚ, ਕੁਲਵਿੰਦਰ ਸਿੰਘ ਪੰਚ, ਜਸਬੀਰ ਕੌਰ ਪੰਚ, ਤੇਜ ਕੌਰ ਪੰਚ,ਪ੍ਰਿੰਸਪਾਲ ਸਿੰਘ ਪੰਚ, ਬਲਵਿੰਦਰ ਸਿੰਘ, ਭੁਪਿੰਦਰ ਸਿੰਘ, ਗੁਰਨਾਮ ਸਿੰਘ, ਬਿੱਕਰ ਸਿੰਘ ਵੀ ਹਾਜ਼ਰ ਸਨ। ਇਸ ਮੌਕੇ ਸੰਬੋਧਨ ਕਰਦਿਆਂ ਉਘੇ ਸਮਾਜ ਸੇਵੀ ਸੰਜੇਇੰਦਰ ਸਿੰਘ ਬੰਨੀ ਚੈਹਿਲ ਨੇ ਕਿਹਾ ਕਿ ਗ੍ਰਾਮ ਪੰਚਾਇਤ ਗੋਬਿੰਦਪੁਰਾ ਉਰਫ ਸੁਨਿਆਰਹੇੜੀ ਦੀ ਪੰਚਾਇਤ ਅਤੇ ਪਿੰਡ ਵਾਸੀਆਂ ਵੱਲੋਂ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗ ਕਦਮ ਹੈ, ਉਹਨਾਂ ਕਿਹਾ ਕਿ ਪੰਜਾਬ ਵਿੱਚ ਨਸ਼ਿਆਂ ਦੇ ਵੱਗ ਰਹੇ ਛੇਵੇਂ ਦਰਿਆ ਨੂੰ ਰੋਕਣ ਲਈ ਸਾਰੇ ਵਰਗਾਂ, ਧਾਰਮਿਕ ਸੰਸਥਾਵਾਂ, ਸਮਾਜ ਸੇਵੀ ਸੰਸਥਾਵਾਂ, ਰਾਜਨੀਤੀਕ ਪਾਰਟੀਆਂ ਨੂੰ ਪਾਰਟੀ ਬਾਜ਼ੀ ਤੋਂ ਉੱਪਰ ਉੱਠ ਕੇ ਅੱਗੇ ਆ ਕੇ ਯੋਗਦਾਨ ਪਾਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਅੱਜ ਸਮੇਂ ਦੀ ਮੁੱਖ ਲੋੜ ਹੈ ਕਿ ਸਾਰੇ ਵਰਗਾਂ ਦੇ ਲੋਕ ਨਸ਼ਿਆਂ ਵਿਰੁੱਧ ਇੱਕ ਪਲੇਟਫਾਰਮ 'ਤੇ ਇਕਠੇ ਹੋ ਕੇ ਨਸ਼ਿਆਂ ਵਿਰੁੱਧ ਲੜਾਈ ਲੜਨ ਲਈ ਅੱਗੇ ਆਉਣ ਤਾਂ ਹੀ ਅਸੀਂ ਨਸ਼ਿਆਂ ਨੂੰ ਪੰਜਾਬ ਵਿੱਚੋਂ ਜੜੋਂ ਖਤਮ ਕਰ ਸਕਾਂਗੇ। ਉਹਨਾਂ ਨਸ਼ਿਆਂ ਵਿਰੁੱਧ ਕੰਮ ਕਰ ਰਹੀਆਂ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਦੇ ਅਹੁੱਦੇਦਾਰਾਂ ਸਟੇਟ ਐਵਾਰਡੀ ਪਰਮਿੰਦਰ ਭਲਵਾਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ, ਰੁਦਰਪ੍ਰਤਾਪ ਸਿੰਘ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹਨਾਂ ਵੱਲੋਂ ਨਸ਼ਿਆਂ ਵਿਰੁੱਧ ਛੇੜੀ ਮੁਹਿੰਮ ਵਿੱਚ ਸਾਰਿਆਂ ਨੂੰ ਯੋਗਦਾਨ ਪਾਉਣਾ ਚਾਹੀਦਾ ਹੈ।

## ਜੀ.ਬੀ.ਆਈ.ਐਸ. ਨੇ ਆਪਣੇ ਵਿਦਿਆਰਥੀਆਂ ਦੀ ਸਿਹਤ ਲਈ ਸੈਮੀਨਾਰ ਲਗਾਇਆ

ਨਾਭਾ, 3 ਜਲਾਈ (ਬਲਜਿੰਦਰ ਮਾਨ) : ਜੀ.ਬੀ. ਇੰਟਰਨੈਸ਼ਨਲ ਸਕੂਲ, ਨਾਭਾ ਵਿਖੇ 1 ਜੁਲਾਈ ਤੋਂ ਸ਼ੁਰੂ ਹੋਇਆ



'ਸਿਹਤ ਅਤੇ ਸਫ਼ਾਈ ਹਫ਼ਤਾ ਕਾਰਜਕ੍ਰਮ' ਸਕੂਲ ਦੇ ਚੇਅਰਮੈਨ ਸ. ਸੰਦੀਪ ਬਾਂਸਲ ਦੀ ਅਗਵਾਈ ਹੇਠ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਿਹਤ ਅਤੇ ਭਲਾਈ ਬਾਰੇ ਜਾਣੂੰ ਕਰਨ ਲਈ ਇੱਕ ਉਤਸ਼ਾਹਜਨਕ ਸੈਮੀਨਾਰ ਦਾ ਆਯੋਜਨ ਕੀਤਾ ਗਿਆ। ਨਾਭਾ ਦੇ ਪ੍ਰਸਿੱਧ ਬਾਲ ਰੋਗ ਮਾਹਰ ਡਾ. ਅਤੁਲ ਅਨੇਜਾ ਸੈਮੀਨਾਰ ਦੇ ਮੁੱਖ ਵਕਤਾ ਸਨ। ਉਨ੍ਹਾਂ ਨੇ ਕਿਸ਼ੋਰ ਅਵਸਥਾ ਅਤੇ ਪੋਸ਼ਣ ਆਹਾਰ ਵਿਸ਼ੇ 'ਤੇ ਵਿਸਥਾਰ ਨਾਲ ਗੱਲ ਕੀਤੀ।ਡਾ.ਅਨੇਜਾ ਨੇ ਵਿਦਿਆਰਥੀਆਂ ਨੂੰ ਕਿਸ਼ੋਰ ਅਵਸਥਾ ਦੀ ਉਮਰ ਸੀਮਾ, ਇਸ ਦੌਰਾਨ ਹੋਣ ਵਾਲੇ ਸਰੀਰਕ, ਮਾਨਸਿਕ ਅਤੇ ਸਮਾਜਿਕ ਬਦਲਾਵਾਂ ਬਾਰੇ ਜਾਣਕਾਰੀ ਦਿੱਤੀ ਅਤੇ ਦੱਸਿਆ ਕਿ ਇਸ ਦੌਰਾਨ ਆਉਣ ਵਾਲੀਆਂ ਚੁਣੌਤੀਆਂ ਅਤੇ ਮਾਨਸਿਕ ਦਬਾਅ ਨੂੰ ਕਿਵੇਂ ਘਟਾਇਆ ਜਾ ਸਕਦਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਪੋਸ਼ਣ ਤੱਤਾਂ ਵਾਲਾ ਭੋਜਨ (ਜਿਵੇਂ ਕਿ ਪ੍ਰੋਟੀਨ, ਵਿਟਾਮਿਨ ਸੀ, ਤੇ ਖਣਿਜ ਪਦਾਰਥ) ਲੈਣ ਦੀ ਸਿਫਾਰਸ਼ ਕੀਤੀ। ਇਸ ਤੋਂ ਇਲਾਵਾ ਸਕੂਲ ਦੇ ਚੇਅਰਮੈਨ ਸੰਦੀਪ ਬਾਂਸਲ ਨੇ ਦੱਸਿਆ ਕਿ ਸਕੂਲ ਵਿਦਿਆਰਥੀਆਂ ਵਿੱਚ ਚੰਗੀਆਂ ਸਿਹਤ ਸੰਬੰਧੀ ਆਦਤਾਂ ਵਿਕਸਤ ਕਰਨ ਲਈ ਸਮਰਪਿਤ ਹੈ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਪ੍ਰਿੰਸੀਪਲ ਡਾ. ਇੰਦਰਜੀਤ ਪਾਲ ਕੌਰ ਗਰੇਵਾਲ ਨੇ ਡਾ. ਅਨੇਜਾ ਦਾ ਧੰਨਵਾਦ ਕੀਤਾ ।

## ਸਿਹਤ ਮੰਤਰੀ ਨੇ ਸ਼ਹਿਰੀ ਕਲੋਨੀਆਂ 'ਚ ਬੁਨਿਆਦੀ ਢਾਂਚੇ ਦੀਆਂ ਘਾਟਾਂ ਦਾ ਗੰਭੀਰ ਨੋਟਿਸ ਲਿਆ

### ☛ਓਮੈਕਸ ਦੀਆਂ ਸਮੱਸਿਆਵਾਂ ਇੱਕ ਹਫ਼ਤੇ 'ਚ ਹੱਲ ਕਰਨ ਦੀ ਸਖ਼ਤ ਹਦਾਇਤ

ਪਟਿਆਲਾ, 3 ਜੁਲਾਈ (ਰੁਪਾਣਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਪ੍ਰਾਈਵੇਟ ਬਿਲਡਰਾਂ ਵੱਲੋਂ ਬਣਾਈਆਂ ਕਲੋਨੀਆਂ 'ਚ ਬੁਨਿਆਦੀ ਢਾਂਚੇ ਦੀਆਂ ਘਾਟਾਂ ਦਾ ਗੰਭੀਰ ਨੋਟਿਸ ਲੈਂਦਿਆਂ ਬਿਲਡਰਾਂ ਖ਼ਿਲਾਫ਼ ਕਰਵਾਈ ਕਰਨ ਦੇ ਨਿਰਦੇਸ਼ ਦਿੱਤੇ ਹਨ। ਉਹ ਅੱਜ ਅਰਬਨ ਅਸਟੇਟ ਸਮੇਤ ਕੋਹਿਨੂਰ ਇਨਕਲੇਵ, ਓਮੈਕਸ ਸਿਟੀ, ਫਰੈਂਡਜ਼ ਕਲੋਨੀ ਤੇ ਜ਼ੈਲਦਾਰ ਕਲੋਨੀਆਂ ਦੀਆਂ ਰੈਜ਼ੀਡੈਂਸ਼ੀਅਲ ਵੈੱਲਫੇਅਰ ਸੁਸਾਇਟੀਜ਼ ਨਾਲ ਪੀ.ਡੀ.ਏ. ਦਫ਼ਤਰ ਪਟਿਆਲਾ ਵਿਖੇ ਮੀਟਿੰਗ ਕਰ ਰਹੇ ਸਨ। ਸਥਾਨਕ ਵਸਨੀਕਾਂ ਦੀਆਂ ਸਮੱਸਿਆਵਾਂ ਸੁਣਨ ਤੋਂ ਬਾਅਦ ਪੀ.ਡੀ.ਏ.ਦੇ ਅਧਿਕਾਰੀਆਂ ਨੂੰ ਸਖ਼ਤ ਨਿਰਦੇਸ਼ ਦਿੰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਸਥਾਨਕ ਵਸਨੀਕਾਂ ਦੀਆਂ ਮੁਸ਼ਕਲਾਂ ਨੂੰ ਪਹਿਲ ਦੇ ਆਧਾਰ 'ਤੇ ਹੱਲ ਕਰਨਾ ਯਕੀਨੀ ਬਣਾਇਆ ਜਾਵੇ ਤੇ ਇਸ ਸਬੰਧੀ ਕਿਸੇ ਵੀ ਤਰ੍ਹਾਂ ਦੀ ਦੇਰੀ ਜਾਂ ਅਣਗਹਿਲੀ ਲਈ ਸਬੰਧਤ ਅਧਿਕਾਰੀ ਦੀ ਜ਼ਿੰਮੇਵਾਰੀ ਤੈਅ ਹੋਵੇਗੀ। ਇਸ ਮੌਕੇ ਪੀ.ਡੀ.ਏ. ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ ਤੇ



ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ, ਕੌਂਸਲਰ ਜਸਬੀਰ ਗਾਂਧੀ ਸਮੇਤ ਪੀ.ਡੀ.ਏ. ਦੀਆਂ ਵੱਖ ਵੱਖ ਸ਼ਾਖਾਵਾਂ ਦੇ ਮੁਖੀ ਮੌਜੂਦ ਸਨ।ਡਾ. ਬਲਬੀਰ ਸਿੰਘ ਨੇ ਰੈਜ਼ੀਡੈਂਸ਼ੀਅਲ ਵੈੱਲਫੇਅਰ ਸੁਸਾਇਟੀਜ਼ ਵੱਲੋਂ ਰੱਖੇ ਗਏ ਮਸਲਿਆਂ 'ਤੇ ਅਧਿਕਾਰੀਆਂ ਨਾਲ ਮੈਰਾਥਨ ਮੀਟਿੰਗ ਕਰਦਿਆਂ ਹਰੇਕ ਮਸਲੇ 'ਤੇ ਵਿਚਾਰ ਚਰਚਾ ਕਰਦਿਆਂ ਕੰਮਾਂ ਨੂੰ ਕਰਵਾਉਣ ਦਾ ਸਮਾਂ ਨਿਸ਼ਚਿਤ ਕੀਤਾ।ਇਸ ਮੌਕੇ ਉਨ੍ਹਾਂ ਕੋਹਿਨੂਰ ਇਨਕਲੇਵ ਵਾਸੀਆਂ ਵੱਲੋਂ ਬਿਲਡਰ ਵੱਲੋਂ ਬੁਨਿਆਦੀ ਸਹੂਲਤਾਂ ਨਾਹ ਦੇਣ ਦਾ ਗੰਭੀਰ ਨੋਟਿਸ ਲੈਂਦਿਆਂ ਬਿਲਡਰ ਖ਼ਿਲਾਫ਼ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਓਮੈਕਸ ਸਿਟੀ ਦੀਆਂ ਸਮੱਸਿਆਵਾਂ ਇਕ ਹਫ਼ਤੇ 'ਚ ਹੱਲ ਕਰਨ ਲਈ ਪੀ.ਡੀ.ਏ. ਦੇ ਅਧਿਕਾਰੀਆਂ ਨੂੰ ਹੁਕਮ ਦਿੱਤੇ।ਸਿਹਤ ਮੰਤਰੀ ਨੇ ਵਿਸ਼ੇਸ਼ ਤੌਰ 'ਤੇ ਅਰਬਨ ਅਸਟੇਟ ਦੇ ਵੱਖ-ਵੱਖ ਪਾਰਕਾਂ ਦੀ ਤੁਰੰਤ ਸਫ਼ਾਈ ਕਰਵਾਉਣ ਦੇ ਨਿਰਦੇਸ਼ ਦਿੰਦਿਆਂ ਕਿਹਾ ਕਿ ਬਰਸਾਤਾਂ ਦੇ ਮੌਸਮ ਵਿੱਚ ਪਾਣੀ ਖੜ੍ਹਨ ਨਾਲ ਡੇਂਗੂ, ਮਲੇਰੀਆਂ ਤੇ ਚਿਕਨਗੁਨੀਆ ਵਰਗੀਆਂ ਬਿਮਾਰੀਆਂ ਹੋਣ ਦਾ ਖਦਸ਼ਾ ਬਣਿਆ ਰਹਿੰਦਾ ਹੈ ਇਸ ਲਈ ਪਾਰਕਾਂ ਦੀ ਸਫ਼ਾਈ ਹੋਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਉਹ ਖ਼ੁਦ ਵੀ ਚੱਲ ਰਹੇ ਵਿਕਾਸ ਕਾਰਜਾਂ ਦਾ ਅਚਨਚੇਤ ਨਿਰੀਖਣ ਕਰਨਗੇ।ਮੀਟਿੰਗ ਦੌਰਾਨ ਪੁੱਡਾ ਅਧਿਕਾਰੀਆਂ ਵੱਲੋਂ ਵਿਕਾਸ ਕਾਰਜਾਂ ਸਬੰਧੀ ਤਾਜ਼ਾ ਰਿਪੋਰਟ ਪੇਸ਼ ਕੀਤੀ ਗਈ ਅਤੇ ਭਰੋਸਾ ਦਿੱਤਾ ਗਿਆ ਕਿ ਲੰਬਿਤ ਕੰਮਾਂ ਨੂੰ ਤੁਰੰਤ ਨਿਪਟਾਇਆ ਜਾਵੇਗਾ। ਸਿਹਤ ਮੰਤਰੀ ਨੇ ਹੁਕਮ ਦਿੱਤੇ ਕਿ ਬੁਨਿਆਦੀ ਢਾਂਚੇ ਦੇ ਕਾਰਜਾਂ ਨੂੰ ਨਿਸ਼ਚਿਤ ਸਮੇਂ ਵਿੱਚ ਪੂਰਾ ਕਰਨ ਲਈ ਸਮਾਂਬੱਧ ਐਕਸ਼ਨ ਲਿਆ ਜਾਵੇ।

## ਐਨ.ਆਰ.ਆਈ. ਸੇਖੋਂ ਪਰਿਵਾਰ ਨੇ ਸਰਕਾਰੀ ਐਲੀਮੈਂਟਰੀ ਸਕੂਲ ਰੋਹਟੀ ਮੌੜਾ ਨੂੰ ਦਿੱਤਾ ਏ.ਸੀ.



ਨਾਭਾ, 3 ਜੁਲਾਈ (ਬਲਜਿੰਦਰ ਮਾਨ) : ਸਮਾਜ ਸੇਵੀ ਸੇਖੋਂ ਪਰਿਵਾਰ ਕਿਸੇ ਜਾਨ ਪਹਿਚਾਣ ਦਾ ਮੁਹਤਾਜ਼ ਨਹੀਂ ਜੋ ਕਿ ਸਮਾਜ ਦੇ ਵਿੱਚ ਸੇਵਾ ਭਾਵਨਾ ਕਰਨ ਦੇ ਵਿੱਚ ਮੋਹਰੀ ਹੈ ਅੱਜ ਉਹਨਾਂ ਨੇ ਆਪਣੀ ਨੇਕ ਕਮਾਈ ਵਿੱਚੋਂ ਸਰਕਾਰੀ ਐਲੀਮੈਂਟਰੀ ਸਕੂਲ ਰੋਹਟੀ ਮੌੜਾ ਜੋ ਕਿ ਇਹਨਾਂ ਦਾ ਜੱਦੀ ਪਿੰਡ ਹੈ ਉਹਨਾਂ ਨੇ ਅੱਜ ਸਕੂਲ ਵਿੱਚ ਨਵਾਂ ਡੇਢ ਟਨ ਦਾ ਏਸੀ ਲਗਵਾ ਕੇ ਆਪਣਾ ਯੋਗਦਾਨ ਪਾਇਆ ਹੈ। ਇਸ ਮੌਕੇ ਮੌਜੂਦਾ ਸਰਪੰਚ ਸੁਰਿੰਦਰ ਸਿੰਘ ਅਤੇ ਨਗਰ ਨਿਵਾਸੀਆਂ ਨੇ ਸੇਖੋਂ ਪਰਿਵਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਜੀਤ ਸਿੰਘ ਸੇਖੋ ਯੂਐਸਏ, ਗੁਰਮੀਤ ਸਿੰਘ ਸੇਖੋ, ਸੁਖਦੇਵ ਸਿੰਘ ਸੇਖੋ ਸਰਪੰਚ ਸੁਰਿੰਦਰ ਸਿੰਘ, ਪਿੰਡ ਰੋਹਟੀ ਮੋੜਾ, ਗੁਰਿੰਦਰ ਸਿੰਘ ਚੱਠਾ, ਗੁਰਿੰਦਰ ਸਿੰਘ ਵਿਰਕ, ਭੋਲਾ ਭਗਤ, ਹੁਸ਼ਿਆਰ ਸਿੰਘ, ਤੇਜਵਿੰਦਰ ਨੰਬਰਦਾਰ, ਨਿਰਮਲ ਸਿੰਘ ਸੁਰਿੰਦਰ ਸਿੰਘ ਅਤੇ ਸਕੂਲ ਦਾ ਸਮੂਹ ਸਟਾਫ ਹਾਜ਼ਰ ਸੀ।

## ਜ਼ਿਲ੍ਹਾ ਸਿੱਖਿਆ ਸਿਖਲਾਈ ਸੰਸਥਾ (ਡਾਇਟ) ਵਿਖੇ ਸਰੀਰਕ ਫਿਟਨੈੱਸ ਸਬੰਧੀ ਇੱਕ ਰੋਜ਼ਾ ਵਰਕਸ਼ਾਪ



ਨਾਭਾ, 3 ਜੁਲਾਈ (ਬਲਜਿੰਦਰ ਮਾਨ) : ਜਿਲਾ ਸਿੱਖਿਆ ਅਤੇ ਸਿਖਲਾਈ ਸੰਸਥਾ (ਡਾਇਟ) ਨਾਭਾ ਵਿਖੇ ਪ੍ਰਿੰਸੀਪਲ ਸ੍ਰੀ ਸੰਦੀਪ ਨਾਗਰ ਦੀ ਅਗਵਾਈ ਹੇਠ ਅਧਿਆਪਨ ਕਿੱਤੇ ਲਈ ਸਰੀਰਕ ਅਤੇ ਮਾਨਸਿਕ ਫਿਟਨੈਸ (ਤੰਦਰੁਸਤੀ) ਨੂੰ ਸਮਰਪਿਤ ਇੱਕ ਰੋਜ਼ਾ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਇਕ ਰੋਜ਼ਾ ਫਿਟਨੈਸ ਵਰਕਸ਼ਾਪ ਵਿਚ ਡਾਈਟ ਦੇ ਸਮੂਹ ਸਟਾਫ ਲੈਕਚਰਾਰ ਡਾਕਟਰ ਅਜੀਤ ਸਿੰਘ, ਯਾਦਵਿੰਦਰ ਕੁਮਾਰ, ਰਵਿੰਦਰ ਕੁਮਾਰ ਸ਼ਰਮਾ, ਮੈਡਮ ਮੋਨਿਕਾ ਅਤੇ ਟੀਚਿੰਗ ਸਟਾਫ ਮੈਡਮ ਸੋਨੀਆ ਧੀਰ, ਮੈਡਮ ਪ੍ਰੀਤੀ ਅਤੇ ਮੈਡਮ ਜਸਪ੍ਰੀਤ ਕੌਰ ਅਤੇ ਸੰਸਥਾ ਵਿੱਚ ਪੜ੍ਹਾਈ ਕਰ ਰਹੇ ਡੀਐਲਐਡ ਦੇ ਸਮੂਹ ਵਿਦਿਆਰਥੀ ਨੇ ਭਾਗ ਲਿਆ। ਇਸ ਵਰਕਸ਼ਾਪ ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਪੋਰਟਸ ਸਾਇੰਸ ਵਿਭਾਗ ਦੇ ਅਸਿਸਟੈਂਟ ਪ੍ਰੋਫੈਸਰ ਹਰੀਸ਼ ਬਾਤਿਸ਼ ਮੁੱਖ ਵਕਤਾ ਦੇ ਤੌਰ 'ਤੇ ਸ਼ਾਮਿਲ ਹੋਏ। ਫਿਟਨੈਸ ਵਰਕਸ਼ਾਪ ਦਾ ਆਰੰਭ ਡਾਕਟਰ ਅਜੀਤ ਸਿੰਘ ਵੱਲੋਂ ਪੰਜਾਬੀ ਯੂਨੀਵਰਸਿਟੀ ਦੇ ਸਪੋਰਟਸ ਸਾਇੰਸ ਵਿਭਾਗ ਤੋਂ ਪ੍ਰੋਫੈਸਰ, ਡਾਕਟਰ ਹਰੀਸ਼ ਕੁਮਾਰ ਨੂੰ ਜੀ ਆਇਆਂ ਕਹਿੰਦੇ ਹੋਏ ਰੋਜ਼ਾਨਾ ਜੀਵਨ ਵਿੱਚ ਤੰਦਰੁਸਤੀ ਦੀ ਮਹੱਤਤਾ ਨੂੰ ਦੱਸ ਕੇ ਕੀਤਾ ।ਵਰਕਸ਼ਾਪ ਦੌਰਾਨ ਡਾ. ਹਰੀਸ਼ ਬਾਤਿਸ਼ ਵੱਲੋਂ ਅਧਿਆਪਨ ਕਿੱਤੇ ਵਿੱਚ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਉੱਪਰ ਵਿਸਥਾਰ ਪੂਰਵਕ ਗੱਲਬਾਤ ਕੀਤੀ। ਰੋਜ਼ਾਨਾ ਜੀਵਨ ਵਿੱਚ ਭਜ-ਦੌੜ ਲਗਾਤਾਰ ਵਧ ਰਹੀ ਹੈ। ਨੌਕਰੀ ਦੇ ਨਾਲ-ਨਾਲ ਕੰਮ ਦਾ ਬੋਝ ਵਧਣ ਕਾਰਨ ਮਾਨਸਿਕ ਤਨਾਅ ਵੀ ਵੱਧ ਰਿਹਾ ਹੈ, ਜੋ ਕਿ ਸਰੀਰਕ ਕਿਰਿਆਵਾਂ ਨੂੰ ਲਗਾਤਾਰ ਪ੍ਰਭਾਵਿਤ ਕਰ ਰਿਹਾ ਹੈ। ਡਾ. ਹਰੀਸ਼ ਕੁਮਾਰ ਨੇ ਭਾਰਤ ਦੇ ਵਿਦਿਆਰਥੀਆਂ ਨੂੰ ਖੇਡਾਂ ਵਿੱਚ ਅੱਗੇ ਆਉਣ ਅਤੇ ਅੰਤਰਰਾਸ਼ਟਰੀ ਪੱਧਰ ਤੇ ਮੈਡਲ ਜਿੱਤਣ ਲਈ ਪ੍ਰੇਰਿਤ ਕੀਤਾ।ਅੰਤ ਵਿੱਚ ਪ੍ਰਿੰਸੀਪਲ ਸੰਦੀਪ ਨਾਗਰ ਵੱਲੋਂ ਪੰਜਾਬੀ ਯੂਨੀਵਰਸਿਟੀ ਸਪੋਰਟਸ ਸਾਇੰਸ ਵਿਭਾਗ ਦੇ ਪ੍ਰੋਫੈਸਰ ਡਾਕਟਰ ਹਰੀਸ਼ ਕੁਮਾਰ ਦਾ ਸੰਸਥਾ ਵੱਲੋਂ ਧੰਨਵਾਦ ਕੀਤਾ ਅਤੇ ਯਾਦਗਾਰੀ ਚਿੰਨ ਵੀ ਭੇਟ ਕੀਤਾ।

## ਖ਼ਾਲਸਾ ਕਾਲਜ ਵਿਖੇ ਡਾ. ਭਾਰਤ ਗੋਇਲ ਦੀ ਕਿਤਾਬ 'ਥਿਊਰੀ ਆਫ ਮੇਜ਼ਰ ਐਂਡ ਇੰਟੀਗ੍ਰੇਸ਼ਨ-ਲੇਬੇਸਗ ਥਿਊਰੀ' ਰਿਲੀਜ਼



ਪਟਿਆਲਾ, 3 ਜੁਲਾਈ (ਰੁਪਾਣਾ) : ਜਨਰਲ ਸ਼ਿਵਦੇਵ ਸਿੰਘ ਦੀਵਾਨ ਗੁਰਬਚਨ ਸਿੰਘ ਖ਼ਾਲਸਾ ਕਾਲਜ, ਪਟਿਆਲਾ ਵਿਖੇ ਅੱਜ ਡਾ. ਭਾਰਤ ਗੋਇਲ, ਸਹਾਇਕ ਪ੍ਰੋਫੈਸਰ, ਗਣਿਤ ਵਿਭਾਗ ਵੱਲੋਂ ਲਿਖੀ ਕਿਤਾਬ "ਥਿਊਰੀ ਆਫ ਮੇਜ਼ਰ ਐਂਡ ਇੰਟੀਗ੍ਰੇਸ਼ਨ - ਲੇਬੇਸਗ ਥਿਊਰੀ"ਰਿਲੀਜ਼ ਕੀਤੀ ਗਈ । ਇਹ ਕਿਤਾਬ ਗਣਿਤ ਦੇ ਅੰਡਰਗ੍ਰੈਜੂਏਟ ਅਤੇ ਪੋਸਟਗ੍ਰੈਜੂਏਟ ਵਿਦਿਆਰਥੀਆਂ ਲਈ ਰੀਅਲ ਐਨਾਲਿਸਸ ਅਤੇ ਇੰਟੀਗ੍ਰੇਸ਼ਨ ਥਿਊਰੀ ਦੇ ਖੇਤਰ ਵਿੱਚ ਇੱਕ ਮਹੱਤਵਪੂਰਨ ਅਕਾਦਮਿਕ ਯੋਗਦਾਨ ਹੈ। ਕਾਲਜ ਵਿੱਚ ਆਯੋਜਿਤ ਰਿਲੀਜ਼ ਸਮਾਰੋਹ ਵਿੱਚ ਸੰਸਥਾ ਦੇ ਪ੍ਰਮੁੱਖ ਅਧਿਆਪਕ ਅਤੇ ਪਤਵੰਤੇ ਸ਼ਾਮਲ ਸਨ। ਇਸ ਮੌਕੇ ਪ੍ਰਿੰਸੀਪਲ ਡਾ. ਧਰਮਿੰਦਰ ਸਿੰਘ ਉੱਭਾ ਨੇ ਡਾ. ਗੋਇਲ ਨੂੰ ਇਸ ਪ੍ਰਾਪਤੀ 'ਤੇ ਵਧਾਈ ਦਿੱਤੀ ਅਤੇ ਅਜਿਹੇ ਯੋਗਦਾਨ ਦੀ ਸਿੱਖਿਆ-ਸਿਖਲਾਈ ਪ੍ਰਣਾਲੀ ਨੂੰ ਮਜ਼ਬੂਤ ਕਰਨ ਵਿੱਚ ਅਹਿਮੀਅਤ ਦੱਸੀ।ਉਨ੍ਹਾਂ ਕਿਹਾ, "ਇਹ ਕਿਤਾਬ ਸਾਡੀ ਗੁਣਵੱਤਾਯੁਕਤ ਸਿੱਖਿਆ ਅਤੇ ਖੋਜ ਪ੍ਰਤੀ ਵਚਨਬੱਧਤਾ ਨੂੰ ਪ੍ਰਤੀਬਿੰਬਤ ਕਰਦੀ ਹੈ। ਇਹ ਉੱਚ ਅਧਿਐਨ ਅਤੇ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਲਈ ਅਨਮੋਲ ਸਾਬਤ ਹੋਵੇਗੀ ।ਗਣਿਤ ਵਿਭਾਗ ਦੇ ਮੁਖੀ ਡਾ. ਗੁਰਮੀਤ ਸਿੰਘ ਨੇ ਡਾ. ਗੋਇਲ ਦੀਆਂ ਕੋਸ਼ਿਸ਼ਾਂ ਦੀ ਸ਼ਲਾਘਾ ਕੀਤੀ ਅਤੇ ਕਿਤਾਬ ਵਿੱਚ ਪੇਸ਼ ਕੀਤੀਆਂ ਧਾਰਨਾਵਾਂ ਦੀ ਸਪਸ਼ਟਤਾ ਅਤੇ ਅਕਾਦਮਿਕ ਗੰਭੀਰਤਾ ਨੂੰ ਸਰਾਹਿਆ।ਉਨ੍ਹਾਂ ਕਿਹਾ, "ਮੇਜ਼ਰ ਥਿਊਰੀ ਦਾ ਵਿਸ਼ਾ ਵਿਦਿਆਰਥੀਆਂ ਨੂੰ ਅਕਸਰ ਪੇਚੀਦਾ ਲੱਗਦਾ ਹੈ।ਡਾ. ਗੋਇਲ ਨੇ ਗੁੰਝਲਦਾਰ ਵਿਚਾਰਾਂ ਨੂੰ ਸਰਲ ਅਤੇ ਵਿਹਾਰਕ ਢੰਗ ਨਾਲ ਪੇਸ਼ ਕੀਤਾ ਹੈ, ਜਿਸ ਨਾਲ ਇਸ ਨੂੰ ਸਮਝਣਾ ਸੌਖਾ ਹੋ ਜਾਂਦਾ ਹੈ। ਸਮਾਰੋਹ ਵਿੱਚ ਡਾ.ਰਵਿੰਦਰਜੀਤ ਸਿੰਘ, ਵਿੱਤ ਅਧਿਕਾਰੀ, ਅਤੇ ਡਾ. ਗੁਰਸ਼ਰਨ ਸਿੰਘ ਗਿੱਲ, ਡੀਨ ਆਫ ਸਪੋਰਟਸ, ਨੇ ਵੀ ਸ਼ਿਰਕਤ ਕੀਤੀ। ਦੋਵਾਂ ਨੇ ਲੇਖਕ ਨੂੰ ਮੁਬਾਰਕਬਾਦ ਦਿੱਤੀ ਅਤੇ ਕਾਲਜ ਫੈਕਲਟੀ ਦੇ ਨਿਰੰਤਰ ਅਕਾਦਮਿਕ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਗਣਿਤ ਵਿਭਾਗ ਨੇ ਅਜਿਹੇ ਸਮਰਪਿਤ ਵਿਦਵਾਨਾਂ 'ਤੇ ਮਾਣ ਜਤਾਇਆ, ਜਿਨ੍ਹਾਂ ਦੇ ਯੋਗਦਾਨ ਨੇ ਸੰਸਥਾ ਦੀ ਅਕਾਦਮਿਕ ਸਾਖ ਨੂੰ ਵਧਾਇਆ ਹੈ।

## ਰੋਟਰੀ ਕਲੱਬ ਸਮਾਣਾ ਦੀ ਨਵੀਂ ਟੀਮ ਦਾ ਗਠਨ

### ਅਰੁਣ ਬਾਂਸਲ ਪ੍ਰਧਾਨ, ਸੁਮਿਤ ਗੋਇਲ ਸੈਕਟਰੀ ਅਤੇ ਗੌਰਵ ਜਿੰਦਲ ਕੈਸ਼ੀਅਰ ਬਣੇ

ਸਮਾਣਾ, 3 ਜੁਲਾਈ (ਜਵੰਦਾ) : ਰੋਟਰੀ ਕਲੱਬ ਸਮਾਣਾ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਅਤੇ ਜਿਸ ਵਿੱਚ ਸਰਬਸੰਮਤੀ ਨਾਲ ਸਾਲ 2025-26 ਦੀ ਨਵੀਂ ਟੀਮ ਦਾ ਗਠਨ ਕੀਤਾ ਗਿਆ। ਇਸ ਦੌਰਾਨ ਅਰੁਣ ਬਾਂਸਲ ਨੂੰ ਪ੍ਰਧਾਨ, ਸੁਮਿਤ ਗੋਇਲ ਨੂੰ ਸੈਕਟਰੀ ਅਤੇ ਗੌਰਵ ਜਿੰਦਲ ਨੂੰ ਕੈਸ਼ੀਅਰ ਨਿਯੁਕਤ ਕੀਤਾ ਗਿਆ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ



ਅਰੁਣ ਬਾਂਸਲ ਅਤੇ ਅਹੁਦੇਦਾਰਾਂ ਨੇ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ,ਲਗਨ ਅਤੇ ਮਿਹਨਤ ਨਾਲ ਨਿਭਾਉਣਗੇ ਅਤੇ ਕਲੱਬ ਦੀ ਸ਼ਾਨ ਨੂੰ ਬਰਕਰਾਰ ਰੱਖਦੇ ਹੋਏ ਆਪਣੇ ਕਾਰਜਕਾਲ 'ਚ ਆਪਣੀ ਟੀਮ ਅਤੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਬਹੁਤ ਸਾਰੇ ਸਮਾਜ ਸੇਵਾ ਦੇ ਪ੍ਰੋਜੈਕਟ ਲਗਾਉਣਗੇ। ਇਸ ਮੌਕੇ ਕਲੱਬ ਦੇ ਸਮੂਹ ਮੈਂਬਰਾਂ ਤਰਫੋਂ ਨਵ-ਨਿਯੁਕਤ ਟੀਮ ਨੂੰ ਸ਼ੁੱਭ ਇੱਛਾਵਾਂ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਵੀ ਨਵੀਂ ਟੀਮ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ।

## ਖੇਤੀਬਾੜੀ ਮਾਹਰਾਂ ਦੀ ਟੀਮ ਵੱਲੋਂ ਸਿੱਧੀ ਬਿਜਾਈ ਵਾਲੇ ਪਲਾਟਾਂ ਦਾ ਦੌਰਾ




ਸਨੌਰ, 3 ਜੁਲਾਈ (ਗੁਰਜੀਤ ਸਿੰਘ ਢੋਟ) : ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ ਵੱਲੋਂ ਫੂਡ ਐਂਡ ਐਗਰੀਕਲਚਰ ਆਰਗੇਨਾਈਜ਼ੇਸ਼ਨ (ਐਫਏਓ) ਨਾਲ ਮਿਲ ਕੇ ਜੀ.ਈ.ਐਫ 7 ਪ੍ਰੋਜੈਕਟ ਅਧੀਨ ਚੁਣੇ ਹੋਏ ਬਲਾਕ ਸਨੌਰ ਦੇ ਪਿੰਡ ਭਾਨਰੀ ਵਿਖੇ ਝੋਨੇ ਦੀ ਸਿੱਧੀ ਬਿਜਾਈ 'ਚ ਸੁਚੱਜੇ ਖੇਤੀ ਅਭਿਆਸਾਂ 'ਤੇ ਇੱਕ ਦਿਨਾਂ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਇਸ ਪ੍ਰੋਗਰਾਮ ਦਾ ਉਦੇਸ਼ ਕਿਸਾਨਾਂ ਨੂੰ ਝੋਨੇ ਦੀ ਉਤਪਾਦਕਤਾ ਅਤੇ ਮਿੱਟੀ ਦੀ ਸਿਹਤ ਨੂੰ ਵਧਾਉਣ ਲਈ ਟਿਕਾਊ ਖੇਤੀਬਾੜੀ ਅਭਿਆਸਾਂ ਬਾਰੇ ਜਾਣਕਾਰੀ ਦੇਣਾ ਸੀ।ਡਿਪਟੀ ਡਾਇਰੈਕਟਰ (ਟ੍ਰੇਨਿੰਗ) ਡਾ. ਹਰਦੀਪ ਸਿੰਘ ਸਭਿਖੀ ਨੇ ਝੋਨੇ ਵਿਚ ਕੀੜਿਆਂ ਅਤੇ ਬਿਮਾਰੀਆਂ ਦੀ ਰੋਕਥਾਮ ਦੇ ਢੁਕਵੇਂ ਹੱਲ ਸੁਝਾਏ। ਉਨ੍ਹਾਂ ਕੀੜੇ ਅਤੇ ਬਿਮਾਰੀਆਂ ਦੀ ਰੋਕਥਾਮ ਲਈ ਵਰਤੀਆਂ ਜਾਣ ਵਾਲੀਆਂ ਸਾਵਧਾਨੀਆਂ 'ਤੇ ਵੀ ਚਾਨਣਾ ਪਾਇਆ। ਉਨ੍ਹਾਂ ਕਿਸਾਨਾਂ ਨੂੰ ਖੇਤੀਬਾੜੀ ਯੂਨੀਵਰਸਿਟੀ ਦੇ ਮਾਹਿਰਾਂ ਨਾਲ ਵੱਧ ਤੋਂ ਵੱਧ ਜੁੜਨ ਲਈ ਅਤੇ ਖੇਤੀ ਸਾਹਿਤ ਪੜ੍ਹਨ ਲਈ ਪ੍ਰੇਰਿਤ ਕੀਤਾ।ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਡਾ. ਗੁਰਪ੍ਰੀਤ ਸਿੰਘ ਨੇ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਦੀ ਪਰਖ ਦੇ ਮਹੱਤਵ ਬਾਰੇ ਦੱਸਦਿਆਂ ਖਾਦਾਂ ਅਤੇ ਪਾਣੀ ਦੀ ਸੁਚੱਜੀ ਵਰਤੋਂ ਕਰਨ ਲਈ ਉਤਸ਼ਾਹਿਤ ਕੀਤਾ। ਉਨ੍ਹਾਂ ਝੋਨੇ ਦੀ ਫ਼ਸਲ ਵਿੱਚ ਨਦੀਨਾਂ ਦੇ ਸੁਚੱਜੇ ਪ੍ਰਬੰਧ ਲਈ ਨਦੀਨ ਨਾਸ਼ਕਾਂ ਦੀ ਵਰਤੋਂ ਸਮੇਂ ਸਿਰ ਸਹੀ ਮਾਤਰਾ ਅਤੇ ਸਹੀ ਢੰਗ ਨਾਲ ਕਰਨ ਤੇ ਵਿਸ਼ੇਸ਼ ਜ਼ੋਰ ਦਿੱਤਾ। ਅਖੀਰ ਵਿੱਚ ਸਿੱਧੀ ਬਿਜਾਈ ਦੇ ਪ੍ਰਦਰਸ਼ਨੀ ਪਲਾਟਾਂ ਦਾ ਦੌਰਾ ਕੀਤਾ ਗਿਆ।ਇਸ ਮੌਕੇ ਇਲਾਕੇ ਦੇ ਅਗਾਂਹਵਧੂ ਕਿਸਾਨਾਂ ਗੁਰਿੰਦਰ ਸਿੰਘ, ਹਰਵਿੰਦਰ ਸਿੰਘ, ਨਰਿੰਦਰਪਾਲ ਸਿੰਘ, ਬਲਜਿੰਦਰ ਸਿੰਘ, ਰਮਨਦੀਪ ਸਿੰਘ ਅਤੇ ਪ੍ਰਦੀਪ ਸਿੰਘ ਵੱਲੋਂ ਮਾਹਿਰਾਂ ਦੀ ਸਮੁੱਚੀ ਟੀਮ ਦਾ ਧੰਨਵਾਦ ਕੀਤਾ ਗਿਆ।







# ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਜ਼ਿਲ੍ਹੇ 'ਚ ਵਹਿੰਦੇ ਨਦੀਆਂ-ਨਾਲਿਆਂ ਦੇ ਪਾਣੀ ਦੇ ਪੱਧਰ ਦੀ ਸਮੀਖਿਆ

## ☛ਪਟਿਆਲਾ ਸ਼ਹਿਰ ਦੇ ਨੀਵੇਂ ਖੇਤਰਾਂ 'ਚ ਬਰਸਾਤੀ ਪਾਣੀ ਦੀ ਨਿਕਾਸੀ ਦਾ ਸਥਾਈ ਹੱਲ ਕੱਢਿਆ ਜਾਵੇਗਾ

**☛ਅਕਤੂਬਰ 'ਚ ਚਾਲੂ ਹੋਣਗੇ ਦੋ ਐਸ.ਟੀ.ਪੀਜ਼**

ਪਟਿਆਲਾ, 3 ਜੁਲਾਈ (ਰੁਪਾਣਾ/ਦੀਪਕ ਜੈਦਕਾ) : ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਤੇ ਡਰੇਨੇਜ ਵਿਭਾਗ ਦੇ ਅਧਿਕਾਰੀਆਂ ਨਾਲ ਬੈਠਕ ਕਰਕੇ ਪਟਿਆਲਾ ਜ਼ਿਲ੍ਹੇ 'ਚ ਵਹਿੰਦੇ ਘੱਗਰ ਦਰਿਆ ਸਮੇਤ ਟਾਂਗਰੀ, ਮਾਰਕੰਡਾ, ਮੀਰਾਪੁਰ ਚੋਅ ਤੇ ਪੱਚੀਦਰਾ ਆਦਿ ਵਿੱਚ ਪਾਣੀ ਦੇ ਪੱਧਰ ਦਾ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਦੀਆਂ-ਨਾਲਿਆਂ 'ਚ ਪਾਣੀ ਦੇ ਪੱਧਰ ਵੱਧਣ 'ਤੇ ਨਜ਼ਰ ਰੱਖੀ ਜਾਵੇ। ਉਨ੍ਹਾਂ ਕਿਹਾ ਕਿ ਪਟਿਆਲਾ ਵਿੱਚ ਵਹਿਣ ਵਾਲੇ ਨਦੀਆਂ-ਨਾਲਿਆਂ ਦੇ ਕੈਚਮੈਂਟ ਖੇਤਰ ਵਿੱਚ ਭਰਵੀਂ ਬਰਸਾਤ ਹੋਣ ਕਾਰਨ ਕੁਝ ਨਦੀਆਂ ਵਿੱਚ ਪਾਣੀ ਦਾ ਪੱਧਰ ਵਧਿਆ ਹੈ, ਪਰ ਖ਼ਤਰੇ ਵਾਲੀ ਕੋਈ ਗੱਲ ਨਹੀਂ ਹੈ। ਮੀਟਿੰਗ 'ਚ ਪੀ.ਡੀ.ਏ. ਦੇ ਮੁੱਖ ਪ੍ਰਸ਼ਾਸਕ ਮਨੀਸ਼ਾ ਰਾਣਾ, ਸੀਨੀਅਰ ਡਿਪਟੀ ਮੇਅਰ ਹਰਿੰਦਰ ਕੋਹਲੀ ਤੇ ਕੌਂਸਲਰ ਜਸਬੀਰ ਗਾਂਧੀ ਵੀ ਮੌਜੂਦ ਸਨ। ਡਾ. ਬਲਬੀਰ ਸਿੰਘ ਨੇ ਪਟਿਆਲਾ ਸ਼ਹਿਰ ਦੇ ਨੀਵੇਂ ਖੇਤਰਾਂ 'ਚ ਬਰਸਾਤੀ ਪਾਣੀ ਦੀ ਨਿਕਾਸੀ ਦੇ ਸਥਾਈ ਹੱਲ 'ਤੇ ਜ਼ੋਰ ਦਿੰਦਿਆਂ ਅਧਿਕਾਰੀਆਂ ਨੂੰ ਤਜਵੀਜ਼ ਤਿਆਰ ਕਰਨ ਦੀ ਹਦਾਇਤ ਕਰਦਿਆਂ ਕਿਹਾ ਕਿ ਬਰਸਾਤ ਦੇ ਮੌਸਮ ਵਿੱਚ ਵੱਡੀ ਨਦੀ ਵਿੱਚ ਪਹਿਲਾਂ ਹੀ ਪਾਣੀ ਹੋਣ ਕਾਰਨ ਸ਼ਹਿਰ ਦਾ ਬਰਸਾਤੀ ਪਾਣੀ ਇਸ ਵਿੱਚ ਦਾਖਲ ਨਹੀਂ ਹੋ ਸਕਦਾ। ਇਸ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਜਿਹੜੇ ਨੀਵੇਂ ਖੇਤਰਾਂ ਵਿੱਚ ਬਰਸਾਤਾਂ ਦੌਰਾਨ ਪਾਣੀ ਦੀ ਨਿਕਾਸੀ ਨਹੀਂ ਹੁੰਦੀ ਉਥੇ ਸਟਰੋਮ ਵਾਟਰ ਲਈ



ਵੱਖਰੀ ਪਾਈਪ ਲਾਈਨ ਪਾ ਕੇ ਇਸ ਬਰਸਾਤੀ ਪਾਣੀ ਨੂੰ ਕਿਸੇ ਹੋਰ ਰਸਤੇ ਬਾਹਰ ਕੱਢਿਆ ਜਾਵੇ। ਸਿਹਤ ਮੰਤਰੀ ਨੇ ਸੀਵਰੇਜ ਬੋਰਡ ਦੇ ਅਧਿਕਾਰੀ ਪਾਸੋਂ ਵੱਡੀ ਨਦੀ ਦੇ ਡਿਸਚਾਰਜ ਅਤੇ ਲੱਗੇ ਰਹੇ ਐਸ.ਟੀ.ਪੀਜ਼ ਸਬੰਧੀ ਜਾਣਕਾਰੀ ਹਾਸਲ ਕੀਤੀ। ਸੀਵਰੇਜ਼ ਬੋਰਡ ਦੇ ਐਕਸੀਅਨ ਹਰਸ਼ਰਨਜੀਤ ਸਿੰਘ ਨੇ ਦੱਸਿਆ ਕਿ ਦੌਲਤਪੁਰ ਵਿਖੇ ਲੱਗ ਰਹੇ 15 ਐਮ.ਐਲ.ਡੀ. ਦੇ ਐਸ.ਟੀ.ਪੀ. ਰਾਹੀਂ ਵੱਡੀ ਨਦੀ ਵਿੱਚ ਪੈਣ ਵਾਲੇ ਗੰਦੇ ਪਾਣੀ ਨੂੰ ਟਰੀਟ ਕੀਤਾ ਜਾਵੇਗਾ। ਸੰਨੀ ਇਨਕਲੇਵ ਦੇ ਪਿਛਲੇ ਪਾਸੇ 26 ਐਮ.ਐਲ.ਡੀ. ਦਾ ਸੀਵਰੇਜ ਟ੍ਰੀਟਮੈਂਟ ਪਲਾਂਟ ਲਗਾਇਆ ਜਾ ਰਿਹਾ ਹੈ ਜਿਸ ਵਿੱਚ 15 ਐਮ.ਐਲ.ਡੀ. ਪੁੱਡਾ, 4 ਐਮ.ਐਲ.ਡੀ. ਸਨੌਰ ਤੇ 2 ਐਮ.ਐਲ.ਡੀ. ਹੋਰਨਾਂ ਕਲੋਨੀਆਂ ਦੇ ਸੀਵਰੇਜ ਨੂੰ ਟਰੀਟ ਕੀਤਾ ਜਾਵੇਗਾ। ਐਕਸੀਅਨ ਨੇ ਦੱਸਿਆ ਕਿ ਇਹ ਐਸ.ਟੀ.ਪੀ. ਭਵਿੱਖ ਦੀਆਂ ਯੋਜਨਾਵਾਂ ਨੂੰ ਮੁੱਖ ਰੱਖਦੇ ਹੋਏ ਬਣਾਇਆ ਗਿਆ ਹੈ ਜਿਸ ਕਰਕੇ ਇਸ ਦੀ ਸਮਰੱਥਾ 5 ਐਮ.ਐਲ.ਡੀ. ਵੱਧ ਰੱਖੀ ਗਈ ਹੈ। ਉਨ੍ਹਾਂ ਦੱਸਿਆ ਕਿ ਦੋਵੇਂ ਐਸ.ਟੀ.ਪੀ. ਅਕਤੂਬਰ ਤੱਕ ਮੁਕੰਮਲ ਕਰ ਲਏ ਜਾਣਗੇ। ਮੀਟਿੰਗ 'ਚ ਹੋਰਨਾਂ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਪਿੱਟਬੁੱਲ ਕੁੱਤਿਆਂ ਨਾਲ ਜੰਗਲੀ ਜਾਨਵਰਾਂ ਦਾ ਸ਼ਿਕਾਰ

**ਮੇਨਕਾ ਗਾਂਧੀ ਦੇ ਦਖ਼ਲ ਮਗਰੋਂ ਮੁਲਜ਼ਮ ਗ੍ਰਿਫ਼ਤਾਰ**

ਪਟਿਆਲਾ, 3 ਜੁਲਾਈ (ਰੁਪਾਣਾ) : ਪੰਜਾਬ ਵਿਚ ਪਿਟਬੁੱਲ ਕੁੱਤਿਆਂ ਦੀ ਮਦਦ ਨਾਲ ਸੁਰੱਖਿਅਤ ਜੰਗਲੀ ਜਾਨਵਰਾਂ ਦੇ ਸ਼ਿਕਾਰ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ, ਜਾਨਵਰਾਂ ਦੇ ਅਧਿਕਾਰਾਂ ਬਾਰੇ ਕਾਰਕੁਨ ਮੇਨਕਾ ਗਾਂਧੀ ਦੇ ਦਖਲ ਨਾਲ ਜੰਗਲੀ ਜੀਵ ਵਿਭਾਗ ਨੇ ਵੱਡੀ ਕਾਰਵਾਈ ਕੀਤੀ ਹੈ। ਪਟਿਆਲਾ ਜ਼ਿਲ੍ਹੇ ਦੇ ਰਾਜਪੁਰਾ ਦੇ ਪਿੰਡ ਜਨਸੂਆ ਵਾਸੀ ਅਜੈ ਕੁਮਾਰ ਨੂੰ ਸ਼ਿਕਾਰ ਕਰਨ ਅਤੇ ਸੋਸ਼ਲ ਮੀਡੀਆ 'ਤੇ ਵੀਡੀਓ ਅਪਲੋਡ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕੀਤਾ ਗਿਆ ਹੈ। ਮੁਲਜ਼ਮ ਦੇ ਦੋ ਕੁੱਤੇ ਵੀ ਜ਼ਬਤ ਕੀਤੇ ਗਏ ਹਨ। ਪਟਿਆਲਾ ਦੇ ਡਵੀਜ਼ਨਲ ਜੰਗਲਾਤ ਅਧਿਕਾਰੀ (ਜੰਗਲੀ ਜੀਵ) ਗੁਰਮਨਪ੍ਰੀਤ ਸਿੰਘ ਨੇ ਕਿਹਾ ਕਿ ਮੇਨਕਾ ਗਾਂਧੀ ਦੇ ਦਫ਼ਤਰ ਤੋਂ ਇੱਕ ਸ਼ਿਕਾਇਤ ਅਤੇ ਇੱਕ ਪੈੱਨ ਡਰਾਈਵ ਪ੍ਰਾਪਤ ਹੋਈ ਹੈ, ਜਿਸ ਵਿੱਚ ਮੁਲਜ਼ਮ ਵੱਲੋਂ ਇੰਸਟਾਗ੍ਰਾਮ 'ਤੇ ਪੋਸਟ ਕੀਤੀ ਗਈ ਵੀਡੀਓ ਸੀ। ਵੀਡੀਓ ਵਿੱਚ, ਅਜੈ ਕੁਮਾਰ ਆਪਣੇ ਕੁੱਤਿਆਂ ਨਾਲ ਸੂਰ ਦਾ ਸ਼ਿਕਾਰ ਕਰਦੇ ਹੋਏ ਦਿਖਾਈ ਦੇ ਰਿਹਾ ਸੀ। ਬਾਅਦ ਵਿੱਚ ਮੁਲਜ਼ਮ ਵੱਲੋਂ ਵੀਡੀਓ ਡਿਲੀਟ ਕਰ ਦਿੱਤੀ ਗਈ। ਸੂਰ ਭਾਰਤ ਵਿੱਚ ਜੰਗਲੀ ਜੀਵ ਸੁਰੱਖਿਆ ਐਕਟ, 1972 ਦੇ ਸ਼ਡਿਊਲ-4 ਵਿੱਚ ਇੱਕ ਸੁਰੱਖਿਅਤ ਪ੍ਰਜਾਤੀ ਹੈ। ਇਸ ਦਾ ਸ਼ਿਕਾਰ ਕਰਨਾ ਇੱਕ ਸਜ਼ਾਯੋਗ ਅਪਰਾਧ ਹੈ। ਹਾਲਾਂਕਿ ਸੂਰ ਦਾ ਉਸ ਦੀਆਂ ਹੱਡੀਆਂ ਤੇ ਕੰਡਿਆਂ ਦੀ ਦਵਾਈਆਂ ਵਾਸਤੇ ਵਰਤੋਂ ਅਤੇ ਮਾਸ ਲਈ ਅਕਸਰ ਸ਼ਿਕਾਰ ਕੀਤਾ ਜਾਂਦਾ ਹੈ। ਜੰਗਲਾਤ ਵਿਭਾਗ ਅਤੇ ਪੁਲਿਸ ਦੀ ਇਕ ਸਾਂਝੀ ਟੀਮ ਨੇ ਮੁਲਜ਼ਮ ਨੂੰ 1 ਜੁਲਾਈ ਨੂੰ ਰਾਤ 11:30 ਵਜੇ ਦੇ ਕਰੀਬ ਗ੍ਰਿਫ਼ਤਾਰ ਕੀਤਾ ਹੈ। ਮੁਲਜ਼ਮ ਨੂੰ ਜੰਗਲੀ ਜੀਵ ਸੁਰੱਖਿਆ ਐਕਟ ਦੀ ਧਾਰਾ 9, 39 ਅਤੇ 51 ਤਹਿਤ ਗ੍ਰਿਫ਼ਤਾਰ ਕੀਤਾ ਗਿਆ। ਪੁਲਿਸ ਨੂੰ ਸ਼ੱਕ ਹੈ ਕਿ ਮੁਲਜ਼ਮ ਨੇ ਪੁਲਿਸ ਛਾਪੇਮਾਰੀ ਤੋਂ ਪਹਿਲਾਂ ਆਪਣੇ ਕੁਝ ਕੁੱਤੇ ਲੁਕਾ ਲਏ ਸਨ। ਜ਼ਬਤ ਕੀਤੇ ਗਏ ਦੋਵੇਂ ਕੁੱਤੇ ਬਾਕਸਰ ਨਸਲ ਦੇ ਹਨ, ਜੋ ਕਿ ਪਾਬੰਦੀਸ਼ੁਦਾ ਨਸਲਾਂ ਵਿੱਚ ਗਿਣੇ ਜਾਂਦੇ ਹਨ। ਪੁਲਿਸ ਹੁਣ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਮੁਲਜ਼ਮ ਨੇ ਹੋਰ ਜਾਨਵਰਾਂ ਦਾ ਵੀ ਸ਼ਿਕਾਰ ਕੀਤਾ ਸੀ, ਅਤੇ ਕੀ ਉਸ ਨੇ ਮਾਸ ਜਾਂ ਅੰਗ ਸਪਲਾਈ ਕੀਤੇ ਸਨ। ਸੀਨੀਅਰ ਪੁਲਿਸ ਅਧਿਕਾਰੀ ਨੇ ਕਿਹਾ ਕਿ ਮਾਸ ਖਰੀਦਣ ਵਾਲਿਆਂ ਦੀ ਪਛਾਣ ਕਰਕੇ ਉਨ੍ਹਾਂ ਖਿਲਾਫ਼ ਵੀ ਸਖ਼ਤ ਕਾਰਵਾਈ ਕੀਤੀ ਜਾਵੇਗੀ।



# ਸ਼੍ਰੋਮਣੀ ਕਮੇਟੀ ਵੱਲੋਂ 350 ਸਾਲਾ ਸ਼ਤਾਬਦੀ ਨੂੰ ਸਮਰਪਿਤ 5 ਅਤੇ 6 ਹੋਣ ਵਾਲੇ ਗੁਰਮਤਿ ਸਮਾਗਮਾਂ ਸਬੰਧੀ ਇਕੱਤਰਤਾ



ਪਟਿਆਲਾ, 3 ਜੁਲਾਈ (ਚ.ਨ.ਸ.) : ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਤੇ ਭਾਈ ਦਿਆਲਾ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਅਤੇ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 350 ਸਾਲਾ ਗੁਰਤਾਗੱਦੀ ਦਿਵਸ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 5 ਤੇ 6 ਜੁਲਾਈ ਨੂੰ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ, ਪਾਤਸ਼ਾਹੀ ਨੌਵੀਂ, ਪਟਿਆਲਾ ਵਿਖੇ ਕਰਵਾਏ ਜਾਣ ਵਾਲੇ ਗੁਰਮਤਿ ਸਮਾਗਮ ਦੀਆਂ ਤਿਆਰੀਆਂ ਸਬੰਧੀ ਅੱਜ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਦੀ ਅਗਵਾਈ ਵਿਚ ਸਥਾਨਕ ਸਿੱਖ ਆਗੂਆਂ ਨਾਲ ਇਕੱਤਰਤਾ ਹੋਈ, ਜਿਸ ਵਿਚ ਸ਼੍ਰੋਮਣੀ ਕਮੇਟੀ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ, ਸਕੱਤਰ ਸ. ਪ੍ਰਤਾਪ ਸਿੰਘ ਅਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ। ਇਕੱਤਰਤਾ ਮਗਰੋਂ ਸਮਾਗਮਾਂ ਸਬੰਧੀ ਕੀਤੇ ਗਏ ਪ੍ਰਬੰਧਾਂ ਦਾ ਜਾਇਜ਼ਾ ਵੀ ਲਿਆ ਗਿਆ। ਇਸ ਸਬੰਧੀ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋ. ਕਿਰਪਾਲ ਸਿੰਘ ਬਡੂੰਗਰ ਨੇ ਕਿਹਾ ਕਿ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਦਿਹਾੜੇ ਦੇ ਸ਼ਤਾਬਦੀ ਸਮਾਗਮ ਗੁਰੂ ਸਾਹਿਬ ਨਾਲ ਸਬੰਧਤ ਅਸਥਾਨਾਂ 'ਤੇ ਕੀਤੇ ਜਾਣ ਤਹਿਤ ਗੁਰਦੁਆਰਾ ਸ੍ਰੀ ਮੋਤੀ ਬਾਗ ਸਾਹਿਬ ਪਾਤਸ਼ਾਹ ਨੌਵੀਂ ਵਿਖੇ ਸਮਾਗਮ ਉਲੀਕੇ ਗਏ ਹਨ। ਇਸ ਸਬੰਧ ਵਿਚ ਭਲਕੇ 4 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੀ ਆਰੰਭਤਾ ਹੋਵੇਗੀ ਅਤੇ 5 ਜੁਲਾਈ ਨੂੰ ਵੱਖ-ਵੱਖ ਸਕੂਲਾਂ/ਕਾਲਜਾਂ ਦੇ ਵਿਦਿਆਰਥੀਆਂ ਵੱਲੋਂ ਸ਼ਬਦ ਕੀਰਤਨ, ਭਾਸ਼ਣ, ਕਵੀਸ਼ਰੀ ਅਤੇ ਢਾਡੀ ਵਾਰਾਂ ਰਾਹੀਂ ਸੰਗਤਾਂ ਨੂੰ ਇਤਿਹਾਸ ਨਾਲ ਜੋੜਿਆ ਜਾਵੇਗਾ। ਪ੍ਰੋ. ਬਡੂੰਗਰ ਨੇ ਕਿਹਾ ਕਿ 6 ਜੁਲਾਈ ਨੂੰ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਵਿਸ਼ਾਲ ਗੁਰਮਤਿ ਸਮਾਗਮ ਹੋਵੇਗਾ, ਜਿਸ ਵਿਚ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸਿੰਘ ਸਾਹਿਬਾਨ ਅਤੇ ਸਿੱਖ ਪੰਥ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੀਆਂ। ਉਨ੍ਹਾਂ ਸੰਗਤਾਂ ਨੂੰ ਸ਼ਤਾਬਦੀ ਨੂੰ ਸਮਰਪਿਤ ਸਮਾਗਮਾਂ 'ਚ ਪਰਿਵਾਰਾਂ ਸਮੇਤ ਸ਼ਮੂਲੀਅਤ ਕਰਨ ਦੀ ਅਪੀਲ ਵੀ ਕੀਤੀ। ਇਸ ਮੌਕੇ ਪ੍ਰੋ. ਕਿਰਪਾਲ ਸਿੰਘ ਬਡੂੰਗਰ ਤੋਂ ਇਲਾਵਾ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ, ਸਕੱਤਰ ਸ. ਪ੍ਰਤਾਪ ਸਿੰਘ, ਗੁਰਦੁਆਰਾ ਸ੍ਰੀ ਦੂਖਨਿਵਾਰਨ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਪ੍ਰਣਾਮ ਸਿੰਘ, ਮੈਨੇਜਰ ਸ. ਭਾਗ ਸਿੰਘ, ਅਕਾਲੀ ਆਗੂ ਸ. ਇੰਦਰਮੋਹਨ ਸਿੰਘ ਬਜਾਜ, ਸ. ਗੁਰਪ੍ਰੀਤ ਸਿੰਘ ਰਾਜੂ ਖੰਨਾ, ਮੀਤ ਮੈਨੇਜਰ ਸ. ਗੁਰਬਚਨ ਸਿੰਘ, ਸ. ਅਮਿਤ ਸਿੰਘ ਰਾਠੀ ਸਮੇਤ ਹੋਰ ਮੌਜੂਦ ਸਨ।

# ਐਸ.ਐਸ.ਪੀ. ਵਰੁਣ ਸ਼ਰਮਾ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸੰਪਰਕ ਮੀਟਿੰਗ 'ਚ ਸਕੂਲਾਂ ਦੇ ਵਿਦਿਆਰਥੀਆਂ ਦੇ ਰੂਬਰੂ ਹੋਏ

ਪਟਿਆਲਾ, 3 ਜੁਲਾਈ (ਵਿਨੋਦ ਸ਼ਰਮਾ/ਰੁਪਾਣਾ) : ਪਟਿਆਲਾ ਦੇ ਐਸ.ਐਸ.ਪੀ. ਵਰੁਣ ਸ਼ਰਮਾ ਨੇ ਅੱਜ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਨਸ਼ਿਆਂ ਵਿਰੁੱਧ ਪੁਲਿਸ ਦੀਆਂ ਬਾਹਾਂ ਬਣਨ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਐਸ.ਐਸ.ਪੀ. ਵਰੁਣ ਸ਼ਰਮਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ.ਜੀ.ਪੀ ਗੌਰਵ ਯਾਦਵ ਦੇ ਨਿਰਦੇਸ਼ਾਂ ਮੁਤਾਬਕ ਸੰਪਰਕ ਮੀਟਿੰਗ ਕਰਦੇ ਹੋਏ ਪਟਿਆਲਾ ਦੇ ਚਾਰ ਸਕੂਲਾਂ ਦੇ ਵਿਦਿਆਰਥੀਆਂ ਦੇ ਰੂਬਰੂ ਹੋਏ। ਉਨ੍ਹਾਂ ਦੇ ਨਾਲ ਐਸ.ਪੀ. ਸਿਟੀ ਪਲਵਿੰਦਰ ਸਿੰਘ ਚੀਮਾ ਤੇ ਡੀ.ਐਸ.ਪੀ. ਸਿਟੀ-1 ਸਤਨਾਮ ਸਿੰਘ ਵੀ ਮੌਜੂਦ ਸਨ। ਐਸ.ਐਸ.ਪੀ. ਵਰੁਣ ਸ਼ਰਮਾ ਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪੁਰਾਣੀ ਪੁਲਿਸ ਲਾਈਨ, ਸੀਨੀਅਰ ਸੈਕੰਡਰੀ ਸਕੂਲ ਸਿਵਲ ਲਾਈਨਜ, ਮਲਟੀਪਰਪਜ ਸੀਨੀਅਰ ਸੈਕੰਡਰੀ ਸਕੂਲ ਅਤੇ ਵੀਰ ਹਕੀਕਤ ਰਾਏ ਸਕੂਲ ਦੇ ਵਿਦਿਆਰਥੀਆਂ ਨੂੰ ਕਿਹਾ ਕਿ ਉਹ ਜਿੱਥੇ ਖੁਦ ਨਸ਼ਿਆਂ ਤੋਂ ਦੂਰ ਰਹਿਣ ਉਥੇ ਹੀ ਆਪਣੇ ਸਾਥੀ ਦੋਸਤਾਂ ਦਾ ਵੀ ਖਿਆਲ ਰੱਖਣ ਕਿ ਉਹ ਕਿਸੇ ਮਾੜੀ ਸੰਗਤ ਦਾ



ਸ਼ਿਕਾਰ ਹੋ ਕੇ ਨਸ਼ਿਆਂ ਦੀ ਦਲਦਲ 'ਚ ਨਾ ਫਸ ਜਾਣ। ਉਨ੍ਹਾਂ ਕਿਹਾ ਕਿ 14 ਤੋਂ 17 ਸਾਲਾਂ ਤੱਕ ਦੀ ਉਮਰ ਕਾਫ਼ੀ ਸੰਵੇਦਨਸ਼ੀਲ ਹੁੰਦੀ ਹੈ, ਇਸ ਲਈ ਉਨ੍ਹਾਂ ਨੇ 9ਵੀਂ ਤੋਂ 12ਵੀਂ ਜਮਾਤ ਦੇ 400 ਦੇ ਕਰੀਬ ਵਿਦਿਆਰਥੀਆਂ ਨਾਲ ਸਿੱਧੀ ਗੱਲਬਾਤ ਕੀਤੀ ਹੈ, ਕਿਉਂਕਿ ਇਸ ਉਮਰ ਵਿੱਚ ਗ਼ਲਤ ਸੰਗਤ ਬੱਚੇ ਦਾ ਭਵਿੱਖ ਖਰਾਬ ਕਰ ਸਕਦੀ ਹੈ ਪਰੰਤੂ ਜੇਕਰ ਉਹ ਕਿਸੇ ਚੰਗੀ ਸੰਗਤ 'ਚ ਲੱਗ ਜਾਵੇ ਅਤੇ ਨਸ਼ਿਆਂ ਤੇ ਬੁਰੀਆਂ ਆਦਤਾਂ ਤੋਂ ਬਚਕੇ ਰਹੇ ਤਾਂ ਉਹ ਆਪਣੀ ਜ਼ਿੰਦਗੀ ਨੂੰ ਸੰਵਾਰ ਸਕਦੇ ਹਨ। ਉਨ੍ਹਾਂ ਦੱਸਿਆ ਕਿ ਪਟਿਆਲਾ ਪੁਲਿਸ ਵੱਲੋਂ ਹਰ ਹਫ਼ਤੇ ਕਿਸੇ ਨਾ ਕਿਸੇ ਸਿੱਖਿਆ ਸੰਸਥਾ 'ਚ ਜਾ ਕੇ ਵਿਦਿਆਰਥੀਆਂ ਨਾਲ ਸੰਵਾਦ ਰਚਾਇਆ ਜਾਵੇਗਾ। ਐਸ.ਐਸ.ਪੀ. ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਤੇ ਡੀ.ਜੀ.ਪੀ. ਗੌਰਵ ਯਾਦਵ ਦੀ ਅਗਵਾਈ ਹੇਠ ਪਟਿਆਲਾ ਪੁਲਿਸ ਨੇ ਨਸ਼ਾ ਤਸਕਰਾਂ ਖ਼ਿਲਾਫ਼ ਵੱਡੀ ਕਾਰਵਾਈ ਕਰਦੇ ਹੋਏ ਨਸ਼ਿਆਂ ਦੀ ਸਪਲਾਈ ਦਾ ਲੱਕ ਤੋੜ ਦਿੱਤਾ ਹੈ ਅਤੇ ਨਾਲ ਹੀ ਨਸ਼ਿਆਂ ਦਾ ਸ਼ਿਕਾਰ ਵਿਅਕਤੀਆਂ ਦਾ ਨਸ਼ਾ ਛੁਡਵਾਉਣ ਲਈ ਉਨ੍ਹਾਂ ਨੂੰ ਨਸ਼ਾ ਮੁਕਤੀ ਕੇਂਦਰਾਂ ਵਿੱਚ ਵੀ ਦਾਖਲ ਕਰਵਾਇਆ ਜਾ ਰਿਹਾ ਹੈ। ਵਰੁਣ ਸ਼ਰਮਾ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਨੀਤੀ ਹੈ ਕਿ ਜਿਹੜੇ ਨੌਜਵਾਨ ਕਿਸੇ ਕਾਰਨ ਨਸ਼ੇ 'ਚ ਫਸ ਜਾਵੇ ਤਾਂ ਅਜਿਹੇ ਬੱਚਿਆਂ ਨੂੰ ਮੁੱਖ ਧਾਰਾ 'ਚ ਲਿਆਉਣ ਲਈ ਉਨ੍ਹਾਂ ਦੇ ਮਾਪਿਆਂ ਅਤੇ ਅਧਿਆਪਕਾਂ ਨਾਲ ਗੱਲਬਾਤ ਕਰਕੇ ਉਨ੍ਹਾਂ ਨੂੰ ਨਸ਼ਾ ਮੁਕਤ ਕਰਨ ਲਈ ਯਤਨ ਕੀਤੇ ਜਾਣ ਨਾ ਕਿ ਉਨ੍ਹਾਂ ਨੂੰ ਅਪਰਾਧੀ ਮੰਨਿਆ ਜਾਵੇ। ਉਨ੍ਹਾਂ ਨੇ ਕਿਹਾ ਕਿ ਉਨ੍ਹਾਂ ਨੂੰ ਉਮੀਦ ਹੈ ਕਿ ਪਟਿਆਲਾ ਜ਼ਿਲ੍ਹੇ ਦੇ ਵਿਦਿਆਰਥੀ ਉਨ੍ਹਾਂ ਦੀਆਂ ਤੇ ਪਟਿਆਲਾ ਪੁਲਿਸ ਦੀਆਂ ਬਾਹਾਂ ਬਣਕੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਫ਼ਲ ਬਣਾਉਣਗੇ। ਇਸ ਸੰਪਰਕ ਮੀਟਿੰਗ ਦੌਰਾਨ ਐਸ.ਐਸ.ਪੀ ਨੇ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਬੁਰੇ ਪ੍ਰਭਾਵਾਂ ਤੋਂ ਜਾਣੂੰ ਕਰਵਾਉਣ ਸਮੇਤ ਨਸ਼ਿਆਂ ਦੇ ਤਸਕਰਾਂ ਵੱਲੋਂ ਫੈਲਾਏ ਜਾ ਰਹੇ ਜਾਲ ਤੇ ਨਸ਼ਿਆਂ ਦੀ ਮੰਗ ਤੇ ਸਪਲਾਈ ਬਾਰੇ ਵਿਸਥਾਰ 'ਚ ਦੱਸਦੇ ਹੋਏ ਇਸ ਤੋਂ ਦੂਰ ਰਹਿਣ ਦੀ ਸਲਾਹ ਦਿੱਤੀ। ਵਿਦਿਆਰਥੀਆਂ ਨੇ ਵੀ ਸਵਾਲ ਕਰਦੇ ਹੋਏ ਨਸ਼ਿਆਂ ਬਾਬਤ ਜਾਣਕਾਰੀ ਹਾਸਲ ਕੀਤੀ। ਮੰਚ ਸੰਚਾਲਨ ਸੁਮਨ ਬੱਤਰਾ ਨੇ ਕੀਤਾ।

# 30 ਲੱਖ ਖਰਚ ਕੇ ਵਿਦੇਸ਼ ਭੇਜੀ ਪਤਨੀ ਨੇ ਕੀਤਾ ਧੋਖਾ

ਪਟਿਆਲਾ, 3 ਜੁਲਾਈ (ਵਿਨੋਦ ਸ਼ਰਮਾ) : ਥਾਣਾ ਤ੍ਰਿਪੜੀ ਪੁਲਿਸ ਕੋਲ ਅਮਰੀਕ ਸਿੰਘ ਪੁੱਤਰ ਹਰਮਿੰਦਰ ਸਿੰਘ ਵਾਸੀ ਨਿਊ ਮਹਿਰ ਸਿੰਘ ਕਲੋਨੀ ਪਟਿਆਲਾ ਨੇ ਕਥਿਤ ਦੋਸ਼ੀ ਮਹਿਲਾ ਸੁਨੈਨਾ ਪਤਨੀ ਅਮਰੀਕ ਸਿੰਘ ਵਾਸੀ ਨਿਊ ਮੇਹਰ ਸਿੰਘ ਕਲੋਨੀ ਪਟਿਆਲਾ ਹਾਲ ਵਾਸੀ ਕੈਨੇਡਾ ਵਿਰੁੱਧ ਸ਼ਿਕਾਇਤ ਦਰਜ ਕਰਵਾਈ ਹੈ। ਸ਼ਿਕਾਇਤਕਰਤਾ ਨੇ ਪੁਲਿਸ ਨੂੰ ਦੱਸਿਆ ਕਿ ਉਸ ਨੇ ਆਪਣੀ ਪਤਨੀ ਸੁਨੈਨਾ ਨੂੰ ਸਟੱਡੀ ਵੀਜਾ 'ਤੇ ਵਿਦੇਸ਼ ਭੇਜਣ ਸਬੰਧੀ 30 ਲੱਖ ਰੁਪਏ ਖਰਚ ਕੀਤਾ ਸੀ ਅਤੇ ਦੋਸ਼ਣ ਵੱਲੋਂ ਆਪਣਾ ਬੱਚਾ ਭਾਰਤ ਵਿੱਚ ਉਸ ਕੋਲ ਹੀ ਛੱਡਿਆ ਗਿਆ ਸੀ, ਜੋ ਵਿਦੇਸ਼ ਵਿੱਚ ਕਥਿਤ ਦੋਸ਼ੀ ਮਹਿਲਾ ਨੇ ਕਿਸੇ ਹੋਰ ਨਾਲ ਰਹਿਣਾ ਸ਼ੁਰੂ ਕਰ ਦਿੱਤਾ ਅਤੇ ਜਦੋਂ ਉਹ ਆਪਣੇ ਬੱਚੇ ਸਮੇਤ ਉੱਥੇ ਗਿਆ ਤਾ ਪੁਲਿਸ ਪਾਸ ਸ਼ਿਕਾਇਤ ਕਰਕੇ ਉਸ ਨੂੰ ਘਰੋਂ ਬਾਹਰ ਕੱਢ ਦਿੱਤਾ ਅਤੇ ਨਾ ਹੀ ਉਸ ਵੱਲੋਂ ਖਰਚ ਕੀਤੇ ਗਏ 30 ਲੱਖ ਰੁਪਏ ਵਾਪਸ ਕੀਤੇ। ਪੁਲਿਸ ਨੇ ਧਾਰਾ 406,420 ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

# ਰੋਟਰੀ ਕਲੱਬ ਸਮਾਨਾ ਸਿਟੀ ਦੀ ਨਵੀਂ ਟੀਮ ਦਾ ਗਠਨ

## ☛ਮਲਿਕਾ ਬਾਂਸਲ ਪ੍ਰਧਾਨ , ਵਨਿਕਾ ਗੋਇਲ ਸੈਕਟਰੀ ਅਤੇ ਸਾਚੀ ਸਿੰਗਲਾ ਕੈਸ਼ੀਅਰ ਨਿਯੁਕਤ

ਸਮਾਣਾ, 3 ਜੁਲਾਈ (ਜਵੰਦਾ) : ਰੋਟਰੀ ਕਲੱਬ ਸਮਾਣਾ ਸਿਟੀ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਅਤੇ ਜਿਸ ਵਿੱਚ



ਸਰਬਸੰਮਤੀ ਨਾਲ ਸਾਲ 2025-26 ਦੀ ਨਵੀਂ ਟੀਮ ਦਾ ਗਠਨ ਕੀਤਾ ਗਿਆ। ਇਸ ਦੌਰਾਨ ਸ੍ਰੀ ਮਤੀ ਮਲਿਕਾ ਬਾਂਸਲ ਨੂੰ ਪ੍ਰਧਾਨ , ਵਨਿਕਾ ਗੋਇਲ ਨੂੰ ਸੈਕਟਰੀ ਅਤੇ ਸਾਚੀ ਸਿੰਗਲਾ ਨੂੰ ਕੈਸ਼ੀਅਰ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਨਵ-ਨਿਯੁਕਤ ਪ੍ਰਧਾਨ ਮੈਡਮ ਮਲਿਕਾ ਬਾਂਸਲ ਅਤੇ ਅਹੁਦੇਦਾਰਾਂ ਨੇ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਨ੍ਹਾਂ ਵੱਲੋਂ ਇਸ ਜ਼ਿੰਮੇਵਾਰੀ ਨੂੰ ਪੂਰੀ ਮਿਹਨਤ ਨਾਲ ਨਿਭਾਇਆ ਜਾਵੇਗਾ। ਇਸ ਮੌਕੇ ਕਲੱਬ ਦੇ ਸਮੂਹ ਮੈਂਬਰਾਂ ਤਰਫੋਂ ਨਵ-ਨਿਯੁਕਤ ਟੀਮ ਨੂੰ ਸ਼ੁਭ ਇੱਛਾਵਾਂ ਦਿੰਦੇ ਹੋਏ ਕਿਹਾ ਕਿ ਉਨ੍ਹਾਂ ਵਲੋਂ ਵੀ ਨਵੀਂ ਟੀਮ ਨੂੰ ਪੂਰਾ ਸਹਿਯੋਗ ਦਿੱਤਾ ਜਾਵੇਗਾ।

# ਸ਼ਿਵ ਲੰਗਰ ਕਮੇਟੀ ਵੱਲੋਂ ਅਮਰਨਾਥ ਯਾਤਰੀਆਂ ਲਈ ਬੁਰਾੜੀ ਮਾਰਗ 'ਤੇ 33ਵਾਂ ਭੰਡਾਰਾ ਸ਼ੁਰੂ

ਸਮਾਣਾ, 3 ਜੁਲਾਈ (ਵਿਜੇ ਕੁਮਾਰ/ਜਵੰਦਾ/ਸੁਖਜਿੰਦਰ) : ਅੱਜ ਬਾਬਾ ਅਮਰਨਾਥ ਬਰਫਾਨੀ (ਜੰਮੂ ਕਸ਼ਮੀਰ) ਦੀ ਯਾਤਰਾ ਸ਼ੁਰੂ ਹੋਣ ਨਾਲ ਹੀ ਸ਼ਿਵ ਲੰਗਰ ਕਮੇਟੀ ਸਮਾਣਾ ਵੱਲੋਂ ਬਾਲਟਾਲ ਅਤੇ ਅਮਰਨਾਥ ਬਰਫਾਨੀ ਗੁਫਾ ਦੇ ਵਿਚਕਾਰ ਬੁਰਾੜੀ ਮਾਰਗ 'ਤੇ 45 ਦਿਨ ਚੱਲਣ ਵਾਲਾ 33ਵਾਂ ਵਿਸ਼ਾਲ ਭੰਡਾਰੇ ਦੀ ਸ਼ੁਰੂਆਤ ਗਣੇਸ਼ ਵੰਦਨਾ ਅਤੇ ਭੋਲੇਨਾਥ, ਮਾਤਾ ਪਾਰਵਤੀ ਦੇ ਜੈਕਾਰਿਆਂ ਨਾਲ ਸ਼ੁਰੂ ਕੀਤੀ ਗਈ। ਅੱਜ ਯਾਤਰਾ ਦੇ ਪਹਿਲੇ ਦਿਨ ਅਮਰਨਾਥ ਬਰਫਾਨੀ ਬਾਬਾ ਦੇ ਦਰਸ਼ਨਾਂ ਲਈ ਜਾ ਰਹੇ ਯਾਤਰੀਆਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਇਸ ਮੌਕੇ ਜੰਮੂ ਕਸ਼ਮੀਰ ਅਤੇ ਕੇਂਦਰ ਸਰਕਾਰ ਵਲੋਂ ਸੁਰੱਖਿਆ ਦੇ ਬਹੁਤ ਹੀ ਸਖਤ ਪ੍ਰਬੰਧ ਕੀਤੇ ਹੋਏ ਸੀ। ਇਸ ਮੌਕੇ ਸ਼ਿਵ ਲੰਗਰ ਕਮੇਟੀ ਦੇ ਪ੍ਰਧਾਨ ਅਮਰ ਗੋਇਲ ਅਤੇ ਬੁਰਾੜੀ ਮਾਰਗ 'ਤੇ ਚੱਲਣ ਵਾਲੇ ਭੰਡਾਰੇ ਦੇ ਇੰਚਾਰਜ ਸ਼ਿਵ ਨਰਾਇਣ ਗਰਗ ਨੇ ਦੱਸਿਆ ਕਿ ਅੱਜ ਬਾਬਾ ਅਮਰਨਾਥ



ਬਰਫਾਨੀ ਦੀ ਯਾਤਰਾ ਸ਼ੁਰੂ ਹੋਣ ਨਾਲ ਧਾਰਮਿਕ ਰੀਤੀ ਰਿਵਾਜ਼ ਨਾਲ ਭੰਡਾਰੇ ਦੀ ਸ਼ੁਰੂਆਤ ਕੀਤੀ ਗਈ ਹੈ। ਇਸ ਭੰਡਾਰੇ ਵਿਚ ਹਰ ਰੋਜ਼ 10 ਹਜ਼ਾਰ ਤੋਂ 15 ਹਜ਼ਾਰ ਯਾਤਰੀਆਂ ਲਈ ਭੋਜਨ ਦੀ ਵਿਵਸਥਾ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ 45 ਦਿਨ ਚੱਲਣ ਵਾਲੇ ਇਸ ਭੰਡਾਰੇ ਵਿਚ ਮੈਡੀਕਲ ਸੁਵਿਧਾ ਦਾ ਵੀ ਪੂਰਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਅਮਰਨਾਥ ਆਉਣ ਵਾਲੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਆਪਣੀ ਦਰਸ਼ਨਾਂ ਦੀ ਤਰੀਕ ਅਨੁਸਾਰ ਹੀ ਆਉਣ ਅਤੇ ਆਪਣਾ ਅਸਲੀ ਆਧਾਰ ਕਾਰਡ ਨਾਲ ਲੈ ਕੇ ਆਉਣ ਤਾਂ ਕਿ ਉਨ੍ਹਾਂ ਨੂੰ ਇਥੇ ਕਿਸੇ ਵੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਏ। ਇਸ ਮੌਕੇ ਜੀਵਨ ਗੋਇਲ, ਗਗਨ ਗੁਪਤਾ, ਦਿਨੇਸ਼ ਜੈਨ (ਰੋਡਾ) ਭਾਜਪਾ ਆਗੂ, ਨਲਿਨੀ ਚੋਪੜਾ, ਰਾਜ ਸ਼ਰਮਾ, ਵਿਪਨ ਕੁਮਾਰ, ਮੋਹਿਤ ਗੋਇਲ, ਚੰਦਰ ਮੋਹਨ ਭੋਲਾ, ਦੀਪਕ ਮੋਦੀ, ਤਰੁਨ ਜਿੰਦਲ, ਸੁਨੀਲ ਗੁਪਤਾ, ਸ਼ਿਵ ਕੁਮਾਰ ਆਦਿ ਹਾਜ਼ਰ ਸਨ।

# ਬ੍ਰਾਹਮਣ ਸਮਾਜ ਵੈਲ਼ਫੇਅਰ ਫਰੰਟ ਦੀ ਮੀਟਿੰਗ ਦੌਰਾਨ ਨਵੀਆਂ ਨਿਯੁਕਤੀਆਂ

ਪਟਿਆਲਾ, 3 ਜੁਲਾਈ (ਚ.ਨ.ਸ.) : ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਦੀ ਮੀਟਿੰਗ ਜ਼ਿਲ੍ਹਾ ਪ੍ਰਧਾਨ ਭੂਸ਼ਨ ਸ਼ਰਮਾ ਦੀ ਅਗਵਾਈ ਹੇਠ ਹੋਈ, ਜਿਸ ਦੀ ਕਾਰਵਾਈ ਜਾਰੀ ਕਰਦਿਆਂ ਦਿਹਾਤੀ ਪ੍ਰਧਾਨ ਧਰਮਪਾਲ ਰਾਏਪੁਰ ਮੰਡਲਾ ਨੇ ਕਿਹਾ ਕਿ ਬ੍ਰਾਹਮਣ ਭਲਾਈ ਬੋਰਡ ਪੰਜਾਬ ਬਣਾਉਣ ਸਬੰਧੀ ਮੰਗ ਪੱਤਰ ਡਿਪਟੀ ਕਮਿਸ਼ਨਰ ਪਟਿਆਲਾ ਰਾਹੀਂ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਨੂੰ ਭੇਜਿਆ ਜਾਏਗਾ। ਪੰਜਾਬ ਸਰਕਾਰ ਵੱਲੋਂ ਸ੍ਰੀ ਕਾਲੀ ਮਾਤਾ ਮੰਦਿਰ ਦਾ ਸੁੰਦਰੀਕਰਨ ਕਰਨ ਦੀ ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਵੱਲੋਂ ਸ਼ਲਾਘਾ ਕੀਤੀ। ਬ੍ਰਾਹਮਣ ਸਮਾਜ ਵੈਲਫੇਅਰ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਐਡਵੋਕੇਟ ਹਰਿੰਦਰ ਸ਼ਰਮਾ ਕੌਰਜੀਵਾਲਾ ਨੇ ਮੀਟਿੰਗ ਦੌਰਾਨ ਬ੍ਰਾਹਮਣ ਸਮਾਜ ਦੀਆਂ ਕੁਝ ਨਵੀਆਂ ਨਿਯੁਕਤੀਆਂ ਦਾ ਐਲਾਨ ਕੀਤਾ, ਜਿਨ੍ਹਾਂ ਵਿੱਚ ਚੰਨੂ ਪ੍ਰਧਾਨ (ਜੈ ਨਗਰ) ਦੇਵੀਗੜ੍ਹ ਨੂੰ ਸਕੱਤਰ ਪੰਜਾਬ, ਤ੍ਰਿਲੋਕੀ ਨਾਥ ਸੀਨੀਅਰ ਮੀਤ ਪ੍ਰਧਾਨ, ਪਟਿਆਲਾ, ਅਸ਼ਵਨੀ ਸ਼ਰਮਾ ਦੌਣਕਲਾਂ ਨੂੰ ਜਨਰਲ ਸਕੱਤਰ, ਰਾਣਾ ਸ਼ਰਮਾ ਨੂੰ ਸਕੱਤਰ ਜ਼ਿਲ੍ਹਾ ਪਟਿਆਲਾ ਅਤੇ ਪ੍ਰਮੋਦ ਕੌਸ਼ਲ ਸਨੌਰ ਨੂੰ ਮੀਡੀਆ ਇੰਚਾਰਜ ਪਟਿਆਲਾ ਨਿਯੁਕਤ ਕੀਤੇ ਗਏ ਤਾਂ ਕਿ ਬ੍ਰਾਹਮਣ ਸਮਾਜ ਇੱਕ ਸੂਬਾ ਪੱਧਰੀ ਪਲੇਟ ਫਾਰਮ 'ਤੇ ਇਕੱਠਾ ਕਰਕੇ ਸਮਾਜਿਕ, ਰਾਜਨੀਤਕ, ਆਰਥਿਕ, ਵਿਦਿਅਕ ਸਮੱਸਿਆਵਾਂ ਦਾ ਹੱਲ ਕਰਨ ਲਈ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ ਨੂੰ ਹੋਰ ਬਲ ਮਿਲ ਸਕੇ। ਮੀਟਿੰਗ ਵਿੱਚ ਆਤਮਾ ਰਾਮ ਧਬਲਾਨ, ਚੰਦ ਸਿੰਘ, ਰਜਿੰਦਰ ਪਾਲ ਸ਼ਰਮਾ, ਨੀਤੂ ਜ਼ੋਸ਼ੀ, ਕਿਰਨ ਸ਼ਰਮਾ, ਅਜੈ ਸ਼ਰਮਾ, ਪ੍ਰਧਾਨ ਯੂਥ ਵਿੰਗ) ਸਨਦੀਪ ਸ਼ਰਮਾ, ਸ਼ੰਕਰ ਸ਼ਰਮਾ, ਸ਼ਿਵ ਦਿਆਲ ਸ਼ਰਮਾ ਰਾਏਪੁਰ ਮੰਡਲਾਂ, ਅਸ਼ਵਨੀ ਸ਼ਰਮਾ, ਸਮੀਰ, ਕੁਲਵੰਤ ਸ਼ਰਮਾ, ਅਸ਼ੋਕ ਪਾਸਰ, ਰਾਜੇਸ਼ ਸ਼ਰਮਾ, ਓਮ ਪ੍ਰਕਾਸ਼, ਬਲਰਾਮ ਸਿੰਘ, ਅਸ਼ਵਨੀ ਭਾਸਕਰ ਸ਼ਾਸ਼ਤਰੀ, ਪ੍ਰਮੋਦ ਸ਼ਰਮਾ, ਸਤਪਾਲ ਪ੍ਰਾਸ਼ਰ ਆਦਿ ਹਾਜ਼ਰ ਸਨ।



# ਮਿਲੇਨੀਅਮ ਵਰਲਡ ਸਕੂਲ 'ਚ ਬੱਚਿਆਂ ਨੂੰ 'ਪਲਾਸਟਿਕ ਬੈਗ ਦੀ ਥਾਂ ਕੱਪੜੇ ਦੇ ਬੈਗ' ਵਰਤਣ ਲਈ ਜਾਗਰੂਕਤਾ ਕੈਂਪ ਲਗਾਇਆ

ਸਮਾਣਾ, 3 ਜੁਲਾਈ (ਵਿਜੇ ਕੁਮਾਰ) : ਹਰੇ-ਭਰੇ ਭਵਿੱਖ ਦੀ ਦਿਸ਼ਾ ਵਿੱਚ ਇੱਕ ਸੋਚੀ-ਸਮਝੀ ਪਹਿਲਕਦਮੀ ਤਹਿਤ ਮਿਲੇਨੀਅਮ ਵਰਲਡ ਸਕੂਲ, ਸਮਾਣਾ ਨੇ ਸਕੂਲ ਕੈਂਪਸ ਵਿੱਚ ਪਲਾਸਟਿਕ ਬੈਗਾਂ ਦੀ ਵਰਤੋਂ ਨਾ ਕਰੋ - ਕਾਗਜ਼ ਚੁਣੋ, ਕੁਦਰਤ ਬਚਾਓ ਵਿਸ਼ੇ 'ਤੇ ਇੱਕ ਵਿਸ਼ੇਸ਼ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ। ਇਸ ਪ੍ਰੋਗਰਾਮ ਦਾ ਉਦੇਸ਼ ਨੌਜਵਾਨ ਵਿਦਿਆਰਥੀਆਂ ਵਿੱਚ ਵਾਤਾਵਰਣ ਪ੍ਰਤੀ ਜਾਗਰੂਕ ਆਦਤਾਂ ਪੈਦਾ ਕਰਨਾ ਅਤੇ ਟਿਕਾਊ ਵਿਕਲਪਾਂ ਦੀ ਵਰਤੋਂ ਨੂੰ ਉਤਸ਼ਾਹਿਤ ਕਰਨਾ ਸੀ। ਵਿਦਿਆਰਥੀਆਂ ਨੇ ਵਾਤਾਵਰਣ, ਸਮੁੰਦਰੀ ਜੀਵਨ ਅਤੇ ਮਨੁੱਖੀ ਸਿਹਤ 'ਤੇ ਪਲਾਸਟਿਕ ਦੇ ਹਾਨੀਕਾਰਕ ਪ੍ਰਭਾਵਾਂ ਨੂੰ ਦਰਸਾਉਂਦਾ ਇੱਕ ਨਾਟਕ ਖੇਡਿਆ। ਨਾਟਕ ਤੋਂ




ਬਾਅਦ ਵਿਦਿਆਰਥੀਆਂ ਨੇ ਕਾਗਜ਼ ਅਤੇ ਕੱਪੜੇ ਦੇ ਬੈਗਾਂ ਨੂੰ ਪੂਰੀ ਤਰ੍ਹਾਂ ਅਪਣਾਉਣ ਦੀ ਭਾਸ਼ਣਾਂ ਰਾਹੀ ਵਕਾਲਤ ਕੀਤੀ। ਇਸ ਮੌਕੇ ਬੋਲਦਿਆਂ, ਪ੍ਰਧਾਨ ਡਾ. ਕੇ.ਕੇ. ਜੌਹਰੀ ਨੇ ਜ਼ੋਰ ਦੇ ਕੇ ਕਿਹਾ ਅਸੀਂ ਸਕੂਲ ਵਿੱਚ ਬੱਚਿਆਂ ਨੂੰ ਸਮਾਜ ਲਈ ਜ਼ਿੰਮੇਵਾਰ ਨਾਗਰਿਕ ਬਣਾਉਣ ਵਿੱਚ ਵਿਸ਼ਵਾਸ ਰੱਖਦੇ ਹਾਂ। ਇਹ ਪਹਿਲਕਦਮੀ ਵਾਤਾਵਰਣ ਪ੍ਰਤੀ ਜਾਗਰੂਕ ਪੀੜ੍ਹੀ ਬਣਾਉਣ ਦੀ ਦਿਸ਼ਾ ਵਿੱਚ ਇੱਕ ਕਦਮ ਹੈ। ਪ੍ਰਿੰਸੀਪਲ ਸ਼ਾਲਿਨੀ ਕਾਜਲਾ ਨੇ ਕਿਹਾ ਸਾਡੇ ਵਿਦਿਆਰਥੀ ਕੱਲ੍ਹ ਦੇ ਬਦਲਾਅ ਲਿਆਉਣ ਵਾਲੇ ਹਨ। ਪ੍ਰੋਗਰਾਮ ਦਾ ਸਮਾਪਨ ਸਾਰੇ ਵਿਦਿਆਰਥੀਆਂ ਅਤੇ ਕਰਮਚਾਰੀਆਂ ਦੁਆਰਾ ਸਿੰਗਲ-ਯੂਜ਼ ਪਲਾਸਟਿਕ ਤੋਂ ਬਚਣ ਅਤੇ ਰੋਜ਼ਾਨਾ ਜੀਵਨ ਵਿੱਚ ਵਾਤਾਵਰਨ-ਅਨੁਕੂਲ ਅਭਿਆਸਾਂ ਨੂੰ ਉਤਸ਼ਾਹਿਤ ਕਰਨ ਦੀ ਸਹੁੰ ਨਾਲ ਹੋਇਆ।

# ਪੀ.ਯੂ. ਵਿਖੇ ਪ੍ਰੋ. ਸ਼ੈਲਿੰਦਰ ਸੇਖੋਂ ਨੇ ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਦੇ ਡਾਇਰੈਕਟਰ ਦਾ ਅਹੁਦਾ ਸੰਭਾਲਿਆ

ਪਟਿਆਲਾ, 3 ਜੁਲਾਈ (ਚ.ਨ.ਸ.) : ਪੰਜਾਬੀ ਯੂਨੀਵਰਸਿਟੀ ਵਿਖੇ ਪ੍ਰੋ. ਸ਼ੈਲਿੰਦਰ ਸੇਖੋਂ ਨੇ ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਦੇ ਡਾਇਰੈਕਟਰ ਵਜੋਂ ਅਹੁਦਾ ਸੰਭਾਲ਼ ਲਿਆ ਹੈ। ਉਹ ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਵਿਖੇ ਕਾਮਰਸ ਵਿਸ਼ੇ ਦੇ ਪ੍ਰੋਫ਼ੈਸਰ ਵਜੋਂ ਕਾਰਜਸ਼ੀਲ ਹਨ। ਉਪ-ਕੁਲਪਤੀ ਡਾ. ਜਗਦੀਪ ਸਿੰਘ ਦੇ ਆਦੇਸ਼ਾਂ ਅਨੁਸਾਰ ਉਨ੍ਹਾਂ ਨੂੰ ਤਿੰਨ ਸਾਲ ਲਈ ਇਸ ਅਹੁਦੇ ਉੱਤੇ ਤਾਇਨਾਤ ਕੀਤਾ ਗਿਆ ਹੈ। ਡੀਨ ਅਕਾਦਮਿਕ ਮਾਮਲੇ ਪ੍ਰੋ. ਨਰਿੰਦਰ ਕੌਰ ਮੁਲਤਾਨੀ ਅਤੇ ਹੋਰ ਅਧਿਕਾਰੀਆਂ ਨੇ ਉਨ੍ਹਾਂ ਵੱਲੋਂ ਅਹੁਦਾ ਸੰਭਾਲੇ ਜਾਣ ਮੌਕੇ ਵਧਾਈ ਦਿੱਤੀ। ਇਸ ਮੌਕੇ ਡਾਇਰੈਕਟਰ ਯੋਜਨਾ ਅਤੇ ਨਿਰੀਖਣ ਡਾ. ਜਸਵਿੰਦਰ ਸਿੰਘ ਤੋਂ



ਇਲਾਵਾ ਸੈਂਟਰ ਫ਼ਾਰ ਡਿਸਟੈਂਸ ਐਂਡ ਆਨਲਾਈਨ ਐਜੂਕੇਸ਼ਨ ਦਾ ਅਧਿਆਪਨ ਅਤੇ ਗ਼ੈਰ ਅਧਿਆਪਨ ਅਮਲਾ ਅਤੇ ਯੂਨੀਵਰਸਿਟੀ ਦੇ ਹੋਰ ਵਿਭਾਗਾਂ ਤੋਂ ਕਰਮਚਾਰੀ ਅਤੇ ਅਧਿਕਾਰੀ ਹਾਜ਼ਰ ਰਹੇ।

# ਵਿਦਿਆਰਥੀਆਂ, ਪੁਲਿਸ ਫੈਕਟਰੀ ਵਰਕਰਾਂ ਨੂੰ ਫਸਟ ਏਡ ਟ੍ਰੇਨਿੰਗ ਦਿੱਤੀ

ਪਟਿਆਲਾ, 3 ਜੁਲਾਈ (ਚ.ਨ.ਸ.) : ਵੱਧ ਰਹੀਆਂ ਜੰਗਾਂ ਅਤੇ ਆਪਦਾਵਾਂ ਕਾਰਨ, ਮੌਕੇ 'ਤੇ ਤੁਰੰਤ ਠੀਕ ਫਸਟ ਏਡ, ਨਾ ਮਿਲਣ ਕਾਰਨ, ਹਜ਼ਾਰਾਂ ਲੱਖਾਂ ਲੋਕਾਂ ਦੀਆਂ ਮੌਤਾਂ, ਘਰਾਂ, ਸੜਕਾਂ, ਕੰਮ ਵਾਲੀਆਂ ਥਾਵਾਂ ਆਦਿ ਵਿਖੇ ਹੋ ਰਹੀਆਂ ਹਨ। ਜਦਕਿ ਮੌਕੇ 'ਤੇ ਠੀਕ ਢੰਗ ਤਰੀਕਿਆ ਨਾਲ ਦਿੱਤੀ ਫਸਟ ਏਡ, ਸੀ.ਪੀ.ਆਰ., ਰਿਕਵਰੀ ਪੁਜ਼ੀਸ਼ਨ, ਵੈਂਟੀਲੈਟਰ ਬਣਾਉਟੀ ਸਾਹ ਕਿਰਿਆਵਾਂ, ਮਰਦੇ ਜਾਂ ਮਰ ਚੁੱਕੇ ਇਨਸਾਨਾਂ ਨੂੰ ਬਚਾ ਸਕਦੀਆਂ ਹਨ, ਇਸੇ ਉਦੇਸ਼ ਨੂੰ ਲੈਕੇ, ਪੀੜਤਾਂ ਦੇ ਮਦਦਗਾਰ ਦੋਸਤ ਅਤੇ ਭਾਰਤ ਸਰਕਾਰ ਦੇ ਆਫ਼ਤ ਪ੍ਰਬੰਧਨ, ਸਿਵਲ ਡਿਫੈਂਸ, ਫਸਟ ਏਡ, ਫਾਇਰ ਸੇਫਟੀ ਟ੍ਰੇਨਰ ਕਾਕਾ ਰਾਮ ਵਰਮਾ ਨੇ ਪੰਜਾਬ ਦੇ ਮੁੱਖ ਮੰਤਰੀ ਅਤੇ ਸਿਹਤ ਮੰਤਰੀ ਜੀ ਨੂੰ ਬੇਨਤੀ ਪੱਤਰ ਭੇਜਿਆ ਕਿ ਉਨ੍ਹਾਂ ਵੱਲੋਂ ਵਿਦਿਆਰਥੀਆਂ, ਅਧਿਆਪਕਾਂ, ਪੁਲਿਸ ਫੈਕਟਰੀ ਕਰਮਚਾਰੀਆਂ, ਐਨ.ਐਸ.ਐਸ ਵੰਲਟੀਅਰਾਂ ਨੂੰ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ, ਸਿਲੰਡਰਾਂ ਦੀ ਵਰਤੋਂ ਬਾਰੇ ਟ੍ਰੇਨਿੰਗ ਦਿੱਤੀ ਜਾ ਰਹੀ ਹੈ, ਕਿਉਂਕਿ ਅਚਾਨਕ ਹੋਣ ਵਾਲੀਆਂ ਮੌਤਾਂ, ਉਸਦੇ ਪਰਿਵਾਰਕ ਮੈਂਬਰਾਂ ਲਈ ਸਦੀਵੀਂ ਤਬਾਹੀਆਂ ਲਿਆਉਂਦੀਆਂ ਹਨ। ਡਿਪਟੀ ਕਮਿਸ਼ਨਰ ਪਟਿਆਲਾ ਸ੍ਰੀਮਤੀ ਪ੍ਰੀਤੀ ਯਾਦਵ, ਆਈਏ ਐਸ ਵਲੋਂ ਇਸ ਪੱਤਰ ਦੀਆਂ ਕਾਪੀਆਂ ਸੀਨੀਅਰ ਕਪਤਾਨ ਪੁਲਿਸ ਪਟਿਆਲਾ, ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਐਲੀਮੈਂਟਰੀ ਪਟਿਆਲਾ, ਜਰਨਲ ਮੈਨੇਜਰ ਜ਼ਿਲ੍ਹਾ ਉਦਯੋਗ ਕੇਂਦਰ, ਪੰਜਾਬੀ ਯੂਨੀਵਰਸਿਟੀ ਦੇ ਰਜਿਸਟਰਾਰ, ਡਿਪਟੀ ਡਾਇਰੈਕਟਰ ਯੁਵਕ ਸੇਵਾਵਾਂ ਪਟਿਆਲਾ, ਸਿਵਲ ਸਰਜਨ ਨੂੰ ਭੇਜਕੇ ਹੁਕਮ ਦਿੱਤੇ ਹਨ ਕਿ ਵੱਧਦੇ ਤਬਾਹੀ ਦੇ ਹਾਲਾਤਾਂ ਨੂੰ ਦੇਖਦੇ ਹੋਏ ਵੱਧ ਤੋਂ ਵੱਧ ਨੌਜਵਾਨਾਂ ਅਤੇ ਕਰਮਚਾਰੀਆਂ ਨੂੰ ਫਸਟ ਏਡ, ਸੀ ਪੀ ਆਰ, ਫਾਇਰ ਸੇਫਟੀ ਪੀੜਤਾਂ ਨੂੰ ਰੈਸਕਿਊ ਟਰਾਂਸਪੋਰਟ ਕਰਨ ਦੀ ਟ੍ਰੇਨਿੰਗ ਅਭਿਆਸ ਅਤੇ ਮੌਕ ਡਰਿੱਲਾਂ ਕਰਵਾਈਆਂ ਜਾਣ। ਕਾਕਾ ਰਾਮ ਵਰਮਾ ਜੋ ਭਾਰਤੀ ਰੈਡ ਕਰਾਸ ਸੁਸਾਇਟੀ ਵਿਖੇ 2012 ਤੱਕ ਬਤੌਰ ਜ਼ਿਲਾ ਟ੍ਰੇਨਿੰਗ ਸੁਪਰਵਾਈਜ਼ਰ ਵਜੋਂ ਸੇਵਾ ਕਰਦੇ ਰਹੇ ਅਤੇ 2012 ਤੋਂ ਆਪਣੀ ਪੱਧਰ 'ਤੇ ਇਹ ਟ੍ਰੇਨਿੰਗ ਮੁਫਤ ਵਿੱਚ ਦੇ ਰਹੇ ਹਨ ।




# ਮੀਂਹ ਦੇ ਮੌਸਮ 'ਚ ਆਪਣੀ ਖ਼ੁਰਾਕ ਦਾ ਰੱਖਿਆ ਜਾਵੇ ਖਾਸ ਖਿਆਲ: ਜ਼ਿਲ੍ਹਾ ਸਿਹਤ ਅਫਸਰ

ਪਟਿਆਲਾ, 3 ਜੁਲਾਈ (ਚ.ਨ.ਸ.) : ਸਿਹਤ ਮੰਤਰੀ ਡਾ. ਬਲਬੀਰ ਸਿੰਘ ਅਤੇ ਕਮਿਸ਼ਨਰ, ਫੂਡ ਐਂਡ ਡਰੱਗ ਐਡਮਨਿਸਟ੍ਰੇਸ਼ਨ, ਪੰਜਾਬ ਦਿਲਰਾਜ ਸਿੰਘ, ਆਈ.ਏ.ਐਸ. ਦੇ ਹੁਕਮਾਂ ਤਹਿਤ ਜ਼ਿਲ੍ਹਾ ਸਿਹਤ ਅਫਸਰ ਗੁਰਪ੍ਰੀਤ ਕੌਰ ਵੱਲੋਂ ਮੀਂਹ ਦੇ ਮੌਸਮ ਨੂੰ ਧਿਆਨ ਵਿੱਚ ਰੱਖਦੇ ਹੋਏ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ, ਜਿਸ ਤਹਿਤ ਇਹ ਦੱਸਿਆ ਗਿਆ ਹੈ ਕਿ ਵਾਧੂ ਨਮੀ, ਪਾਣੀ ਦੇ ਰੁਕੇ ਹੋਣ ਅਤੇ ਵਾਤਾਵਰਨਿਕ ਤਬਦੀਲੀਆਂ ਕਾਰਨ ਖਾਣ-ਪੀਣ ਦੀਆਂ ਵਸਤੂਆਂ ਵਿੱਚ ਬੈਕਟੀਰੀਆ ਪੈਦਾ ਹੋਣ ਨਾਲ ਖੁਰਾਕ ਪ੍ਰਦੂਸ਼ਨ ਦੇ ਮਾਮਲੇ ਵਧ ਜਾਂਦੇ ਹਨ। ਇਸ ਸਬੰਧੀ ਜਨਤਾ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪਣੀ ਸਿਹਤ ਦੀ ਰਾਖੀ ਕੁੱਝ ਜ਼ਰੂਰੀ ਸਾਵਧਾਨੀਆਂ



ਵਰਤੀਆਂ ਜਾਣ। ਤਲੇ ਹੋਏ, ਤੇਲ ਵਾਲੇ ਅਤੇ ਸੜਕਾਂ 'ਤੇ ਮਿਲਣ ਵਾਲੇ ਖਾਣੇ ਖਾਣ ਤੋਂ ਬਚਿਆ ਜਾਵੇ, ਸਿਰਫ਼ ਤਾਜ਼ਾ ਤਿਆਰ ਕੀਤੀ ਹੋਈ ਖੁਰਾਕ ਅਤੇ ਉਬਾਲਿਆ ਜਾਂ ਫਿਲਟਰ ਕੀਤਾ ਪਾਣੀ ਵਰਤਿਆ ਜਾਵੇ, ਫਲ ਅਤੇ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋ ਕੇ ਖਾਧਾ ਜਾਵੇ। ਇਸ ਤੋਂ ਇਲਾਵਾ ਬਾਸੀ ਤੇ ਅਣਢੱਕੀ ਜਾਂ ਖਰਾਬ ਹੋਣ ਵਾਲੀ ਖੁਰਾਕ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਇਸ ਦੇ ਨਾਲ ਹੀ ਰਸੋਈ ਅਤੇ ਸੰਪਰਕ ਵਾਲੀਆਂ ਥਾਵਾਂ ਦੀ ਰੋਜ਼ਾਨਾ ਸਫਾਈ, ਖਾਣੇ ਦੀ ਤਿਆਰੀ ਅਤੇ ਧੋਣ ਲਈ ਸੁਰੱਖਿਅਤ ਪੀਣਯੋਗ ਪਾਣੀ ਦੀ ਵਰਤੋਂ, ਸਟਾਫ ਵੱਲੋਂ ਸਾਫ਼ ਕੱਪੜੇ, ਦਸਤਾਨੇ ਅਤੇ ਹੈੱਡ ਕਵਰ ਪਹਿਨਣਾ ਯਕੀਨੀ ਬਣਾਇਆ ਜਾਵੇ ਤੇਲ ਦੀ ਦੁਬਾਰਾ ਵਰਤੋਂ ਤੋਂ ਪਰਹੇਜ਼ ਕੀਤਾ ਜਾਵੇ, ਕੱਚੀ ਅਤੇ ਪੱਕੀ ਖੁਰਾਕ ਦੀ ਵੱਖ-ਵੱਖ ਅਤੇ ਢੰਗ ਨਾਲ ਸਟੋਰੇਜ ਕੀਤੀ ਜਾਵੇ। ਉਨ੍ਹਾਂ ਆਖਿਆ ਕਿ ਫੂਡ ਸੇਫਟੀ ਵਿਭਾਗ ਵੱਲੋਂ ਨਿਯਮਤ ਜਾਂਚ ਕੀਤੀ ਜਾ ਰਹੀ ਹੈ ਤੇ ਕਿਸੇ ਵੀ ਉਲੰਘਣਾ ਦੀ ਸਥਿਤੀ ਵਿੱਚ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਸਮੂਹ ਪਟਿਆਲਾ ਵਾਸੀਆਂ ਅਤੇ ਵਪਾਰੀਆਂ ਨੂੰ ਅਪੀਲ ਕੀਤੀ ਕਿ ਉਹ ਸਾਫ਼-ਸੁਥਰੇ ਅਤੇ ਸੁਰੱਖਿਅਤ ਖਾਣ-ਪੀਣ ਰਾਹੀਂ ਮੀਂਹ ਦੇ ਮੌਸਮ ਵਿੱਚ ਸਿਹਤਮੰਦ ਵਾਤਾਵਰਨ ਬਣਾਈ ਰੱਖਣ ਵਿੱਚ ਸਹਿਯੋਗ ਦੇਣ।

# ਲਾਇਨਜ਼ ਕਲੱਬ ਸਮਾਣਾ ਗੋਲਡ ਦੀ ਨਵੀਂ ਟੀਮ ਦਾ ਗਠਨ

## ☛ਅਨੂਪ ਗੋਇਲ ਪ੍ਰਧਾਨ, ਮਨੀਸ਼ ਸਿੰਗਲਾ ਸੈਕਟਰੀ, ਲਵ ਮਿੱਤਲ ਕੈਸ਼ੀਅਰ ਅਤੇ ਵਿਨੀਤ ਗਰਗ ਪੀ.ਆਰ.ਓ. ਬਣੇ

ਸਮਾਣਾ, 3 ਜੁਲਾਈ (ਜਵੰਦਾ/ਵਿਜੇ ਕੁਮਾਰ) : ਲਾਇਨਜ਼ ਕਲੱਬ ਸਮਾਣਾ ਗੋਲਡ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਅਤੇ ਜਿਸ ਵਿੱਚ ਸਰਬਸੰਮਤੀ ਨਾਲ ਸਾਲ 2025-26 ਦੀ ਨਵੀਂ ਟੀਮ ਦਾ ਗਠਨ ਕੀਤਾ ਗਿਆ, ਜਿਸ ਵਿੱਚ



ਸ੍ਰੀ ਅਨੂਪ ਗੋਇਲ ਨੂੰ ਪ੍ਰਧਾਨ, ਮਨੀਸ਼ ਸਿੰਗਲਾ ਰੌਕੀ ਨੂੰ ਸੈਕਟਰੀ, ਲਵ ਮਿੱਤਲ ਨੂੰ ਕੈਸ਼ੀਅਰ ਅਤੇ ਵਿਨੀਤ ਗਰਗ ਨੂੰ ਪੀ.ਆਰ.ਓ. ਨਿਯੁਕਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਅਨੂਪ ਗੋਇਲ ਅਤੇ ਨਵੇਂ ਅਹੁਦੇਦਾਰਾਂ ਨੇ ਸਮੂਹ ਮੈਂਬਰ ਸਾਹਿਬਾਨ ਦਾ ਧੰਨਵਾਦ ਕੀਤਾ ਅਤੇ ਭਰੋਸਾ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ, ਲਗਨ ਅਤੇ ਮਿਹਨਤ ਨਾਲ ਨਿਭਾਉਣਗੇ ਅਤੇ ਕਲੱਬ ਦੀ ਸ਼ਾਨ ਨੂੰ ਬਰਕਰਾਰ ਰੱਖਦੇ ਹੋਏ ਆਪਣੇ ਕਾਰਜਕਾਲ 'ਚ ਆਪਣੀ ਟੀਮ ਅਤੇ ਸਮੂਹ ਮੈਂਬਰਾਂ ਦੇ ਸਹਿਯੋਗ ਨਾਲ ਬਹੁਤ ਸਾਰੇ ਸਮਾਜ ਸੇਵਾ ਦੇ ਪ੍ਰੋਜੈਕਟ ਲਗਾਉਣਗੇ।

# ਬੀ.ਪੀ.ਈ.ਓ. ਪ੍ਰਿਥੀ ਸਿੰਘ ਵੱਲੋਂ ਡਾਕਟਰਾਂ ਦਾ ਸਨਮਾਨ

ਪਟਿਆਲਾ, 3 ਜੁਲਾਈ (ਚ.ਨ.ਸ.) : ਡਾਕਟਰ ਦਿਵਸ ਦੇ ਮੌਕੇ 'ਤੇ ਸਕੂਲ ਸਿੱਖਿਆ ਵਿਭਾਗ ਦੇ ਬਲਾਕ ਪਟਿਆਲਾ-2 ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪ੍ਰਿਥੀ ਸਿੰਘ ਦੀ ਅਗਵਾਈ ਵਿੱਚ ਵੱਖ-ਵੱਖ ਡਾਕਟਰਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੀਪੀਈਓ ਪ੍ਰਿਥੀ ਸਿੰਘ ਨੇ ਦੱਸਿਆ ਕਿ ਡਾਕਟਰਾਂ ਨੂੰ ਰੱਬ ਦਾ ਦਰਜਾ ਹਾਸਲ ਹੈ। ਉਹਨਾਂ ਕਿਹਾ ਕਿ ਡਾਕਟਰ ਸਾਹਿਬਾਨ ਦਾ ਸਾਡੀ ਸਾਰਿਆਂ ਦੀ ਜ਼ਿੰਦਗੀ ਵਿੱਚ ਮਹੱਤਵਪੂਰਨ ਸਥਾਨ ਹੈ। ਜਿਸ ਦੇ



ਚਲਦਿਆਂ ਡਾ. ਅਨੁਰਾਗ ਜਿੰਦਲ ਅਤੇ ਡਾ. ਰੀਤਕਮਲ ਕੌਰ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ ਹੈ। ਸਨਮਾਨ ਪ੍ਰਾਪਤ ਕਰਨ ਮਗਰੋਂ ਡਾ. ਅਨੁਰਾਗ ਜਿੰਦਲ ਅਤੇ ਡਾ. ਰੀਤ ਕਮਲ ਕੌਰ ਨੇ ਬਲਾਕ ਪਟਿਆਲਾ-2 ਦੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਪ੍ਰਿਥੀ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਭਵਿੱਖ ਵਿੱਚ ਸਕੂਲੀ ਵਿਦਿਆਰਥੀਆਂ ਦੀ ਹਰ ਪੱਖੋਂ ਮਦਦ ਲਈ ਤਿਆਰ ਰਹਿਣਗੇ। ਇਸ ਮੌਕੇ ਹੋਰ ਸਟਾਫ ਮੈਂਬਰ ਹਾਜ਼ਰ ਸਨ।